**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067



*Jassi Gill*

CA DRE Lic.#01180969

CA DRE# 00966763



**ਓਬਾਮਾ ਕੇਅਰ**

ਦੀ ਐਪਲੀਕੇਸ਼ਨ ਖੁਲ੍ਹ ਗਈ ਹੈ

COVERED CALIFORNIA

November 1 to January 31

ਐਪਲੀਕੇਸ਼ਨ ਭਰਨ ਲਈ ਮਿਲੋ

ਗੁਰਚਰਨ ਸਿੰਘ ਮਾਨ

ਫੋਨ: 510-797-7989

Email: duabba1@gmail.com

License# OC70672

Certified Agent

ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

**Jay Grewal** **Serving Entire Bay Area**



Jay Grewal

CalBre # 01978624

For All Your Real Estate Needs

Commercial or Residential

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

Call Today For Free Consultation!

Ph: 408-805-2760

jgrewal@kw.com



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@gmail.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

www.punjabtimesusa.com

# ਪੰਜਾਬ ਟਾਈਮਜ਼

Punjab Times, Vol 17, Issue 23, June 4, 2016 20451 N Plum Grove Rd., Palatine, IL 60074 Ph:847-359-0746, Fax:847-705-9388


# ਪੰਜਾਬ 'ਚ ਖਾੜਕੂਵਾਦ ਦਾ ਮੁੜ ਡਰਾਵਾ

## ਖੁਫੀਆ ਏਜੰਸੀਆਂ ਵੱਲੋਂ ਕੈਨੇਡਾ ਸਰਕਾਰ ਕੋਲ ਪਹੁੰਚ

**ਚੰਡੀਗੜ੍ਹ:** ਭਾਰਤ ਦੀਆਂ ਖੁਫੀਆ ਏਜੰਸੀਆਂ ਨੇ ਪੰਜਾਬ ਵਿਚ ਮੁੜ ਖਾੜਕੂਵਾਦ ਦੀਆਂ ਸਰਗਰਮੀਆਂ ਤੇਜ਼ ਹੋਣ ਦਾ ਦਾਅਵਾ ਕੀਤਾ ਹੈ। ਏਜੰਸੀਆਂ ਦਾ ਦਾਅਵਾ ਹੈ ਕਿ ਪਠਾਨਕੋਟ ਤੋਂ ਬਾਅਦ ਮੁੜ ਹਮਲੇ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਇੰਟੈਲੀਜੈਂਸ ਦੀ ਰਿਪੋਰਟ ਮੁਤਾਬਕ ਕੈਨੇਡਾ ਸਥਿਤ ਖਾਲਿਸਤਾਨ ਟਾਈਗਰਜ਼ ਫੋਰਸ ਨਾਂ ਦੀ ਜਥੇਬੰਦੀ ਪੰਜਾਬ ਵਿਚ ਹਮਲੇ ਦੀ ਫਿਰਾਕ ਵਿਚ ਹੈ। ਬ੍ਰਿਟਿਸ਼ ਕੋਲੰਬੀਆ ਦੇ ਮਿਸ਼ਨ ਸਿਟੀ ਕੋਲ ਕੈਂਪਸ ਵਿਚ ਖਾੜਕੂਆਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਏਜੰਸੀਆਂ ਨੇ ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਨੂੰ ਅਲਰਟ ਭੇਜਿਆ ਹੈ।

ਇੰਟੈਲੀਜੈਂਸ ਦੀ ਰਿਪੋਰਟ ਮੁਤਾਬਕ ਇਕ ਕੈਨੇਡੀਅਨ ਸਿੱਖ ਖਾਲਿਸਤਾਨੀ ਟਾਰੀਗਰਜ਼ ਫੋਰਸ ਦਾ ਆਪਰੇਸ਼ਨ ਹੈੱਡ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਜਥੇਬੰਦੀ ਭਾਰਤ ਵਿਚ ਹਮਲਾ ਕਰਨ ਲਈ ਸਿੱਖ ਨੌਜਵਾਨਾਂ ਦੀ ਭਰਤੀ ਕਰ ਰਹੀ ਹੈ। ਪੰਜਾਬ ਸਰਕਾਰ ਨੇ ਇੰਟੈਲੀਜੈਂਸ ਰਿਪੋਰਟ ਗ੍ਰਹਿ ਤੇ ਵਿਦੇਸ਼ ਮੰਤਰਾਲੇ ਨੂੰ ਸੌਂਪ ਦਿੱਤੀ ਹੈ। ਇਸ ਵਿਚ ਸਿੱਖ ਲੀਡਰ ਦੀ ਹਵਾਲਗੀ ਦੀ ਮੰਗ ਕੀਤੀ ਗਈ ਹੈ। ਰਿਪੋਰਟ ਵਿਚ ਦੋ ਜਨਵਰੀ ਨੂੰ ਹੋਏ ਪਠਾਨਕੋਟ ਹਮਲੇ ਦਾ ਵੀ ਜ਼ਿਕਰ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਪਾਕਿਸਤਾਨ ਤੋਂ ਹਥਿਆਰ ਮੰਗਵਾਏ ਗਏ ਸਨ, ਪਰ ਪਠਾਨਕੋਟ ਹਮਲੇ ਤੋਂ ਬਾਅਦ ਸੁਰੱਖਿਆ ਵਧਣ ਕਾਰਨ ਉਹ ਸਫਲ ਨਾ ਹੋ ਸਕੇ। ਦੋ ਹਫਤੇ ਪਹਿਲਾਂ ਲੁਧਿਆਣਾ ਦੇ ਚੱਕ ਕਲਾਂ ਪਿੰਡ ਤੋਂ ਖਾਲਿਸਤਾਨ ਟਾਈਗਰਜ਼ ਫੋਰਸ ਦੇ ਮੈਂਬਰ ਮਨਦੀਪ ਸਿੰਘ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਉਸ ਦੇ ਫੋਨ-ਕਾਲ ਡਿਟੇਲ ਵਿਚ ਪਾਕਿਸਤਾਨ ਵਿਚ ਦਲ ਖਾਲਸਾ ਇੰਟਰਨੈਸ਼ਨਲ ਦੇ ਚੀਫ ਗਜਿੰਦਰ ਸਿੰਘ ਤੇ ਹਰਦੀਪ ਸਿੰਘ ਨਿੱਝਰ ਦਾ ਨਾਂ ਸੀ। ਰਿਪੋਰਟ ਮੁਤਾਬਕ 1981 ਵਿਚ ਸ੍ਰੀਨਗਰ-ਦਿੱਲੀ ਦੀ ਏਅਰ ਇੰਡੀਆ ਫਲਾਈਟ ਦੀ ਹਾਈਜੈਕਿੰਗ ਪਿਛੇ ਗਜਿੰਦਰ ਸਿੰਘ ਸੀ। ਨਿੱਜਰ ਤੇ ਮਨਦੀਪ ਟ੍ਰੇਨਿੰਗ ਲਈ ਕਈ ਵਾਰ ਪਾਕਿਸਤਾਨ ਜਾ ਚੁੱਕੇ ਹਨ ਤੇ ਆਈ.ਐਸ.ਆਈ. ਨੇ ਇਨ੍ਹਾਂ ਨੂੰ ਟ੍ਰੇਨਿੰਗ ਵੀ ਦਿੱਤੀ ਸੀ। 2007 ਵਿਚ ਲੁਧਿਆਣਾ ਦੇ ਸ਼ਿੰਗਾਰ ਸਿਨੇਮਾ ਧਮਾਕਾ ਮਾਮਲੇ ਵਿਚ ਪੁਲਿਸ ਉਸ ਦੀ ਭਾਲ ਕਰ ਰਹੀ ਹੈ। ਇਸ ਧਮਾਕੇ ਵਿਚ ਛੇ ਲੋਕ ਮਾਰੇ ਗਏ ਸਨ। ਖਾਲਿਸਤਾਨੀ ਟਾਈਗਰਜ਼ ਫੋਰਸ ਦੇ ਚੀਫ ਜਗਤਾਰ ਸਿੰਘ ਤਾਰਾ ਦੀ ਪਿਛਲੇ ਸਾਲ ਹੋਈ ਗ੍ਰਿਫਤਾਰੀ ਤੋਂ ਬਾਅਦ ਹੁਣ ਨਿੱਜਰ ਹੀ ਹਥਿਆਰਾਂ ਦੀ ਟ੍ਰੇਨਿੰਗ ਦੇ ਰਿਹਾ ਹੈ।

ਪਠਾਨਕੋਟ ਹਮਲੇ ਤੋਂ ਤਕਰੀਬਨ ਛੇ ਮਹੀਨੇ ਪਿਛੋਂ ਦੇਸ਼ ਦੀਆਂ ਖੁਫ਼ੀਆ ਏਜੰਸੀਆਂ ਨੇ ਕੈਨੇਡਾ ਸਰਕਾਰ ਨੂੰ ਉਥੇ ਚੱਲ ਰਹੇ ਖਾਲਿਸਤਾਨੀ ਖਾੜਕੂ ਕੈਂਪਾਂ ਨੂੰ ਬਾਰੇ ਅਲਰਟ ਭੇਜਿਆ ਹੈ। ਇਸ ਅਲਰਟ ਵਿਚ ਕਿਹਾ ਗਿਆ ਹੈ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮਿਸ਼ਨ ਸ਼ਹਿਰ ਵਿਚ ਪੰਜਾਬ 'ਤੇ ਹਮਲਾ ਕਰਨ ਦੀ ਤਿਆਰੀ ਲਈ ਖਾਲਿਸਤਾਨ ਪੱਖੀ ਖਾੜਕੂਆਂ ਵੱਲੋਂ ਕੈਂਪ ਚਲਾਇਆ ਜਾ ਰਿਹਾ ਹੈ। ਇਸ ਰਿਪੋਰਟ ਨੂੰ ਪੰਜਾਬ ਇੰਟੈਲੀਜੈਂਸ ਨੇ ਤਿਆਰ ਕੀਤਾ ਹੈ। ਰਿਪੋਰਟ ਮੁਤਾਬਕ ਕੈਨੇਡਾ ਵਿਚ ਹਰਦੀਪ ਨਿੱਝਰ ਨੇ ਖਾਲਿਸਤਾਨ ਖਾੜਕੂ ਫੋਰਸ ਦੇ ਆਪ੍ਰੇਸ਼ਨਲ ਮੁਖੀ ਦੀ ਜ਼ਿੰਮੇਵਾਰੀ ਸੰਭਾਲੀ ਹੋਈ ਹੈ। ਕੈਂਪ ਵਿਚ ਨੌਜਵਾਨਾਂ ਦੀ ਭਰਤੀ ਲਈ ਮਡਿਊਲ ਵੀ ਤਿਆਰ ਕੀਤਾ ਗਿਆ ਹੈ। ਇਨ੍ਹਾਂ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਪੰਜਾਬ ਵਿਚ ਹਮਲੇ ਕਰਨ ਲਈ ਤਿਆਰ ਕੀਤਾ ਜਾ ਰਿਹਾ ਹੈ। ਇਸ ਮਾਮਲੇ ਵਿਚ ਪੰਜਾਬ ਸਰਕਾਰ ਨੇ ਨਿੱਝਰ ਦੀ ਹਵਾਲਗੀ ਸਬੰਧੀ ਰਿਪੋਰਟ ਪਹਿਲਾਂ ਹੀ ਵਿਦੇਸ਼ ਮੰਤਰਾਲੇ ਅਤੇ ਗ੍ਰਹਿ ਮੰਤਰਾਲੇ ਨੂੰ ਸੌਂਪ ਦਿੱਤੀ


*(ਬਾਕੀ ਸਫਾ 6 'ਤੇ)*




## ਕੱਟੜ ਹਿੰਦੂ ਸੰਗਠਨ ਨਿਸ਼ਾਨੇ ਉਤੇ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਬੱਬਰ ਖਾਲਸਾ ਦੇ ਨਿਸ਼ਾਨੇ ਉਤੇ ਕੱਟੜ ਹਿੰਦੂ ਸੰਗਠਨਾਂ ਦੇ ਆਗੂ, ਕੁਝ ਡੇਰਾ ਪ੍ਰਮੁੱਖ ਤੇ ਕਈ ਰਿਟਾਇਰਡ ਆਈ.ਏ.ਐਸ. ਅਫਸਰ ਸ਼ਾਮਲ ਸਨ। ਪੁਲਿਸ ਮੁਤਾਬਕ ਬੱਬਰ ਖਾਲਸਾ ਦੇ ਫੜੇ ਗਏ ਦੋ ਕਾਰਕੁਨਾਂ ਨੇ ਇਹ ਸਨਸਨੀਖੇਜ ਖੁਲਾਸਾ ਕੀਤਾ ਹੈ। ਇਨ੍ਹਾਂ ਨੇ ਦੱਸਿਆ ਕਿ ਕੁਝ ਲੋਕਾਂ ਨੂੰ ਮਾਰਨ ਦੀ ਯੋਜਨਾ ਬਣ ਗਈ ਸੀ, ਬੱਸ ਹਥਿਆਰਾਂ ਦਾ ਇੰਤਜ਼ਾਰ ਸੀ। ਮੁਲਜ਼ਮ ਸੰਦੀਪ ਸਿੰਘ ਤੇ ਅਰਵਿੰਦਰ ਸਿੰਘ ਨੇ ਦੱਸਿਆ ਕਿ ਹਥਿਆਰਾਂ ਦੀ ਖੇਪ ਦੇ ਇਸਤੇਮਾਲ ਲਈ ਉਹ ਇਕ ਪ੍ਰਮੁੱਖ ਧਾਰਮਿਕ ਸਥਾਨ 'ਤੇ ਮਿਲੇ ਸਨ। ਲੁਧਿਆਣਾ ਦੇ ਐਸ.ਐਸ.ਪੀ. (ਦਿਹਾਤੀ) ਉਪਿੰਦਰਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਦੋਵਾਂ ਤੋਂ ਇਕੱਠਿਆਂ ਹੀ ਸੀ.ਆਈ.ਏ. ਪੁੱਛਗਿਛ ਕੀਤੀ ਗਈ ਹੈ, ਜਿਸ ਦੇ ਆਧਾਰ 'ਤੇ ਖੁਫੀਆ ਏਜੰਸੀਆਂ ਨੂੰ ਅਲਰਟ ਭੇਜ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸਲੀਪਰ ਸੈੱਲਾਂ ਦੀ ਲਿਸਟ ਬਣਾਉਣੀ ਸ਼ੁਰੂ ਕਰ ਦਿੱਤੀ ਗਈ ਹੈ।

## ਢੱਡਰੀਆਂ ਵਾਲੇ ਤੇ ਧੁੰਮਾ ਦੀ ਲੜਾਈ 'ਚ ਘਿਰੀ ਸਰਕਾਰ

**ਚੰਡੀਗੜ੍ਹ:** ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਵਿਚਾਲੇ ਵਿਵਾਦ ਨੂੰ ਲੈ ਕੇ ਪੰਜਾਬ ਸਰਕਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਦੀ ਹਾਲਤ ਕਸੂਤੀ ਬਣ ਗਈ ਹੈ। ਢੱਡਰੀਆਂ ਵਾਲੇ ਤੇ ਧੁੰਮਾ ਦੋਵੇਂ ਹੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਖਫ਼ਾ ਹਨ। ਦੋਵਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸਰਕਾਰ 'ਤੇ ਭਰੋਸਾ ਨਹੀਂ, ਕਿਉਂਕਿ ਪੁਲਿਸ ਸ਼ਰੇਆਮ ਪੱਖਪਾਤ ਕਰ ਰਹੀ ਹੈ। ਉਧਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਨੇ ਦੋਵਾਂ ਧਿਰਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਸੀ, ਪਰ ਢੱਡਰੀਆਂ ਵਾਲੇ ਤੇ ਧੁੰਮਾ ਨੇ ਉਨ੍ਹਾਂ ਦੀ ਗੱਲ ਨਹੀਂ ਮੰਨੀ। ਢੱਡਰੀਆਂ ਵਾਲੇ ਨੇ ਕਿਹਾ ਹੈ ਕਿ ਉਨ੍ਹਾਂ ਦਾ ਅਕਾਲ ਤਖ਼ਤ ਸਾਹਿਬ 'ਤੇ ਭਰੋਸਾ ਹੈ ਪਰ ਜਥੇਦਾਰਾਂ ਉਤੇ ਨਹੀਂ। ਇਸ ਤਰ੍ਹਾਂ ਜਥੇਦਾਰ ਦੀ ਹਾਲਤ ਹਾਸੋਹੀਣੀ ਬਣ ਗਈ ਹੈ। ਦਰਅਸਲ ਬੇਅਦਬੀ ਕਾਂਡ ਤੋਂ ਬਾਅਦ ਕਾਫੀ






*(ਬਾਕੀ ਸਫਾ 6 'ਤੇ)*



**We Do Real Estate in Bay Area & Central Valley**

**We do loans anywhere in California**



Cell: 408-816-0408

Tel: 209-918-6464

Fax: 866-594-4680

email:
realtoramanhundal@gmail.com

AMAN S. HUNDAL

Broker/Realtor/MBA

BRE# 01839828

NMLS# 162808

Alltime REALTY & MORTGAGE

16 Corning Ave, Ste. 230, Milpitas, CA 92035

3819 Northern Oak Dr., Ceres, CA 95307

CDPE, SFR *LAR 2010, 2011, 2012 Masters Club

Masters Emerald Award 2010, 2011

Raja SWEETS & CATERING Presents

PARADISE BALLROOMS

banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ

200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com

www.paradiseballrooms.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ

>ਫੈਮਿਲੀ ਲਾਅ

>ਬਿਜਨਸ ਲਾਅ



Manpreet S. Gahra

*Attorny At Law*

Criminal Defense (DUI, simple battery, domestic violence, immigration post-conviction relief)

Berkeley Office

2161 Shattuck Ave., 304, Berkeley

Ph:510-841-4582 Fax:510-217-6847

Sacramento Office

Call For Appointment

Ph:916-970-5611

**Email:** manpreet@gahralaw.com




International programming requires additional $10/mo International Basic package or any America's Top or DishLATINO package.

**Important Terms and Conditions: Promotional Offers: $10/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months. **$30/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months. Advertised price requires credit qualification and eAutoPay. Upfront activation and/or receiver upgrade fees may apply based on credit qualification. After 12-month promotional period, then-current monthly price applies and is subject to change. **Offer ends 8/3/16.**

**2 Year Commitment:** Early termination fee of $20/mo. remaining applies if you cancel early. **Installation/Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. **Other:** All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Taxes or reimbursement charges for state gross earnings taxes may apply. Additional restrictions and taxes may apply.


© 2016 DISH Network L.L.C. All rights reserved.

# ਪੰਜਾਬ ਯੂਨੀਵਰਸਿਟੀ ਵਿਚ 84 ਦੇ ਪੀੜਤਾਂ ਲਈ ਸੀਟਾਂ ਰਾਖਵੀਆਂ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਨੇ ਕੈਂਪਸ ਤੇ ਸਬੰਧਿਤ ਕਾਲਜਾਂ ਵਿਚ 1984 ਦੇ ਕਤਲੇਆਮ ਪੀੜਤਾਂ ਦੀ ਤੀਜੀ ਪੀੜ੍ਹੀ ਲਈ ਦਾਖ਼ਲਿਆਂ ਵਿਚ ਦੋ ਫ਼ੀਸਦੀ ਸੀਟਾਂ ਰਾਖਵੀਆਂ ਕਰ ਦਿੱਤੀਆਂ ਹਨ। ਅੰਗਹੀਣਾਂ ਲਈ ਐਮ.ਫਿਲ. ਅਤੇ ਪੀਐਚ.ਡੀ. ਸਮੇਤ ਉਚੇਰੀ ਪੜ੍ਹਾਈ ਵਿਚ ਤਿੰਨ ਫ਼ੀਸਦ ਸੀਟਾਂ ਰਾਖਵੀਆਂ ਕੀਤੀਆਂ ਗਈਆਂ ਹਨ। ਯੂਨੀਵਰਸਿਟੀ ਸਿੰਡੀਕੇਟ ਨੇ ਦੋਹਾਂ ਫੈਸਲਿਆਂ ਉਤੇ ਮੋਹਰ ਲਗਾ ਦਿੱਤੀ ਹੈ। ਦੋਹਾਂ ਵਰਗਾਂ ਨੂੰ ਇਹ ਲਾਭ ਵਿਦਿਅਕ ਸੈਸ਼ਨ 2016-17 ਤੋਂ ਮਿਲਣਾ ਸ਼ੁਰੂ ਹੋ ਜਾਵੇਗਾ।

ਯੂਨੀਵਰਸਿਟੀ ਵਲੋਂ ਇਸ ਤੋਂ ਪਹਿਲਾਂ 1984 ਦੇ ਪੀੜਤਾਂ ਤੇ ਉਨ੍ਹਾਂ ਦੀ ਦੂਜੀ ਪੀੜ੍ਹੀ ਵਾਸਤੇ ਦਾਖ਼ਲਿਆਂ ਵਿਚ ਦੋ ਫ਼ੀਸਦੀ ਸੀਟਾਂ ਰਾਖਵੀਆਂ ਕੀਤੀਆਂ ਸਨ ਪਰ ਦੋਹੇਂ ਪੀੜ੍ਹੀਆਂ ਦੇ ਦਾਖ਼ਲਾ ਲੈਣ ਦੀ ਉਮਰ ਪਾਰ ਕਰ ਜਾਣ ਕਰ ਕੇ ਇਹ ਲਾਭ ਉਨ੍ਹਾਂ ਦੇ ਪੋਤਰੇ-ਪੋਤਰੀਆਂ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਕਮੇਟੀ ਕਾਇਮ ਕੀਤੀ ਗਈ ਸੀ ਜਿਸ ਦੀਆਂ ਸਿਫ਼ਾਰਸ਼ਾਂ 'ਤੇ ਹੀ ਸਿੰਡੀਕੇਟ ਨੇ ਤਾਜ਼ਾ ਫੈਸਲਾ ਪ੍ਰਵਾਨ ਕੀਤਾ ਹੈ। ਅੰਗਹੀਣਾਂ ਵਾਸਤੇ ਅਗਲੇ ਵਿਦਿਅਕ ਸੈਸ਼ਨ ਤੋਂ ਬੀ.ਏ., ਐਮ.ਏ., ਐਮ.ਫਿਲ. ਅਤੇ ਪੀਐਚ.ਡੀ. ਕੋਰਸਾਂ ਵਿਚ ਘੱਟੋ ਘੱਟ ਤਿੰਨ ਫ਼ੀਸਦ ਸੀਟਾਂ ਰਾਖਵੀਆਂ ਹੋ ਗਈਆਂ ਹਨ। ਸਿੰਡੀਕੇਟ ਨੇ ਇਹ ਫੈਸਲਾ ਕੇਂਦਰੀ ਮਨੁੱਖੀ ਸਰੋਤ ਮੰਤਰਾਲੇ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਲਿਆ ਹੈ।

ਦੰਗਾ ਪੀੜਤਾਂ ਲਈ ਰਾਖਵੇਂ ਕੋਟੇ ਵਿਚ ਦਾਖ਼ਲਾ ਲੈਣ ਵਾਸਤੇ ਵਿਦਿਆਰਥੀ ਨੂੰ ਲਾਲ ਕਾਰਡ ਦਿਖਾਉਣਾ ਲਾਜ਼ਮੀ ਕੀਤਾ ਗਿਆ ਹੈ। ਇਸ ਤੋਂ ਬਿਨਾਂ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਤਸਦੀਕ ਹਲਫ਼ੀਆ ਬਿਆਨ ਵੀ ਸਬੂਤ ਵਜੋਂ ਮੰਨ ਲਿਆ ਜਾਵੇਗਾ। ਅੰਗਹੀਣਾਂ ਵਾਸਤੇ ਪਹਿਲਾਂ ਵਾਲੀਆਂ ਸ਼ਰਤਾਂ ਬਰਕਰਾਰ ਰੱਖੀਆਂ ਗਈਆਂ ਹਨ। ਤਾਜ਼ਾ ਫੈਸਲਾ ਕੈਂਪਸ ਦੇ ਵਿਭਾਗਾਂ ਸਮੇਤ ਡਿਗਰੀ ਅਤੇ ਸਿੱਖਿਆ ਕਾਲਜਾਂ ਵਿਚ ਵੀ ਲਾਗੂ ਮੰਨਿਆ ਜਾਵੇਗਾ। ਪੰਜਾਬ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਦੀ ਗਿਣਤੀ 188 ਹੈ। ਇਸ ਤੋਂ ਬਿਨਾਂ 4 ਖੇਤਰੀ ਕੇਂਦਰ ਤੇ ਕੈਂਪਸ ਵਿਚ 75 ਵਿਭਾਗ ਹਨ।



ਪੁਸਤਕ ਪ੍ਰਾਪਤ ਕਰਨ ਲਈ ਸੰਪਰਕ ਕਰੋ
ਨੀਲਮ ਸੈਣੀ, ਫੋਨ: 510-502-0551

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Anu Attorney
Professional Law Group, PLLC.
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW (Only In WA)
*Divorce *Annulment
*International Custody
INCORPORATIONS (Only In WA)
*International Contracts, Mergers
*Attorney Supreme Court of India
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India
Evening Appointments Available

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ
ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ
Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ

ਜਗਦੇਵ ਸਿੰਘ
ਫੋਨ: 510-689-4625
JAGDEV SINGH
Realtor
CalBre #01423409
42820 Albrae, St.,
Fremont, CA 94538
REALTOR
EQUAL HOUSING OPPORTUNITY

# ਪੁਲਿਸ ਮੁਕਾਬਲੇ ਵਿਚ ਨੌਜਵਾਨ ਦੀ ਮੌਤ ਉਤੇ ਉਠੇ ਸਵਾਲ

**ਜੈਤੋ:** ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮੁਕਤਸਰ ਵਾਸੀ ਅਜਮੇਰ ਸਿੰਘ ਉਰਫ ਜਿੰਮੀ ਦੇ ਮਾਰੇ ਜਾਣ ਮਗਰੋਂ ਪੁਲਿਸ ਦੀ ਭੂਮਿਕਾ ਉਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ। ਪੁਲਿਸ ਦਾ ਦਾਅਵਾ ਹੈ ਕਿ ਆਹਮੋ-ਸਾਹਮਣੇ ਹੋਈ ਗੋਲੀਬਾਰੀ ਕਾਰਨ ਨੌਜਵਾਨ ਮਾਰਿਆ ਗਿਆ ਹੈ ਜਦਕਿ ਪਰਿਵਾਰ ਨੇ ਨੌਜਵਾਨ ਨੂੰ ਨਿਰਦੋਸ਼ ਕਰਾਰ ਦਿੰਦਿਆਂ ਮੁਕਾਬਲੇ ਨੂੰ ਫ਼ਰਜ਼ੀ ਕਰਾਰ ਦਿੱਤਾ ਹੈ।



ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਕ ਚਿੱਟੇ ਰੰਗ ਦੀ ਸ਼ੱਕੀ ਸਵਿਫ਼ਟ ਕਾਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਜੀਦਾ ਤੋਂ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਦਬੜ੍ਹੀਖਾਨਾ ਵੱਲ ਆਉਣ ਦੀ ਸੂਚਨੀ ਮਿਲੀ ਸੀ। ਪੁਲਿਸ ਪਾਰਟੀ ਜਦੋਂ ਜੀਦਾ-ਦਬੜ੍ਹੀਖਾਨਾ ਦਰਮਿਆਨ ਸੰਪਰਕ ਸੜਕ 'ਤੇ ਪਹੁੰਚੀ ਤਾਂ ਸਾਹਮਣਿਓਂ ਆ ਰਹੀ ਕਾਰ ਉਨ੍ਹਾਂ ਦੀ ਗੱਡੀ ਤੋਂ ਕੁਝ ਵਿੱਥ 'ਤੇ ਆ ਕੇ ਰੁਕ ਗਈ ਅਤੇ ਉਸ ਵਿਚੋਂ ਦੋ ਹਥਿਆਰਬੰਦ ਨੌਜਵਾਨ ਉਤਰੇ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਵਿਚੋਂ ਇਕ ਨੌਜਵਾਨ ਨੇ ਆਪਣੀ ਬੰਦੂਕ ਨਾਲ ਪੁਲਿਸ ਪਾਰਟੀ 'ਤੇ ਗੋਲੀ ਚਲਾਈ। ਆਪਣੀ ਹਿਫ਼ਾਜ਼ਤ ਲਈ ਪੁਲਿਸ ਪਾਰਟੀ ਨੇ ਵੀ ਜਵਾਬੀ ਫਾਇਰਿੰਗ ਕੀਤੀ ਜਿਸ ਨਾਲ ਨੌਜਵਾਨ ਜ਼ਮੀਨ 'ਤੇ ਡਿੱਗ ਪਿਆ।

ਇਸੇ ਦੌਰਾਨ ਜੀਦੇ ਵਾਲੇ ਪਾਸਿਓਂ ਇਕ ਬਲੈਰੋ ਗੱਡੀ 'ਤੇ ਕੁਝ ਹਥਿਆਰਾਂ ਨਾਲ ਲੈਸ ਵਿਅਕਤੀ ਆਏ ਅਤੇ ਉਹ ਜ਼ਖ਼ਮੀ ਨੌਜਵਾਨ ਨੂੰ ਸਵਿਫ਼ਟ ਗੱਡੀ ਵਿੱਚ ਪਾ ਕੇ ਮੌਕੇ ਤੋਂ ਫ਼ਰਾਰ ਹੋ ਗਏ। ਨੌਜਵਾਨ ਨੂੰ ਬਠਿੰਡਾ ਹਸਪਤਾਲ ਵਿਚ ਲਿਜਾਇਆ ਗਿਆ। ਪੁਲਿਸ ਨੂੰ ਘਟਨਾ ਸਥਾਨ ਤੋਂ ਇਕ 12 ਬੋਰ ਦੀ ਬੰਦੂਕ, ਉਸ ਦਾ ਕਾਰਤੂਸ ਅਤੇ ਇਕ ਖੋਲ ਬਰਾਮਦ ਹੋਏ ਹਨ। ਉਧਰ ਪਿੰਡ ਦੇ ਸਰਪੰਚ ਜਗਸੀਰ ਸਿੰਘ ਅਨੁਸਾਰ ਨੌਜਵਾਨ ਪਿੰਡ ਦੇ ਡੇਰੇ ਵੱਲੋਂ ਬਣਾਏ ਕਬੱਡੀ ਕਲੱਬ ਦਾ ਮੈਂਬਰ ਵੀ ਸੀ। ਪਿੰਡ ਵਿਚ ਉਸ ਨੇ ਕੋਈ ਹੁੱਲੜਬਾਜ਼ੀ ਨਹੀਂ ਕੀਤੀ ਅਤੇ ਨਾ ਹੀ ਕਿਸੇ ਵਾਰਦਾਤ ਵਿਚ ਉਹ ਸ਼ਾਮਲ ਸੀ। ਪਿੰਡ ਦੇ ਲੋਕ ਉਸ ਨੂੰ ਚੰਗੇ ਖਿਡਾਰੀ ਵਜੋਂ ਦੇਖਦੇ ਸਨ।

ਜਿੰਮੀ ਦੇ ਪਿਤਾ ਗੁਰਦੇਵ ਸਿੰਘ, ਮਾਤਾ ਮਨਜੀਤ ਕੌਰ, ਪਤਨੀ ਅਮਨਦੀਪ ਕੌਰ ਅਤੇ ਸਹੁਰਾ ਜਗਸੀਰ ਸਿੰਘ ਨੇ ਪੁਲਿਸ ਮੁਕਾਬਲੇ ਨੂੰ ਫ਼ਰਜ਼ੀ ਕਰਾਰ ਦਿੰਦਿਆਂ ਖ਼ੁਲਾਸਾ ਕੀਤਾ ਕਿ ਘਟਨਾ ਤੋਂ ਕੁਝ ਮਿੰਟ ਪਹਿਲਾਂ ਜਿੰਮੀ ਨੇ ਆਪਣੀ ਮਾਂ ਨੂੰ ਫੋਨ 'ਤੇ ਦੱਸਿਆ ਸੀ ਕਿ ਉਹ ਆਪਣੇ ਸਹੁਰਾ ਪਿੰਡ ਜੀਦੇ ਆਇਆ ਹੋਇਆ ਹੈ ਅਤੇ ਉਸ ਦੀ ਕਾਰ ਖਰਾਬ ਹੋ ਗਈ ਹੈ। ਤਕਰੀਬਨ ਦੋ ਕੁ ਸਾਲ ਪਹਿਲਾਂ ਵਿਆਹੇ ਗਏ ਜਿੰਮੀ ਨੇ ਦੱਸਿਆ ਸੀ ਕਿ ਉਹ ਕੁਝ ਸਮੇਂ ਬਾਅਦ ਹੀ ਆਪਣੇ ਸਹੁਰਿਆਂ ਦੀ ਕਾਰ 'ਤੇ ਮੁਕਤਸਰ ਆਵੇਗਾ। ਫੋਨ ਆਉਣ ਤੋਂ ਕੁਝ ਮਿੰਟਾਂ ਮਗਰੋਂ ਹੀ ਇਹ ਭਾਣਾ ਵਰਤ ਗਿਆ।

## ਪੁਲਿਸ ਦੀਆਂ 'ਭੁਲੇਖੇ' 'ਚ ਕੀਤੀਆਂ ਕਾਰਵਾਈਆਂ ਦੀ ਦਹਿਸ਼ਤ

**ਫ਼ਰੀਦਕੋਟ:** ਪੁਲਿਸ ਨੇ ਗੈਂਗਸਟਰ ਦੇ ਸ਼ੱਕ ਵਿਚ ਵਰਨਾ ਕਾਰ ਦਾ ਪਿੱਛਾ ਕਰਦਿਆਂ ਉਸ ਉਪਰ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਦੱਸਿਆ ਜਾ ਰਿਹਾ ਹੈ ਕਿ ਇਹ ਕਾਰਵਾਈ ਭੁਲੇਖੇ ਨਾਲ ਕੀਤੀ ਗਈ ਸੀ ਜਦ ਕਿ ਕਾਰ ਸਵਾਰ ਸ਼ਰਾਬੀ ਸਨ ਤੇ ਪੁਲਿਸ ਉਨ੍ਹਾਂ ਨੂੰ ਗੈਂਗਸਟਰ ਸਮਝ ਬੈਠੀ। ਬਾਸੀ ਚੌਕ ਨਜ਼ਦੀਕ ਕਾਰ ਨਹੀਂ ਰੁਕੀ ਅਤੇ ਕਰੀਬ 20 ਮਿੰਟਾਂ ਬਾਅਦ ਇਹ ਫੌਜੀ ਛਾਉਣੀ ਦੇ ਬਾਹਰ ਉਜਾੜ ਵਿਚ ਖੜ੍ਹੀ ਦੇਖੀ ਗਈ ਜਿਸ ਵਿਚ ਖ਼ੂਨ ਦੇ ਨਿਸ਼ਾਨ ਅਤੇ ਕਾਰ ਦੇ ਸ਼ੀਸ਼ੇ ਟੁੱਟੇ ਹੋਏ ਪਏ ਸਨ।

ਸੂਤਰਾਂ ਅਨੁਸਾਰ ਪੁਲਿਸ ਨੂੰ ਖ਼ਦਸ਼ਾ ਸੀ ਕਿ ਕਾਰ ਵਿਚ ਗੈਂਗਸਟਰ ਦਵਿੰਦਰ ਬੰਬੀਹਾ ਭਾਈ ਹੈ ਪਰ ਪੁਲਿਸ ਦੀ ਇਹ ਸੂਚਨਾ ਗਲਤ ਸਾਬਤ ਹੋਈ। ਪੁਲਿਸ ਪਾਰਟੀ ਨੇ ਕਾਰ ਉਪਰ 9 ਗੋਲੀਆਂ ਚਲਾਈਆਂ। ਜ਼ਿਲ੍ਹਾ ਪੁਲਿਸ ਮੁਖੀ ਸੁਖਮਿੰਦਰ ਸਿੰਘ ਮਾਨ ਨੇ ਕਿਹਾ ਕਿ ਕਾਰ ਸਵਾਰ ਕੋਈ ਅਪਰਾਧੀ ਨਹੀਂ ਬਲਕਿ ਸ਼ਰਾਬੀ ਵਿਅਕਤੀ ਸਨ। ਉਨ੍ਹਾਂ ਗੋਲੀ ਚੱਲਣ ਅਤੇ ਦੋ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀ ਘਟਨਾ ਤੋਂ ਅਣਜਾਣਤਾ ਪ੍ਰਗਟ ਕੀਤੀ। ਜਾਣਕਾਰੀ ਅਨੁਸਾਰ ਪੁਲਿਸ ਨੇ ਜ਼ਖ਼ਮੀ ਵਿਅਕਤੀਆਂ ਨੂੰ ਅਣਦੱਸੇ ਹਸਪਤਾਲ ਵਿਚ ਦਾਖਲ ਕਰਵਾਇਆ ਹੈ। ਪੁਲਿਸ ਦੀ ਇਹ ਕਾਰਵਾਈ ਦੁਕਾਨਾਂ ਉਪਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈ ਹੈ।

## ਸਿਮਰਨਜੀਤ ਸਿੰਘ ਮਾਨ ਨੇ ਪੜਤਾਲ ਕਮੇਟੀ ਬਣਾਈ

**ਫਤਹਿਗੜ੍ਹ ਸਾਹਿਬ:** ਜ਼ਿਲ੍ਹਾ ਮੁਕਤਸਰ ਦੇ ਪਿੰਡ ਥਾਂਦੇਵਾਲ ਦੇ ਵਸਨੀਕ ਅਜਮੇਰ ਸਿੰਘ ਉਰਫ ਜਿੰਮੀ ਨੂੰ ਗੈਂਗਸਟਰ ਦੱਸ ਕੇ ਪੁਲਿਸ ਮੁਕਾਬਲੇ ਵਿਚ ਮਾਰਨ ਦੇ ਮਾਮਲੇ ਦੀ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਨਿਖੇਧੀ ਕੀਤੀ ਗਈ ਹੈ। ਉਨ੍ਹਾਂ ਜਿੰਮੀ ਦੇ ਹੋਏ ਕਤਲ ਦੇ ਸੱਚ ਨੂੰ ਸਾਹਮਣੇ ਲਿਆਉਣ ਹਿੱਤ ਪਾਰਟੀ ਤਰਫੋਂ ਜ਼ਿਲ੍ਹਾ ਫ਼ਰੀਦਕੋਟ ਦੇ ਪਾਰਟੀ ਦੇ ਐਕਟਿੰਗ ਪ੍ਰਧਾਨ ਸੁਰਜੀਤ ਸਿੰਘ ਅਰਾਈਆਂਵਾਲਾ ਦੀ ਅਗਵਾਈ ਵਿਚ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਉਕਤ ਕਮੇਟੀ ਜਿੰਮੀ ਦੇ ਹੋਏ ਕਤਲ ਦੀ ਪੜਤਾਲ ਕਰਦੇ ਹੋਏ ਪਾਰਟੀ ਨੂੰ ਇਕ ਹਫਤੇ ਦੇ ਅੰਦਰ-ਅੰਦਰ ਆਪਣੀ ਰਿਪੋਰਟ ਭੇਜੇਗੀ। ਜੇਕਰ ਸਰਕਾਰ ਨੇ ਜਿੰਮੀ ਦੇ ਕਾਤਲਾਂ ਨੂੰ ਫੜਨ ਲਈ ਕਾਨੂੰਨ ਅਨੁਸਾਰ ਕਾਰਵਾਈ ਨਾ ਕੀਤੀ ਤਾਂ ਪਾਰਟੀ ਇਸ ਦਿਸ਼ਾ ਵੱਲ ਪੰਜਾਬ ਪੱਧਰ 'ਤੇ ਅਗਲਾ ਪ੍ਰੋਗਰਾਮ ਉਲੀਕੇਗੀ।

# ਜਗਮੀਤ ਬਰਾੜ ਦੀ ਕਾਂਗਰਸ 'ਚ ਵਾਪਸੀ ਤੋਂ ਤੌਬਾ

**ਜਲੰਧਰ:** ਕਾਂਗਰਸ ਪਾਰਟੀ ਵਿਚੋਂ ਕੱਢੇ ਗਏ ਆਗੂ ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਜੇ ਹੁਣ ਉਨ੍ਹਾਂ ਨੂੰ ਸੋਨੀਆ ਗਾਂਧੀ ਵੀ ਪਾਰਟੀ ਵਿਚ ਬੁਲਾਏਗੀ ਤਾਂ ਵੀ ਉਹ ਨਹੀਂ ਜਾਣਗੇ। ਉਨ੍ਹਾਂ ਨੇ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਕਾਂਗਰਸ ਵਿਚ ਰਹਿ ਕੇ ਪਾਰਟੀ ਤੇ ਲੋਕਾਂ ਦੀ ਸੇਵਾ ਕੀਤੀ ਹੈ।



ਕਾਂਗਰਸ ਦੀ ਹਾਰ ਸਮੇਂ ਹੋਏ ਮੰਥਨ ਦੌਰਾਨ ਜਿਹੜੀਆਂ ਗੱਲਾਂ ਦਿਗਵਿਜੈ ਸਿੰਘ, ਸ਼ਸ਼ੀ ਥਰੂਰ ਤੇ ਜੋਤੀ ਰਾਜੇ ਸਿੰਧਿਆ ਵਰਗੇ ਸੀਨੀਅਰ ਕਾਂਗਰਸੀ ਆਗੂਆਂ ਨੇ ਕਹੀਆਂ ਸਨ ਜਦੋਂ ਉਹੀ ਗੱਲਾਂ ਉਨ੍ਹਾਂ ਨੇ ਕਹਿ ਦਿੱਤੀਆਂ ਤਾਂ ਉਨ੍ਹਾਂ ਨੂੰ ਬਿਨਾਂ ਕੋਈ ਨੋਟਿਸ ਦਿੱਤਿਆਂ ਕਾਂਗਰਸ ਵਿਚੋਂ ਕੱਢ ਦਿੱਤਾ ਗਿਆ। ਪੰਜਾਬ ਵਿਚ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਵਿਚ ਦੋਸਤਾਨਾ ਮੈਚ ਖੇਡੇ ਜਾਣ ਦਾ ਦੋਸ਼ ਲਾਉਂਦਿਆਂ ਜਗਮੀਤ ਬਰਾੜ ਨੇ ਕਿਹਾ ਕਿ ਦੋਵੇਂ ਪਾਰਟੀਆਂ ਲੋਕਾਂ ਨੂੰ ਧੋਖਾ ਦੇ ਰਹੀਆਂ ਹਨ ਤੇ ਇਨ੍ਹਾਂ ਨੂੰ ਪੰਜਾਬ ਦੇ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਸਾਰੇ ਪੰਜਾਬ ਵਿਚ ਤਾਲਮੇਲ ਬੈਠਕਾਂ ਕਰਨਗੇ, ਜਿਨ੍ਹਾਂ ਵਿਚ ਪੰਜਾਬ ਦੇ ਭਖਦੇ ਮਸਲਿਆਂ ਸਮੇਤ ਲੋਕਾਂ ਦੇ ਨਾਲ ਸਬੰਧਤ ਮਸਲੇ ਵਿਚਾਰੇ ਜਾਣਗੇ।

ਉਨ੍ਹਾਂ ਦੱਸਿਆ ਕਿ 30 ਜੂਨ ਨੂੰ ਆਰਥਿਕ ਮਾਹਰਾਂ ਦੀ ਸਲਾਹ ਲੈ ਕੇ ਪੰਜਾਬ ਦਾ ਏਜੰਡਾ ਤੈਅ ਕੀਤਾ ਜਾਵੇਗਾ ਤੇ 15 ਅਗਸਤ ਨੂੰ ਲੁਧਿਆਣਾ ਦੇ ਸਰਾਭਾ ਨਗਰ ਵਿਚ ਵੱਡਾ ਇਕੱਠ ਕਰ ਕੇ ਅਗਲੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦਾ ਮੁਕਾਬਲਾ ਕਰਨ ਲਈ ਮਹਾਂਸਿਆਸੀ ਗੱਠਜੋੜ ਦੀ ਲੋੜ ਹੈ।

# ਸਾਬਕਾ ਭਾਜਪਾ ਮੰਤਰੀ ਨੇ ਰੱਖੀ ਪੰਜਾਬ 'ਚ ਸ਼ਰਾਬਬੰਦੀ ਦੀ ਮੰਗ

**ਅੰਮ੍ਰਿਤਸਰ:** ਪੰਜਾਬ ਦੀ ਸਾਬਕਾ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੂਬੇ ਵਿਚ ਸ਼ਰਾਬ ਦੀ ਵਿਕਰੀ ਉਤੇ ਪਾਬੰਦੀ ਲਾਈ ਜਾਵੇ। ਉਨ੍ਹਾਂ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ 'ਤੇ ਵਿਅੰਗ ਕੱਸਦਿਆਂ ਕਿਹਾ ਕਿ ਇਹ ਵੀ ਬੜੀ ਖੁਸ਼ੀ ਦੀ ਗੱਲ ਹੈ ਕਿ ਜਿਆਣੀ ਨੇ ਸ਼ਰਾਬ ਨੂੰ ਨਸ਼ਾ ਮੰਨਿਆ ਹੈ। ਉਨ੍ਹਾਂ ਕਿਹਾ ਕਿ ਸਿਹਤ ਮੰਤਰੀ ਜਿਆਣੀ ਨੇ ਬੜੀ ਹੀ ਮੁਸ਼ਕਲ ਨਾਲ ਇਹ ਗੱਲ ਮੰਨੀ ਹੈ ਕਿ ਸ਼ਰਾਬ ਵੀ ਨਸ਼ਾ ਹੈ ਤੇ ਇਹ ਸਿਹਤ ਖਰਾਬ ਕਰਨ ਦੇ ਨਾਲ-ਨਾਲ ਕਈ ਪਰਿਵਾਰ ਵੀ ਬਰਬਾਦ ਕਰਦੀ ਹੈ।



ਚਾਵਲਾ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਤਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਕੋਲੋਂ ਕੁਝ ਸਿੱਖੇ ਤੇ ਗਲੀ-ਗਲੀ ਖੁੱਲ੍ਹੀਆਂ ਸ਼ਰਾਬ ਦੀਆਂ ਦੁਕਾਨਾਂ ਨੂੰ ਬੰਦ ਕਰਵਾਏ। ਪੰਜਾਬ ਸਰਕਾਰ ਨੂੰ ਬਿਹਾਰ ਤੋਂ ਵੀ ਕੁਝ ਜ਼ਰੂਰ ਸਿੱਖਣਾ ਚਾਹੀਦਾ ਹੈ।

ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਪਹਿਲਾ ਕੰਮ ਸੂਬੇ ਵਿਚ ਸ਼ਰਾਬ 'ਤੇ ਪਾਬੰਦੀ ਲਾਉਣ ਦਾ ਹੀ ਕੀਤਾ ਸੀ। ਹੁਣ ਤੰਬਾਕੂ ਉਤਪਾਦਾਂ 'ਤੇ ਵੀ ਰੋਕ ਲਾਈ ਜਾ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਉਤੇ ਨਿਸ਼ਾਨਾ ਕੱਸਦਿਆਂ ਕਿਹਾ ਕਿ ਲੋਕ ਇਹ ਵੀ ਜਾਣਦੇ ਹਨ ਕਿ ਸਰਕਾਰ ਵੱਲੋਂ ਪੰਜਾਬ ਵਿਚ ਤੰਬਾਕੂ ਉਤਪਾਦਾਂ ਦੀ ਤਰਜ਼ ਤੇ ਸ਼ਰਾਬ ਉਤੇ ਰੋਕ ਕਿਉਂ ਨਹੀਂ ਲਾਈ ਜਾਂਦੀ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਸ਼ਰਾਬ 'ਤੇ ਪਾਬੰਧੀ ਲਾਉਣ ਦੇ ਐਲਾਨ ਤੋਂ ਪਹਿਲਾਂ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼ਰਾਬ ਨਾ ਵੰਡਣ ਦਾ ਐਲਾਨ ਹੁਣ ਤੋਂ ਹੀ ਕਰ ਦੇਵੇ।

# ਸੜਕ ਹਾਦਸੇ ਵਿਚ ਸ਼ਹੀਦ ਭਗਤ ਸਿੰਘ ਦੇ ਭਤੀਜੇ ਦੇ ਪੁੱਤਰ ਦੀ ਮੌਤ

**ਚੰਡੀਗੜ੍ਹ:** ਸ਼ਹੀਦ ਭਗਤ ਸਿੰਘ ਦੇ ਪੋਤੇ ਅਭਿਤੇਜ ਸਿੰਘ ਸੰਧੂ ਦੀ ਸ਼ਿਮਲਾ ਨੇੜੇ ਰਾਮਪੁਰ ਵਿਖੇ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। ਅਭਿਤੇਜ ਮੋਟਰ ਸਾਈਕਲ ਉਤੇ ਰਾਮਪੁਰ ਤੋਂ ਸ਼ਿਮਲਾ ਜਾ ਰਿਹਾ ਸੀ ਕਿ ਉਹ ਹਾਦਸੇ ਦਾ ਸ਼ਿਕਾਰ ਹੋ ਗਿਆ। ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਸਿੰਘ ਦਾ ਬੇਟਾ ਅਭਿਤੇਜ ਸੰਧੂ ਕਈ ਸਮਾਜਿਕ ਸੰਸਥਾਵਾਂ ਨਾਲ ਜੁੜਿਆ ਹੋਇਆ ਸੀ। ਇਸ ਹਾਦਸੇ ਵਿਚ ਅਭਿਤੇਜ ਸਿੰਘ ਦੇ ਸਿਰ ਤੇ ਪਸਲੀ 'ਚ ਗੰਭੀਰ ਸੱਟਾਂ ਵੱਜੀਆਂ। ਉਸ ਨੂੰ ਤੁਰਤ ਰਾਮਪੁਰ ਦੇ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ, ਪਰ ਉਥੇ ਉਸ ਦੀ ਮੌਤ ਹੋ ਗਈ। ਪੋਸਟਮਾਰਟਮ ਮਗਰੋਂ ਅਭਿਤੇਜ ਦੀ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ। ਅਭੈ ਸੰਧੂ ਨੇ ਦੱਸਿਆ ਕਿ ਉਸ ਦਾ ਬੇਟਾ ਅਭਿਤੇਜ ਸਿੰਘ ਸੰਧੂ ਬਹੁਤ ਹੀ ਹੋਣਹਾਰ ਅਤੇ ਆਮ ਆਦਮੀ ਪਾਰਟੀ (ਆਪ) ਦਾ ਸਰਗਰਮ ਵਲੰਟੀਅਰ ਸੀ।



ਅਭਿਤੇਜ ਅਗਲੇ ਵਰ੍ਹੇ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਟਿਕਟ ਉਤੇ ਚੋਣ ਲੜਨ ਦਾ ਇੱਛੁਕ ਸੀ ਅਤੇ ਬਹੁਤ ਵਧੀਆ ਬੁਲਾਰਾ ਵੀ ਸੀ। ਉਨ੍ਹਾਂ ਦੱਸਿਆ ਕਿ ਅਭਿਤੇਜ ਸ਼ਹੀਦ ਭਗਤ ਸਿੰਘ ਦਾ ਪੋਤਾ ਹੋਣ ਕਾਰਨ ਪੰਜਾਬ ਸਮੇਤ ਹਿਮਾਚਲ ਪ੍ਰਦੇਸ਼, ਕਰਨਾਟਕ ਅਤੇ ਗੁਆਂਢੀ ਸੂਬਿਆਂ ਵਿਚ ਕਾਫੀ ਹਰਮਨ ਪਿਆਰਾ ਸੀ। ਪਿਛਲੇ ਸਾਲ ਸਮਾਜ ਸੇਵੀ ਕਾਰਜਾਂ ਲਈ ਸਵਿਟਜ਼ਰਲੈਂਡ ਵੀ ਗਿਆ ਸੀ। ਅਭੈ ਸੰਧੂ ਨੇ ਸਾਲ 2012 ਵਿਚ ਪੀ.ਪੀ.ਪੀ. ਦੀ ਟਿਕਟ 'ਤੇ ਵਿਧਾਨ ਸਭਾ ਹਲਕਾ ਨਵਾਂ ਸ਼ਹਿਰ ਤੋਂ ਚੋਣ ਲੜੀ ਸੀ, ਪਰ ਹਾਰ ਗਏ ਸੀ।

# ਬੇਅੰਤ ਸਿੰਘ ਦੇ ਪੋਤੇ ਵੱਲੋਂ ਗੋਲੀ ਮਾਰ ਕੇ ਖ਼ੁਦਕੁਸ਼ੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਹਰਕੀਰਤ ਸਿੰਘ (45) ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਉਸ ਨੇ ਆਪਣੀ ਲਾਇਸੰਸੀ ਰਿਵਾਲਵਰ ਨਾਲ ਸਿਰ ਵਿਚ ਗੋਲੀ ਮਾਰੀ। ਹਰਕੀਰਤ ਸਿੰਘ ਦਾ ਵੱਡਾ ਭਰਾ ਗੁਰਕੀਰਤ ਸਿੰਘ ਕੋਟਲੀ ਖੰਨਾ ਤੋਂ ਵਿਧਾਇਕ ਹੈ ਅਤੇ ਚਚੇਰਾ ਭਰਾ ਰਵਨੀਤ ਸਿੰਘ ਬਿੱਟੂ ਸੰਸਦ ਮੈਂਬਰ ਹੈ। ਇਹ ਸਾਰਾ ਪਰਿਵਾਰ ਇਥੇ ਸੈਕਟਰ 5 ਵਿਚ ਇਕੋ ਕੋਠੀ ਵਿਚ ਰਹਿੰਦਾ ਹੈ। ਪੁਲਿਸ ਨੇ ਮੌਕੇ ਤੋਂ ਪਿਸਤੌਲ ਤੇ ਗੋਲੀ ਦਾ ਖੋਲ ਬਰਾਮਦ ਕਰ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ।



ਮਿਲੀ ਜਾਣਕਾਰੀ ਅਨੁਸਾਰ ਹਰਕੀਰਤ ਸਿੰਘ ਆਮ ਵਾਂਗ ਸਵੇਰੇ ਸੁਖਨਾ ਝੀਲ 'ਤੇ ਸੈਰ ਕਰਨ ਗਿਆ ਸੀ। ਉਸ ਦਾ ਸੁਰੱਖਿਆ ਗਾਰਡ ਵੀ ਨਾਲ ਸੀ। ਸੈਰ ਬਾਅਦ ਉਹ ਘਰ ਪੁੱਜਾ ਅਤੇ ਜਿੰਮ ਜਾਣ ਦੀ ਤਿਆਰੀ ਕਰ ਰਿਹਾ ਸੀ। ਉਸ ਵੇਲੇ ਪਿਤਾ ਤੇਜਪ੍ਰਕਾਸ਼ ਸਿੰਘ ਤੇ ਮਾਤਾ ਦਵਿੰਦਰ ਕੌਰ ਘਰ ਨਹੀਂ ਸਨ।

ਗੁਰਕੀਰਤ ਸਿੰਘ ਅਤੇ ਰਵਨੀਤ ਬਿੱਟੂ ਵੀ ਸ਼ਹਿਰ ਤੋਂ ਬਾਹਰ ਸਨ। ਘਰ ਵਿਚ ਉਸ ਦੀ ਪਤਨੀ ਤੇ ਗੁਰਕੀਰਤ ਸਿੰਘ ਦਾ ਪਰਿਵਾਰ ਹੀ ਸੀ। ਇਸੇ ਦੌਰਾਨ ਹਰਕੀਰਤ ਦੇ ਬੈੱਡਰੂਮ ਵਿਚੋਂ ਗੋਲੀ ਚੱਲਣ ਦੀ ਆਵਾਜ਼ ਆਈ। ਜਦੋਂ ਉਸ ਦੀ ਪਤਨੀ ਅਤੇ ਸੁਰੱਖਿਆ ਗਾਰਡ ਨੇ ਅੰਦਰ ਜਾ ਕੇ ਦੇਖਿਆ ਤਾਂ ਹਰਕੀਰਤ ਦਾ ਮੂੰਹ-ਸਿਰ ਖ਼ੂਨ ਨਾਲ ਲਥਪਥ ਹੋਇਆ ਪਿਆ ਸੀ। ਉਸ ਦੇ ਸਿਰ ਵਿਚ ਗੋਲੀ ਲੱਗੀ ਸੀ। ਇਹ ਘਟਨਾ ਸਵੇਰੇ ਸਾਢੇ 10 ਵਜੇ ਦੇ ਕਰੀਬ ਵਾਪਰੀ। ਉਸ ਦੀ ਪਤਨੀ ਨੇ ਸੁਰੱਖਿਆ ਗਾਰਡਾਂ ਦੀ ਮਦਦ ਨਾਲ ਹਰਕੀਰਤ ਨੂੰ ਪੀ.ਜੀ.ਆਈ. ਪਹੁੰਚਾਇਆ, ਜਿਥੇ ਤਿੰਨ ਘੰਟੇ ਬਾਅਦ ਉਹ ਦਮ ਤੋੜ ਗਿਆ। ਹਰਕੀਰਤ ਸਿੰਘ ਦੇ ਕੋਈ ਔਲਾਦ ਨਹੀਂ ਹੈ। ਪਿਛਲੇ ਸਮੇਂ ਮੁਹਾਲੀ ਵਿਚ ਹੋਏ ਸੜਕ ਹਾਦਸੇ ਵਿਚ ਹਰਕੀਰਤ ਦੇ ਸਿਰ 'ਚ ਸੱਟ ਲੱਗੀ ਸੀ। ਪਰਿਵਾਰ ਮੁਤਾਬਕ ਉਹ ਪਿਛਲੇ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ।

# ਸੱਤਾਧਾਰੀ ਅਕਾਲੀ ਦਲ ਲਈ ਵੰਗਾਰ ਬਣੀ ਆਮ ਆਦਮੀ ਪਾਰਟੀ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਕਾਡਰ ਨੂੰ ਆਮ ਆਦਮੀ ਪਾਰਟੀ ਦਾ ਮੁਕਾਬਲਾ ਕਰਨ ਦੀਆਂ ਹਦਾਇਤਾਂ ਦਿੰਦਿਆਂ ਕਿਹਾ ਹੈ ਕਿ ਅਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਅਤੇ 'ਆਪ' ਵਿਚਾਲੇ ਹੀ ਮੁੱਖ ਮੁਕਾਬਲਾ ਹੋਣ ਦੇ ਆਸਾਰ ਹਨ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜ਼ਿਲ੍ਹਾ ਤੇ ਸਰਕਲ ਪ੍ਰਧਾਨਾਂ ਦੀ ਮੀਟਿੰਗ ਵਿਚ ਦਾਅਵਾ ਕੀਤਾ ਕਿ ਅਕਾਲੀ ਦਲ ਵੱਲੋਂ ਕਰਵਾਏ ਗਏ ਸਰਵੇਖਣ ਮੁਤਾਬਕ ਹਾਕਮ ਪਾਰਟੀ ਅੱਜ ਦੀ ਘੜੀ ਪੈਰਾਂ ਸਿਰ ਹੈ ਪਰ 'ਆਪ' ਨੂੰ ਹਰ ਪੱਧਰ 'ਤੇ ਟੱਕਰ ਦੇਣ ਦੀ ਜ਼ਰੂਰਤ ਹੈ। ਸੂਤਰਾਂ ਮੁਤਾਬਕ ਇਸ ਮੀਟਿੰਗ ਦੌਰਾਨ ਸਰਕਲ ਪ੍ਰਧਾਨਾਂ ਨੇ ਮਾਲ ਵਿਭਾਗ ਦੇ ਦਫਤਰਾਂ ਖਾਸ ਕਰ ਕੇ ਤਹਿਸੀਲਾਂ 'ਚ ਥਾਣਿਆਂ ਅਤੇ ਹੋਰਨਾਂ ਥਾਂਵਾਂ, ਜਿਥੇ ਲੋਕਾਂ ਦਾ ਨਿੱਤ ਦਾ ਵਾਹ ਹੈ, ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਣ ਦੀਆਂ ਸ਼ਿਕਾਇਤਾਂ ਵੀ ਕੀਤੀਆਂ। ਪਾਰਟੀ ਅਹੁਦੇਦਾਰਾਂ ਨੇ ਕਿਹਾ ਕਿ ਸਰਕਾਰੀ ਦਫਤਰਾਂ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਣ ਕਾਰਨ ਆਮ ਜਨਤਾ ਸਰਕਾਰ ਤੋਂ ਦੂਰ ਹੋ ਰਹੀ ਹੈ। ਇਸੇ ਕਾਰਨ ਆਮ ਜਨਤਾ 'ਆਪ' ਨਾਲ ਜੁੜ ਰਹੀ ਹੈ। ਪਾਰਟੀ ਆਗੂਆਂ ਨੇ ਕਿਹਾ ਕਿ ਸਰਕਾਰੀ ਦਫਤਰਾਂ ਵਿਚ ਵਰਕਰਾਂ ਦੀ ਕੋਈ ਸੁਣਵਾਈ ਨਹੀਂ ਅਤੇ ਸਿਰਫ ਪੈਸੇ ਦੇ ਕੇ ਹੀ ਕੰਮ ਹੁੰਦਾ ਹੈ। ਇਕ ਸਰਕਲ ਪ੍ਰਧਾਨ ਨੇ ਦੱਸਿਆ ਕਿ ਮੀਟਿੰਗ ਵਿਚ ਸ਼ਾਮਲ ਆਗੂਆਂ ਨੇ ਬਹੁ-ਗਿਣਤੀ ਹਲਕਾ ਇੰਚਾਰਜਾਂ ਦਾ ਰਵੱਈਆ ਤਾਨਾਸ਼ਾਹ ਹੋਣ ਦਾ ਮਾਮਲਾ ਚੁੱਕਦਿਆਂ ਕਿਹਾ ਕਿ ਸਰਕਲ ਪ੍ਰਧਾਨਾਂ ਨੂੰ ਮਾਣ ਸਤਿਕਾਰ ਨਹੀਂ ਦਿੱਤਾ ਜਾਂਦਾ। ਅਕਾਲੀ ਦਲ ਦੇ ਪ੍ਰਧਾਨ ਨੇ ਹਲਕਾ ਇੰਚਾਰਜਾਂ ਦਾ ਰਵੱਈਆ ਸੁਧਾਰਨ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦਾ ਭਰੋਸਾ ਦਿੱਤਾ।

ਸ. ਬਾਦਲ ਨੇ ਜ਼ਿਲ੍ਹਾ ਤੇ ਸਰਕਲ ਪ੍ਰਧਾਨਾਂ ਨੂੰ ਇਸ ਗੱਲੋਂ ਵੀ ਸੁਚੇਤ ਕੀਤਾ ਕਿ ਚੋਣਾਂ ਤੋਂ ਪਹਿਲਾਂ ਸਰਕਾਰ ਵੱਲੋਂ ਕੀਤੇ ਵਿਕਾਸ ਤੇ ਭਲਾਈ ਸਕੀਮਾਂ ਦਾ ਪ੍ਰਚਾਰ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਲੋਕ ਭਲਾਈ ਸਕੀਮਾਂ ਨੂੰ ਸਹੀ ਲਾਭਪਾਤਰੀ ਤੱਕ ਪਹੁੰਚਾਉਣ ਲਈ ਪਾਰਟੀ ਵਰਕਰਾਂ ਨੂੰ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਜੇਕਰ ਕਿਸੇ ਪੱਧਰ 'ਤੇ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਇਸ ਦੀ ਜਾਣਕਾਰੀ ਤੁਰਤ ਸਰਕਾਰ ਨੂੰ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਇਕ ਕਿਤਾਬਚਾ ਵੀ ਸਾਰੇ ਆਗੂਆਂ ਅਤੇ ਵਰਕਰਾਂ ਦਰਮਿਆਨ ਵੰਡਿਆ ਜਾਵੇਗਾ, ਤਾਂ ਜੋ ਵਰਕਰ ਲੋਕਾਂ ਨੂੰ ਦੱਸ ਸਕਣ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਦੀ ਖੁਸ਼ਹਾਲੀ, ਭਲਾਈ ਅਤੇ ਤਰੱਕੀ ਲਈ ਕਿਹੜੇ ਕਿਹੜੇ ਕੰਮ ਕੀਤੇ।

### ਅਕਾਲੀਆਂ ਨੂੰ ਲੋਕ ਮੁੱਦਿਆਂ 'ਤੇ ਘਿਰਨ ਦਾ ਡਰ

**ਚੰਡੀਗੜ੍ਹ:** ਹਾਕਮ ਪਾਰਟੀ ਨੂੰ ਇਹ ਵੀ ਖ਼ਦਸ਼ਾ ਹੈ ਕਿ ਚੋਣਾਂ ਦਾ ਐਲਾਨ ਹੁੰਦਿਆਂ ਹੀ ਨਸ਼ਿਆਂ ਦੀ ਸਮਗਲਿੰਗ, ਰੇਤ ਬਜਰੀ ਦੀ ਕਾਲਾਬਾਜ਼ਾਰੀ ਅਤੇ ਕਾਨੂੰਨ ਵਿਵਸਥਾ ਦੇ ਮੁੱਦੇ ਭਾਰੀ ਹੋ ਗਏ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਮੁੱਦਿਆਂ ਉਤੇ 'ਆਪ' ਹੱਥੋਂ ਘਿਰਨ ਦਾ ਡਰ ਸਤਾ ਰਿਹਾ ਹੈ। ਸੂਤਰਾਂ ਮੁਤਾਬਕ ਸ. ਬਾਦਲ ਨੇ ਪਾਰਟੀ ਕਾਡਰ ਨੂੰ ਕਾਂਗਰਸ ਦਾ ਜ਼ਿਆਦਾ ਸਿਆਸੀ ਨੁਕਸਾਨ ਨਾ ਕਰਨ ਦੀਆਂ ਵੀ ਹਦਾਇਤਾਂ ਦਿੱਤੀਆਂ ਹਨ ਕਿਉਂਕਿ ਕਾਂਗਰਸ ਦੀਆਂ ਵੋਟਾਂ ਘਟਣ ਨਾਲ ਅਕਾਲੀ ਦਲ ਨੂੰ ਹੀ ਨੁਕਸਾਨ ਹੋਣ ਦਾ ਖ਼ਦਸ਼ਾ ਹੈ। ਪਾਰਟੀ ਵੱਲੋਂ ਸੀਨੀਅਰ ਆਗੂਆਂ ਨੂੰ ਜ਼ੋਨਲ ਇੰਚਾਰਜ ਵਜੋਂ ਵੀ ਤਾਇਨਾਤ ਕੀਤਾ ਜਾ ਰਿਹਾ ਹੈ। ਕੋਰ ਕਮੇਟੀ ਦੇ ਫੈਸਲੇ ਮੁਤਾਬਕ ਸੀਨੀਅਰ ਆਗੂਆਂ ਦੇ ਜ਼ੋਨਲ ਇੰਚਾਰਜ ਦੀ ਨਿਯੁਕਤੀ ਨਾਲ ਹੇਠਲੇ ਪੱਧਰ 'ਤੇ ਧੜੇਬੰਦੀ ਨੂੰ ਨੱਥ ਪੈਣ ਦੇ ਆਸਾਰ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਸਾਰੇ ਆਗੂਆਂ ਅਤੇ ਵਰਕਰਾਂ ਨੂੰ ਆਧੁਨਿਕ ਤਕਨੀਕਾਂ ਅਤੇ ਸੋਸ਼ਲ ਮੀਡੀਆ ਦਾ ਸਹਾਰਾ ਲੈਣਾ ਚਾਹੀਦਾ ਹੈ।

## ਨਸ਼ਾ ਤਸਕਰੀ: ਜਗਦੀਸ਼ ਭੋਲਾ ਦੇ ਪ੍ਰੋਡਕਸ਼ਨ ਵਾਰੰਟ ਜਾਰੀ



**ਪਟਿਆਲਾ:** ਇਥੇ ਥਾਣਾ ਅਰਬਨ ਅਸਟੇਟ ਵਿਚ ਦਰਜ ਨਸ਼ਾ ਤਸਕਰੀ ਦੇ ਕੇਸ ਦੀ ਸੁਣਵਾਈ ਲਈ ਸਾਬਕਾ ਡੀ.ਐਸ.ਪੀ. ਅਤੇ ਸਾਬਕਾ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਨੂੰ ਅਦਾਲਤ ਵਿਚ ਪੇਸ਼ ਨਾ ਕੀਤਾ ਗਿਆ। ਉਹ ਨਾਭਾ ਦੀ ਮੈਕਸੀਮਮ ਜੇਲ੍ਹ ਵਿਚ ਬੰਦ ਹੈ, ਜਿਸ ਤਹਿਤ ਅਦਾਲਤ ਨੇ ਭੋਲਾ ਦੇ ਪ੍ਰੋਡਕਸ਼ਨ ਵਾਰੰਟ ਜਾਰੀ ਕਰਦਿਆਂ ਜੇਲ੍ਹ ਸੁਪਰਡੈਂਟ ਨੂੰ ਹਦਾਇਤ ਕੀਤੀ ਕਿ ਅਗਲੀ ਪੇਸ਼ੀ 'ਤੇ ਉਸ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ।


ਕੇਸ ਦੀ ਸੁਣਵਾਈ ਹੁਣ ਛੇ ਜੂਨ ਨੂੰ ਹੋਵੇਗੀ। ਕੇਸ ਦੀ ਸੁਣਵਾਈ ਇਥੇ ਵਧੀਕ ਸੈਸ਼ਨ ਜੱਜ ਰਵਦੀਪ ਸਿੰਘ ਹੁੰਦਲ ਦੀ ਅਦਾਲਤ ਵਿਚ ਚੱਲ ਰਹੀ ਹੈ, ਜਿਥੇ ਇਸੇ ਕੇਸ ਦੇ ਦਰਜਨ ਭਰ ਬਾਕੀ ਮੁਲਜ਼ਮ ਹਾਜ਼ਰ ਸਨ।

## ਕੈਨੇਡਾ ਵਿਚ ਸਿੱਖ ਔਰਤ ਦੀ ਮੌਤ

**ਟੋਰਾਂਟੋ:** ਕੈਨੇਡਾ ਦੇ ਸਸਕੈਚਵਾਨ ਸੂਬੇ ਵਿਚ ਇਕ ਮਕਾਨ ਵਿਚੋਂ 38 ਸਾਲਾ ਸਿੱਖ ਔਰਤ ਮ੍ਰਿਤਕ ਮਿਲੀ। ਇਸ ਮਾਮਲੇ ਵਿਚ ਪੁਲਿਸ ਨੇ ਇਸ ਬੀਬੀ ਦੇ ਪਤੀ ਖਿਲਾਫ਼ ਕਤਲ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਸੰਦੀਪ ਕੌਰ ਤੇਹਾੜਾ ਰੇਜੀਨਾ ਸਥਿਤ ਆਪਣੇ ਮਕਾਨ ਵਿਚੋਂ ਮ੍ਰਿਤਕ ਹਾਲਤ ਵਿਚ ਮਿਲੀ ਸੀ। ਪੁਲਿਸ ਨੇ ਪਹਿਲੀ ਨਜ਼ਰ ਵਿਚ ਹੀ ਇਸ ਨੂੰ ਕਤਲ ਮੰਨ ਲਿਆ।

ਰੇਜੀਨਾ ਲੀਡਰ-ਪੋਸਟ ਦੀ ਰਿਪੋਰਟ ਮੁਤਾਬਕ ਪੁਲਿਸ ਨੇ ਸੰਦੀਪ ਦੇ ਪਤੀ ਜਗਦੀਸ਼ ਸਿੰਘ ਤੇਹਾੜਾ (39 ਸਾਲ) ਨੂੰ ਗ੍ਰਿਫਤਾਰ ਕਰ ਕੇ ਉਸ ਖਿਲਾਫ਼ ਸੈਕਿੰਡ ਡਿਗਰੀ ਕਤਲ ਦਾ ਕੇਸ ਦਰਜ ਕੀਤਾ ਹੈ। ਇਸ ਜੋੜੇ ਦੇ ਦੋ ਬੱਚੇ ਹਨ, ਜੋ ਜਗਦੀਸ਼ ਦੇ ਭਰਾ ਪ੍ਰਿਤਪਾਲ ਸਿੰਘ ਤੇਹਾੜਾ ਨਾਲ ਰਹਿੰਦੇ ਹਨ। ਪੁਲਿਸ ਤੇ ਫੋਰੈਂਸਿਕ ਮਾਹਿਰਾਂ ਵੱਲੋਂ ਇਸ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਇਸ ਕਤਲ ਤੋਂ ਸਿੱਖ ਭਾਈਚਾਰਾ ਹੈਰਾਨ ਹੈ। ਸਿੱਖ ਸੁਸਾਇਟੀ ਆਫ ਰੇਜੀਨਾ ਦੇ ਪ੍ਰਧਾਨ ਨਿਰਮਲ ਮੌਤ ਨੇ ਕਿਹਾ, 'ਇਹ ਸਾਰੇ ਭਾਈਚਾਰੇ ਲਈ ਝਟਕੇ ਵਾਂਗ ਹੈ।'

## ਸ੍ਰੀ ਹੇਮਕੁੰਟ ਸਾਹਿਬ 'ਚ ਸ਼ਰਧਾ ਦਾ ਸੈਲਾਬ



**ਦੇਹਰਾਦੂਨ:** ਸਿੱਖਾਂ ਦੇ ਪਵਿੱਤਰ ਧਾਮ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹ ਦਿੱਤੇ ਗਏ ਹਨ, ਜਿਸ ਨਾਲ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸ਼ੁਰੂ ਹੋ ਗਈ।

ਸੰਗਤਾਂ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰ ਕੇ ਗੁਰੂ ਦਰਬਾਰ 'ਚ ਨਤਮਸਤਕ ਹੋਈਆਂ। ਪੰਜ ਪਿਆਰਿਆਂ ਦੀ ਅਗਵਾਈ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੱਚਖੰਡ ਤੋਂ ਦਰਬਾਰ ਹਾਲ ਵਿਚ ਲਿਆਂਦਾ ਗਿਆ। ਮੁੱਖ ਗ੍ਰੰਥੀ ਸਿੰਘ ਵੱਲੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਹਜ਼ੂਰੀ ਰਾਗੀ ਭਾਈ ਸੁਖਵਿੰਦਰ ਸਿੰਘ ਤੇ ਭਾਈ ਪ੍ਰਦੀਪ ਸਿੰਘ ਸਾਥੀਆਂ ਵੱਲੋਂ ਕੀਰਤਨ ਕੀਤਾ ਗਿਆ।

ਇਸ ਮੌਕੇ ਦੇਸ਼-ਵਿਦੇਸ਼ ਤੋਂ ਆਈਆਂ ਵੱਡੀ ਗਿਣਤੀ ਸੰਗਤਾਂ ਨੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਬੁੰਡਾਰ 'ਚ ਯਾਤਰਾ ਦੇ ਪਹਿਲੇ ਦਿਨ ਹੀ 140 ਮੀਟਰ ਲੰਬੇ ਮੋਟਰ ਪੁਲ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ, ਜੋ ਤਕਰੀਬਨ ਇਕ ਸਾਲ 'ਚ ਤਿਆਰ ਹੋ ਜਾਵੇਗਾ ਤੇ ਸ਼ਰਧਾਲੂ ਇਸ ਪੁਲ ਰਾਹੀਂ ਆਪਣੀਆਂ ਗੱਡੀਆਂ ਦਾ ਵੀ ਇਸਤੇਮਾਲ ਕਰ ਸਕਣਗੇ।

## ਚੰਡੀਗੜ੍ਹ ਆ ਰਹੀ ਬੱਸ ਵਿਚ ਧਮਾਕਾ

**ਕੁਰੂਕਸ਼ੇਤਰ:** ਪੀਪਲੀ ਕੋਲ ਸੋਨੀਪਤ ਤੋਂ ਚੰਡੀਗੜ੍ਹ ਆ ਰਹੀ ਸੋਨੀਪਤ ਡਿਪੂ ਦੀ ਬੱਸ ਵਿਚ ਧਮਾਕਾ ਹੋਇਆ ਹੈ। ਧਮਾਕਾ ਉਸ ਵੇਲੇ ਹੋਇਆ ਜਦੋਂ ਬੱਸ ਚੰਡੀਗੜ੍ਹ ਵੱਲ ਮੁੜ ਰਹੀ ਸੀ। ਧਮਾਕਾ ਹੁੰਦਿਆਂ ਹੀ ਡਰਾਈਵਰ ਬੱਸ ਨੂੰ ਨੇੜੇ ਦੇ ਪੁਲ ਉੱਤੇ ਲੈ ਗਿਆ।

ਇਸ ਘਟਨਾ ਵਿਚ ਤਕਰੀਬਨ ਅੱਧਾ ਦਰਜਨ



ਸਵਾਰੀਆਂ ਦੇ ਜ਼ਖ਼ਮੀ ਹੋ ਗਈਆਂ। ਬੱਸ ਵਿਚ ਧਮਾਕੇ ਵਾਲੀ ਥਾਂ ਤੋਂ ਇਕ ਪੀਲੇ ਰੰਗ ਦਾ ਲਿਫਾਫਾ ਮਿਲਿਆ ਹੈ। ਇਸ ਲਿਫਾਫੇ ਵਿਚ ਇਕ ਪੈਂਟ-ਕਮੀਜ਼ ਮਿਲਿਆ ਹੈ। ਮੰਨਿਆ ਜਾ ਰਿਹਾ ਹੈ ਕਿ ਧਮਾਕਾ ਇਸੇ ਲਿਫਾਫੇ ਵਿਚੋਂ ਹੋਇਆ ਹੈ। ਧਮਾਕੇ ਵਾਲੀ ਥਾਂ ਤੋਂ ਇਕ 12 ਬੋਲਟ ਦੀ ਬੈਟਰੀ ਵੀ ਮਿਲੀ ਹੈ। ਹਾਲੇ ਤੱਕ ਧਮਾਕੇ ਸਬੰਧੀ ਕੋਈ ਪੁਖਤਾ ਜਾਣਕਾਰੀ ਨਹੀਂ ਮਿਲੀ ਹੈ। ਬੰਬ ਸਕੂਐਡ ਨੂੰ ਵੀ ਮੌਕੇ 'ਤੇ ਬੁਲਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪਾਣੀਪਤ ਰੇਲਵੇ ਸਟੇਸ਼ਨ 'ਤੇ ਵੀ ਛੋਟੇ ਧਮਾਕੇ ਹੋ ਚੁੱਕੇ ਹਨ। ਧਮਾਕੇ ਦੀ ਜਾਂਚ ਐਨ.ਆਈ.ਏ. ਦੇ ਹਵਾਲੇ ਕਰ ਦਿੱਤੀ ਗਈ ਹੈ। ਐਨ.ਆਈ.ਏ. ਇਸ ਦੀ ਅਤਿਵਾਦੀ ਹਮਲੇ ਦੇ ਪੱਖ ਤੋਂ ਜਾਂਚ ਕਰੇਗੀ। ਹਰਿਆਣਾ ਪੁਲਿਸ ਨੇ ਏ.ਡੀ.ਜੀ.ਪੀ. ਸ਼ਤਰੂਜੀਤ ਕਪੂਰ ਦੀ ਅਗਵਾਈ 'ਚ ਵਿਸ਼ੇਸ਼ ਜਾਂਚ ਟੀਮ ਦਾ ਵੀ ਗਠਨ ਕੀਤਾ ਹੈ।

# ਪਾਵਰਕੌਮ ਨੂੰ ਪ੍ਰਾਈਵੇਟ ਥਰਮਲ ਪਲਾਂਟਾਂ ਦਾ ਸਹਾਰਾ

**ਬਠਿੰਡਾ:** ਪਾਵਰਕੌਮ ਇਕ ਪਾਸੇ ਪ੍ਰਾਈਵੇਟ ਥਰਮਲਾਂ ਤੋਂ ਮਹਿੰਗੀ ਬਿਜਲੀ ਖਰੀਦ ਰਿਹਾ ਹੈ ਅਤੇ ਦੂਜੇ ਪਾਸੇ ਆਪਣੇ ਥਰਮਲ ਬੰਦ ਕਰ ਕੇ ਤੇਲ ਦਾ ਖਰਚਾ ਵਧਾ ਰਿਹਾ ਹੈ। ਸਰਕਾਰੀ ਤੱਥਾਂ ਅਨੁਸਾਰ ਲਹਿਰਾ ਮੁਹੱਬਤ ਤਾਪ ਬਿਜਲੀ ਘਰ ਵਿਚ ਲੰਘੇ ਸਾਢੇ ਚਾਰ ਵਰ੍ਹਿਆਂ ਵਿਚ 63.03 ਕਰੋੜ ਰੁਪਏ ਦਾ ਤੇਲ ਫੂਕਿਆ ਗਿਆ ਹੈ। ਇਸ ਤਾਪ ਬਿਜਲੀ ਘਰ ਦੇ ਯੂਨਿਟਾਂ ਨੂੰ ਪਿਛਲੇ ਅਰਸੇ ਤੋਂ ਰੈਗੂਲਰ ਚੱਲਣਾ ਨਸੀਬ ਹੀ ਨਹੀਂ ਹੋਇਆ। ਸਾਲ 2012-13 ਵਿਚ ਇਸ ਥਰਮਲ ਦੀ ਤੇਲ ਖਪਤ 8.48 ਕਰੋੜ ਰੁਪਏ ਦੀ ਸੀ, ਜੋ ਕਿ 2014-15 'ਚ ਵਧ ਕੇ 17.05 ਕਰੋੜ ਰੁਪਏ ਹੋ ਗਈ। ਇਵੇਂ 2015-16 ਦੇ ਦਸੰਬਰ ਮਹੀਨੇ ਤੱਕ ਯੂਨਿਟ ਚਲਾਉਣ ਵਾਸਤੇ 11.08 ਕਰੋੜ ਦਾ ਤੇਲ ਫੂਕਿਆ ਜਾ ਚੁੱਕਿਆ ਹੈ। ਦੂਜੇ ਪਾਸੇ 2012-13 ਵਿਚ ਮੁਲਾਜ਼ਮਾਂ ਨੂੰ 18.42 ਕਰੋੜ ਰੁਪਏ ਉਤਪਾਦਨ ਭੱਤਾ ਮਿਲਿਆ ਸੀ ਜਦੋਂਕਿ 2014-15 ਵਿਚ ਸਿਰਫ 4.91 ਕਰੋੜ ਰੁਪਏ ਹੀ ਮਿਲਿਆ।

ਇਸ ਨਾਲ ਪਾਵਰਕੌਮ ਨੂੰ ਤਕਰੀਬਨ 200 ਕਰੋੜ ਦਾ ਰਗੜਾ ਲੱਗਾ ਹੈ। ਹੁਣ ਥਰਮਲਾਂ ਦੇ ਯੂਨਿਟ ਵਾਰ-ਵਾਰ ਬੰਦ ਕਰਾਏ ਜਾ ਰਹੇ ਹਨ। ਨਤੀਜੇ ਵਜੋਂ ਯੂਨਿਟਾਂ ਨੂੰ ਵਾਰ-ਵਾਰ ਚਲਾਉਣ ਨਾਲ ਤੇਲ ਦੀ ਖਪਤ ਕਈ ਗੁਣਾਂ ਵਧ ਗਈ ਹੈ। ਦੂਜੇ ਪਾਸੇ ਯੂਨਿਟ ਬੰਦ ਰੱਖਣ ਕਰ ਕੇ ਉਤਪਾਦਨ ਭੱਤਾ ਕਾਫੀ ਹੇਠਾਂ ਡਿੱਗਿਆ ਹੈ, ਜਿਸ ਨਾਲ ਮੁਲਾਜ਼ਮਾਂ ਦੇ ਉਤਸ਼ਾਹ ਅਤੇ ਜੇਬ ਨੂੰ ਸੱਟ ਵੱਜੀ ਹੈ। ਥਰਮਲਾਂ ਦੇ ਯੂਨਿਟਾਂ ਨੂੰ ਲਾਈਟਅੱਪ ਕਰਨ ਵਾਸਤੇ ਐਲ.ਡੀ.ਓ. ਤੇਲ ਆਦਿ ਵਰਤਿਆ ਜਾਂਦਾ ਹੈ। ਜਦੋਂ ਥਰਮਲ ਲਗਾਤਾਰ ਚੱਲਦੇ ਸਨ ਤਾਂ ਉਦੋਂ ਇਸ ਤੇਲ ਦੀ ਖਪਤ ਘੱਟ ਸੀ।

ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ ਅਨੁਸਾਰ ਰੋਪੜ ਦੇ ਤਾਪ ਬਿਜਲੀ ਘਰ ਵਿਚ ਸਾਲ 2011-12 ਤੋਂ 29 ਫਰਵਰੀ 2016 ਤੱਕ 106.57 ਕਰੋੜ ਰੁਪਏ ਦਾ ਤੇਲ ਫੂਕਿਆ ਜਾ ਚੁੱਕਿਆ ਹੈ। ਸਾਲ 2011-12 ਵਿਚ ਸਿਰਫ 8.31 ਕਰੋੜ ਦੇ ਤੇਲ ਦੀ ਖਪਤ ਹੋਈ ਸੀ ਜਦੋਂਕਿ 2014-15 ਵਿਚ ਤੇਲ ਦੀ ਖਪਤ ਵਧ ਕੇ 24.35 ਕਰੋੜ ਦੀ ਹੋ ਗਈ। ਦੂਜੇ ਪਾਸੇ ਰੋਪੜ ਥਰਮਲ ਦੇ ਯੂਨਿਟ ਵਧੇਰੇ ਸਮਾਂ ਬੰਦ ਰਹਿਣ ਕਰ ਕੇ ਮੁਲਾਜ਼ਮਾਂ ਨੂੰ ਮਿਲਣ ਵਾਲਾ ਉਤਪਾਦਨ ਭੱਤਾ ਕਾਫੀ ਘਟ ਗਿਆ ਹੈ। ਸਰਕਾਰੀ ਵੇਰਵਿਆਂ ਅਨੁਸਾਰ ਰੋਪੜ ਪਲਾਂਟ ਦੇ ਮੁਲਾਜ਼ਮਾਂ ਨੂੰ ਸਾਲ 2015-16 (29 ਫਰਵਰੀ ਤੱਕ) ਦੌਰਾਨ 10.86 ਕਰੋੜ ਅਤੇ 2012-13 ਵਿਚ 47.47 ਕਰੋੜ ਰੁਪਏ ਉਤਪਾਦਨ ਭੱਤਾ ਮਿਲਿਆ ਸੀ। ਇਵੇਂ 2013-14 ਵਿਚ 32.20 ਕਰੋੜ ਰੁਪਏ ਭੱਤਾ ਦਿੱਤਾ ਗਿਆ ਸੀ। ਪਾਵਰਕੌਮ ਨੇ ਬਠਿੰਡਾ ਥਰਮਲ ਦੇ ਯੂਨਿਟ ਤਾਂ ਲੰਬਾ ਅਰਸਾ ਬੰਦ ਹੀ ਰੱਖੇ ਹਨ, ਜਿਥੇ ਤੇਲ 'ਤੇ ਖਰਚਾ ਬਹੁਤਾ ਨਹੀਂ ਰਿਹਾ। ਥਰਮਲ ਬੰਦ ਰਹਿਣ ਕਰ ਕੇ ਮੁਲਾਜ਼ਮਾਂ ਨੂੰ ਵੱਡੀ ਮਾਲੀ ਸੱਟ ਵੱਜੀ ਹੈ। ਸਾਲ 2015-16 ਵਿਚ ਇਸ ਥਰਮਲ ਦੇ ਮੁਲਾਜ਼ਮਾਂ ਨੂੰ ਸਿਰਫ 2.07 ਕਰੋੜ ਰੁਪਏ ਉਤਪਾਦਨ ਭੱਤਾ ਮਿਲਿਆ ਜਦੋਂਕਿ 2011-12 ਵਿਚ 18.65 ਕਰੋੜ ਉਤਪਾਦਨ ਭੱਤਾ ਮਿਲਿਆ ਸੀ।

ਜੁਆਇੰਟ ਇੰਪਲਾਈਜ਼ ਫੋਰਮ ਦੇ ਜਨਰਲ ਸਕੱਤਰ ਬਲਜੀਤ ਸਿੰਘ ਬੋਦੀਵਾਲਾ ਨੇ ਦੋਸ਼ ਲਾਇਆ ਕਿ ਮੈਨੇਜਮੈਂਟ ਪ੍ਰਾਈਵੇਟ ਥਰਮਲਾਂ ਨੂੰ ਲਾਹਾ ਦੇਣ ਲਈ ਆਪਣੇ ਥਰਮਲਾਂ ਨੂੰ ਦਾਅ 'ਤੇ ਲਾ ਰਹੀ ਹੈ, ਜਿਸ ਦਾ ਸਭ ਨੂੰ ਨੁਕਸਾਨ ਹੋ ਰਿਹਾ ਹੈ। ਪਾਵਰਕੌਮ ਦੇ ਡਾਇਰੈਕਟਰ (ਜਨਰੇਸ਼ਨ) ਐਮ.ਐਸ. ਪਰਹਾਰ ਦਾ ਕਹਿਣਾ ਹੈ ਕਿ ਨੋ ਡਿਮਾਂਡ ਹੋਣ ਮੌਕੇ ਹੀ ਯੂਨਿਟ ਬੰਦ ਕਰਾ ਕੇ ਬਿਜਲੀ ਦੀ ਵੇਸਟੇਜ ਬਚਾਈ ਜਾਂਦੀ ਹੈ। ਉਨ੍ਹਾਂ ਆਖਿਆ ਕਿ ਯੂਨਿਟ ਵਾਰ-ਵਾਰ ਬੰਦ ਕਰਨ ਤੇ ਚਲਾਉਣ ਨਾਲ ਤੇਲ ਦੀ ਖਪਤ ਵਧੀ ਹੈ ਅਤੇ ਰੈਗੂਲਰ ਪਲਾਂਟ ਨਾ ਚੱਲਣ ਕਰ ਕੇ ਉਤਪਾਦਨ ਭੱਤਾ ਕਾਫੀ ਘੱਟ ਰਹਿ ਗਿਆ ਹੈ।

---- ਲਲਿਤ ਮੋਦੀ ਕੇਸ ----

## ਭਾਰਤ ਨੇ ਸਵਿਟਜ਼ਰਲੈਂਡ ਤੋਂ ਮਦਦ ਮੰਗੀ



**ਨਵੀਂ ਦਿੱਲੀ:** ਸਾਬਕਾ ਆਈ.ਪੀ.ਐਲ. ਕਮਿਸ਼ਨਰ ਲਲਿਤ ਮੋਦੀ ਤੇ ਉਸ ਦੀ ਪਤਨੀ ਮੀਨਲ ਮੋਦੀ ਦੇ ਸਵਿਸ ਬੈਂਕ 'ਚ ਖਾਤਿਆਂ ਸਬੰਧੀ ਭਾਰਤ ਦਾ ਆਮਦਨ ਕਰ ਵਿਭਾਗ ਜਾਂਚ ਕਰ ਰਿਹਾ ਹੈ ਤੇ ਉਸ ਨੇ ਸਵਿਟਜ਼ਰਲੈਂਡ ਤੋਂ ਇਸ ਬਾਰੇ ਜੁੜੀ ਜਾਣਕਾਰੀ ਮੰਗੀ ਹੈ।

ਸਵਿਸ ਫੈਡਰਲ ਟੈਕਸ ਐਡਮਨਿਸਟ੍ਰੇਸ਼ਨ (ਐਫ.ਟੀ.ਏ.) ਨੇ ਦੋ ਵੱਖ ਵੱਖ ਗਜ਼ਟ ਨੋਟੀਫਿਕੇਸ਼ਨਾਂ ਰਾਹੀਂ ਲਲਿਤ ਮੋਦੀ ਤੇ ਉਸ ਦੀ ਪਤਨੀ ਨੂੰ 10 ਦਿਨ ਦਾ ਸਮਾਂ ਦਿੱਤਾ ਹੈ ਜੋ 'ਸੁਣਵਾਈ ਦੇ ਅਧਿਕਾਰ' ਤਹਿਤ ਕੀਤਾ ਗਿਆ ਹੈ। ਐਫ.ਟੀ.ਏ. ਨੋਟੀਫਿਕੇਸ਼ਨ 'ਚ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਨੋਟੀਫਿਕੇਸ਼ਨ ਮਿਲਣ ਦੇ 10 ਦਿਨਾਂ 'ਚ ਪ੍ਰਵਾਨਿਤ ਅਧਿਕਾਰੀ ਨੂੰ ਇਸ ਬਾਰੇ ਸੂਚਿਤ ਕੀਤਾ ਜਾਏ।

**Punjab Times**
**Established in 2000**
**17th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਸਲਾ ਭੰਡਾਰ ਨੂੰ ਲੱਗੀ ਅੱਗ: ਦੋ ਅਫਸਰਾਂ ਸਮੇਤ 16 ਹਲਾਕ



**ਪੁਲਗਾਓਂ (ਮਹਾਰਾਸ਼ਟਰ):** ਮਹਾਰਾਸ਼ਟਰ ਦੇ ਪੁਲਗਾਓਂ ਵਿਚ ਅਸਲਾਖਾਨੇ ਵਿਚ ਮੰਗਲਵਾਰੀਂ ਤੜਕੇ ਅੱਗ ਲੱਗ ਜਾਣ ਕਾਰਨ ਦੋ ਫ਼ੌਜੀ ਅਫ਼ਸਰਾਂ ਸਮੇਤ ਘੱਟੋ-ਘੱਟ 16 ਰੱਖਿਆ ਕਰਮੀ ਮਾਰੇ ਗਏ। ਇਹ ਅਸਲਾਖਾਨਾ ਏਸ਼ੀਆ ਦੇ ਸਭ ਤੋਂ ਵੱਡੇ ਅਸਲਾ ਭੰਡਾਰਾਂ ਵਿਚ ਗਿਣਿਆ ਜਾਂਦਾ ਹੈ ਜਿਥੇ ਫ਼ੌਜ ਭਾਰੀ ਮਾਤਰਾ ਵਿਚ ਗੋਲੀ ਸਿੱਕਾ ਰੱਖਦੀ ਹੈ। ਅੱਗ ਰਾਤੀਂ ਇਕ ਵਜੇ ਦੇ ਕਰੀਬ ਭੜਕੀ ਜਿਸ ਨੂੰ ਰਾਤ ਭਰ ਚੱਲੇ ਅਪਰੇਸ਼ਨ ਤੋਂ ਬਾਅਦ ਕਾਬੂ ਕਰ ਲਿਆ ਗਿਆ।

ਡਾਇਰੈਕਟਰ ਜਨਰਲ ਮਿਲਟਰੀ ਅਪਰੇਸ਼ਨਜ਼ ਲੈਫਟੀਨੈਂਟ ਜਨਰਲ ਰਣਬੀਰ ਸਿੰਘ ਨੇ ਨਵੀਂ ਦਿੱਲੀ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਅੱਗ 'ਤੇ ਕਾਬੂ ਪਾਉਣ ਦੇ ਯਤਨਾਂ ਵਿਚ ਦੋ ਅਫ਼ਸਰਾਂ ਅਤੇ 14 ਕਰਮੀਆਂ ਦੀ ਜਾਨ ਚਲੀ ਗਈ ਜਦਕਿ ਦੋ ਅਫ਼ਸਰ ਤੇ 15 ਕਰਮਚਾਰੀ ਜ਼ਖਮੀ ਹਨ। ਮ੍ਰਿਤਕਾਂ ਵਿਚ ਫੌਜੀ ਅਤੇ ਅੱਗ ਬੁਝਾਊ ਅਮਲੇ ਦੇ ਕਰਮਚਾਰੀ ਸ਼ਾਮਲ ਹਨ। ਡਿਪੂ ਵਿਚੋਂ ਕਈ ਧਮਾਕਿਆਂ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਅਤੇ ਅੱਗ ਦੀਆਂ ਲਾਟਾਂ ਅਸਮਾਨ ਛੂਹ ਰਹੀਆਂ ਸਨ। ਇਸੇ ਦੌਰਾਨ ਰੱਖਿਆ ਮੰਤਰੀ ਮਨੋਹਰ ਪਰੀਕਰ ਜੋ ਪੁਣੇ ਵਿਚ ਹੀ ਸਨ, ਤੁਰੰਤ ਘਟਨਾ ਸਥਾਨ 'ਤੇ ਪਹੁੰਚ ਗਏ। ਥਲ ਸੈਨਾ ਦੇ ਮੁਖੀ ਜਨਰਲ ਦਲਬੀਰ ਸਿੰਘ ਨੇ ਵੀ ਮੌਕੇ ਦਾ ਮੁਆਇਨਾ ਕੀਤਾ।

ਸੈਂਟਰਲ ਐਮੂਨੀਸ਼ਨ ਡਿਪੂ, ਪੁਲਗਾਓਂ (ਨਾਗਪੁਰ) ਤੋਂ 115 ਕਿਲੋਮੀਟਰ ਦੂਰ ਪੈਂਦਾ ਹੈ ਜਿਥੇ ਹੱਥਗੋਲੇ, ਬੰਬ, ਗ੍ਰਨੇਡ, ਰਾਈਫਲਾਂ, ਮਿਸਾਈਲਾਂ ਅਤੇ ਹੋਰ ਹਥਿਆਰ ਤੇ ਗੋਲੀ ਸਿੱਕਾ ਜਮ੍ਹਾਂ ਕੀਤਾ ਹੁੰਦਾ ਹੈ। ਵੱਖ ਵੱਖ ਫ਼ੈਕਟਰੀਆਂ ਦਾ ਅਸਲਾ ਤੇ ਹਥਿਆਰ ਪਹਿਲਾਂ ਇਥੇ ਆਉਂਦੇ ਹਨ ਤੇ ਫਿਰ ਵੱਖ ਵੱਖ ਟਿਕਾਣਿਆਂ 'ਤੇ ਭੇਜਿਆ ਜਾਂਦਾ ਹੈ। ਮੁਢਲੀਆਂ ਰਿਪੋਰਟਾਂ ਮੁਤਾਬਕ ਰਾਤੀਂ ਕਰੀਬ ਇਕ ਵਜੇ ਇਕ ਸ਼ੈੱਡ ਵਿਚ ਅੱਗ ਲੱਗ ਗਈ। ਇਸ ਸ਼ੈੱਡ ਵਿਚ ਬਹੁਤ ਹੀ ਸੰਵੇਦਨਸ਼ੀਲ ਹਥਿਆਰ ਤੇ ਅਸਲਾ ਰੱਖਿਆ ਹੋਇਆ ਸੀ।

# ਅਰਦਾਸ ਦਿਵਸ ਸਮਾਗਮ ਮੌਕੇ ਟਕਰਾਅ ਦਾ ਖਦਸ਼ਾ

**ਅੰਮ੍ਰਿਤਸਰ:** ਘੱਲੂਘਾਰਾ ਦਿਵਸ ਮੌਕੇ ਛੇ ਜੂਨ ਨੂੰ ਸ੍ਰੀ ਅਕਾਲ ਤਖ਼ਤ ਉਤੇ ਮਨਾਏ ਜਾਣ ਵਾਲੇ ਅਰਦਾਸ ਦਿਵਸ ਸਮਾਗਮ ਦੌਰਾਨ ਸਿੱਖ ਜਥੇਬੰਦੀਆਂ ਵਿਚਾਲੇ ਟਕਰਾਅ ਪੈਦਾ ਹੋਣ ਦੇ ਆਸਾਰ ਹਨ। ਸੁਰੱਖਿਆ ਦੇ ਮੱਦੇਨਜ਼ਰ ਸਰਕਾਰ ਨੇ ਅੰਮ੍ਰਿਤਸਰ ਸ਼ਹਿਰ ਵਿਚ ਨੀਮ ਫੌਜੀ ਬਲਾਂ ਦੀਆਂ ਕੰਪਨੀਆਂ ਤਾਇਨਾਤ ਕਰ ਦਿੱਤੀਆਂ।

ਸ੍ਰੀ ਹਰਿਮੰਦਰ ਸਾਹਿਬ ਉਤੇ ਹੋਏ ਫੌਜੀ ਹਮਲੇ ਦੀ ਯਾਦ ਵਿਚ ਛੇ ਜੂਨ ਨੂੰ ਸ੍ਰੀ ਅਕਾਲ ਤਖ਼ਤ 'ਤੇ ਅਰਦਾਸ ਦਿਵਸ ਕਰਵਾਇਆ ਜਾਣਾ ਹੈ। ਇਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨਗੇ, ਪਰ ਇਸ ਵਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸੰਦੇਸ਼ ਜਾਰੀ ਕਰਨਾ ਸਿੱਖ ਜਥੇਬੰਦੀਆਂ ਵਿਚ ਲੜਾਈ ਦਾ ਮੁੱਦ ਬਣ ਸਕਦਾ ਹੈ ਕਿਉਂਕਿ ਇਸ ਦਾ ਸਰਬੱਤ ਖਾਲਸਾ ਸਮਰਥਕ ਜਥੇਬੰਦੀਆਂ ਵੱਲੋਂ ਵਿਰੋਧ ਕੀਤੇ ਜਾਣ ਦੀ ਯੋਜਨਾ ਹੈ। ਦੂਜੇ ਪਾਸੇ ਸਰਬੱਤ ਖਾਲਸਾ ਵੱਲੋਂ ਥਾਪੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੀ ਸਮਾਗਮ ਸਮੇਂ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਦਾ ਯਤਨ ਕਰਨਗੇ।

ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਡਾ. ਗੁਰਜਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਗਿਆਨੀ ਗੁਰਬਚਨ ਸਿੰਘ ਨੂੰ ਸਰਕਾਰੀ ਜਥੇਦਾਰ ਕਰਾਰ ਦਿੱਤਾ ਹੈ ਅਤੇ ਆਖਿਆ ਕਿ ਇਸ ਮੌਕੇ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਵੱਲੋਂ ਹੀ ਸੰਦੇਸ਼ ਜਾਰੀ ਕੀਤਾ ਜਾਣਾ ਚਾਹੀਦਾ ਹੈ। ਦੂਜੇ ਪਾਸੇ, ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਵੀ ਸਖਤ ਸੁਰੱਖਿਆ ਪ੍ਰਬੰਧ ਕਰ ਦਿੱਤੇ ਹਨ। ਸ਼ਹਿਰ ਵਿਚ ਵੀ ਨੀਮ ਫੌਜੀ ਬਲ ਤਾਇਨਾਤ ਕਰ ਦਿੱਤੇ ਹਨ। ਨੀਮ ਫੌਜੀ ਬਲਾਂ ਦੀਆਂ 8 ਤੋਂ 10 ਕੰਪਨੀਆਂ ਤਾਇਨਾਤ ਕੀਤੀਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਦਲ ਖਾਲਸਾ ਨੇ ਛੇ ਜੂਨ ਨੂੰ ਅੰਮ੍ਰਿਤਸਰ ਬੰਦ ਦਾ ਐਲਾਨ ਕੀਤਾ ਹੋਇਆ ਹੈ।

## ਤਾਲਿਬਾਨ ਤੋਂ ਅੱਡ ਹੋਇਆ ਧੜਾ ਵਾਰਤਾ ਲਈ ਰਾਜ਼ੀ

**ਸਿਨਦਾਂਦ:** ਤਾਲਿਬਾਨ ਤੋਂ ਵੱਖ ਹੋਇਆ ਧੜਾ ਅਫ਼ਗਾਨਿਸਤਾਨ ਸਰਕਾਰ ਨਾਲ ਸ਼ਾਂਤੀ ਵਾਰਤਾ ਲਈ ਰਾਜ਼ੀ ਹੈ ਪਰ ਉਸ ਨੇ ਇਸਲਾਮਿਕ ਕਾਨੂੰਨ ਲਾਗੂ ਕਰਨ ਅਤੇ ਵਿਦੇਸ਼ੀ ਫੌਜਾਂ ਨੂੰ ਮੁਲਕ ਵਿਚੋਂ ਬਾਹਰ ਕਰਨ ਦੀ ਮੰਗ ਕੀਤੀ ਹੈ। ਇਸ ਧੜੇ ਦੇ ਸੀਨੀਅਰ ਆਗੂ ਮੁੱਲਾ ਅਬਦੁੱਲਾ ਅਬਦੁਲ ਮਨਨ ਨਿਆਜ਼ੀ ਨੇ ਦੱਸਿਆ ਕਿ ਪੂਰਬੀ ਅਫ਼ਗਾਨਿਸਤਾਨ ਵਿਚ ਉਸ ਦੇ ਧੜੇ ਦੇ 200 ਹਮਾਇਤੀ ਹਨ ਅਤੇ ਉਨ੍ਹਾਂ ਨੂੰ ਸਰਕਾਰ 'ਤੇ ਯਕੀਨ ਨਹੀਂ ਹੈ, ਪਰ ਉਹ ਸ਼ਰਤਾਂ ਬਿਨਾਂ ਗੱਲਬਾਤ ਲਈ ਰਾਜ਼ੀ ਹਨ।ਮੁੱਲਾ ਮੁਹੰਮਦ ਰਸੂਲ ਦੇ ਡਿਪਟੀ ਨਿਆਜ਼ੀ ਨੇ ਗਰੁੱਪ ਦੇ ਬਾਨੀ ਮਰਹੂਮ ਮੁੱਲਾ ਮੁਹੰਮਦ ਉਮਰ ਬਾਅਦ ਮੁੱਲਾ ਅਖ਼ਤਰ ਮਨਸੂਰ ਵੱਲੋਂ ਕਮਾਨ ਸੰਭਾਲਣ ਬਾਅਦ ਪਿਛਲੀਆਂ ਗਰਮੀਆਂ ਵਿਚ ਤਾਲਿਬਾਨ ਨਾਲੋਂ ਤੋੜ ਵਿਛੋੜਾ ਕਰ ਲਿਆ ਸੀ।

# ਸੱਟੇਬਾਜ਼ ਨੇ ਪਤਨੀ ਦਾਅ ਉਤੇ ਲਾਈ

**ਕਾਨਪੁਰ:** ਇਕ ਸੱਟੇਬਾਜ਼ ਆਈ.ਪੀ.ਐਲ. ਵਿਚ ਆਪਣੀ ਸੱਟੇ ਦੀ ਲਤ ਨੂੰ ਪੂਰਾ ਕਰਨ ਲਈ ਪਤਨੀ ਦੀ ਗਾਰੰਟੀ 'ਤੇ ਲੋਕਾਂ ਤੋਂ ਉਧਾਰ ਲੈ ਕੇ ਸੱਟਾ ਲਗਾਉਣ ਲੱਗਾ ਤੇ ਜਦ ਉਸ ਦਾ ਸਾਰਾ ਕੁਝ ਬਰਬਾਦ ਹੋ ਗਿਆ ਤਾਂ ਉਹ ਘਰੋਂ ਫਰਾਰ ਹੋ ਗਿਆ। ਉਥੇ ਹੀ ਕਰਜ਼ੇ ਦੀ ਵਸੂਲੀ ਕਰਨ ਵਾਲੇ ਉਸ ਦੀ ਘਰਵਾਲੀ ਨਾਲ ਅਸ਼ਲੀਲ ਹਰਕਤਾਂ ਕਰਨ ਲੱਗੇ ਤੇ ਉਸ ਕੋਲੋਂ ਪੈਸੇ ਦੀ ਮੰਗ ਕਰਨ ਲੱਗੇ, ਜਦੋਂ ਗੱਲ ਬਰਦਾਸ਼ਤ ਤੋਂ ਬਾਹਰ ਹੋ ਗਈ ਤਾਂ ਪਤਨੀ ਨੇ ਆਪਣੇ ਪਤੀ ਖਿਲਾਫ ਗੋਬਿੰਦ ਨਗਰ ਥਾਣੇ ਵਿਚ ਰਿਪੋਰਟ ਦਰਜ ਕਰਵਾਈ ਤੇ ਮਦਦ ਦੀ ਮੰਗ ਕੀਤੀ।

ਗੋਬਿੰਦ ਨਗਰ ਥਾਣਾ ਖੇਤਰ ਦੇ ਰਹਿਣ ਵਾਲਾ ਰਵਿੰਦਰ ਸਿੰਘ ਬੈਟਰੀ ਦਾ ਕੰਮ ਕਰ ਕੇ ਆਪਣਾ ਪਰਿਵਾਰ ਪਾਲਦਾ ਸੀ। ਪਰਿਵਾਰ ਵਿਚ ਪਤਨੀ ਜਸਮੀਤ ਕੌਰ ਤੇ ਉਸ ਦਾ ਇਕ ਚਾਰ ਸਾਲ ਦਾ ਬੇਟਾ ਹੈ। ਜਸਮੀਤ ਕੌਰ ਨੇ ਦੱਸਿਆ ਕਿ ਰਵਿੰਦਰ ਪਿਛਲੇ ਕਈ ਸਾਲਾਂ ਤੋਂ ਸੱਟਾ ਖੇਡ ਰਿਹਾ ਸੀ। ਸ਼ੇਅਰ ਮਾਰਕਿਟ ਵਿਚ ਨੁਕਸਾਨ ਦਾ ਬਹਾਨਾ ਲਾ ਕੇ ਉਸ ਨੇ ਮੇਰੇ ਮਾਪਿਆਂ ਤੋਂ 17 ਲੱਖ ਮੰਗੇ ਤਾਂ ਕਿ ਉਹ ਕਰਜ਼ਾ ਮੋੜ ਸਕੇ। ਪੇਕਿਆਂ ਤੋਂ 17 ਲੱਖ ਲੈਣ ਦੇ ਬਾਅਦ ਵੀ ਉਸ ਨੇ ਸੱਟਾ ਖੇਡਣਾ ਬੰਦ ਨਹੀਂ ਕੀਤਾ ਤੇ ਫਿਰ ਕਰਜ਼ਈ ਹੋ ਗਿਆ। ਇਸ ਤੋਂ ਬਾਅਦ ਉਸ ਨੇ ਮੇਰੀ ਗਰੰਟੀ 'ਤੇ ਕਰਜ਼ਾ ਲਿਆ ਜਿਸ ਨੂੰ ਉਹ ਸੱਟੇ ਵਿਚ ਹਾਰ ਕੇ ਘਰੋਂ ਫਰਾਰ ਹੋ ਗਿਆ। ਉਸ ਨੇ ਕਿਹਾ ਕਿ ਹੁਣ ਵਸੂਲੀ ਕਰਨ ਵਾਲੇ ਕਰਜ਼ਾ ਮੋੜਨ ਨੂੰ ਕਹਿੰਦੇ ਹਨ ਤੇ ਅਸ਼ਲੀਲ ਹਰਕਤਾਂ ਕਰਦੇ ਹਨ। ਇਸ ਦੇ ਬਾਅਦ ਜਸਮੀਤ ਨੇ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ। ਐਸ.ਪੀ. ਸੰਜੇ ਯਾਦਵ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਦੋਸ਼ੀ ਵਿਰੁੱਧ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

# ਢੱਡਰੀਆਂ ਵਾਲੇ ਤੇ ਧੁੰਮਾ ਦੀ ਲੜਾਈ 'ਚ ਘਿਰੀ ਸਰਕਾਰ

*(ਸਫਾ ਇਕ ਦੀ ਬਾਕੀ)*

ਸਿੱਖ ਜਥੇਬੰਦੀਆਂ ਸਰਕਾਰ ਤੇ ਜਥੇਦਾਰ ਤੋਂ ਨਾਰਾਜ਼ ਹਨ। ਢੱਡਰੀਆਂ ਵਾਲੇ ਤੇ ਧੁੰਮਾ ਵਿਚਾਲੇ ਵਿਵਾਦ ਵੀ ਇਸ ਕਾਂਡ ਤੋਂ ਹੀ ਵਧਿਆ ਸੀ। ਹੁਣ ਪੰਥਕ ਕਹਾਉਣ ਵਾਲੀ ਅਕਾਲੀ ਸਰਕਾਰ ਅਤੇ ਸਿੱਖਾਂ ਦੀ ਸਰਬਉਚ ਸੰਸਥਾ ਦੇ ਜਥੇਦਾਰ 'ਤੇ ਸਿੱਖ ਜਥੇਬੰਦੀਆਂ ਵੀ ਭਰੋਸਾ ਕਰਨ ਲਈ ਤਿਆਰ ਨਹੀਂ ਹਨ। ਹੈਰਾਨੀ ਦੀ ਗੱਲ ਹੈ ਕਿ ਧੁੰਮਾ ਨੂੰ ਤਾਂ ਬਾਦਲਾਂ ਦੇ ਕਰੀਬੀ ਮੰਨਿਆ ਜਾਂਦਾ ਰਿਹਾ ਹੈ, ਪਰ ਉਨ੍ਹਾਂ ਨੂੰ ਵੀ ਸਰਕਾਰ 'ਤੇ ਯਕੀਨ ਨਹੀਂ ਹਨ। ਸਿੱਖ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਸ੍ਰੀ ਅਕਾਲ ਤਖ਼ਤ ਸਿੱਖਾਂ ਦੀ ਸਰਬਉੱਚ ਸੰਸਥਾ ਹੈ। ਉਸ ਦੇ ਜਥੇਦਾਰ ਦੀ ਸਿੱਖ ਜਥੇਬੰਦੀਆਂ ਵੱਲੋਂ ਗੱਲ ਨਕਾਰ ਦੇਣ ਨਾਲ ਸੰਸਥਾ ਦੇ ਵਕਾਰ ਨੂੰ ਢਾਹ ਲਾਏਗੀ।

ਇਸ ਤੋਂ ਇਲਾਵਾ ਅਕਾਲੀ ਦਲ ਦੀ ਵੀ ਅਜਿਹੀ ਹਾਲਤ ਬਣ ਗਈ ਹੈ ਕਿ ਉਹ ਹੁਣ ਪੰਥਕ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਉਧਰ, ਦੋਵਾਂ ਧਿਰਾਂ ਵਿਚ ਸੁਲ੍ਹਾ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੇ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਦੋਵਾਂ ਧਿਰਾਂ ਵਿਚ ਵਿਵਾਦ ਨੂੰ ਸੁਲਝਾਉਣ ਲਈ ਸ਼੍ਰੋਮਣੀ ਕਮੇਟੀ ਕਮੇਟੀ ਬਣਾਏਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਕਮੇਟੀ ਦੋਹਾਂ ਧਿਰਾਂ ਕੋਲ ਜਾ ਕੇ ਉਨ੍ਹਾਂ ਦਾ ਪੱਖ ਸੁਣੇਗੀ ਤੇ ਇਸ ਮਸਲੇ ਦਾ ਹੱਲ ਲੱਭ ਕੇ ਇਸ ਵਿਵਾਦ ਨੂੰ ਜਲਦ ਤੋਂ ਜਲਦ ਖਤਮ ਕੀਤਾ ਜਾਵੇਗਾ।

## ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ

**ਚੰਡੀਗੜ੍ਹ:** ਮੁੱਖ ਮੰਤਰੀ, ਉਪ ਮੁੱਖ ਮੰਤਰੀ ਅਤੇ ਉਚ ਪੁਲਿਸ ਅਧਿਕਾਰੀਆਂ ਵੱਲੋਂ ਲਗਾਤਾਰ ਦਿੱਤੇ ਜਾ ਰਹੇ ਭਰੋਸਿਆਂ ਦੇ ਬਾਵਜੂਦ ਹਮਲੇ ਦੀ ਸਾਜ਼ਿਸ਼ ਤੇ ਸਾਜ਼ਿਸ਼ਕਾਰ ਨੂੰ ਬੇਪਰਦ ਕਰਨ ਵਿਚ ਨਾਕਾਮ ਰਹਿਣ ਉਤੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਵੱਲੋਂ ਸੀ.ਬੀ.ਆਈ. ਜਾਂਚ ਦੀ ਮੰਗ ਕਰਨ ਨਾਲ ਪੰਜਾਬ ਸਰਕਾਰ ਅਤੇ ਪੁਲਿਸ ਦੀ ਕਾਰਗੁਜ਼ਾਰੀ ਸਵਾਲਾਂ ਵਿਚ ਘਿਰ ਗਈ ਹੈ। ਸੰਤ ਸਮਾਜ ਤੇ ਦਮਦਮੀ ਟਕਸਾਲ ਦਾ ਮੁਖੀ ਹਰਨਾਮ ਸਿੰਘ ਧੁੰਮਾ ਨਾ ਸਿਰਫ ਸੰਤ ਢੱਡਰੀਆਂ ਵਾਲੇ 'ਤੇ ਹਮਲੇ ਨੂੰ ਦਰੁਸਤ ਹੀ ਠਹਿਰਾ ਰਿਹਾ ਹੈ ਬਲਕਿ ਹਮਲਾਵਰਾਂ ਦੀ ਪਿੱਠ ਵੀ ਠੋਕ ਰਿਹਾ ਹੈ। ਹਮਲੇ ਲਈ ਵਰਤੀਆਂ ਗਈਆਂ ਗੱਡੀਆਂ ਵਿਚੋਂ ਇਕ ਗੱਡੀ ਵੀ ਉਸ ਦੇ ਨਾਂ ਬੋਲਦੀ ਹੈ ਅਤੇ ਉਹ ਸੰਤ ਢੱਡਰੀਆਂ ਵਾਲੇ ਨੂੰ ਦਮਦਮੀ ਟਕਸਾਲ ਦੀ ਦਸਤਾਰ ਸਬੰਧੀ ਕੀਤੀਆਂ ਟਿੱਪਣੀਆਂ ਲਈ ਮੁਆਫ਼ੀ ਨਾ ਮੰਗਣ ਦੀ ਸੂਰਤ ਵਿਚ ਸਬਕ ਸਿਖਾਉਣ ਦੀ ਧਮਕੀ ਵੀ ਦੇ ਰਿਹਾ ਹੈ।

# ਪੰਜਾਬ 'ਚ ਖਾੜਕੂਵਾਦ ਦਾ ਮੁੜ ਡਰਾਵਾ

*(ਸਫਾ ਇਕ ਦੀ ਬਾਕੀ)*

ਹੈ। ਪੰਜਾਬ ਸਰਕਾਰ ਮੁਤਾਬਕ ਸੂਬੇ ਵਿਚ ਹਮਲੇ ਲਈ ਪਹਿਲਾਂ ਪਾਕਿਸਤਾਨ ਤੋਂ ਹਥਿਆਰਾਂ ਦਾ ਪ੍ਰਬੰਧ ਕੀਤਾ ਜਾਣਾ ਸੀ ਪਰ ਦੋ ਜਨਵਰੀ ਨੂੰ ਪਠਾਨਕੋਟ ਹਮਲੇ ਕਾਰਨ ਪੰਜਾਬ ਅਤੇ ਪਾਕਿਸਤਾਨ ਨਾਲ ਲਗਦੀ ਸਰਹੱਦ 'ਤੇ ਚੌਕਸੀ ਕਾਰਨ ਹਮਲਾ ਨਹੀਂ ਹੋ ਸਕਿਆ।

ਜਾਂਚ ਏਜੰਸੀਆਂ ਮੁਤਾਬਕ ਮਨਦੀਪ ਸਿੰਘ ਨੇ ਪਾਕਿਸਤਾਨ ਸਥਿਤ ਦਲ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਭਾਈ ਗਜਿੰਦਰ ਸਿੰਘ ਅਤੇ ਨਿੱਝਰ ਨਾਲ ਕਈ ਵਾਰ ਟੈਲੀਫੋਨ 'ਤੇ ਗੱਲਬਾਤ ਕੀਤੀ ਸੀ। ਮਨਦੀਪ ਅਤੇ ਕਈ ਹੋਰ ਨੌਜਵਾਨਾਂ ਨੂੰ ਹਾਲ ਹੀ ਵਿਚ ਖਾਲਿਸਤਾਨ ਖਾੜਕੂ ਫੋਰਸ ਵਿਚ ਭਰਤੀ ਕੀਤਾ ਗਿਆ ਸੀ। ਇਨ੍ਹਾਂ ਨੂੰ ਏ.ਕੇ. 47 ਤੇ ਹੋਰ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਪੁਲਿਸ ਵੱਲੋਂ ਕਾਬੂ ਅਰਵਿੰਦਰ ਨੇ ਦੱਸਿਆ ਕਿ ਉਸ ਨੂੰ ਫੇਸਬੁੱਕ 'ਤੇ ਅਕਾਲ ਰੂਪ ਨਾਂ ਦੇ ਨੌਜਵਾਨ ਨਾਲ ਦੋਸਤੀ ਹੋਈ ਸੀ। ਬਾਅਦ ਵਿਚ ਪਤਾ ਚਲਿਆ ਕਿ ਇਹ ਆਈ.ਡੀ. ਇੰਗਲੈਂਡ ਤੋਂ ਸਤਿਨਾਮ ਸਿੰਘ ਦੇ ਨਾਂ ਤੋਂ ਚੱਲ ਰਹੀ ਹੈ।

ਬਾਅਦ ਵਿਚ ਉਸ ਬੰਦੇ ਨੇ ਧਾਰਮਿਕ ਸਾਹਿਤ ਤੇ ਉਕਸਾਊ ਭਾਸ਼ਣ ਭੇਜਣੇ ਸ਼ੁਰੂ ਕਰ ਦਿੱਤੇ। ਇਸ ਤੋਂ ਪ੍ਰਭਾਵਿਤ ਹੋ ਕੇ ਉਹ ਪਾਕਿਸਤਾਨ ਧਾਰਮਿਕ ਯਾਤਰਾ 'ਤੇ ਚਲਾ ਗਿਆ ਜਿਥੇ ਉਸ ਦੀ ਮੁਲਾਕਾਤ ਬੱਬਰ ਖਾਲਸਾ ਦੇ ਚੀਫ ਵਧਾਵਾ ਸਿੰਘ ਬੱਬਰ ਨਾਲ ਹੋਈ। ਇਸ ਮੁਲਾਕਾਤ ਤੋਂ ਬਾਅਦ ਅਰਵਿੰਦਰ ਨੇ ਕੰਮ ਸ਼ੁਰੂ ਕਰ ਦਿੱਤਾ। ਇਸ ਲਈ ਉਸ ਨੇ ਬਟਾਲਾ ਤੇ ਆਦਮਪੁਰ ਤੋਂ ਦੋ ਹੋਰ ਨੌਜਵਾਨਾਂ ਨੂੰ ਆਪਣੇ ਨਾਲ ਜੋੜਿਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

## ਰਛਪਾਲ ਸਿੰਘ ਫਰਵਾਲਾ ਦੀ ਭੈਣ ਸੁਰਗਵਾਸ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸੈਕਰਾਮੈਂਟੋ ਦੇ ਮੋਢੀ ਸ. ਰਛਪਾਲ ਸਿੰਘ ਫਰਵਾਲਾ ਨੂੰ ਉਦੋਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਛੋਟੀ ਭੈਣ ਬੀਬੀ ਮਨਦੀਪ ਕੌਰ ਚਾਹਲ ਦਾ ਲੰਘੀ 25 ਮਈ ਨੂੰ ਦੇਹਾਂਤ ਹੋ ਗਿਆ। ਬੀਬੀ ਚਾਹਲ ਕਰੀਬ 54 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪਤੀ ਸ. ਮਾਧੋ ਸਿੰਘ ਚਾਹਲ (ਚਾਹਲ ਵੀਡੀਓਜ਼) ਤੋਂ ਇਲਾਵਾ ਦੋ ਲੜਕੇ, ਇਕ ਲੜਕੀ ਤੇ ਹੱਸਦਾ-ਵੱਸਦਾ ਪਰਿਵਾਰ ਛੱਡ ਗਏ ਹਨ।



ਸਵਰਗੀ ਮਨਦੀਪ ਕੌਰ ਚਾਹਲ ਦਾ ਅੰਤਿਮ ਸੰਸਕਾਰ 30 ਮਈ ਨੂੰ ਨਾਰਥ ਸੈਕਰਾਮੈਂਟੋ ਫਿਊਨਰਲ ਹੋਮ ਐਲ ਕਮੀਨੋ (ਸੈਕਰਾਮੈਂਟੋ) ਵਿਖੇ ਕਰ ਦਿੱਤਾ ਗਿਆ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਹੋਈ। ਇਸ ਮੌਕੇ ਭਾਈ ਹਰਮੇਸ਼ ਸਿੰਘ, ਭਾਈ ਬਲਵਿੰਦਰ ਸਿੰਘ ਅਤੇ ਭਾਈ ਵਿਕਰਮਜੀਤ ਸਿੰਘ ਦੇ ਜਥੇ ਨੇ ਵਿਰਾਗਮਈ ਕੀਰਤਨ ਕਰਦਿਆਂ ਪਰਿਵਾਰ ਨੂੰ ਭਾਣਾ ਮੰਨਣ ਅਤੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਨਿਊਜ਼ੀਲੈਂਡ ਵੱਸਦਾ ਰਛਪਾਲ ਸਿੰਘ ਫਰਵਾਲਾ ਦਾ ਭਰਾ ਸੁਰਿੰਦਰ ਸਿੰਘ ਫਰਵਾਲਾ ਵੀ ਭੈਣ ਦੀ ਮੌਤ ਦੀ ਖਬਰ ਸੁਣ ਕੇ ਕੈਲੀਫੋਰਨੀਆ ਪਹੁੰਚਾ। ਅਦਾਰਾ 'ਪੰਜਾਬ ਟਾਈਮਜ਼' ਵੀ ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹੈ।

## ਮਾਤਾ ਸੁਰਜੀਤ ਕੌਰ ਸੁਰਗਵਾਸ

**ਫੇਅਰਫੀਲਡ, ਕੈਲੀਫੋਰਨੀਆ (ਬਿਊਰੋ):** ਸਥਾਨਕ ਸਰਗਰਮ ਆਗੂ ਸ. ਕੇਵਲ ਸਿੰਘ ਨੂੰ ਉਦੋਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਸੁਰਜੀਤ ਕੌਰ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ਉਹ ਕਰੀਬ 90 ਸਾਲ ਦੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਬੁਰਜ਼ ਹਰੀ ਸਿੰਘ (ਲੁਧਿਆਣਾ) ਸੀ। ਉਹ ਪਿਛਲੇ 21 ਸਾਲਾਂ ਤੋਂ ਆਪਣੇ ਪੁੱਤਰ ਕੇਵਲ ਸਿੰਘ ਕੋਲ ਰਹਿ ਰਹੇ ਸਨ।



ਮਾਤਾ ਸੁਰਜੀਤ ਕੌਰ ਨੇ ਆਪਣੀ ਸਾਰੀ ਜ਼ਿੰਦਗੀ ਗੁਰਮਤਿ ਮਰਿਆਦਾ ਅਨੁਸਾਰ ਬਤੀਤ ਕੀਤੀ। ਉਨ੍ਹਾਂ ਦਾ ਅੰਤਮ ਸੰਸਕਾਰ 5 ਜੂਨ, ਐਤਵਾਰ ਨੂੰ ਬਰਾਇਨ ਬ੍ਰੇਕਰ ਫਿਊਨਰਲ ਹੋਮ (1850 ਵੈਸਟ ਟੈਕਸਸ ਸਟਰੀਟ, ਫੇਅਰਫੀਲਡ) ਵਿਖੇ ਸਵੇਰੇ 11 ਵਜੇ ਤੋਂ 2 ਵਜੇ ਦਰਮਿਆਨ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ (2948 ਰੌਕਵਿਲ ਰੋਡ) ਵਿਖੇ ਬਾਅਦ ਦੁਪਹਿਰ 2:30 ਵਜੇ ਤੋਂ 4 ਵਜੇ ਤੱਕ ਹੋਵੇਗੀ। ਕੇਵਲ ਸਿੰਘ ਨਾਲ ਸੰਪਰਕ ਫੋਨ 707-208-4931 ਰਾਹੀਂ ਕੀਤਾ ਜਾ ਸਕਦਾ ਹੈ।

## ਖੱਟਰ ਸਰਕਾਰ ਤੋਂ ਪੰਜਾਬੀ ਪ੍ਰੇਮੀਆਂ ਦਾ ਮਨ ਹੋਇਆ ਖੱਟਾ

**ਚੰਡੀਗੜ੍ਹ:** ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਸੰਭਾਲਿਆ ਡੇਢ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਇਸ ਸਮੇਂ ਦੌਰਾਨ ਸਰਕਾਰ ਪੰਜਾਬੀ ਤੇ ਉਰਦੂ ਅਕੈਡਮੀਆਂ ਦੇ ਡਾਇਰੈਕਟਰ ਨਹੀਂ ਲਾ ਸਕੀ। ਤਤਕਾਲੀ ਕਾਂਗਰਸ ਸਰਕਾਰ ਨੇ ਲਗਪਗ ਢਾਈ ਸਾਲ ਪਹਿਲਾਂ ਅਕੈਡਮੀ ਐਵਾਰਡਾਂ ਦਾ ਐਲਾਨ ਕੀਤਾ ਸੀ ਪਰ ਡਾਇਰੈਕਟਰ ਨਾ ਲਾਏ ਜਾਣ ਕਾਰਨ ਹਾਲੇ ਤੱਕ ਕਿਸੇ ਨੂੰ ਇਨਾਮ ਨਹੀਂ ਮਿਲੇ ਅਤੇ ਹਾਲ ਦੀ ਘੜੀ ਮਿਲਣ ਦੀ ਵੀ ਕੋਈ ਆਸ ਨਹੀਂ ਹੈ। ਡਾਇਰੈਕਟਰਾਂ ਦੀ ਨਿਯੁਕਤੀ ਨਾ ਹੋਣ ਕਾਰਨ ਅਕੈਡਮੀਆਂ ਨਾਲ ਸਬੰਧਤ ਸਾਰੇ ਕੰਮਕਾਜ ਰੁਕੇ ਪਏ ਹਨ। ਇਸ ਕਾਰਨ ਪੰਜਾਬੀ ਤੇ ਉਰਦੂ ਪ੍ਰੇਮੀ ਨਿਰਾਸ਼ ਹਨ। ਕੁਝ ਮਹੀਨੇ ਪਹਿਲਾਂ ਮੁੱਖ ਮੰਤਰੀ ਮਨੋਹਰ ਲਾਲ ਦੀ ਪ੍ਰੈੱਸ ਕਾਨਫਰੰਸ ਵਿਚ ਵੀ ਅਕੈਡਮੀਆਂ ਦੇ ਡਾਇਰੈਕਟਰ ਲਾਉਣ ਦਾ ਮਾਮਲਾ ਉਠਿਆ ਸੀ ਤੇ ਉਨ੍ਹਾਂ ਕਿਹਾ ਸੀ ਕਿ ਇਸ ਬਾਰੇ ਫੈਸਲਾ ਜਲਦੀ ਕਰ ਲਿਆ ਜਾਵੇਗਾ।

ਸਰਕਾਰ ਨੇ ਦੋ ਮਹੀਨੇ ਪਹਿਲਾਂ ਹਿੰਦੀ ਅਕੈਡਮੀ ਦੀ ਡਾਇਰੈਕਟਰ ਤੇ ਡਿਪਟੀ ਡਾਇਰੈਕਟਰ ਤਾਂ ਲਾ ਦਿੱਤੇ ਪਰ ਪੰਜਾਬੀ ਤੇ ਉਰਦੂ ਅਕੈਡਮੀ ਬਾਰੇ ਕੋਈ ਫੈਸਲਾ ਨਹੀਂ ਕੀਤਾ। ਇਸ ਤੋਂ ਬਾਅਦ ਪੰਜਾਬੀ ਅਕੈਡਮੀ ਨੇ 'ਸ਼ਬਦ ਬੂੰਦ' ਮੈਗਜ਼ੀਨ ਦੇ ਵੀ ਦੋ ਅੰਕ ਪ੍ਰਕਾਸ਼ਿਤ ਕੀਤੇ ਪਰ ਜਿਹੜੇ ਲੇਖਕਾਂ ਨੇ ਮੈਗਜ਼ੀਨ ਲਈ ਰਚਨਾਵਾਂ ਭੇਜੀਆਂ, ਉਨ੍ਹਾਂ ਨੂੰ ਡਾਇਰੈਕਟਰ ਨਾ ਹੋਣ ਕਰ ਕੇ ਅਦਾਇਗੀ ਨਹੀਂ ਕੀਤੀ ਜਾ ਸਕੀ।

ਦੱਸਣਯੋਗ ਹੈ ਕਿ ਪੰਜਾਬੀ ਅਕੈਡਮੀ ਦੀ ਸਥਾਪਨਾ ਤਤਕਾਲੀ ਮੁੱਖ ਮੰਤਰੀ ਬੰਸੀ ਲਾਲ ਨੇ 23 ਅਕਤੂਬਰ 1996 ਨੂੰ ਕੀਤੀ ਸੀ। ਇਸ ਵਾਰ ਜਦੋਂ ਪੰਜਾਬੀ ਮੁੱਖ ਮੰਤਰੀ ਮਨੋਹਰ ਲਾਲ ਨੇ ਸੂਬੇ ਦੀ ਵਾਗਡੋਰ ਸੰਭਾਲੀ ਤਾਂ ਪੰਜਾਬੀ ਪ੍ਰੇਮੀਆਂ, ਲੇਖਕਾਂ ਲਈ ਆਸ ਦੀ ਕਿਰਨ ਪੈਦਾ ਹੋਈ ਸੀ ਕਿ ਉਹ ਪੰਜਾਬੀ ਨਾਲ ਸੂਬੇ ਵਿਚ ਹੁੰਦੇ ਵਿਤਕਰੇ ਨੂੰ ਦੂਰ ਕਰਨ ਵਿਚ ਪਹਿਲ ਕਰਨਗੇ ਪਰ ਅਜਿਹਾ ਕੁਝ ਨਹੀਂ ਹੋਇਆ।

## ਬੱਚਿਆਂ ਦੇ ਜਿਨਸੀ ਸ਼ੋਸ਼ਣ ਲਈ ਮੌਤ ਦੀ ਸਜ਼ਾ

**ਜਕਾਰਤਾ:** ਇੰਡੋਨੇਸ਼ੀਆ ਵਿਚ ਬੱਚਿਆਂ ਨਾਲ ਜਿਨਸੀ ਸ਼ੋਸ਼ਣ ਕਰਨ ਵਾਲਿਆਂ ਨੂੰ ਮੌਤ ਅਤੇ ਰਸਾਇਣ ਨਾਲ ਨਿਪੁੰਸਕ ਬਣਾਉਣ ਦੀ ਸਜ਼ਾ ਦੇਣ ਦਾ ਲੋਕਾਂ ਵੱਲੋਂ ਸਵਾਗਤ ਕੀਤਾ ਜਾ ਰਿਹਾ ਹੈ ਪਰ ਕੁਝ ਦਾ ਮੰਨਣਾ ਹੈ ਕਿ ਇਨ੍ਹਾਂ ਸਜ਼ਾਵਾਂ ਦਾ ਕੋਈ ਅਸਰ ਨਹੀਂ ਪਏਗਾ। ਰਾਸ਼ਟਰਪਤੀ ਜੋਕੋ ਵਿਡੋਡੋ ਨੇ ਸਖਤ ਸਜ਼ਾਵਾਂ ਦੇਣ ਵਾਲੇ ਮਤੇ 'ਤੇ ਦਸਤਖ਼ਤ ਕੀਤੇ। ਇਹ ਕਦਮ ਸਕੂਲੀ ਬੱਚੀ ਨਾਲ ਸਮੂਹਿਕ ਬਲਾਤਕਾਰ ਤੋਂ ਬਾਅਦ ਲੋਕਾਂ ਦੇ ਰੋਸ ਵਿਖਾਵਿਆਂ ਮਗਰੋਂ ਚੁੱਕਿਆ ਗਿਆ।

## ਸ਼ਹੀਦ ਊਧਮ ਸਿੰਘ ਦਾ 76ਵਾਂ ਸ਼ਹੀਦੀ ਦਿਨ 31 ਜੁਲਾਈ ਨੂੰ ਮਨਾਇਆ ਜਾਵੇਗਾ

**ਸੈਕਰਾਮੈਂਟੋ (ਬਿਊਰੋ):** ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ ਵਲੋਂ ਸ਼ਹੀਦ ਊਧਮ ਸਿੰਘ ਦਾ 76ਵਾਂ



*ਸ਼ਹੀਦ ਊਧਮ ਸਿੰਘ*

ਸ਼ਹੀਦੀ ਦਿਨ 31 ਜੁਲਾਈ 2016 ਨੂੰ ਸੈਨ ਫਰਾਂਸਿਸਕੋ ਦੇ ਗਦਰ ਮੈਮੋਰੀਅਲ ਹਾਲ (5 ਵੁਡ ਸਟਰੀਟ) ਵਿਚ ਮਨਾਇਆ ਜਾਵੇਗਾ।

ਇਸ ਸਬੰਧੀ ਫੈਸਲਾ ਫਾਊਂਡੇਸ਼ਨ ਦੀ ਲੰਘੀ 28 ਮਈ ਨੂੰ ਪ੍ਰਧਾਨ ਗੁਲਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਬਲਵਿੰਦਰ ਸਿੰਘ ਡੂਲਕੂ ਦੇ ਮਾਊਨਟੇਨ ਮਾਈਕ ਪੀਜ਼ਾ ਵਿਖੇ ਹੋਈ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਪ੍ਰਧਾਨ ਗੁਲਿੰਦਰ ਸਿੰਘ ਗਿੱਲ, ਸਕੱਤਰ ਜਨਕ ਰਾਜ ਸਿਧਰਾ, ਮੈਂਬਰ ਗੁਰਦੀਪ ਸਿੰਘ ਗਿੱਲ, ਬਲਵਿੰਦਰ ਸਿੰਘ ਡੂਲਕੂ, ਅਵਤਾਰ ਸਿੰਘ ਦੋਸਾਂਝ, ਮਦਨ ਲਾਲ ਸ਼ਰਮਾ, ਕੁਲਦੀਪ ਸਿੰਘ ਸੰਘੇੜਾ, ਡਾ. ਸੁਰਿੰਦਰ ਸਿੰਘ ਸੈਣੀ, ਰੋਜਰ ਸੈਣੀ, ਗੁਰਦਿਆਲ ਸਿੰਘ ਅਤੇ ਚਰਨ ਸਿੰਘ ਜੱਜ ਨੇ ਬੜੇ ਸੰਜੀਦਾ ਵਿਚਾਰ ਸਾਂਝੇ ਕੀਤੇ।

ਗੁਰਦੀਪ ਸਿੰਘ ਗਿੱਲ ਅਤੇ ਜਨਕ ਰਾਜ ਸਿਧਰਾ ਅਨੁਸਾਰ ਇਸ ਸ਼ਹੀਦੀ ਸਮਾਗਮ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਅਖਬਾਰਾਂ ਅਤੇ ਟੀ ਵੀ ਰਾਹੀਂ ਲੋਕਾਂ ਨੂੰ ਦਿੱਤੀ ਜਾਵੇਗੀ। ਪ੍ਰੋਗਰਾਮ ਵਿਚ ਗੀਤਕਾਰ ਤੇ ਗਾਇਕ ਕੁਰਬਾਨੀਆਂ ਨਾਲ ਸਬੰਧਤ ਗੀਤ ਅਤੇ ਕਵੀ ਕਵਿਤਾਵਾਂ ਪੇਸ਼ ਕਰਨਗੇ। ਬੁਲਾਰੇ ਆਪਣੇ ਵਿਚਾਰਾਂ ਰਾਹੀਂ ਸ਼ਹੀਦੀਆਂ ਦਾ ਮਕਸਦ ਬਿਆਨ ਕਰਨਗੇ।

ਇਸ ਲਈ ਤਿੰਨ ਸਬ ਕਮੇਟੀਆਂ ਬਣਾਈਆਂ ਗਈਆਂ ਹਨ। ਸਟੇਜ ਕੰਟਰੋਲ ਕਮੇਟੀ ਦੇ ਆਗੂ ਗੁਲਿੰਦਰ ਗਿੱਲ, ਸਨਮਾਨ ਕਮੇਟੀ ਦੇ ਆਗੂ ਬਲਵਿੰਦਰ ਸਿੰਘ ਡੂਲਕੂ ਤੇ ਗੁਰਦੀਪ ਸਿੰਘ ਗਿੱਲ ਅਤੇ ਐਡਵਾਈਜ਼ਰੀ ਕਮੇਟੀ ਦੇ ਆਗੂ ਜਨਕ ਰਾਜ ਸਿਧਰਾ ਤੇ ਮਦਨ ਲਾਲ ਸ਼ਰਮਾ ਹੋਣਗੇ।

ਪ੍ਰੋਗਰਾਮ ਦੌਰਾਨ ਹਿਊਸਟਨ, ਜੈਕਸਨ, ਮਿਸੀਸਿਪੀ, ਸੈਲਮ, ਓਰੇਗਾਨ, ਸਿਆਟਲ, ਰੈਡਬਲੱਫ, ਸੈਕਰਾਮੈਂਟੋ, ਟਰੇਸੀ, ਲੈਥਰੂਪ, ਟਰਲਕ, ਫਰਿਜ਼ਨੋ, ਵਾਇਲੇਸੀਆ ਤੋਂ ਸਾਥੀਆਂ ਦਾ ਸਨਮਾਨ ਕੀਤਾ ਜਾਵੇਗਾ।


Golden State Realty

9912 Kapalua Ln., Elk Grove, CA 95624

Please Contact For
Commercial
or
Residential
Needs



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

Call: Sohanpreet 'Sam' Chahal
Ph: 916-612-5773

email: samchahal@hotmail.com

Serving all over California

Satwant Singh Insurance Services

We serve all over California

Auto, Home, Life, Business, Workers Comp.

See how much you can save. Get free quote for Auto, Home, Life and Business.

Compare Auto, Home quotes online at our website: www.satwantins.com

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ



Satwant Singh, CLCS, MBA
(CA Lic # 0H11256)

Now we have 3 locations:

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538

Allied Insurance
a Nationwide Insurance® company

Call today for your FREE, no-obligation quote: 1-408-771-2438

satwant@satwantins.com

# ਬਾਬਾ ਬੰਦਾ ਸਿੰਘ ਬਹਾਦਰ ਦੇ ਬੁੱਤ ਨੂੰ ਲੈ ਕੇ ਸਿਆਸਤ ਮਘੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸ਼ਤਾਬਦੀ ਮਨਾਏ ਜਾਣ ਦੌਰਾਨ ਬੰਦਾ ਸਿੰਘ ਬਹਾਦਰ ਦਾ ਬੁੱਤ ਲਾਉਣ ਦੀ ਆਗਿਆ ਨਾ ਮਿਲਣ ਦਾ ਮਾਮਲਾ ਗਰਮਾ ਗਿਆ ਹੈ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਵਾਲੇ ਖੇਤਰ ਮਹਿਰੌਲੀ ਦੇ 7.5 ਏਕੜ ਪਾਰਕ ਵਿਚ ਬੁੱਤ ਲਾਉਣ ਦੇ ਮੁੱਦੇ 'ਤੇ ਦੋਸ਼ਾਂ ਦਾ ਦੌਰ ਸ਼ੁਰੂ ਹੋ ਗਿਆ ਹੈ।

ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਆਗੂ ਹਰਵਿੰਦਰ ਸਿੰਘ ਸਰਨਾ ਨੇ ਬੁੱਤ ਲਾਉਣ ਦੀ ਆਗਿਆ ਨਾ ਮਿਲਣ ਦੇ ਮੁੱਦੇ 'ਤੇ ਕਿਹਾ ਕਿ ਦਿੱਲੀ ਦੀ ਸੰਗਤ ਹੁਣ ਬਣਨ ਵਾਲਾ ਬੁੱਤ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੇ ਘਰ ਜਾਂ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਦੀ ਪੰਜਾਬੀ ਬਾਗ ਵਾਲੀ ਕੋਠੀ ਵਿਚ ਲਾਵੇ ਤੇ ਸਾਰੇ ਖਰਚੇ ਦਾ ਆਗੂਆਂ ਤੋਂ ਹਿਸਾਬ ਮੰਗੇ। ਇਸ ਤੋਂ ਪਹਿਲਾਂ ਬਾਦਲ ਧੜੇ ਤੋਂ ਨਰਾਜ਼ ਚੱਲ ਰਹੇ ਦਿੱਲੀ ਕਮੇਟੀ ਦੇ ਮੈਂਬਰ ਗੁਰਮੀਤ ਸਿੰਘ ਸ਼ੰਟੀ ਨੇ ਵੀ ਬੰਦਾ ਬਹਾਦਰ ਦਾ ਬੁੱਤ ਲਾਉਣ ਦੀ ਆਗਿਆ ਨਾ ਮਿਲਣ ਦੇ ਦੋਸ਼ ਲਾਏ ਸਨ।





ਦੂਜੇ ਪਾਸੇ ਪੰਥਕ ਸੇਵਾ ਦਲ ਦੇ ਜਨਰਲ ਸਕੱਤਰ ਤੇ ਕਮੇਟੀ ਦੇ ਸਾਬਕਾ ਸੰਯੁਕਤ ਸਕੱਤਰ ਕਰਤਾਰ ਸਿੰਘ ਕੋਛੜ ਨੇ ਕਿਹਾ ਕਿ ਬੜੀ ਮਾੜੀ ਗੱਲ ਹੈ ਕਿ ਦੋਵੇਂ ਧਿਰਾਂ ਇਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਪੂਰੀ ਵਾਹ ਲਾ ਦਿੰਦੀਆਂ ਹਨ ਪਰ ਕੌਮ ਨੂੰ ਨਮੋਸ਼ੀ ਤੋਂ ਬਚਾਉਣ ਲਈ ਮਿਲ ਕੇ ਕੋਈ ਤਰੱਦਦ ਨਹੀਂ ਕਰ ਰਹੀਆਂ। ਸ੍ਰੀ ਕੋਛੜ ਨੇ ਕਿਹਾ ਕਿ ਪਹਿਲਾਂ ਹੀ ਦੋਵਾਂ ਧਿਰਾਂ ਦੀ 'ਨੱਕ ਦੀ ਲੜਾਈ' ਕਾਰਨ 300 ਸਾਲਾ ਸ਼ਹੀਦੀ ਸਮਾਗਮਾਂ ਵੇਲੇ ਪਾਲਕੀ ਲੈ ਜਾਣ ਦਾ ਮਾਮਲਾ ਉਲਝਿਆ। ਗੁਰਦੁਆਰਾ ਰਕਾਬ ਗੰਜ ਦੀ ਬਣਨ ਵਾਲੀ ਪਾਰਕਿੰਗ ਦੇ ਮੁੱਦੇ ਨੇ ਨਮੋਸ਼ੀ ਦਿੱਤੀ।

ਆਪਸੀ ਖਹਿਬਾਜ਼ੀ ਕਾਰਨ ਸਕੂਲਾਂ ਦੀ ਲੀਜ਼ ਡੀਡ ਤੱਕ ਰੱਦ ਹੋਣ ਦੀ ਨੌਬਤ ਆਈ। ਬਾਲਾ ਸਾਹਿਬ ਹਸਪਤਾਲ ਦਾ ਅਹਿਮ ਪ੍ਰਾਜੈਕਟ ਵਿਚੇ ਰੁਕਿਆ, ਵਸੰਤ ਵਿਹਾਰ ਪੋਲੀ ਟੈਕਨੀਕ ਸਮੇਤ ਇੰਜੀਨੀਅਰਿੰਗ ਕਾਲਜ ਦਾ ਭਵਿੱਖ ਦਾਅ ਉਪਰ ਲੱਗਿਆ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਪੰਜਾਬੀ ਬਾਗ ਵਿਖੇ ਵੀ ਇਕ ਪਾਰਕ ਦਾ ਨਾਮਕਰਨ ਨਵੰਬਰ 1984 ਦੇ ਸਿੱਖ ਸ਼ਹੀਦਾਂ ਉਪਰ ਕਰਨ ਦਾ ਮਾਮਲਾ ਸਿਆਸਤ ਦੀ ਭੱਠੀ ਵਿਚ ਝੋਕਿਆ ਗਿਆ ਸੀ।

ਸ੍ਰੀ ਕੋਛੜ ਨੇ ਕਿਹਾ ਕਿ ਸਰਨਾ ਭਰਾਵਾਂ ਵੱਲੋਂ ਬੰਦਾ ਸਿੰਘ ਬਹਾਦਰ ਬਾਰੇ ਜੋ ਸ਼ਬਦਾਵਲੀ ਵਰਤੀ ਹੈ, ਉਹ ਨਿੰਦਣਯੋਗ ਹੈ । ਬਾਦਲ ਧੜੇ ਵੱਲੋਂ ਇਸ ਬੁੱਤ ਬਾਰੇ ਸਹੀ ਸਥਿਤੀ ਸੰਗਤ ਅੱਗੇ ਨਾ ਰੱਖਣਾ ਵੀ ਗਲਤ ਹੈ ਜਿਸ ਨਾਲ ਕੌਮ ਦੀ ਹੇਠੀ ਹੋਣ ਵਾਲੀ ਹਾਲਤ ਭਵਿੱਖ ਵਿਚ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਬੰਦਾ ਸਿੰਘ ਬਹਾਦਰ ਦਾ ਦਿਵਸ ਸਹੀ ਸੋਚ ਤੇ ਰਲ-ਮਿਲ ਕੇ ਮਨਾਇਆ ਜਾਣਾ ਚਾਹੀਦਾ ਹੈ, ਨਾ ਕਿ ਸਿਆਸੀ ਕਿੜਾਂ ਕੱਢਣ ਲਈ ਹੇਠਲੀ ਪੱਧਰ ਦੀ ਰਾਜਨੀਤੀ ਕੀਤੀ ਜਾਵੇ।

## ਗੈਰ ਸਿੱਖਾਂ ਤੱਕ ਸਿੱਖ ਇਤਿਹਾਸ ਪਹੁੰਚਾਉਣ ਦੇ ਯਤਨ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸ਼ਤਾਬਦੀ ਮਨਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਕਾਰਕੁਨਾਂ ਦੀ ਕੀਤੀ ਬੈਠਕ ਦੌਰਾਨ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਕਮੇਟੀ ਨਗਰ ਕੀਰਤਨਾਂ ਤੇ ਲੰਗਰਾਂ ਤੋਂ ਬਾਹਰ ਨਿਕਲ ਕੇ ਸਿੱਖ ਇਤਿਹਾਸ ਨੂੰ ਗ਼ੈਰਸਿੱਖਾਂ ਤੱਕ ਪੁੱਜਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਗੁਰਦੁਆਰਾ ਰਕਾਬ ਗੰਜ ਕੰਪਲੈਕਸ ਵਿਖੇ ਦਲ ਦੇ ਸੂਬਾ ਦਫਤਰ ਵਿਖੇ ਕਾਰਕੁਨਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਜੀ.ਕੇ. ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਂ ਦੁਨੀਆਂ ਵਿਚ ਰੋਸ਼ਨ ਕਰਨ ਦੀ ਕੋਸ਼ਿਸ਼ ਦਿੱਲੀ ਕਮੇਟੀ ਵੱਲੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੰਦਾ ਸਿੰਘ ਬਹਾਦਰ ਅਜਿਹਾ ਯੋਧਾ ਤੇ ਆਗੂ ਹੋਇਆ ਜਿਸ ਨੇ ਮੁਗਲ ਰਾਜ ਨੂੰ ਉਖਾੜਨ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੋਸ਼ ਲਾਇਆ ਕਿ ਇਤਿਹਾਸਕਾਰਾਂ ਕੋਲੋਂ ਬੰਦਾ ਬਹਾਦਰ ਦੀ ਸ਼ਹਾਦਤ ਤੇ ਕਾਰਜਾਂ ਨੂੰ ਲਿਖਣ ਵੇਲੇ ਹੋਈ ਕੁਤਾਹੀ ਹੋਈ ਹੈ ਤੇ ਸ਼ਤਾਬਦੀ ਦੌਰਾਨ ਇਤਿਹਾਸ ਸਮਾਰੋਹਾਂ ਨੂੰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇ। ਇਸ ਮੌਕੇ ਸੀਨੀਅਰ ਅਕਾਲੀ ਆਗੂ ਅਵਤਾਰ ਸਿੰਘ ਹਿਤ ਨੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਆਗੂ ਪਰਮਜੀਤ ਸਿੰਘ ਸਰਨਾ ਨੇ ਫ਼ਤਿਹ ਨਗਰ ਗੁਰਦੁਆਰੇ ਵਿਖੇ ਸੰਗਤ ਨੂੰ ਨਵੰਬਰ 1984 ਦੇ ਵਾਅਕੇ ਨੂੰ ਭੁੱਲ ਜਾਣ ਦੀ ਦਿੱਤੀ ਸਲਾਹ ਦੀ ਨਿੰਦਾ ਕੀਤੀ ਤੇ ਇਸ ਪਿਛਲੀ ਮਨਸ਼ਾ ਤੇ ਸੋਚ ਉਪਰ ਸਵਾਲ ਖੜ੍ਹੇ ਕੀਤੇ। ਉਨ੍ਹਾਂ ਵਿਰੋਧੀ ਧਿਰਾਂ ਵੱਲੋਂ ਦਿੱਲੀ ਕਮੇਟੀ ਦੇ ਵਿਦਿਅਕ ਅਦਾਰਿਆਂ ਨੂੰ ਅਦਾਲਤਾਂ ਰਾਹੀਂ ਬੰਦ ਕਰਵਾਉਣ ਦੀਆਂ ਚਾਲਾਂ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿੱਤੀ ਤੇ ਕਿਹਾ ਕਿ ਗੁਰੂਆਂ ਦੇ ਨਾਂ ਉਤੇ ਬਣੇ ਅਦਾਰੇ ਕੋਈ ਵੀ ਬੰਦ ਨਹੀਂ ਕਰਵਾ ਸਕਦਾ। ਉਨ੍ਹਾਂ ਆਪਣੇ ਜਜ਼ਬਾਤੀ ਭਾਸ਼ਣ ਦੌਰਾਨ ਆਪਣਾ ਰੰਗ ਦਿਖਾਇਆ ਤੇ ਕਾਰਕੁਨਾਂ ਵਿਚ ਜੋਸ਼ ਭਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਬੰਦਾ ਸਿੰਘ ਬਹਾਦਰ ਦੀ ਸ਼ਤਾਬਦੀ ਨੂੰ ਮੌਜੂਦਾ ਪੀੜ੍ਹੀ ਲਈ ਸ਼ੁਭ ਮੌਕਾ ਦੱਸਿਆ ਤੇ ਸਹਿਯੋਗ ਕਰਨ ਲਈ ਕਿਹਾ।

# ਪਠਾਨਕੋਟ ਹਮਲੇ ਦੇ ਸਾਜ਼ਿਸ਼ੀ ਨੂੰ ਆਈ. ਐਸ. ਆਈ. ਦਾ ਸੁਰੱਖਿਆ ਕਵਚ

**ਨਵੀਂ ਦਿੱਲੀ:** ਪਠਾਨਕੋਟ ਏਅਰਬੇਸ 'ਤੇ ਹੋਏ ਅਤਿਵਾਦੀ ਹਮਲੇ ਦੇ ਮਾਸਟਰਮਾਈਂਡ ਨੂੰ ਬਚਾਉਣ ਲਈ ਆਈ.ਐਸ.ਆਈ. ਨੇ ਸੁਰੱਖਿਆ ਕਵਚ ਬਣਾਇਆ ਹੈ। ਆਈ.ਐਸ.ਆਈ. ਨੇ ਅਤਿਵਾਦੀ ਜਥੇਬੰਦੀ ਜੈਸ਼-ਏ-ਮੁਹੰਮਦ ਮੁਖੀ ਅਜ਼ਹਰ ਮਸੂਦ, ਉਸ ਦੇ ਭਰਾ ਅਬਦੁਲ ਰਊਫ ਸਮੇਤ ਦੋ ਹੋਰ ਸਾਜ਼ਿਸ਼ਕਰਤਾਵਾਂ ਨੂੰ ਸੇਫ ਹਾਊਸ ਵਿਚ ਲੁਕਾਇਆ ਹੈ।

ਭਾਰਤੀ ਖੁਫੀਆ ਏਜੰਸੀਆਂ ਮੁਤਾਬਕ ਇਸ ਬਾਰੇ ਪੁਖਤਾ ਸਬੂਤ ਹੱਥ ਲੱਗੇ ਹਨ। ਏਜੰਸੀਆਂ ਮੁਤਾਬਕ ਪਠਾਨਕੋਟ ਹਮਲੇ ਨੂੰ ਲੈ ਕੇ ਵਧ ਰਹੇ ਅੰਤਰਰਾਸ਼ਟਰੀ ਦਬਾਅ ਦੇ ਚੱਲਦੇ ਆਈ.ਐਸ.ਆਈ. ਨੇ ਮਸੂਦ ਅਜ਼ਹਰ ਨੂੰ ਬਹਾਵਲਪੁਰ ਦੇ ਇਕ ਸੇਫ ਹਾਊਸ 'ਚ ਰੱਖਿਆ ਹੈ। ਮਸੂਦ 'ਤੇ ਹੀ ਦੋ ਜਨਵਰੀ ਨੂੰ ਸਰਹੱਦ ਪਾਰ ਤੋਂ ਅਤਿਵਾਦੀ ਭੇਜ ਕੇ ਪਠਾਨਕੋਟ ਏਅਰਬੇਸ 'ਤੇ ਹਮਲਾ ਕਰਵਾਉਣ ਦਾ ਇਲਜ਼ਾਮ ਹੈ। ਇਸ ਹਮਲੇ ਵਿਚ ਸੁਰੱਖਿਆ ਬਲਾਂ ਦੇ 7 ਜਵਾਨ ਸ਼ਹੀਦ ਹੋਏ ਸਨ। ਪਠਾਨਕੋਟ ਹਮਲੇ ਨੂੰ ਲੈ ਕੇ ਮਸੂਦ ਅਜ਼ਹਰ, ਰਊਫ ਤੇ ਦੋ ਹੋਰ ਮੁਲਜ਼ਮਾਂ ਖਿਲਾਫ ਰੈੱਡ ਕਾਰਨਰ ਨੋਟਿਸ ਜਾਰੀ ਹੋਇਆ ਹੈ। ਜਿਸ ਤੋਂ ਬਾਅਦ ਪਾਕਿ ਸਰਕਾਰ 'ਤੇ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਦਬਾਅ ਵਧ ਗਿਆ ਹੈ। ਅਜਿਹੇ ਵਿਚ ਆਈ.ਐਸ.ਆਈ. ਇਨ੍ਹਾਂ ਅਤਿਵਾਦੀਆਂ ਨੂੰ ਸੇਫ ਹਾਊਸ 'ਚ ਰੱਖ ਕੇ ਭਾਰਤੀ ਏਜੰਸੀਆਂ ਦੀ ਨਜ਼ਰ ਤੋਂ ਬਚਾਉਣਾ ਚਾਹੁੰਦੀ ਹੈ।

# ਪੀਲੀਭੀਤ ਕਾਂਡ: ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸੁਪਰੀਮ ਕੋਰਟ ਜਾਣ ਦੀ ਤਿਆਰੀ

**ਅੰਮ੍ਰਿਤਸਰ:** ਪੀਲੀਭੀਤ ਜੇਲ੍ਹ ਕਾਂਡ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਅਤੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਨੂੰਨੀ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਦਿੱਲੀ ਕਮੇਟੀ ਨੇ ਇਨ੍ਹਾਂ ਪੀੜਤਾਂ ਨੂੰ ਆਰਥਿਕ ਮਦਦ ਦੇਣ ਦਾ ਵੀ ਭਰੋਸਾ ਦਿੱਤਾ ਹੈ। 8 ਅਤੇ 9 ਨਵੰਬਰ 1994 ਦੀ ਦਰਮਿਆਨੀ ਰਾਤ ਨੂੰ ਪੀਲੀਭੀਤ ਦੀ ਜੇਲ੍ਹ ਵਿਚ ਵਾਪਰੀ ਘਟਨਾ ਵਿਚ 7 ਸਿੱਖਾਂ ਦੀ ਮੌਤ ਹੋ ਗਈ ਸੀ ਜਦਕਿ 21 ਜਣੇ ਗੰਭੀਰ ਜ਼ਖ਼ਮੀ ਹੋ ਗਏ ਸਨ ਜਿਨ੍ਹਾਂ ਵਿਚੋਂ ਕਈ ਉਮਰ ਭਰ ਲਈ ਅਪਾਹਜ ਹੋ ਚੁੱਕੇ ਹਨ।

ਇਸ ਮਾਮਲੇ ਵਿਚ ਪਹਿਲਕਦਮੀ ਕਰਦਿਆਂ ਦਿੱਲੀ ਕਮੇਟੀ ਨੇ ਪੀੜਤਾਂ ਨੂੰ ਨਿਆਂ ਦਿਵਾਉਣ ਵਾਸਤੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਲਈ ਤਿਆਰੀ ਵਿੱਢ ਦਿੱਤੀ ਹੈ। ਦਿੱਲੀ ਕਮੇਟੀ ਇਸ ਕੇਸ ਰਾਹੀਂ ਸੁਪਰੀਮ ਕੋਰਟ ਕੋਲੋਂ ਇਸ ਮਾਮਲੇ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕਰੇਗੀ। ਇਸ ਤੋਂ ਇਲਾਵਾ ਪੀੜਤਾਂ ਨੂੰ ਢੁਕਵਾਂ ਮੁਆਵਜ਼ਾ ਅਤੇ ਅਣਮਨੁੱਖੀ ਤਸ਼ੱਦਦ ਕਰਨ ਵਾਲੇ ਜੇਲ੍ਹ ਅਮਲੇ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਜਾਵੇਗੀ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ ਇਸ ਕੇਸ ਸਬੰਧੀ ਕਾਨੂੰਨੀ ਚਾਰਾਜੋਈ ਵਾਸਤੇ ਸੀਨੀਅਰ ਵਕੀਲ ਗੁਰਬਖਸ਼ ਸਿੰਘ ਦੀਆਂ ਸੇਵਾਵਾਂ ਲਈਆਂ ਜਾਣਗੀਆਂ ਜਦਕਿ ਜਸਟਿਸ ਆਰ.ਐਸ. ਸੋਢੀ ਵੀ ਇਸ ਮਾਮਲੇ ਵਿਚ ਮਦਦ ਕਰਨਗੇ। ਦਿੱਲੀ ਕਮੇਟੀ ਦੇ ਲੀਗਲ ਸੈੱਲ ਦੇ ਇੰਚਾਰਜ ਜਸਵਿੰਦਰ ਸਿੰਘ ਜੌਲੀ ਨੇ ਦੱਸਿਆ ਕਿ ਇਹ ਮਾਮਲਾ ਜੂਨ ਮਹੀਨੇ ਵਿਚ ਸੁਪਰੀਮ ਕੋਰਟ ਵਿਚ ਪੀੜਤਾਂ ਦੇ ਹਵਾਲੇ ਨਾਲ ਦਾਇਰ ਕੀਤਾ ਜਾਵੇਗਾ।

ਪੁਲਿਸ ਤਸ਼ੱਦਦ ਕਾਰਨ ਉਮਰ ਭਰ ਲਈ ਅਪਾਹਜ ਹੋ ਚੁੱਕੇ ਤਰਲੋਕ ਸਿੰਘ ਅਤੇ ਉਸ ਦੇ ਵੱਡੇ ਭਰਾ ਲਖਵਿੰਦਰ ਸਿੰਘ ਜੋ ਬੀ.ਐਸ.ਐਫ. ਵਿਚੋਂ ਸੇਵਾ ਮੁਕਤ ਹਨ, ਨੇ ਦੱਸਿਆ ਕਿ ਦਿੱਲੀ ਕਮੇਟੀ ਵੱਲੋਂ ਇਹ ਮਾਮਲਾ ਸੁਪਰੀਮ ਕੋਰਟ ਵਿਚ ਦਾਇਰ ਕਰਨ ਦੇ ਭਰੋਸੇ ਨਾਲ ਉਨ੍ਹਾਂ ਨੂੰ ਨਿਆਂ ਦੀ ਉਮੀਦ ਬੱਝੀ ਹੈ। ਇਸ ਮਾਮਲੇ ਨਾਲ ਸਬੰਧਤ ਤਰਲੋਕ ਸਿੰਘ ਦੇ ਭਰਾ ਸਰਬਜੀਤ ਸਿੰਘ ਦੀ ਮੌਤ ਹੋ ਗਈ ਸੀ ਜਦਕਿ ਤਰਲੋਕ ਸਿੰਘ ਅਪਾਹਜ ਹੋ ਗਿਆ ਸੀ। ਲਖਵਿੰਦਰ ਸਿੰਘ ਨੂੰ ਵੀ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਇਹ ਪਰਿਵਾਰ ਉਸ ਵੇਲੇ ਪੀਲੀਭੀਤ ਵਿਚ ਰਹਿੰਦਾ ਸੀ। 50 ਵਰ੍ਹਿਆਂ ਨੂੰ ਢੁੱਕੇ ਤਰਲੋਕ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ 1994 ਵਿਚ ਐਲਾਨ ਕੀਤਾ ਸੀ ਕਿ ਪੀੜਤ ਪਰਿਵਾਰਾਂ ਨੂੰ ਇਕ ਲੱਖ ਰੁਪਏ ਆਰਥਿਕ ਮਦਦ ਦਿੱਤੀ ਜਾਵੇਗੀ, ਪਰ ਮਗਰੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਸਿਰਫ 11 ਹਜ਼ਾਰ ਰੁਪਏ ਅਤੇ ਜ਼ਖਮੀਆਂ ਨੂੰ 5 ਹਜ਼ਾਰ ਰੁਪਏ ਦਿੱਤੇ ਗਏ। ਉਸ ਵੇਲੇ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਪੀੜਤਾਂ ਨੂੰ ਨੌਕਰੀ ਦੇਣ ਦਾ ਵੀ ਐਲਾਨ ਕੀਤਾ ਸੀ ਜੋ ਹੁਣ ਤਕ ਨਹੀਂ ਮਿਲੀ ਹੈ।

**Punjab Times**
**Our New E-mail**
***Punjabtimes1@gmail.com***

### ਜਰਮਨ ਗੁਰਦੁਆਰੇ ਵਿਚ ਧਮਾਕੇ ਦਾ ਮਾਮਲਾ

# ਪੁਲਿਸ ਨੂੰ ਹਫਤਾ ਪਹਿਲਾਂ ਮਿਲ ਗਈ ਸੀ ਹਮਲੇ ਦੀ ਸੂਹ

**ਬਰਲਿਨ:** ਜਰਮਨ ਪੁਲਿਸ ਨੂੰ ਐਸਨ ਸਥਿਤ ਗੁਰਦੁਆਰੇ 'ਤੇ ਇਕ ਨੌਜਵਾਨਾਂ ਦੇ ਸਮੂਹ ਵੱਲੋਂ ਬੰਬ ਹਮਲਾ ਕਰਨ ਦੀ ਯੋਜਨਾ ਬਣਾਉਣ ਦੀ ਸੂਚਨਾ ਧਮਾਕੇ ਤੋਂ ਕਈ ਹਫਤੇ ਪਹਿਲਾਂ ਮਿਲ ਗਈ ਸੀ। ਸਥਾਨਕ ਮੀਡੀਆ ਨੇ ਦਾਅਵਾ ਕੀਤਾ ਕਿ ਸ਼ੱਕੀਆਂ ਵਿਚੋਂ ਇਕ ਦੀ ਮਾਂ ਨੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਸੀ।

ਖਬਰਾਂ ਅਨੁਸਾਰ, ਨੌਰਥ ਰਾਈਨ ਵੈਸਟਪਾਲੀਆ ਪੁਲਿਸ ਨੇ ਸ਼ੱਕੀ ਦੀ ਮਾਂ ਤੋਂ ਇਸ ਬਾਰੇ ਸੂਚਨਾ ਮਿਲਣ ਦੇ ਬਾਅਦ ਕੁਝ ਦੰਡਾਤਮਕ ਕਦਮ ਉਠਾਏ ਸੀ ਅਤੇ ਹੋਰ ਕਾਰਵਾਈ ਕੀਤੀ ਸੀ, ਪਰ ਪੁਲਿਸ ਨੇ ਮਹਿਲਾ ਵੱਲੋਂ ਦਿੱਤੇ ਗਏ ਦਸਤਾਵੇਜ਼ਾਂ ਦੀ ਅੰਤਿਮ ਸਮੀਖਿਆ ਗੁਰਦੁਆਰੇ ਵਿਚ ਧਮਾਕਾ ਹੋਣ ਦੇ 10 ਦਿਨ ਬਾਅਦ 26 ਅਪਰੈਲ ਨੂੰ ਕੀਤੀ ਸੀ।



ਟੀ.ਵੀ. ਚੈਨਲਾਂ ਡਬਲਯੂ. ਡੀ.ਆਰ. ਅਤੇ ਐਨ.ਡੀ. ਆਰ. ਅਤੇ 'ਦ ਮਿਊਨਿਖ' ਅਖਬਾਰ ਅਨੁਸਾਰ ਹਮਲੇ ਦੇ ਦੋ ਮੁੱਖ ਸ਼ੱਕੀਆਂ 16 ਸਾਲਾ ਯੂਸਫ ਟੀ ਅਤੇ ਮੁਹੰਮਦ ਬੀ ਅਤੇ ਉਨ੍ਹਾਂ ਦੇ 17 ਸਾਲਾ ਸਾਥੀ ਟੋਲਗਾ ਆਈ ਨੇ ਯੋਜਨਾ ਬਣਾਈ ਸੀ। ਤਿੰਨਾਂ ਨੇ ਵੱਖੋ-ਵੱਖ ਕੰਮ ਵੰਡੇ ਸਨ ਅਤੇ ਯੂਸਫ ਨੂੰ ਗਰੁੱਪ ਦਾ ਮੁਖੀ ਬਣਾਇਆ ਸੀ ਜਦਕਿ ਟੋਲਗਾ 'ਤੇ ਪੈਸੇ ਦਾ ਇੰਤਜ਼ਾਮ ਕਰਨ ਦੀ ਜ਼ਿੰਮੇਵਾਰੀ ਸੀ। ਟੋਲਗਾ ਦੀ ਮਾਂ ਨੂੰ ਆਪਣੇ ਪੁੱਤਰ ਦੇ ਕਮਰੇ ਵਿਚੋਂ ਇਕ ਪੈਡ 'ਤੇ ਹਮਲੇ ਦੀ ਯੋਜਨਾ ਬਾਰੇ ਕੁਝ ਲਿਖਿਆ ਮਿਲਿਆ ਸੀ, ਜਿਸ ਨੇ ਪੁਲਿਸ ਨੂੰ ਇਸ ਦੀ ਜਾਣਕਾਰੀ ਦਿੱਤੀ ਸੀ। ਮੀਡੀਆ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਰਿਪੋਰਟ ਖੋਜੀ ਪੱਤਰਕਾਰਤਾ 'ਤੇ ਆਧਾਰਤ ਹੈ।

# ਹਥਿਆਰ ਪ੍ਰਦਰਸ਼ਨ ਕਰ ਬਜਰੰਗ ਦਲ ਆਇਆ ਅੜਿੱਕੇ

**ਲਖਨਊ:** ਉੱਤਰ ਪ੍ਰਦੇਸ਼ ਪੁਲਿਸ ਨੇ ਅਯੋਧਿਆ ਵਿਚ ਲਾਏ ਗਏ ਆਤਮ ਰੱਖਿਆ ਕੈਂਪ ਦੇ ਮਾਮਲੇ ਵਿਚ ਬਜਰੰਗ ਦਲ ਖਿਲਾਫ ਐਫ.ਆਈ.ਆਰ ਦਰਜ ਕਰ ਲਈ ਹੈ। ਫੈਜ਼ਾਬਾਦ ਦੇ ਐਸ.ਪੀ. ਮੋਹਿਤ ਗੁਪਤਾ ਨੇ ਦੱਸਿਆ ਹੈ ਕਿ ਭਾਰਤੀ ਦੰਡਾਵਲੀ ਦੀ ਧਾਰਾ 153 (ਏ) ਤਹਿਤ ਬਜਰੰਗ ਦਲ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਬਜਰੰਗ ਦਲ 'ਤੇ ਧਾਰਾਮਿਕ ਨਫਰਤ ਫੈਲਾਉਣ ਦਾ ਮਾਮਲਾ ਦਰਜ ਕੀਤਾ ਗਿਆ ਹੈ। ਬਜਰੰਗ ਦਲ ਨੇ ਅਯੋਧਿਆ ਦੇ ਕਾਰਸੇਵਕਪੁਰਮ ਵਿਚ ਇਕ ਕੈਂਪ ਲਾਇਆ ਸੀ।

ਇਸ ਵਿਚ ਨੌਜਵਾਨਾਂ ਨੂੰ ਆਤਮ ਰੱਖਿਆ ਦੀ ਸਿਖਲਾਈ ਦਿੱਤੀ ਗਈ ਸੀ ਪਰ ਜਦੋਂ ਕੈਂਪ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਤਾਂ ਵੱਡਾ ਬਖੇੜਾ ਖੜ੍ਹਾ ਹੋ ਗਿਆ। ਵੀਡੀਓ ਵਿਚ ਬਜਰੰਗ ਦਲ ਦੇ ਮੈਂਬਰ ਹਥਿਆਰਾਂ ਤੇ ਭਗਵੇ ਝੰਡੇ ਦੇ ਨਾਲ ਹਥਿਆਰ ਚਲਾਉਂਦੇ ਤੇ ਦੁਸ਼ਮਣ ਨੂੰ ਮਾਰਨ ਦਾ ਅਭਿਆਸ ਕਰਦੇ ਨਜ਼ਰ ਆ ਰਹੇ ਸਨ। ਇਸ ਵੀਡੀਓ ਵਿਚ ਵਿਵਾਦਤ ਗੱਲ ਇਹ ਰਹੀ ਕਿ ਜਿਨ੍ਹਾਂ ਨੂੰ ਦੁਸ਼ਮਣਾਂ ਦੇ ਤੌਰ 'ਤੇ ਦਿਖਾਇਆ ਗਿਆ ਹੈ, ਉਨ੍ਹਾਂ ਨੇ ਨਮਾਜ਼ ਵਾਲੀ ਟੋਪੀ ਪਾਈ ਹੋਈ ਸੀ ਤੇ ਉਨ੍ਹਾਂ ਦੇ ਚਿਹਰੇ ਤੇ ਦਾੜ੍ਹੀ ਦਿਖਾਈ ਦੇ ਰਹੀ ਸੀ।

### ਧਾਰਮਿਕ ਨਫਰਤ ਫੈਲਾਉਣ ਦਾ ਮਾਮਲਾ ਦਰਜ



ਇਸ ਤੋਂ ਪਹਿਲਾਂ ਉੱਤਰ ਪ੍ਰਦੇਸ਼ ਦੇ ਰਾਜਪਾਲ ਰਾਮ ਨਾਇਕ ਨੇ ਕਿਹਾ ਸੀ ਕਿ ਆਤਮ ਰੱਖਿਆ ਕੈਂਪ ਵਿਚ ਕੋਈ ਦਿੱਕਤ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਜੋ ਲੋਕ ਆਪਣੀ ਰੱਖਿਆ ਨਹੀਂ ਕਰ ਸਕਦੇ, ਉਹ ਦੇਸ਼ ਦੀ ਰੱਖਿਆ ਵੀ ਨਹੀਂ ਕਰ ਸਕਦੇ। ਜੇਕਰ ਨੌਜਵਾਨਾਂ ਨੂੰ ਆਤਮ ਰੱਖਿਆ ਲਈ ਹਥਿਆਰਾਂ ਦੀ ਸਿਖਲਾਈ ਦਿੱਤੀ ਦਾ ਰਹੇ ਹੈ ਤਾਂ ਇਸ ਵਿਚ ਕੁਝ ਗਲਤ ਨਹੀਂ ਹੈ। ਕਾਂਗਰਸ ਨੇ ਇਸ ਗਤੀਵਿਧੀਆਂ ਦੀ ਨਿੰਦਾ ਕੀਤੀ ਹੈ।

## ਬਾਦਲ ਵੱਲੋਂ ਵਿਧਾਨ ਸਭਾ ਚੋਣਾਂ ਪਹਿਲਾਂ ਹੋਣ ਦੀ ਸੰਭਾਵਨਾ ਰੱਦ

**ਨੂਰਪੁਰ ਬੇਦੀ:** ਪੰਜਾਬ ਵਿਧਾਨ ਸਭਾ ਚੋਣਾਂ ਦੇ ਅਗਾਊਂ ਹੋਣ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਵਿਚ ਚੋਣਾਂ ਨਿਰਧਾਰਤ ਸਮੇਂ 'ਤੇ ਹੀ ਹੋਣਗੀਆਂ।

ਰੋਪੜ-ਨੂਰਪੁਰ ਬੇਦੀ ਬਲਾਕ ਵਿਚ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ. ਬਾਦਲ ਨੇ ਕਿਹਾ ਕਿ ਇਹ ਚੋਣਾਂ ਪਹਿਲਾਂ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਚੋਣਾਂ ਵਿਚ ਤਿਕੋਣੀ ਟੱਕਰ ਦੀ ਸੰਭਾਵਨਾ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਲਈ ਕੋਈ ਮਹੱਤਵ ਨਹੀਂ ਰੱਖਦਾ ਕਿ ਇਨ੍ਹਾਂ ਚੋਣਾਂ ਵਿਚ ਕਿਹੜੀ ਸਿਆਸੀ ਪਾਰਟੀ ਮੈਦਾਨ ਵਿਚ ਉਤਰਦੀ ਹੈ ਪਰ ਉਨ੍ਹਾਂ ਇਹ ਜ਼ਰੂਰ ਕਿਹਾ ਕਿ ਉਹ ਨਾ ਹੀ ਕਿਸੇ ਸਿਆਸੀ ਪਾਰਟੀ ਦੇ ਉਮੀਦਵਾਰ ਅਤੇ ਨਾ ਹੀ ਕਿਸੇ ਆਜ਼ਾਦ ਉਮੀਦਵਾਰ ਦੀ ਚੋਣ ਲੜਨ ਦੀ ਸਮਰਥਾ ਨੂੰ ਘਟਾ ਕੇ ਦੇਖਦੇ ਹਨ।

ਸਿੱਖ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਮਾਮਲਾ ਜਾਂਚ ਲਈ ਸੀ. ਬੀ. ਆਈ. ਦੇ ਹਵਾਲੇ ਕਰਨ ਤੋਂ ਇਨਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਸੀ.ਬੀ.ਆਈ. ਨੂੰ ਸੌਂਪਣ ਦੀ ਕੋਈ ਤੁਕ ਨਹੀਂ ਬਣਦੀ, ਕਿਉਂਕਿ ਸੂਬਾ ਸਰਕਾਰ ਇਸ ਮਾਮਲੇ ਦੀ ਮੁਕੰਮਲ ਜਾਂਚ ਪੁਲਿਸ ਵਿਭਾਗ ਪਾਸੋਂ ਕਰਵਾ ਰਹੀ ਹੈ।

# ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਨੇ ਸਿਆਸਤ ਤੋਂ ਲਿਆ ਸੰਨਿਆਸ

**ਵੈਨਕੂਵਰ:** ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਸਿਆਸਤ ਤੋਂ ਸੰਨਿਆਸ ਲੈਣ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਸੰਸਦ ਦੇ ਅਗਲੇ ਸੈਸ਼ਨ ਤੋਂ ਪਹਿਲਾਂ ਉਹ ਸੰਸਦ ਦੀ ਮੈਂਬਰੀ ਤੋਂ ਅਸਤੀਫਾ ਦੇ ਦੇਣਗੇ। ਹੁਣ ਉਹ ਕੈਲਗਰੀ ਹੈਰੀਟੇਜ ਹਲਕੇ ਤੋਂ ਕਨਜ਼ਰਵੇਟਿਵ ਪਾਰਟੀ ਦੇ ਮੈਂਬਰ ਹਨ। ਉਨ੍ਹਾਂ ਦਾ ਵਿਚਾਰ ਵਿਦੇਸ਼ ਨੀਤੀ ਸੰਸਥਾ ਖੋਲ੍ਹਣ ਦਾ ਹੈ, ਜਿਥੇ ਉਹ ਇੱਛੁਕ ਲੋਕਾਂ ਨੂੰ ਸਿੱਖਿਅਤ ਵੀ ਕਰਨਗੇ। ਕੈਨੇਡਾ ਦੇ ਰਾਜਸੀ ਪੰਡਤਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਸਤੀਫਾ ਦੇਣ 'ਚ ਬਹੁਤ ਦੇਰ ਕੀਤੀ। ਉਹ ਮੰਨਦੇ ਹਨ ਕਿ ਪਾਰਲੀਮੈਂਟ ਚੋਣਾਂ ਵਿਚ ਪਾਰਟੀ ਦੀ ਨਿਮੋਸ਼ੀ ਭਰੀ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਪਿਛਲੇ ਸਾਲ ਹੀ ਸਿਆਸਤ ਤੋਂ ਲਾਂਭੇ ਹੋ ਜਾਣਾ ਚਾਹੀਦਾ ਸੀ। ਸਾਲ 2006 ਵਿਚ ਉਨ੍ਹਾਂ ਦੀ ਪਾਰਟੀ ਵੱਲੋਂ ਸੱਤਾ ਵਿਚ ਆਉਣ ਤੋਂ ਬਾਅਦ ਸਟੀਫਨ ਹਾਰਪਰ ਦੋ ਵਾਰ ਪ੍ਰਧਾਨ ਮੰਤਰੀ ਬਣੇ। ਉਨ੍ਹਾਂ ਦੀ ਸਰਕਾਰ ਵੱਲੋਂ ਆਵਾਸ ਨੀਤੀਆਂ ਵਿਚ ਵੱਡੇ ਬਦਲਾਅ ਕੀਤੇ ਜਾਣ ਕਾਰਨ ਉਨ੍ਹਾਂ ਦੀ ਨੁਕਤਾਚੀਨੀ ਕੀਤੀ ਜਾਂਦੀ ਰਹੀ। ਉਨ੍ਹਾਂ ਦੀ ਸਰਕਾਰ ਵੱਲੋਂ ਪੈਨਸ਼ਨਰ ਦਾਅਵੇਦਾਰੀ ਲਈ ਉਮਰ 65 ਤੋਂ 67 ਸਾਲ ਕੀਤੇ ਜਾਣ ਤੋਂ ਵੀ ਕਾਫੀ ਲੋਕ ਨਰਾਜ਼ ਹੋਏ।



ਸਰਕਾਰ ਦੇ ਕਈ ਫੈਸਲੇ ਮੌਜੂਦਾ ਸਰਕਾਰ ਇਕ ਇਕ ਕਰਕੇ ਵਾਪਸ ਲੈ ਰਹੀ ਹੈ। ਪਰਵਾਸੀਆਂ ਲਈ ਨਾਗਰਿਕਤਾ ਦੀ ਸ਼ਰਤ ਵੀ ਫਿਰ 4 ਤੋਂ 3 ਸਾਲ ਕੀਤੀ ਜਾ ਰਹੀ ਹੈ। ਜਸਟਿਨ ਟਰੂਡੋ ਸਰਕਾਰ ਵੱਲੋਂ ਪਰਿਵਾਰਕ ਮਿਲਾਪ ਦੇ ਕੇਸਾਂ ਦੀ ਗਿਣਤੀ ਵੀ ਹਾਰਪਰ ਸਰਕਾਰ ਤੋਂ ਦੁੱਗਣੀ ਕਰ ਦਿੱਤੀ ਗਈ ਹੈ।

## ਮਾਓਵਾਦੀ ਆਗੂ ਕੋਬਾਦ ਗਾਂਧੀ ਵਿਰੁਧ ਪਟਿਆਲਾ ਵਿਚ ਦੋਸ਼ ਆਇਦ

**ਪਟਿਆਲਾ:** ਮਾਓਵਾਦੀ ਆਗੂ ਦਿੱਲੀ ਵਾਸੀ ਕੋਬਾਦ ਗਾਂਧੀ ਉਰਫ ਪ੍ਰੋ. ਕਿਸ਼ੋਰ ਵਿਰੁੱਧ ਇਥੋਂ ਦੀ ਅਦਾਲਤ ਵਿਚ ਭੜਕਾਊ ਭਾਸ਼ਣ ਦੇਣ ਬਾਰੇ ਚੱਲ ਰਹੇ ਕੇਸ ਦੀ ਸੁਣਵਾਈ ਮੌਕੇ ਦੋਸ਼ ਆਇਦ ਕੀਤੇ ਗਏ। ਮੁਲਜ਼ਮ ਵਜੋਂ ਨਾਮਜ਼ਦ ਦਿੱਲੀ ਦੇ ਹੀ ਰਹਿਣ ਵਾਲੇ ਬਚਾ ਪ੍ਰਸ਼ਾਦਿ ਨੂੰ ਕੇਸ ਵਿਚੋਂ ਡਿਸਚਾਰਜ ਕਰ ਦਿੱਤਾ ਗਿਆ ਹੈ।

ਛੇ ਸਾਲਾਂ ਤੋਂ ਤਿਹਾੜ ਜੇਲ੍ਹ ਵਿਚ ਬੰਦ ਕੋਬਾਦ ਗਾਂਧੀ ਨੂੰ ਦਿੱਲੀ ਪੁਲਿਸ ਦੇ ਇਕ ਏ.ਸੀ.ਪੀ. ਦੀ ਅਗਵਾਈ ਹੇਠ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਇਥੇ ਵਧੀਕ ਸੈਸ਼ਨ ਜੱਜ ਮੁਹੰਮਦ ਗੁਲਜ਼ਾਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ 23 ਜਨਵਰੀ 2010 ਨੂੰ ਇਹ ਕੇਸ ਇਥੇ ਥਾਣਾ ਸਦਰ ਵਿਚ ਦਰਜ ਕੀਤਾ ਗਿਆ ਸੀ। ਕੋਬਾਦ ਗਾਂਧੀ ਖਿਲਾਫ਼ ਦਰਜ ਕੇਸ ਵਿਚ ਸਾਲ 2009 ਦੌਰਾਨ ਪੰਜਾਬੀ ਯੂਨੀਵਰਸਿਟੀ ਵਿਚ ਭੜਕਾਊ ਭਾਸ਼ਣ ਦੇਣ ਦੇ ਦੋਸ਼ ਲਾਏ ਗਏ ਹਨ। ਇਸ ਕੇਸ ਵਿਚ ਗ੍ਰਿਫਤਾਰੀ ਤੋਂ ਬਾਅਦ ਇਕ ਵੱਖਰੇ ਕੇਸ ਸਬੰਧੀ ਗਾਂਧੀ ਨੂੰ ਦਿੱਲੀ ਪੁਲਿਸ ਲੈ ਗਈ ਸੀ ਤੇ ਫੇਰ ਧਾਰਾ 268 ਅਧੀਨ ਉਸ ਨੂੰ ਜੇਲ੍ਹ ਤੋਂ ਬਾਹਰ ਲਿਜਾਣ 'ਤੇ ਲੱਗੀ ਪਾਬੰਦੀ ਕਰ ਕੇ ਇਥੇ ਨਾ ਲਿਆਂਦਾ ਜਾ ਸਕਿਆ। ਇਹ ਧਾਰਾ ਖਤਮ ਹੋਣ 'ਤੇ ਉਸ ਦੇ ਵਕੀਲ ਦੀ ਅਰਜ਼ੀ ਉਤੇ ਹੀ ਅਦਾਲਤ ਵੱਲੋਂ ਉਸ ਨੂੰ ਇਥੇ ਪੇਸ਼ ਕਰਨ ਦੇ ਆਦੇਸ਼ ਕੀਤੇ ਗਏ ਸਨ। ਐਡਵੋਕੇਟ ਬਰਜਿੰਦਰ ਸਿੰਘ ਸੋਢੀ ਰਾਹੀਂ ਅਦਾਲਤ ਵਿਚ ਦਾਇਰ ਕੀਤੀ ਗਈ ਉਹ ਅਰਜ਼ੀ ਅਦਾਲਤ ਵੱਲੋਂ ਸਵਿਕਾਰ ਕਰ ਲਈ ਗਈ ਹੈ, ਜਿਸ ਵਿਚ ਕੋਬਾਦ ਗਾਂਧੀ ਨੇ ਸਿਹਤ ਠੀਕ ਨਾ ਹੋਣ ਕਰ ਕੇ ਤਿਹਾੜ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਹੀ ਪੇਸ਼ੀ ਭੁਗਤਣ ਦੀ ਮੰਗ ਕੀਤੀ ਸੀ।


# Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat-Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com


## Matrimonial

### ਲੜਕੀ ਦੀ ਲੋੜ ਹੈ

Wanted US citizen beautiful educated girl for a Jatt Sikh clean-shaven handsome boy, B-Tech, MBA, 25 years, 5'-10" on 10 years USA visitor visa, only son. Family has huge urban/rural property. Contact, Ph:209-642-0642 or E-mail: Tarans1981@yahoo.com 21-24

ਰਵਿਦਾਸੀਏ ਸਿੱਖ, ਚੰਗੀ ਜੌਬ ਕਰਦੇ, ਕਲੀਨ ਸ਼ੇਵਨ, ਵੈਸ਼ਨੂੰ, ਪੱਕੇ ਤੌਰ 'ਤੇ ਰਹਿ ਰਹੇ ਲੜਕੇ 40 ਸਾਲ, ਕੱਦ 5'-7" ਲਈ ਅਮਰੀਕਨ ਇੰਮੀਗ੍ਰਾਂਟ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਫੋਨ: 916-730-8029 21-24

Wanted professional match for Ahluwalia Sikh boy, 42 yrs, 5'-6", never married, teetotaler, top 5 MBA, working with a Fortune 50 firm, belongs to a highly educated and well settled family from Ludhiana. Please contact with basic information & photo at abcnc08@gmail.com 23-26

### ਲੜਕੀ ਦੀ ਲੋੜ ਹੈ

Ramgariah family looking for a suitable Ramgariah girl for their US born Sr. financial analyst son 31 years. Please contact: jsnov1973@aol.com -21/4

### ਵਰ ਦੀ ਲੋੜ ਹੈ

Wanted suitable US/Canadian citizen boy for a good looking Jatt Sikh Badesha girl 27 years, 5'-3", B.D.S, working in India with a reputed company as a B.D.S doctor. Contact: 91-93163-01328 23-

Wanted suitable professional, well settled match sought for Canadian Citizen Sikh beautiful, slim girl 35 yrs, 5'-7". Divorced with one child, modern & traditional, comes from very good family Jat sikh is preference. Contact: Ph.1-604-716-1919

ਪੰਜਾਬ ਟਾਈਮਜ਼







# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਸੁਖਬੀਰ ਦੇ ਸੁਪਨਮਈ ਪ੍ਰਾਜੈਕਟ ਤੋਂ ਭਾਜਪਾ ਔਖੀ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਦੇ ਸੁੰਦਰੀਕਰਨ ਲਈ ਉਲੀਕੀ ਯੋਜਨਾ ਤਹਿਤ ਇਥੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਮੁੱਖ ਰਸਤੇ ਨੂੰ ਪੈਦਲ ਜ਼ੋਨ ਬਣਾਉਣ ਦੇ ਫੈਸਲੇ ਖਿਲਾਫ਼ ਭਾਜਪਾ ਸੜਕਾਂ 'ਤੇ ਆ ਗਈ। ਪੈਦਲ ਜ਼ੋਨ ਬਣਾਉਣ ਵਾਸਤੇ ਇਥੇ ਲਾਈਆਂ ਜਾ ਰਹੀਆਂ ਰੋਕਾਂ ਦਾ ਵਿਰੋਧ ਕਰਦਿਆਂ ਭਾਜਪਾ ਆਗੂਆਂ ਨੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਅਤੇ ਇਸ ਖਿਲਾਫ਼ ਚੱਲ ਰਹੇ ਧਰਨੇ ਵਿਚ ਵੀ ਸਮੂਲੀਅਤ ਕੀਤੀ। ਸਰਕਾਰ ਵੱਲੋਂ ਸੁੰਦਰੀਕਰਨ ਯੋਜਨਾ ਹੇਠ ਫੁਹਾਰਾ ਚੌਕ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਦੇ ਰਸਤੇ ਨੂੰ ਪੈਦਲ ਜ਼ੋਨ ਬਣਾਇਆ ਜਾ ਰਿਹਾ ਹੈ। ਇਸ ਰਸਤੇ 'ਤੇ ਵਾਹਨਾਂ ਨੂੰ ਰੋਕਣ ਵਾਸਤੇ ਕਈ ਥਾਵਾਂ ਉਤੇ ਬੈਰੀਕੇਡ ਲਾਏ ਜਾ ਰਹੇ ਹਨ। ਇਸ ਰਸਤੇ ਨੂੰ ਪੈਦਲ ਜ਼ੋਨ ਬਣਾਉਣ ਨਾਲ ਇਥੇ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿਚ ਦੇਸ਼ ਵਿਦੇਸ਼ ਤੋਂ ਆਉਂਦੇ ਸ਼ਰਧਾਲੂਆਂ ਨੂੰ ਰਾਹਤ ਮਿਲੇਗੀ।



ਵਪਾਰੀਆਂ ਦਾਅਵਾ ਕਰ ਰਹੇ ਹਨ ਕਿ ਰੋਕਾਂ ਕਾਰਨ ਉਨ੍ਹਾਂ ਦਾ ਵਪਾਰ ਪ੍ਰਭਾਵਿਤ ਹੋਵੇਗਾ ਜਦੋਂ ਕਿ ਰਿਹਾਇਸ਼ੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਦੇ ਚਾਰ ਪਹੀਆ ਵਾਹਨ ਘਰਾਂ ਤਕ ਨਹੀਂ ਪਹੁੰਚ ਸਕਣਗੇ। ਸਰਕਾਰ ਦੀ ਇਸ ਯੋਜਨਾ ਖਿਲਾਫ਼ ਕੁਝ ਦਿਨ ਪਹਿਲਾਂ ਕੁੱਝ ਲੋਕਾਂ ਨੇ ਉਸਾਰੀ ਅਧੀਨ ਕੰਮ ਦੀ ਭੰਨ ਤੋੜ ਕੀਤੀ ਸੀ। ਠੇਕੇਦਾਰਾਂ ਤੇ ਕਰਮਚਾਰੀਆਂ ਨੂੰ ਧਮਕਾਇਆ ਵੀ ਸੀ। ਇਸ 'ਤੇ ਪ੍ਰਸ਼ਾਸਨ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ ਸਰਕਾਰੀ ਕੰਮ ਵਿਚ ਵਿਘਨ ਪਾਉਣ ਅਤੇ ਚੋਰੀ ਕਰਨ ਦੇ ਦੋਸ਼ ਹੇਠ ਕੇਸ ਵੀ ਦਰਜ ਕੀਤਾ ਹੈ। ਵਪਾਰੀਆਂ ਅਤੇ ਲੋਕਾਂ ਵੱਲੋਂ ਇਸੇ ਮਾਮਲੇ ਨੂੰ ਲੈ ਕੇ ਸਰਕਾਰ ਖਿਲਾਫ਼ ਪ੍ਰਦਰਸ਼ਨ ਕੀਤਾ ਗਿਆ। ਵਪਾਰੀਆਂ ਨੇ ਆਪਣੀਆਂ ਦੁਕਾਨਾਂ ਬੰਦ ਰੱਖੀਆਂ। ਦੱਸਣਯੋਗ ਹੈ ਕਿ 2010 ਵਿਚ ਵੀ ਇਸ ਰਸਤੇ ਨੂੰ ਪੈਦਲ ਜ਼ੋਨ ਬਣਾਉਣ ਦੀ ਯੋਜਨਾ ਬਣਾਈ ਗਈ ਸੀ। ਉਸ ਵੇਲੇ ਵੀ ਭਾਜਪਾ ਦੇ ਸਮਰਥਨ ਨਾਲ ਵਪਾਰੀਆਂ ਤੇ ਲੋਕਾਂ ਨੇ ਵਿਰੋਧ ਕੀਤਾ ਸੀ।

ਭਾਜਪਾ ਆਗੂਆਂ ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਸਾਬਕਾ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ, ਡਾ. ਬਲਦੇਵ ਰਾਜ ਚਾਵਲਾ ਅਤੇ ਜ਼ਿਲ੍ਹਾ ਪ੍ਰਧਾਨ ਰਜੇਸ਼ ਹਨੀ ਨੇ ਇਸ ਮਸਲੇ 'ਤੇ ਡੀ.ਸੀ. ਨਾਲ ਮੁਲਾਕਾਤ ਕਰ ਕੇ ਇਸ ਰਸਤੇ ਤੋਂ ਰੋਕਾਂ ਹਟਾਉਣ ਵਾਸਤੇ ਕਿਹਾ। ਲਕਸ਼ਮੀ ਕਾਂਤਾ ਚਾਵਲਾ ਨੇ ਕਿਹਾ ਕਿ ਸਰਕਾਰ ਦਾ ਇਹ ਫੈਸਲਾ ਵਪਾਰੀਆਂ ਨੂੰ ਉਜਾੜਨ ਵਾਲਾ ਹੈ। ਪਹਿਲਾਂ ਹੀ ਵੱਡੀ ਗਿਣਤੀ ਸਨਅਤਕਾਰ ਪੰਜਾਬ ਤੋਂ ਬਾਹਰ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਇਲਾਕੇ ਵਿਚ ਸਦੀਆਂ ਤੋਂ ਲੋਕ ਵਸੇ ਹੋਏ ਹਨ। ਇਸ ਫੈਸਲੇ ਨਾਲ ਉਨ੍ਹਾਂ ਦੇ ਘਰਾਂ ਨੂੰ ਜਾਣ ਵਾਲੇ ਰਾਹ ਬੰਦ ਹੋ ਜਾਣਗੇ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਨੇ ਦੇਸ਼ ਭਰ ਤੋਂ ਵਪਾਰੀਆਂ ਨੂੰ ਇਥੇ ਲਿਆ ਕੇ ਵਸਾਇਆ ਸੀ ਅਤੇ ਸ਼ਹਿਰ ਦੀ ਰੌਣਕ ਵਧਾਈ ਸੀ ਪਰ ਮੌਜੂਦਾ ਸਰਕਾਰ ਖਾਸ ਕਰ ਕੇ ਉਪ ਮੁੱਖ ਮੰਤਰੀ ਸਿਰਫ ਸੈਰ ਸਪਾਟੇ ਨੂੰ ਤਰਜੀਹ ਦੇ ਰਹੇ ਹਨ।

ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਉਹ ਇਸ ਇਲਾਕੇ ਵਿਚ ਚੱਲ ਰਹੇ ਵਿਕਾਸ ਕਾਰਜਾਂ ਦਾ ਸਮਰਥਨ ਕਰਦੇ ਹਨ ਪਰ ਕਿਸੇ ਵੀ ਕੀਮਤ 'ਤੇ ਲੋਕਾਂ ਦੀ ਰੋਜ਼ੀ ਰੋਟੀ ਨੂੰ ਬਰਬਾਦ ਨਹੀਂ ਹੋਣ ਦਿੱਤਾ ਜਾਵੇਗਾ। ਜੇਕਰ ਸਰਕਾਰ ਨੇ ਰੋਕਾਂ ਲਾਉਣ ਦਾ ਫੈਸਲਾ ਵਾਪਸ ਨਾ ਲਿਆ ਤਾਂ ਇਹ ਰੋਕਾਂ ਹਟਾ ਦਿੱਤੀਆਂ ਜਾਣਗੀਆਂ। ਵਪਾਰੀ ਅਨਿਲ ਮਹਿਰਾ ਨੇ ਕਿਹਾ ਕਿ ਸਰਕਾਰ ਨਾ ਮੰਨੀ ਤਾਂ ਉਹ ਇਸ ਖਿਲਾਫ਼ ਹਾਈ ਕੋਰਟ ਜਾਣਗੇ। ਹੋਟਲ ਐਸੋਸੀਏਸ਼ਨ ਦੇ ਆਗੂ ਸਤਨਾਮ ਸਿੰਘ ਕੰਡਾ ਨੇ ਪੈਦਲ ਜ਼ੋਨ ਦਾ ਸਮਰਥਨ ਕਰਦਿਆਂ ਕਿਹਾ ਕਿ ਇਸ ਨਾਲ ਵਪਾਰ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਸਗੋਂ ਲੋਕ ਇਲਾਕੇ ਵਿਚ ਸੌਖ ਨਾਲ ਘੁੰਮ ਸਕਣਗੇ ਤੇ ਖਰੀਦੋ ਫਰੋਖਤ ਕਰ ਸਕਣਗੇ। ਇਸ ਫੈਸਲੇ ਨਾਲ ਆਮ ਲੋਕ ਵੀ ਪ੍ਰਭਾਵਿਤ ਨਹੀਂ ਹੋਣਗੇ।

## ਯੋਜਨਾ ਸਿਰਫ ਸ਼ਰਧਾਲੂਆਂ ਦੀ ਸਹੂਲਤ ਲਈ: ਬੇਦੀ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਲੋਕਾਂ ਦੀ ਸੌਖ ਲਈ ਮੁੱਖ ਰਸਤੇ ਨੂੰ ਪੈਦਲ ਜ਼ੋਨ ਬਣਾਉਣ ਦਾ ਫੈਸਲਾ ਕੀਤਾ ਹੈ, ਜਿਸ 'ਚ ਸਾਰਿਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਕਰੋੜਾਂ ਲੋਕਾਂ ਦੀਆਂ ਆਸਥਾ ਦਾ ਕੇਂਦਰ ਹੈ ਅਤੇ ਇਥੇ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਦਾ ਧਿਆਨ ਰੱਖਣਾ ਸ਼ਹਿਰ ਵਾਸੀਆਂ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਪੈਦਲ ਜ਼ੋਨ ਬਣਨ ਨਾਲ ਨਾ ਤਾਂ ਰਿਹਾਇਸ਼ੀ ਲੋਕ ਤੇ ਨਾ ਹੀ ਵਪਾਰ ਪ੍ਰਭਾਵਿਤ ਹੋਵੇਗਾ।

# ਚੀਨੀ ਬੱਚਿਆਂ ਦੇ ਸਿਰ ਚੜ੍ਹਿਆ ਅੰਗਰੇਜ਼ੀ ਦਾ ਭੂਤ

**ਪੇਈਚਿੰਗ:** ਭਾਰਤੀਆਂ ਨੂੰ ਚਿੰਬੜਿਆ ਅੰਗਰੇਜ਼ੀ ਦਾ ਭੂਤ ਹੁਣ ਚੀਨੀ ਬੱਚਿਆਂ ਦੇ ਵੀ ਸਿਰ ਨੂੰ ਵੀ ਚੜ੍ਹ ਗਿਆ ਹੈ। ਇਕ ਸਰਵੇਖਣ ਮੁਤਾਬਕ ਚੀਨੀ ਮਾਪੇ ਆਪਣੇ ਬੱਚਿਆਂ ਨੂੰ ਮੁੱਢਲੀ ਉਮਰ ਵਿਚ ਹੀ ਅੰਗਰੇਜ਼ੀ ਸਿਖਾ ਰਹੇ ਹਨ ਅਤੇ ਇਸ ਉਤੇ ਉਹ ਵੱਡੀ ਰਕਮ ਖਰਚ ਰਹੇ ਹਨ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਅੰਗਰੇਜ਼ੀ ਸਿੱਖਣਾ ਬੱਚਿਆਂ ਦੇ ਭਵਿੱਖ ਲਈ ਲਾਭਕਾਰੀ ਹੋਏਗਾ।

ਸਰਕਾਰ ਵੱਲੋਂ ਚਲਾਏ ਜਾਂਦੇ 'ਚਾਈਨਾ ਯੂਥ ਡੇਅਲੀ' ਵੱਲੋਂ ਪ੍ਰਕਾਸ਼ਿਤ ਇਕ ਸਰਵੇਖਣ ਵਿਚ ਕਿਹਾ ਗਿਆ ਕਿ ਪ੍ਰਾਇਮਰੀ ਸਕੂਲਾਂ ਵਿਚ ਅੰਗਰੇਜ਼ੀ ਦੀ ਪੜ੍ਹਾਈ ਸ਼ੁਰੂ ਕੀਤੀ ਗਈ ਹੈ ਪਰ ਜ਼ਿਆਦਾਤਰ ਮਾਪੇ ਪੰਜ ਸਾਲ ਤੋਂ ਪਹਿਲਾਂ ਹੀ ਬੱਚਿਆਂ ਨੂੰ ਇਹ ਦੂਜੀ ਭਾਸ਼ਾ ਪੜ੍ਹਾ ਰਹੇ ਹਨ। ਸਰਵੇਖਣ ਦੌਰਾਨ ਜਵਾਬ ਦੇਣ ਵਾਲੇ 2003 ਵਿਚੋਂ ਤਕਰੀਬਨ 70 ਫੀਸਦੀ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਦੇ ਆਪਣੇ ਬੱਚੇ ਜਾਂ ਜਾਣਕਾਰ ਬੱਚਿਆਂ ਨੇ ਪੰਜ ਸਾਲ ਤੋਂ ਪਹਿਲਾਂ ਹੀ ਅੰਗਰੇਜ਼ੀ ਸਿੱਖਣੀ ਸ਼ੁਰੂ ਕਰ ਦਿੱਤੀ।

ਇਸ ਦਾ ਮੁੱਖ ਕਾਰਨ ਚੀਨੀ ਮਾਪਿਆਂ ਦੀ ਇਹ ਧਾਰਨਾ ਹੈ ਕਿ ਇਹ ਉਨ੍ਹਾਂ ਦੇ ਬੱਚਿਆਂ ਲਈ ਮੁੱਢਲੀ ਉਮਰ ਵਿਚ ਹੀ ਲਾਭਕਾਰੀ ਰਹੇਗੀ। ਇਸ ਦਾ ਇਕ ਹੋਰ ਵੱਡਾ ਕਾਰਨ ਮਾਪਿਆਂ ਦਾ ਇਹ ਮੰਨਣਾ ਹੈ ਕਿ ਮੁੱਢਲੀ ਉਮਰ ਵਿਚ ਹੀ ਬੱਚੇ ਕਿਸੇ ਭਾਸ਼ਾ ਨੂੰ ਚੰਗੀ ਤਰ੍ਹਾਂ ਸਿੱਖ ਸਕਦੇ ਹਨ।

# ਇਟਲੀ ਦੇ ਜਲ ਸੈਨਿਕ ਨੂੰ ਵਤਨ ਜਾਣ ਦੀ ਆਗਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਰਲ ਦੇ ਤੱਟ 'ਤੇ ਭਾਰਤੀ ਮਛੇਰਿਆਂ ਦੀ ਹੱਤਿਆ ਦੇ ਇਕ ਦੋਸ਼ੀ ਇਟਲੀ ਦੇ ਜਲ ਸੈਨਿਕ ਸਾਲਵਾਤੋਰੇ ਗਿਰੋਨੇ ਨੂੰ ਆਪਣੇ ਮੁਲਕ ਵਾਪਸ ਜਾਣ ਦੀ ਆਗਿਆ ਦੇ ਦਿੱਤੀ ਹੈ ਹਾਲਾਂਕਿ ਕੁਝ ਸ਼ਰਤਾਂ ਵੀ ਰੱਖੀਆਂ ਹਨ।

ਇਸ ਤੋਂ ਪਹਿਲਾਂ 2014 ਵਿਚ ਇਕ ਦੋਸ਼ੀ ਇਟਲੀ ਵਾਪਸ ਗਿਆ ਸੀ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਦੋਸ਼ੀ ਦੀ ਪਟੀਸ਼ਨ ਦਾ ਸਮਰਥਨ ਕੀਤਾ ਸੀ ਤੇ ਕਿਹਾ ਸੀ ਕਿ ਉਸ ਦੀ ਗ੍ਰਿਫਤਾਰੀ ਨੂੰ ਚਾਰ ਸਾਲ ਹੋ ਚੁੱਕੇ ਹਨ। ਮਾਨਵਤਾ ਦੇ ਆਧਾਰ 'ਤੇ ਉਸ ਨੂੰ ਆਪਣੇ ਵਤਨ ਪਰਤਣ ਦੀ ਆਗਿਆ ਦੇਣੀ ਚਾਹੀਦੀ ਹੈ। ਅਦਾਲਤ ਨੇ ਇਟਲੀ ਦੇ ਰਾਜਦੂਤ ਨੂੰ ਵੀ ਆਦੇਸ਼ ਦਿੱਤੇ ਕਿ ਉਹ ਇਕ ਪੱਤਰ ਦੇਣ ਕਿ ਜਦੋਂ ਵੀ ਜਲ ਸੈਨਿਕ ਨੂੰ ਜਾਂਚ ਲਈ ਬੁਲਾਇਆ ਜਾਵੇ ਤਾਂ ਉਹ ਭਾਰਤ ਆਵੇਗਾ। ਗਿਰੋਨੇ ਫਿਲਹਾਲ ਜ਼ਮਾਨਤ 'ਤੇ ਰਿਹਾਅ ਹੈ ਤੇ ਦਿੱਲੀ ਸਥਿਤ ਦੂਤਾਵਾਸ ਭਵਨ ਵਿਚ ਰਹਿ ਰਿਹਾ ਹੈ। ਮਾਮਲੇ ਦੀ ਅਗਲੀ ਸੁਣਵਾਈ 20 ਸਤੰਬਰ ਨੂੰ ਹੋਵੇਗੀ।

ਅਦਾਲਤ ਨੇ ਸ਼ਰਤ ਰੱਖੀ ਹੈ ਕਿ ਦੋਸ਼ੀ ਦੇ ਵਤਨ ਪਰਤਦੇ ਸਾਰ ਉਸ ਨੂੰ ਆਪਣਾ ਪਾਸਪੋਰਟ ਭਾਰਤੀ ਦੂਤਾਵਾਸ ਵਿਚ ਜਮ੍ਹਾਂ ਕਰਵਾਉਣਾ ਹੋਵੇਗਾ ਤੇ ਇਕ ਮਹੀਨੇ ਅੰਦਰ ਭਾਰਤ ਆ ਕੇ ਪੁਲਿਸ ਸਟੇਸ਼ਨ ਵਿਚ ਰਿਪੋਰਟ ਦੇਣੀ ਹੋਵੇਗੀ। ਜ਼ਿਕਰਯੋਗ ਹੈ ਕਿ ਦੂਸਰਾ ਜਲ ਸੈਨਿਕ ਮੈਸੀਮਿਲੀਆਨੋ ਲਾਟੋਰੇ ਬਿਮਾਰੀ ਕਾਰਨ ਪਹਿਲਾਂ ਹੀ ਆਪਣੇ ਵਤਨ ਜਾ ਚੁੱਕਾ ਹੈ।

# ਭਾਰਤ ਤੇ ਚੀਨ ਵੱਲੋਂ ਦਹਿਸ਼ਤਵਾਦ ਦੇ ਖਾਤਮੇ ਦਾ ਅਹਿਦ

**ਪੇਇਚਿੰਗ:** ਚੀਨ ਨੇ ਭਾਰਤ ਨਾਲ ਮਿਲ ਕੇ ਸੰਯੁਕਤ ਰਾਸ਼ਟਰ ਸਮੇਤ ਹੋਰ ਮੋਰਚਿਆਂ 'ਤੇ ਵੀ ਦਹਿਸ਼ਤਗਰਦੀ ਨਾਲ ਨਜਿੱਠਣ ਵਿਚ ਸਹਿਯੋਗ ਵਧਾਉਣ ਦੀ ਇੱਛਾ ਜ਼ਾਹਰ ਕੀਤੀ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਚੀਨ ਦੀ ਚਾਰ ਦਿਨਾ ਯਾਤਰਾ ਦੀ ਸਮਾਪਤੀ ਮੌਕੇ ਆਪਣੇ ਦੌਰੇ ਨੂੰ ਲਾਹੇਵੰਦ ਅਤੇ ਉਸਾਰੂ ਦੱਸਿਆ।

ਸ੍ਰੀ ਮੁਖਰਜੀ ਨੇ ਆਸ ਜਤਾਈ ਕਿ ਚੀਨ ਬਿਜਲੀ ਦੀ ਕਮੀ ਨੂੰ ਪੂਰਾ ਕਰਨ ਲਈ ਭਾਰਤ ਨੂੰ ਸਿਵਲ ਪਰਮਾਣੂ ਪ੍ਰੋਗਰਾਮ ਵਿਚ ਯੋਗਦਾਨ ਪਾਏਗਾ। ਭਾਰਤ ਪਰਤਣ ਮੌਕੇ ਏਅਰ ਇੰਡੀਆ ਵਨ ਜਹਾਜ਼ ਵਿਚ ਮੀਡੀਆ ਨਾਲ ਗੱਲਬਾਤ ਦੌਰਾਨ ਉਨ੍ਹਾਂ ਦਾ ਦੋਵੇਂ ਮੁੱਦਿਆਂ 'ਤੇ ਬਿਆਨ ਅਹਿਮ ਹੈ ਕਿਉਂਕਿ ਚੀਨ ਨੇ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਖਿਲਾਫ਼ ਸੰਯੁਕਤ ਰਾਸ਼ਟਰ 'ਚ ਪਾਬੰਦੀ ਲਾਉਣ ਦੀ ਭਾਰਤ ਦੀ ਕਾਰਵਾਈ 'ਤੇ ਰੋਕ ਲਾ ਦਿੱਤੀ ਸੀ। ਇਸ ਤੋਂ ਇਲਾਵਾ ਚੀਨ ਨੇ ਭਾਰਤ ਦੇ ਪਰਮਾਣੂ ਸਪਲਾਇਰਜ਼ ਗਰੁੱਪ ਵਿਚ ਦਾਖਲੇ ਨੂੰ ਇਹ ਕਹਿ ਦੇ ਅੜਿੱਕਾ ਡਾਹਿਆ ਕਿ ਉਹ ਪਹਿਲਾਂ ਪਰਮਾਣੂ ਅਪਸਾਰ ਸੰਧੀ 'ਤੇ ਦਸਤਖ਼ਤ ਕਰੇ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਜਿੰਨੀਆਂ ਵੀ ਬੈਠਕਾਂ ਕੀਤੀਆਂ, ਉਸ ਵਿਚ ਅਤਿਵਾਦ ਦਾ ਮੁੱਦਾ ਅਹਿਮ ਰਿਹਾ। ਉਨ੍ਹਾਂ ਚੀਨੀ ਲੀਡਰਸ਼ਿਪ ਨੂੰ ਦੱਸਿਆ ਕਿ ਅਤਿਵਾਦ ਆਲਮੀ ਮੁੱਦਾ ਹੈ ਅਤੇ ਸਾਰੇ ਇਸ ਤੋਂ ਫਿਕਰਮੰਦ ਹਨ। ਉਨ੍ਹਾਂ ਕਿਹਾ ਕਿ ਭਾਰਤ ਸਾਢੇ ਤਿੰਨ ਦਹਾਕਿਆਂ ਤੋਂ ਅਤਿਵਾਦ ਨਾਲ ਪੀੜਤ ਹੈ। ਕੋਈ



ਚੰਗਾ ਜਾਂ ਬੁਰਾ ਦਹਿਸ਼ਤਗਰਦ ਨਹੀਂ ਹੁੰਦਾ। ਅਤਿਵਾਦ ਵਿਚਾਰਧਾਰਾ ਅਤੇ ਭੂਗੋਲਿਕ ਸਰਹੱਦਾਂ ਨੂੰ ਨਹੀਂ ਜਾਣਦਾ। ਉਨ੍ਹਾਂ ਦਾ ਇਕੋ ਇਕ ਮਕਸਦ ਤਬਾਹੀ ਮਚਾਉਣਾ ਹੁੰਦਾ ਹੈ। ਸ੍ਰੀ ਮੁਖਰਜੀ ਨੇ ਕਿਹਾ ਕਿ ਵਿਆਪਕ ਸਹਿਯੋਗ ਨਾਲ ਹੀ ਅਤਿਵਾਦ ਨਾਲ ਨਜਿੱਠਿਆ ਜਾ ਸਕਦਾ ਹੈ।

# ਤੇਜ਼ਾਬ ਪੀੜਤ ਲੜਕੀ ਨੇ ਰਾਸ਼ਟਰਪਤੀ ਤੋਂ ਮੰਗੀ ਇੱਛਾ ਮੌਤ

**ਨਡਾਲਾ:** ਤੇਜ਼ਾਬ ਪੀੜਤ ਲੜਕੀ ਨੇ ਇਨਸਾਫ ਨਾ ਮਿਲਣ ਉਤੇ ਦੇਸ਼ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਪੱਤਰ ਭੇਜ ਕੇ ਇੱਛਾ ਮੌਤ ਦੀ ਮੰਗ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਟਾਂਡੀ ਦਾਖਲੀ ਜ਼ਿਲ੍ਹਾ ਕਪੂਰਥਲਾ ਵਾਸੀ ਮਲਕੀਤ ਸਿੰਘ ਫੌਜੀ ਦੀ ਧੀ ਦਲਜੀਤ ਕੌਰ 'ਤੇ 10 ਜਨਵਰੀ 2010 ਨੂੰ ਨਡਾਲਾ-ਸੁਭਾਨਪੁਰ ਸੜਕ 'ਤੇ ਏਪੈਕਸ ਹਸਪਤਾਲ ਸਾਹਮਣੇ ਤਿੰਨ ਮੋਟਰਸਾਈਕਲ ਸਵਾਰਾਂ ਨੇ ਕਿਸੇ ਹੋਰ ਦੇ ਭੁਲੇਖੇ ਤੇਜ਼ਾਬ ਪਾ ਦਿੱਤਾ ਸੀ। ਤੇਜ਼ਾਬ ਪੈਣ ਨਾਲ ਉਸ ਦਾ ਸਿਰ, ਚਿਹਰਾ ਤੇ ਸਰੀਰ ਦੇ ਹੋਰ ਹਿੱਸੇ ਬੁਰੀ ਤਰ੍ਹਾਂ ਝੁਲਸ ਗਏ ਸਨ। ਇਸ ਬਾਰੇ ਥਾਣਾ ਸੁਭਾਨਪੁਰ ਵਿਚ ਕੇਸ ਦਰਜ ਕੀਤਾ ਗਿਆ ਸੀ। ਸੀ.ਆਈ.ਏ. ਜਲੰਧਰ ਦੇ ਸਟਾਫ ਅਧਿਕਾਰੀ ਅੰਗਰੇਜ਼ ਸਿੰਘ ਵੱਲੋਂ ਕੀਤੀ ਪੜਤਾਲ ਦੌਰਾਨ ਪੁਲਿਸ ਦੋਸ਼ੀਆਂ ਤੱਕ ਪਹੁੰਚ ਗਈ। ਕੇਸ ਚੱਲਿਆ ਅਤੇ ਹੁਣ ਤੱਕ ਛੇ ਜੱਜ ਤਬਦੀਲ ਹੋ ਚੁੱਕੇ ਹਨ। ਜਦੋਂ ਵੀ ਕੋਈ ਇਨਸਾਫ ਦੀ ਗੱਲ ਤੁਰਦੀ ਹੈ ਤਾਂ ਜੱਜ ਬਦਲ ਜਾਂਦਾ ਹੈ। ਇਸ ਵੇਲੇ ਦੋ ਦੋਸ਼ੀ ਜ਼ਮਾਨਤ 'ਤੇ ਹਨ। ਇਕ ਦੋਸ਼ੀ ਨਾਬਾਲਗ ਹੋਣ ਦਾ ਲਾਭ ਲੈ ਕੇ ਵਿਦੇਸ਼ ਚਲਾ ਗਿਆ।

ਦਲਜੀਤ ਕੌਰ ਨੇ ਰਾਸ਼ਟਰਪਤੀ ਨੂੰ ਕਿਹਾ ਹੈ ਕਿ ਉਹ ਛੇ ਸਾਲਾਂ ਤੋਂ ਇਨਸਾਫ ਲਈ ਜੂਝ ਰਹੀ ਹੈ। ਮੱਠੀ ਰਫਤਾਰ ਨਾਲ ਚੱਲਦੇ ਕੇਸ ਦਾ ਦੋਸ਼ੀ ਲਾਭ ਲੈ ਰਹੇ ਹਨ। ਉਸ ਨੂੰ ਸੱਤ ਲੱਖ ਰੁਪਏ ਸਮਝੌਤੇ ਲਈ ਦਿੱਤੇ ਜਾ ਰਹੇ ਸਨ ਪਰ ਉਸ ਨੇ ਨਿਆਪਾਲਿਕਾ 'ਤੇ ਭਰੋਸਾ ਹੋਣ ਕਰ ਕੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੀ ਉਮੀਦ ਨਾਲ ਇਹ ਪੇਸ਼ਕਸ਼ ਠੁਕਰਾ ਦਿੱਤੀ। ਘਟਨਾ ਸਮੇਂ ਉਹ 19 ਸਾਲ ਦੀ ਸੀ ਅਤੇ ਉਸ ਦੀ ਮੰਗਣੀ ਇਕ




ਐਨ.ਆਰ.ਆਈ. ਲੜਕੇ ਨਾਲ ਹੋਈ ਸੀ, ਪਰ ਇਸ ਘਟਨਾ ਤੋਂ ਬਾਅਦ ਉਨ੍ਹਾਂ ਨੇ ਮੂੰਹ ਮੋੜ ਲਿਆ। ਇਸ ਵੇਲੇ ਉਹ 26 ਸਾਲ ਦੀ ਹੋ ਚੁੱਕੀ ਹੈ। ਬਦਸੂਰਤ ਚਿਹਰਾ ਦੇਖ ਕੇ ਕੋਈ ਲੜਕਾ ਵਿਆਹ ਕਰਨ ਲਈ ਤਿਆਰ ਨਹੀਂ।

ਪੀੜਤਾ ਨੇ ਕਿਹਾ ਕਿ ਉਸ ਨੇ ਇਨਸਾਫ ਲਈ ਕੋਈ ਵੀ ਦਰ ਛੱਡਿਆ ਨਹੀਂ। ਹਾਈ ਕੋਰਟ ਵਿਚ ਜਨਹਿਤ ਪਟੀਸ਼ਨ ਪਾਈ। ਘਰ ਵਿਚ ਅਤਿ ਦੀ ਗਰੀਬੀ ਹੋਣ ਕਾਰਨ 10 ਲੱਖ ਰੁਪਏ ਦੀ ਸਰਕਾਰੀ ਮਦਦ ਤੇ ਨੌਕਰੀ ਦੀ ਮੰਗ ਕੀਤੀ। ਤਕਰੀਬਨ ਦੋ ਸਾਲ ਬਾਅਦ ਕੇਸ ਡਿਸਮਿਸ ਹੋ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਡੀ.ਸੀ. ਤੇ ਸਥਾਨਕ ਐਸ.ਡੀ.ਐਮ. ਰਾਹੀਂ ਜਾਂਚ ਕਰਵਾਈ ਗਈ, ਕੇਸ ਸਹੀ ਪਾਇਆ ਪਰ ਫਿਰ ਵੀ ਇਨਸਾਫ ਨਹੀਂ ਮਿਲਿਆ। ਉਸ ਨੇ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਪੱਤਰ ਭੇਜਿਆ, ਪਰ ਉਥੋਂ ਵੀ ਕੋਈ ਜਵਾਬ ਨਾ ਮਿਲਿਆ। ਦਲਜੀਤ ਕੌਰ ਨੇ ਦੱਸਿਆ ਕਿ ਆਰਥਿਕ ਤੰਗੀ ਕਾਰਨ ਉਸ ਦੇ ਇਲਾਜ ਲਈ ਘਰ ਵੀ ਗਹਿਣੇ ਕਰਨਾ ਪਿਆ। ਹੁਣ ਤੱਕ ਛੇ ਪਲਾਸਟਿਕ ਸਰਜਰੀਆਂ ਕਰਵਾਈਆਂ ਗਈਆਂ ਹਨ ਅਤੇ ਏਨੀਆਂ ਹੀ ਹੋਰ ਕਰਵਾਉਣੀਆਂ ਹਨ। ਉਸ ਨੇ ਰਾਸ਼ਟਰਪਤੀ ਨੂੰ ਕਿਹਾ ਕਿ ਉਸ ਦੀ ਜ਼ਿੰਦਗੀ ਨਰਕ ਬਣ ਚੁੱਕੀ ਹੈ ਅਤੇ ਉਹ ਆਪਣੇ ਮਾਤਾ ਪਿਤਾ 'ਤੇ ਹੋਰ ਬੋਝ ਨਹੀਂ ਬਣ ਸਕਦੀ। ਇਸ ਲਈ ਉਸ ਨੂੰ ਤੁਰਤ ਇੱਛਾ ਮੌਤ ਦੀ ਆਗਿਆ ਦਿੱਤੀ ਜਾਵੇ। ਦਲਜੀਤ ਕੌਰ ਨੇ ਇਸ ਪੱਤਰ ਦੀਆਂ ਕਾਪੀਆਂ ਪ੍ਰਧਾਨ ਮੰਤਰੀ, ਨਿਆਂ ਮੰਤਰੀ, ਹਰਸਿਮਰਤ ਕੌਰ ਬਾਦਲ, ਮੁੱਖ ਮੰਤਰੀ ਪੰਜਾਬ, ਮੁੱਖ ਮੰਤਰੀ ਦਿੱਲੀ, ਚੀਫ ਜਸਟਿਸ ਹਾਈ ਕੋਰਟ ਤੇ ਸੁਪਰੀਮ ਕੋਰਟ ਨੂੰ ਵੀ ਭੇਜੀਆਂ ਹਨ।

# ਭਾਰਤ ਸਰਕਾਰ ਕਤਲੇਆਮ 84 ਲਈ ਮੁਆਫੀ ਮੰਗੇ: ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਤਕਰੀਬਨ ਇਕ ਸਦੀ ਪਹਿਲਾਂ 1914 ਦੌਰਾਨ ਕੈਨੇਡਾ ਤੱਟ 'ਤੇ ਕਾਮਾਗਾਟਾਮਾਰੂ ਜਹਾਜ਼ ਵਿਚ ਸਵਾਰ ਭਾਰਤੀ ਸਿੱਖ ਯਾਤਰੀਆਂ ਨਾਲ ਹੋਈ ਵਧੀਕੀ ਨੂੰ ਅਣਮਨੁੱਖੀ ਮੰਨਦਿਆਂ ਉੱਤਰੀ ਅਮਰੀਕੀ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਸੰਸਦ ਵਿਚ ਮੁਆਫੀ ਮੰਗਣ ਨੂੰ ਇਤਿਹਾਸਕ ਪਹਿਲ ਕਰਾਰ ਦੇ ਕੇ ਸ਼੍ਰੋਮਣੀ ਕਮੇਟੀ ਨੇ ਇਸੇ ਤਰਜ਼ 'ਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜੂਨ 1984 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫੌਜੀ ਹਮਲੇ, ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਸਿੱਖ ਕਤਲੇਆਮ, ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਬੇਦੋਸ਼ੇ ਸਿੱਖਾਂ ਲਈ ਭਾਰਤੀ ਸੰਸਦ ਵਿਚ ਭਾਈਚਾਰੇ ਤੋਂ ਮੁਆਫੀ ਮੰਗੀ ਜਾਵੇ।

ਪ੍ਰਧਾਨ ਸ਼੍ਰੋਮਣੀ ਕਮੇਟੀ ਅਵਤਾਰ ਸਿੰਘ ਨੇ ਕਿਹਾ ਕਿ ਮੁਆਫੀ ਮੰਗਣ ਤੋਂ ਇਲਾਵਾ ਉਕਤ ਵਧੀਕੀਆਂ ਲਈ ਸਿੱਖਾਂ ਨੂੰ ਇਨਸਾਫ ਦਿਵਾਉਣ ਬਾਬਤ ਸੁਪਰੀਮ ਕੋਰਟ ਦੇ ਤਿੰਨ ਜੱਜਾਂ 'ਤੇ ਅਧਾਰਿਤ ਇਕ ਟਰੁੱਥ (ਸੱਚਾਈ) ਕਮਿਸ਼ਨ ਕਾਇਮ ਕਰੇ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇੜਲੇ ਖੇਤਰ ਨੂੰ ਪੈਦਲ ਜ਼ੋਨ ਐਲਾਨਣ ਦੇ ਸਰਕਾਰੀ ਫੈਸਲੇ ਦਾ ਭਾਜਪਾ ਸਮੇਤ ਕੁਝ ਹੋਰਨਾਂ ਸਿਆਸਤਦਾਨਾਂ ਵੱਲੋਂ ਵਿਰੋਧ ਕੀਤੇ ਜਾਣ ਉਤੇ ਅਸਿੱਧੀ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਮੁਕੱਦਸ



ਅਸਥਾਨ ਸਮੁੱਚੀ ਮਨੁੱਖਤਾ ਲਈ ਖਿੱਚ ਦਾ ਕੇਂਦਰ ਹੈ ਅਤੇ ਵਿਸ਼ਵ ਭਰ ਤੋਂ ਇਥੇ ਪੁੱਜਦੀਆਂ ਸੰਗਤਾਂ ਦੀ ਆਮਦ ਨੂੰ ਟ੍ਰੈਫਿਕ ਸਮੱਸਿਆ ਤੋਂ ਨਿਰਵਿਘਨ ਰਾਹਤ ਯਕੀਨੀ ਬਣਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਸਾਰੇ ਧਰਮਾਂ ਦੇ ਧਾਰਮਿਕ ਅਸਥਾਨਾਂ ਤੇ ਕੇਂਦਰ ਸਥਲ 'ਤੇ ਪੁੱਜਣ ਤੋਂ ਪਹਿਲਾਂ ਪੈਦਲ ਜ਼ੋਨ ਬਣੇ ਹੋਏ ਹਨ।

# ਪਾਣੀ ਦੇ ਸੰਕਟ ਨਾਲ ਦੋ-ਦੋ ਹੱਥ ਕਰਨ ਲਈ ਤਿਆਰ ਰਹੇ ਭਾਰਤ

**ਨਵੀਂ ਦਿੱਲੀ:** ਭਾਰਤ ਦੇ ਜਲ ਭੰਡਾਰ ਤੇਜ਼ੀ ਨਾਲ ਸੁੱਕ ਰਹੇ ਹਨ। ਦੇਸ਼ ਦੇ ਮੁੱਖ 91 ਜਲ ਭੰਡਾਰਾਂ ਵਿਚ ਪਾਣੀ ਸਿਰਫ 17 ਫੀਸਦੀ ਰਹਿ ਗਿਆ ਹੈ। ਕੇਂਦਰੀ ਜਲ ਸਰੋਤਾਂ ਬਾਰੇ ਮੰਤਰਾਲੇ ਮੁਤਾਬਕ 26 ਮਈ ਤੱਕ ਦੇਸ਼ ਦੇ 91 ਜਲ ਭੰਡਾਰਾਂ ਵਿਚ ਪਾਣੀ 157.799 ਅਰਬ ਘਣ ਮੀਟਰ ਦੀ ਥਾਂ 26.816 ਅਰਬ ਘਣ ਮੀਟਰ ਰਹਿ ਗਿਆ ਹੈ। ਬੀਤੇ ਸਾਲ ਇਸ ਸਮੇਂ ਜਲ ਭੰਡਾਰਾਂ ਵਿਚ ਪਾਣੀ ਮੌਜੂਦਾ ਸਮੇਂ ਤੋਂ 45 ਫੀਸਦੀ ਵੱਧ ਸੀ, ਜੇ ਦਸ ਸਾਲਾਂ ਦੀ ਔਸਤ ਕੱਢੀਏ ਤਾਂ ਇਹ ਪੱਧਰ 21 ਫੀਸਦੀ ਹੇਠਾਂ ਹੈ। ਦੇਸ਼ ਦੇ ਪੰਜਾਬ, ਹਿਮਾਚਲ ਪ੍ਰਦੇਸ਼, ਤਿਲੰਗਾਨਾ, ਪੱਛਮੀ ਬੰਗਾਲ, ਉੜੀਸਾ, ਝਾਰਖੰਡ, ਮਹਾਰਾਸ਼ਟਰ, ਗੁਜਰਾਤ, ਉੱਤਰ ਪ੍ਰਦੇਸ਼, ਉੱਤਰਾਖੰਡ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਾਮਿਲ ਨਾਡੂ, ਕਰਨਾਟਕ ਅਤੇ ਕੇਰਲਾ ਵਿਚਲੇ ਜਲ ਭੰਡਾਰਾਂ ਦੇ ਪਾਣੀ ਦਾ ਪੱਧਰ ਹੇਠਾਂ ਡਿੱਗ ਗਿਆ ਹੈ, ਜਦ ਕਿ ਆਂਧਰਾ ਪ੍ਰਦੇਸ਼, ਤ੍ਰਿਪੁਰਾ ਅਤੇ ਰਾਜਸਥਾਨ ਦੇ ਜਲ ਭੰਡਾਰਾਂ ਦੀ ਹਾਲਤ ਹੋਰਾਂ ਨਾਲੋਂ ਬਿਹਤਰ ਹੈ। ਦੇਸ਼ ਵਿਚ 37 ਵੱਡੇ ਜਲ ਭੰਡਾਰ ਹਨ ਜਿਨ੍ਹਾਂ ਦੀ ਕੁੱਲ ਸਮਰੱਥਾ 253.88 ਅਰਬ ਘਣ ਮੀਟਰ ਪਾਣੀ ਦੀ ਹੈ।

ਦੇਸ਼ ਵਿਚ ਆਮ ਨਾਲੋਂ ਘੱਟ ਬਰਸਾਤ ਹੋਣ ਕਾਰਨ 13 ਰਾਜਾਂ ਵਿਚ ਪਾਣੀ ਦਾ ਗੰਭੀਰ ਸੰਕਟ ਪੈਦਾ ਹੋ ਗਿਆ ਹੈ ਤੇ ਪੰਜਾਬ ਵੀ ਹੌਲੀ-ਹੌਲੀ ਇਸ ਸੰਕਟ ਵੱਲ ਵਧ ਰਿਹਾ ਹੈ। ਪੰਜਾਬ ਦੇ ਤਿੰਨ ਡੈਮਾਂ ਵਿਚ ਪਿਛਲੇ ਸਾਲ ਦੇ ਮੁਕਾਬਲੇ ਪਾਣੀ ਘਟਣ ਕਾਰਨ ਹਾਲਾਤ ਚਿੰਤਾਜਨਕ ਬਣ ਰਹੇ ਹਨ। ਦੂਜੇ ਪਾਸੇ ਇਸ ਵਾਰ ਮੌਨਸੂਨ ਆਮ ਨਾਲੋਂ ਵੱਧ ਰਹਿਣ ਦੀ ਸੰਭਾਵਨਾ ਕਾਰਨ ਆਸਾਂ ਹਾਲੇ ਹਰੀਆਂ ਹਨ। ਡੈਮਾਂ ਵਿਚ ਪਾਣੀ ਘਟਣ ਦੇ ਮੱਦੇਨਜ਼ਰ ਜੂਨ ਮਹੀਨੇ ਲਈ ਸਬੰਧਤ ਰਾਜਾਂ ਲਈ ਪਾਣੀ ਦੀ ਮਾਤਰਾ ਨਿਸ਼ਚਿਤ ਕਰਨ ਲਈ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਵੱਲੋਂ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ।

ਬੀ.ਬੀ.ਐਮ.ਬੀ. ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਭਾਖੜਾ ਡੈਮ ਵਿਚ ਪਾਣੀ ਪਿਛਲੇ ਸਾਲ ਦੇ ਮੁਕਾਬਲੇ ਲਗਪਗ 98 ਫੁੱਟ ਨੀਵਾਂ ਹੈ। ਪਿਛਲੇ ਸਾਲ 26 ਮਈ ਨੂੰ ਇਸ ਵਿਚ 1665.55 ਫੁੱਟ ਪਾਣੀ ਸੀ ਪਰ ਇਸ ਵਾਰ ਇਸ ਦਾ ਪੱਧਰ 1567.66 ਫੁੱਟ ਹੈ। ਪੌਂਗ ਡੈਮ ਵਿਚ ਵੀ ਪਿਛਲੇ ਸਾਲ ਪਾਣੀ 1331.12 ਫੁੱਟ ਦੇ ਮੁਕਾਬਲੇ 1284.93 ਫੁੱਟ ਹੈ। ਰਣਜੀਤ ਸਾਗਰ ਡੈਮ (ਥੀਨ ਡੈਮ) ਦੀ ਸਥਿਤੀ ਵੀ ਵੱਖਰੀ ਨਹੀਂ ਹੈ। ਪਿਛਲੇ ਸਾਲ ਥੀਨ ਡੈਮ ਵਿਚ ਪਾਣੀ ਦਾ ਪੱਧਰ 522.12 ਮੀਟਰ ਸੀ ਪਰ ਇਸ ਵਾਰ ਘਟ ਕੇ ਇਹ 504.16 ਮੀਟਰ ਰਹਿ ਗਿਆ ਹੈ। ਅਧਿਕਾਰੀ ਇਸ ਸਥਿਤੀ ਨੂੰ ਗੰਭੀਰ ਨਹੀਂ ਮੰਨ ਰਹੇ ਕਿਉਂਕਿ ਅਗਲੇ ਦਿਨਾਂ ਵਿਚ ਬਰਫ ਦੇ ਪਿਘਲਣ ਅਤੇ ਬਰਸਾਤ ਦੀ ਵੱਧ ਸੰਭਾਵਨਾ ਕਰ ਕੇ ਪਾਣੀ ਪੂਰਾ ਹੋਣ ਦੀ ਉਮੀਦ ਹੈ।

ਬੀ.ਬੀ.ਐਮ.ਬੀ. ਮੁਤਾਬਕ ਆਮ ਨਾਲੋਂ ਵੱਧ ਮੌਨਸੂਨ ਦਾ ਅਨੁਮਾਨ ਦੇਸ਼ ਭਰ ਦੇ ਔਸਤ ਉੱਤੇ ਆਧਾਰਤ ਹੁੰਦਾ ਹੈ। ਦੇਸ਼ ਵਿਚ ਪਿਛਲੇ ਦੋ ਸਾਲ ਬੇਸ਼ੱਕ ਬਰਸਾਤ ਆਮ ਨਾਲੋਂ ਘੱਟ ਸੀ ਪਰ ਹਿਮਾਚਲ ਪ੍ਰਦੇਸ਼ ਵਿਚ ਜ਼ਿਆਦਾ ਬਰਸਾਤ ਕਾਰਨ ਡੈਮਾਂ ਵਿਚ ਪਾਣੀ ਦਾ ਸੰਕਟ ਨਹੀਂ ਪੈਦਾ ਨਹੀਂ ਹੋਇਆ। ਹੁਣ ਵੀ ਡੈਮਾਂ ਦੇ ਪਾਣੀ ਦਾ ਪੱਧਰ ਹਿਮਾਚਲ ਵਿਚਲੀ ਬਰਸਾਤ ਉੱਤੇ ਨਿਰਭਰ ਕਰੇਗਾ। ਪੰਜਾਬ ਦੇ ਸਿੰਜਾਈ ਵਿਭਾਗ ਦੇ ਸਕੱਤਰ ਕਾਹਨ ਸਿੰਘ ਪੰਨੂ ਦਾ ਕਹਿਣਾ ਹੈ ਕਿ ਪੌਂਗ ਡੈਮ ਅਤੇ ਰਣਜੀਤ ਸਾਗਰ ਡੈਮ ਦੀ ਮੁਰੰਮਤ ਕਾਰਨ ਪਾਣੀ ਦਾ ਪੱਧਰ ਨੀਵਾਂ ਹੋ ਸਕਦਾ ਹੈ ਤੇ ਅਗਲੇ ਦਿਨਾਂ ਵਿਚ ਇਹ ਪੱਧਰ ਉੱਚਾ ਹੋ ਸਕਦਾ ਹੈ।

ਸੂਤਰਾਂ ਅਨੁਸਾਰ ਪੰਜਾਬ ਵਿਚ ਭਾਗਸਰ ਤੇ ਲੰਬੀ ਮਾਈਨਰਾਂ ਦੀ ਮੁਰੰਮਤ ਲਈ ਪੈਸਾ ਦੇਰੀ ਨਾਲ ਜਾਰੀ ਹੋਣ ਕਾਰਨ ਕੰਮ ਸਮੇਂ ਸਿਰ ਸ਼ੁਰੂ ਨਹੀਂ ਹੋਇਆ ਅਤੇ ਖੇਤੀ ਵਿਭਾਗ ਅਨੁਸਾਰ 50 ਤੋਂ 60 ਹਜ਼ਾਰ ਹੈਕਟੇਅਰ ਰਕਬਾ ਕਪਾਹ ਦੀ ਬਿਜਾਈ ਤੋਂ ਰਹਿ ਗਿਆ ਹੈ।

ਸਿੰਜਾਈ ਵਿਭਾਗ ਦਾ ਮੰਨਣਾ ਹੈ ਕਿ ਇਹ ਖੇਤਰ ਝੋਨੇ ਵਾਲਾ ਹੀ ਹੈ, ਜਿਥੇ 15 ਜੂਨ ਤੋਂ ਬਾਅਦ ਪਾਣੀ ਦੀ ਲੋੜ ਪਵੇਗੀ। ਪੰਜਾਬ ਵਿਚ ਲਗਪਗ 73 ਫੀਸਦੀ ਰਕਬਾ ਟਿਊਬਵੈੱਲਾਂ ਰਾਹੀਂ ਸਿੰਜਿਆ ਜਾਂਦਾ ਹੈ ਅਤੇ ਸਿਰਫ 27 ਫੀਸਦੀ ਰਕਬਾ ਹੀ ਨਹਿਰੀ ਪਾਣੀ ਉੱਤੇ ਨਿਰਭਰ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾਣ ਕਰਨ ਪੰਜਾਬ ਵਿਚ ਪਾਣੀ ਦਾ ਸੰਕਟ ਵਧਦਾ ਜਾ ਰਿਹਾ ਹੈ ਅਤੇ ਇਸ ਦਾ ਸਿੱਧਾ ਸਬੰਧ ਨਹਿਰੀ ਪਾਣੀ ਨਾਲ ਵੀ ਹੈ।

### ਭਵਿੱਖ ਵਿਚ ਪਾਣੀ ਦੀ ਥੁੜ ਬਾਰੇ ਪੇਸ਼ੀਨਗੋਈ



### ਪੀਣਯੋਗ ਨਹੀਂ ਰਿਹਾ ਪੰਜਾਬ ਦਾ ਪਾਣੀ

**ਚੰਡੀਗੜ੍ਹ:** ਜੇਕਰ ਤੁਹਾਡੇ ਘਰ ਵੀ ਆਰ.ਓ. ਨਹੀਂ ਤੇ ਤੁਸੀਂ ਵੀ ਪਾਣੀ ਦੀ 20 ਲੀਟਰ ਵਾਲੀ ਬੋਤਲ ਖਰੀਦ ਕੇ ਇਹ ਸੋਚ ਰਹੇ ਹੋ ਕਿ ਤੁਸੀਂ ਸਾਫ ਪਾਣੀ ਪੀ ਰਹੇ ਹੋ, ਤਾਂ ਤੁਸੀਂ ਗਲਤ ਹੋ। ਕਿਉਂਕਿ ਪੰਜਾਬ ਭਰ ਵਿਚ ਵੱਡੀ ਗਿਣਤੀ ਵਿਚ ਪਾਣੀ ਤੇ ਸਰੋਂ ਦੇ ਤੇਲ ਦੇ ਸੈਂਪਲ ਫੇਲ ਹੋ ਰਹੇ ਹਨ। ਇਹ ਖੁਲਾਸਾ ਖੁਦ ਪੰਜਾਬ ਦੇ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚੋਂ ਕਈ ਥਾਵਾਂ ਤੋਂ ਲਏ ਗਏ ਪਾਣੀ ਤੇ ਸਰੋਂ ਦੇ ਤੇਲ ਦੇ ਸੈਂਪਲ ਫੇਲ੍ਹ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਵੀ ਸੈਂਪਲ ਫੇਲ੍ਹ ਰਹੇ ਹਨ, ਉਨ੍ਹਾਂ ਕੰਪਨੀਆਂ ਨੂੰ 30 ਦਿਨ ਦੇ ਸਮੇਂ ਵਿਚ ਆਪਣਾ ਜਵਾਬ ਦੇਣ ਦੇ ਲਈ ਕਿਹਾ ਗਿਆ ਹੈ। ਮੰਤਰੀ ਨੇ ਕਿਹਾ ਹੈ ਕਿ ਇਸ ਨੋਟਿਸ ਪੀਰੀਅਡ ਤੋਂ ਬਾਅਦ ਕੰਪਨੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਹਾਲੇ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ ਤੇ ਵਿਭਾਗ ਵੱਲੋਂ ਕਿਸੇ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਮਾਮਲੇ ਦੀ ਕਾਰਵਾਈ ਪੂਰੀ ਹੋਣ ਤੋਂ ਬਾਅਦ ਸਰਕਾਰ ਕੀ ਕਦਮ ਚੁੱਕਦੀ ਹੈ।

# ਬੋਸ ਨੂੰ ਭਾਰਤ ਰਤਨ ਦੇਣਾ ਚਾਹੁੰਦੀ ਸੀ ਨਰਸਿਮਹਾ ਰਾਓ ਸਰਕਾਰ

**ਨਵੀਂ ਦਿੱਲੀ:** ਸੰਸਕ੍ਰਿਤੀ ਮੰਤਰਾਲੇ ਵੱਲੋਂ ਜਾਰੀ ਇਕ ਫਾਈਲ ਅਨੁਸਾਰ ਸਾਲ 1991 ਵਿਚ ਪੀ.ਵੀ. ਨਰਸਿਮਹਾ ਰਾਓ ਦੀ ਸਰਕਾਰ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਮਰਨ ਉਪਰੰਤ ਭਾਰਤ ਰਤਨ ਦੇਣ ਦੀ ਤਿਆਰੀ ਕਰ ਲਈ ਸੀ ਪਰ ਨੇਤਾ ਜੀ ਦੇ ਪਰਿਵਾਰ ਨੇ ਇਸ ਸਨਮਾਨ ਨੂੰ ਲੈਣ ਤੋਂ ਇਸ ਆਧਾਰ 'ਤੇ ਇਨਕਾਰ ਕਰ ਦਿੱਤਾ ਸੀ ਕਿ ਉਹ ਮੰਨਦੇ ਹੀ ਹਨ ਕਿ ਨੇਤਾ ਜੀ ਦੀ ਮੌਤ ਹੋ ਚੁੱਕੀ ਹੈ। ਸੰਸਕ੍ਰਿਤ ਮੰਤਰਾਲੇ ਵੱਲੋਂ ਜੋ 25 ਫਾਈਲਾਂ ਜਾਰੀ ਕੀਤੀਆਂ ਜਾ ਰਹੀਆਂ ਹਨ, ਇਹ ਜਾਣਕਾਰੀ ਉਨ੍ਹਾਂ ਫਾਈਲਾਂ ਵਿਚੋਂ ਦੋ ਦਾ ਹਿੱਸਾ ਹੈ। ਵਰਨਣਯੋਗ ਹੈ ਕਿ ਨੇਤਾ ਜੀ ਨੂੰ ਭਾਰਤ ਰਤਨ ਦੇਣ ਦੀ ਮੰਗ ਰਾਜ ਸਭਾ ਵਿਚ ਭਾਜਪਾ ਸੰਸਦ ਮੈਂਬਰ ਪ੍ਰਮੋਦ ਮਹਾਜਨ ਨੇ ਉਠਾਈ ਸੀ।



ਇਕ ਫਾਈਲ ਅਨੁਸਾਰ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਕਾਬੁਲ ਸਥਿਤ ਉਸ ਘਰ ਨੂੰ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ ਜਿਸ ਵਿਚ ਅਫਗਾਨਿਸਤਾਨ ਯਾਤਰਾ ਦੌਰਾਨ ਨੇਤਾ ਜੀ ਠਹਿਰੇ ਸਨ। ਇਕ ਹੋਰ ਫਾਈਲ ਅਨੁਸਾਰ ਨੇਤਾ ਜੀ ਦੀ ਮੌਤ 'ਤੇ ਬਣੀਆਂ ਤਿੰਨ ਕਮੇਟੀਆਂ ਵਿਚੋਂ ਇਕ ਦੀ ਰਿਪੋਰਟ ਦੇ ਕਈ ਪੰਨੇ ਗਾਇਬ ਹਨ। ਸੂਤਰਾਂ ਅਨੁਸਾਰ ਇਹ ਪੰਨੇ ਸੱਤਰ ਦੇ ਦਹਾਕੇ ਵਿਚ ਗਾਇਬ ਹੋਏ ਦੱਸੇ ਜਾਂਦੇ ਹਨ ਤੇ ਅੱਸੀ ਦੇ ਦਹਾਕੇ 'ਚ ਇਨ੍ਹਾਂ ਪੰਨਿਆਂ ਦੇ ਗਾਇਬ ਹੋਣ ਦੀ ਜਾਣਕਾਰੀ ਸਾਹਮਣੇ ਆਈ।

ਨੇਤਾ ਜੀ ਬਾਰੇ ਇਕ ਹੋਰ ਖੁਲਾਸਾ ਹੋਇਆ ਹੈ- ਮੰਨਿਆ ਜਾਂਦਾ ਹੈ ਕਿ ਬਰਤਾਨਵੀ ਸਰਕਾਰ ਨੇ ਦੂਜੇ ਵਿਸ਼ਵ ਯੁੱਧ ਵਿਚ ਮਿੱਤਰ ਦੇਸ਼ਾਂ ਖਿਲਾਫ਼ ਸੈਨਿਕ ਵਿਰੋਧ ਕਰਨ ਦੇ ਚੱਲਦੇ ਉਨ੍ਹਾਂ ਨੂੰ ਵਾਰ ਆਫ ਕ੍ਰਿਮਨਲ ਕਰਾਰ ਦਿੱਤਾ ਸੀ, ਪਰ ਹੁਣ ਜੋ ਫਾਈਲ ਸਾਹਮਣੇ ਆਈ ਹੈ, ਉਸ ਅਨੁਸਾਰ ਬਰਤਾਨੀਆ ਨੇ ਕਦੇ ਵੀ ਨੇਤਾ ਜੀ ਨੂੰ ਵਾਰ ਆਫ ਕ੍ਰਿਮਨਲ ਨਹੀਂ ਮੰਨਿਆ ਸੀ।

# ਓਬਾਮਾ ਵੱਲੋਂ ਹੀਰੋਸ਼ੀਮਾ ਪੀੜਤਾਂ ਦੇ ਜ਼ਖਮਾਂ 'ਤੇ ਮੱਲ੍ਹਮ

**ਹੀਰੋਸ਼ੀਮਾ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਜਾਪਾਨ ਦੇ ਹੀਰੋਸ਼ੀਮਾ ਸ਼ਹਿਰ ਦਾ ਦੌਰਾ ਕਰਨ ਵਾਲੇ ਪਹਿਲੇ ਅਮਰੀਕੀ ਰਾਸ਼ਟਰਪਤੀ ਬਣ ਗਏ, ਜਿਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਵਿਸ਼ਵ ਦੇ ਪਹਿਲੇ ਪਰਮਾਣੂ ਹਮਲੇ ਦੇ ਪ੍ਰਭਾਵਿਤ ਸ਼ਹਿਰ ਦਾ ਦੌਰਾ ਕੀਤਾ ਹੈ। ਓਬਾਮਾ ਨੇ ਅਮਰੀਕੀ ਪਰਮਾਣੂ ਹਮਲੇ 'ਚ ਮਾਰੇ ਗਏ ਲੋਕਾਂ ਨੂੰ 'ਹੀਰੋਸ਼ੀਮਾ ਪੀਸ ਮੈਮੋਰੀਅਲ' ਪਾਰਕ ਵਿਚ ਜਾ ਕੇ ਸ਼ਰਧਾਂਜਲੀ ਭੇਟ ਕੀਤੀ।

ਪਰਮਾਣੂ ਹਮਲੇ ਦੇ ਸਮਾਰਕ 'ਤੇ ਰੀਥ ਰੱਖ ਕੇ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਓਬਾਮਾ ਨੇ ਕਿਹਾ ਕਿ 71 ਸਾਲ ਪਹਿਲਾਂ ਅਸਮਾਨ ਤੋਂ ਮੌਤ ਆਈ ਸੀ, ਜਿਸ ਨੇ ਪੂਰੀ ਦੁਨੀਆਂ ਨੂੰ ਬਦਲ ਦਿੱਤਾ ਸੀ। ਰੀਥ ਭੇਟ ਕਰਨ ਮੌਕੇ ਓਬਾਮਾ ਬਹੁਤ ਸ਼ਾਂਤ ਤੇ ਉਦਾਸ ਮੁਦਰਾ ਵਿਚ ਸਨ ਅਤੇ ਉਨ੍ਹਾਂ ਨੇ ਥੋੜ੍ਹੀ ਦੇਰ ਲਈ ਆਪਣੀਆਂ ਅੱਖਾਂ ਬੰਦ ਰੱਖੀਆਂ। ਇਸ ਦੇ ਬਾਅਦ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਅਬੇ ਨੇ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਓਬਾਮਾ ਨੇ ਕਿਹਾ ਕਿ ਇਸ ਹਮਲੇ ਨੇ ਦਿਖਾਇਆ ਕਿ ਕਿਸ ਤਰ੍ਹਾਂ ਮਨੁੱਖ ਕੋਲ ਆਪਣੇ ਆਪ ਨੂੰ ਤਬਾਹ ਕਰਨ ਦੇ ਸਾਰੇ ਸਾਮਾਨ ਮੌਜੂਦ ਹਨ। ਓਬਾਮਾ ਨੇ ਕਿਹਾ ਕਿ ਉਨ੍ਹਾਂ ਦੀਆਂ ਆਤਮਾਵਾਂ ਸਾਨੂੰ ਆਪਣੇ ਅੰਦਰ ਝਾਕਣ ਲਈ ਕਹਿੰਦੀਆਂ ਹਨ ਤਾਂ ਕਿ ਅਸੀਂ ਜਾਣ ਸਕੀਏ ਕਿ ਆਖਰ ਅਸੀਂ ਕੌਣ ਹਾਂ?

ਮਨੁੱਖੀ ਵਸੀਲਿਆਂ ਦੇ ਵਿਕਾਸ ਬਗੈਰ ਕਿਸੇ ਵੀ ਤਰ੍ਹਾਂ ਦਾ ਤਕਨੀਕੀ ਵਾਧਾ ਸਾਨੂੰ ਡੁਬੋ ਸਕਦਾ ਹੈ, ਜਿਸ ਵਿਗਿਆਨਕ ਕ੍ਰਾਂਤੀ ਨੇ ਇਸ ਐਟਮ ਨੂੰ ਸੁੱਟਣ ਦਾ ਰਸਤਾ ਬਣਾਇਆ, ਉਸ ਦੇ ਨਾਲ ਇਕ ਨੈਤਿਕ ਕ੍ਰਾਂਤੀ ਦਾ ਹੋਣਾ ਵੀ ਜ਼ਰੂਰੀ ਸੀ। ਇਹੀ ਕਾਰਨ ਹੈ ਕਿ ਅੱਜ ਅਸੀਂ ਇਥੇ ਆਏ ਹਾਂ।

ਇਸ ਸ਼ਹਿਰ ਦੇ ਵਿਚਕਾਰ ਖੜ੍ਹੇ ਹੋ ਕੇ ਕਲਪਨਾ ਕਰੋ ਉਸ ਸਮੇਂ ਦੀ ਜਦੋਂ ਇਥੇ ਬੰਬ ਡਿੱਗਿਆ ਸੀ। ਉਨ੍ਹਾਂ ਬੱਚਿਆਂ ਦੀਆਂ ਭਾਵਨਾਵਾਂ ਨੂੰ ਸਮਝੋ ਜਿਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਨ੍ਹਾਂ ਨੇ ਕੀ ਦੇਖਿਆ। ਉਨ੍ਹਾਂ ਦੀ ਖਾਮੋਸ਼ ਕੁਰਲਾਹਟ ਸੁਣੋ। ਇਸ ਤੋਂ ਪਹਿਲਾਂ ਜਿੰਮੀ ਕਾਰਟਰ ਨੇ ਹੀਰੋਸ਼ੀਮਾ ਦਾ ਦੌਰਾ ਕੀਤਾ ਸੀ, ਪਰ ਉਸ ਵੇਲੇ ਉਨ੍ਹਾਂ ਦਾ ਰਾਸ਼ਟਰਪਤੀ ਵਜੋਂ ਸੇਵਾ ਕਾਲ ਸਮਾਪਤ ਹੋ ਚੁੱਕਾ ਸੀ। ਓਬਾਮਾ ਨੇ ਜਾਪਾਨ ਦੇ ਮੀਡੀਆ ਨੂੰ ਕਿਹਾ ਕਿ ਉਨ੍ਹਾਂ ਦਾ ਇਹ ਦੌਰਾ ਇਸ ਗੱਲ ਨੂੰ ਸਾਬਤ ਕਰੇਗਾ ਕਿ ਕਦੇ ਮੁੱਖ ਵਿਰੋਧੀ ਰਹੇ ਦੋ ਦੇਸ਼ ਅੱਜ ਮਜ਼ਬੂਤ ਸਾਂਝੀਦਾਰੀ ਹਨ। ਜ਼ਿਕਰਯੋਗ ਹੈ ਕਿ ਹੀਰੋਸ਼ੀਮਾ 'ਚ ਅਮਰੀਕਾ ਵੱਲੋਂ 6 ਅਗਸਤ, 1945 ਨੂੰ ਪਹਿਲਾ ਪਰਮਾਣੂ ਬੰਬ ਸੁੱਟਿਆ ਗਿਆ ਸੀ। ਇਸ ਹਮਲੇ ਵਿਚ ਲੱਖਾਂ ਲੋਕਾਂ ਦੀ ਮੌਤ ਹੋ ਗਈ ਸੀ। ਕਈ ਸਾਲਾਂ ਤੱਕ ਵਿਕਿਰਨ ਕਾਰਨ ਇਥੇ ਲੋਕਾਂ ਦੀ ਮੌਤ ਹੁੰਦੀ ਰਹੀ। ਇਸ ਦੇ ਤਿੰਨ ਦਿਨ ਬਾਅਦ ਜਾਪਾਨ ਦੇ ਦੱਖਣੀ ਸ਼ਹਿਰ ਨਾਗਾਸਾਕੀ ਵਿਚ ਪਰਮਾਣੂ ਬੰਬ ਸੁੱਟਿਆ ਗਿਆ ਸੀ। ਇਸ ਹਮਲੇ ਵਿਚ 74 ਹਜ਼ਾਰ ਲੋਕ ਮਾਰੇ ਗਏ ਸਨ।




## ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ।

ਸੰਪਰਕ ਕਰੋ: ਦਵਿੰਦਰ ਸਿੰਘ

ਫੋਨ: 262-391-7666

22-23



## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

*ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ*

**Gurdip Singh Sandhu**

Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***

ਪੰਜਾਬ ਟਾਈਮਜ਼

*ਸਨਿਚਰਵਾਰ, 4 ਜੂਨ 2016*

## ਸਾਕਾ ਚੁਰਾਸੀ ਅਤੇ ਸਿਆਸਤ

ਪਿਛਲੇ 32 ਵਰ੍ਹਿਆਂ ਤੋਂ ਜੂਨ ਮਹੀਨੇ ਦਾ ਪਹਿਲਾ ਹਫਤਾ ਸਿੱਖ ਭਾਈਚਾਰੇ ਲਈ ਆਸਾਧਾਰਨ ਰਿਹਾ ਹੈ। ਇਸ ਵਾਰ ਇਹ ਹੋਰ ਵੀ ਆਸਾਧਾਰਨ ਹੋ ਗਿਆ ਹੈ। ਚੋਣਾਂ ਸਿਰ ਉਤੇ ਹਨ। ਸੂਬੇ ਵਿਚ ਇਕ ਹੋਰ ਪਾਰਟੀ- ਆਮ ਆਦਮੀ ਪਾਰਟੀ, ਚੋਣ ਮੈਦਾਨ ਵਿਚ ਗੇੜੇ 'ਤੇ ਗੇੜਾ ਦੇ ਰਹੀ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ। ਕੁਝ ਮਹੀਨੇ ਪਹਿਲਾਂ ਦੀ ਹੀ ਬਾਤ ਹੈ, ਪਹਿਲਾਂ ਅਕਾਲ ਤਖਤ ਦੇ ਜਥੇਦਾਰ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇਣ ਅਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਲਗਾਤਾਰ ਵਾਪਰੀਆਂ ਘਟਨਾਵਾਂ ਕਾਰਨ ਸੱਤਾਧਾਰੀਆਂ ਅਤੇ ਇਨ੍ਹਾਂ ਨਾਲ ਜੁੜੇ ਆਗੂਆਂ ਦਾ ਘਰਾਂ ਵਿਚੋਂ ਨਿਕਲਣਾ ਵੀ ਬੰਦ ਹੋ ਗਿਆ ਸੀ। ਇਨ੍ਹਾਂ ਸਰਗਰਮੀਆਂ ਵਿਚੋਂ ਹੀ ਪਿਛਲੇ ਸਾਲ 'ਸਰਬੱਤ ਖਾਲਸਾ' ਹੋਇਆ ਜਿਥੇ ਨਵੇਂ ਜਥੇਦਾਰਾਂ ਦੀ ਚੋਣ ਨਾਲ ਮਸਲਾ ਦੋ ਕਦਮ ਹੋਰ ਅਗਾਂਹ ਵਧ ਗਿਆ। ਉਂਜ ਵੀ, ਪਿਛਲੇ ਦੋ ਸਾਲਾਂ ਤੋਂ ਜੂਨ ਵਾਲੇ ਸਾਕੇ ਨਾਲ ਸਬੰਧਤ ਸਮਾਗਮ ਹੰਗਾਮੇ ਵਾਲੇ ਹੁੰਦੇ ਰਹੇ ਹਨ। ਇਸ ਦੇ ਨਾਲ ਹੀ ਦਲ ਖਾਲਸਾ ਅਤੇ ਪੰਚ ਪ੍ਰਧਾਨੀ ਦੇ ਆਪਸੀ ਰਲੇਵੇਂ ਨੇ ਸਿਆਸਤ ਦੀ ਇਕ ਹੋਰ ਲੀਹ ਲਈ ਰਾਹ ਖੋਲ੍ਹਿਆ ਹੈ। ਧਰਮ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲੇ ਉਤੇ ਹਮਲੇ ਦੇ ਮਸਲੇ ਵਿਚ ਦਮਦਮੀ ਟਕਸਾਲ ਦਾ ਨਾਂ ਬੋਲਣ ਅਤੇ ਟਕਸਾਲ ਮੁਖੀ ਹਰਨਾਮ ਸਿੰਘ ਧੁੰਮਾ ਵੱਲੋਂ ਸਪਸ਼ਟ ਸਟੈਂਡ ਲੈਣ ਨਾਲ ਸੱਤਾਧਾਰੀਆਂ ਦੀਆਂ ਸਮੱਸਿਆਵਾਂ ਹੋਰ ਵਧ ਗਈਆਂ ਹਨ। ਇਸ ਤੋਂ ਇਲਾਵਾ ਸੂਬੇ ਵਿਚ ਨਸ਼ਿਆਂ ਤੇ ਬੇਰੁਜ਼ਗਾਰੀ ਦੀ ਮਾਰ ਕਾਰਨ, ਸੱਤਾਧਾਰੀ ਅਕਾਲੀ ਦਲ ਤਿੱਖੀ ਨੁਕਤਾਚੀਨੀ ਦੀ ਮਾਰ ਹੇਠ ਹੈ। ਆਮ ਲੋਕ ਸੰਗਤ ਸਮਾਗਮਾਂ ਵਿਚ ਜਾ-ਜਾ ਕੇ ਮੁੱਖ ਮੰਤਰੀ ਨੂੰ ਘੇਰ ਰਹੇ ਹਨ ਅਤੇ ਮੀਡੀਆ ਵਿਚ ਵੀ ਬੜੇ ਤਿੱਖੇ ਰੋਹ ਤੇ ਰੋਸ ਵਾਲੀਆਂ ਖਬਰਾਂ ਨਿੱਤ ਨਸ਼ਰ ਹੋ ਰਹੀਆਂ ਹਨ। ਇਹ ਹਨ ਉਹ ਹਾਲਾਤ ਜਿਨ੍ਹਾਂ ਦੇ ਦਬਾਅ ਤਹਿਤ ਐਤਕੀਂ ਸੱਤਾਧਰੀ ਅਕਾਲੀ ਦਲ ਨੂੰ ਵੰਗਾਰਾਂ ਪਈਆਂ ਹੋਈਆਂ ਹਨ ਅਤੇ ਇਸ ਨੂੰ ਫੂਕ-ਫੂਕ ਕੇ ਪੈਰ ਧਰਨਾ ਪੈ ਰਿਹਾ ਹੈ। ਮਾਮੂਲੀ ਜਿਹੀ ਗਲਤੀ ਵੀ ਪਾਸੇ ਪਲਟ ਸਕਦੀ ਹੈ। ਹਾਂ, ਸੱਤਾ ਵਿਚ ਹੋਣ ਕਰ ਕੇ ਅਕਾਲੀ ਦਲ ਨੂੰ ਸਿਆਸੀ ਪਿੜ ਵਿਚ ਲਾਹਾ ਜ਼ਰੂਰ ਮਿਲ ਰਿਹਾ ਹੈ। ਇਸ ਸਿਲਸਿਲੇ ਵਿਚ ਫਿਲਮ 'ਉੜਤਾ ਪੰਜਾਬ' ਦੀ ਮਿਸਾਲ ਲਈ ਜਾ ਸਕਦੀ ਹੈ। ਇਹ ਹਿੰਦੀ ਫਿਲਮ ਪੰਜਾਬ ਵਿਚ ਨਸ਼ਿਆਂ ਦੀ ਮਾਰ ਬਾਰੇ ਹੈ। ਸੈਂਸਰ ਬੋਰਡ ਨੇ ਕੁਝ ਇਤਰਾਜ਼ ਲਾ ਕੇ ਇਹ ਫਿਲਮ ਫਿਲਹਾਲ ਰੋਕ ਲਈ ਹੈ। ਸੱਤਾਧਾਰੀਆਂ ਨੂੰ ਖਦਸ਼ਾ ਹੈ ਕਿ ਇਹ ਫਿਲਮ ਉਨ੍ਹਾਂ ਦੇ ਖਿਲਾਫ ਹੀ ਜਾਣੀ ਹੈ। ਇਕ ਗੱਲ ਹੋਰ, ਸੱਤਾਧਾਰੀ ਸ਼੍ਰੋਮਣੀ ਅਕਾਲੀ ਦੀ ਮੁਖਾਲਫਤ ਕਰ ਰਹੀਆਂ ਸਿੱਖ ਜਥੇਬੰਦੀਆਂ ਆਪਣੀ ਕਿਸੇ ਵੀ ਸਰਗਰਮੀ ਨੂੰ ਸਿਆਸਤ ਦੀ ਬੁਲੰਦੀ ਤਕ ਲਿਜਾਣ ਵਿਚ ਨਾਕਾਮ ਰਹੀਆਂ ਹਨ। ਸਿੱਟੇ ਵਜੋਂ ਇਸ ਦਾ ਸਮੁੱਚਾ ਸਿਆਸੀ ਲਾਹਾ, ਹਰ ਵਾਰ ਰਵਾਇਤੀ/ਸੱਤਾਧਾਰੀ ਅਕਾਲੀ ਦਲ ਉਠਾਉਂਦਾ ਰਿਹਾ ਹੈ। ਜ਼ਾਹਿਰ ਹੈ ਕਿ ਕੋਈ ਵੀ ਸਿੱਖ ਜਥੇਬੰਦੀ ਸੱਤਾਧਾਰੀਆਂ ਦੇ ਬਰਾਬਰ ਦੀ ਸਿਆਸਤ ਸਾਹਮਣੇ ਲਿਆਉਣ ਦੇ ਮਾਮਲੇ ਵਿਚ ਪਛੜ ਰਹੀ ਹੈ।

ਹੁਣ ਸਭ ਦੀਆਂ ਨਜ਼ਰਾਂ ਅਕਾਲ ਤਖਤ 'ਤੇ ਹੋਣ ਵਾਲੇ ਸਮਾਗਮ ਉਤੇ ਲੱਗੀਆਂ ਹੋਈਆਂ ਹਨ। ਪੰਜਾਬ ਦੇ ਪਿਛਲੇ ਤਿੰਨ ਦਹਾਕਿਆਂ ਉਤੇ ਜੇ ਉਡਦੀ ਜਿਹੀ ਨਿਗ੍ਹਾ ਵੀ ਮਾਰੀਏ ਤਾਂ ਸੂਹ ਮਿਲਦੀ ਹੈ ਕਿ ਸੂਬੇ ਨਾਲ ਜੁੜਿਆ ਕੋਈ ਵੀ ਅਹਿਮ ਮਸਲਾ ਹੱਲ ਨਹੀਂ ਹੋਇਆ ਹੈ। ਸਿਤਮਜ਼ਰੀਫੀ ਇਹ ਵੀ ਹੈ ਕਿ ਇਹ ਮਸਲੇ ਹੱਲ ਕਰਵਾਉਣਾ ਕਿਸੇ ਵੀ ਸਿਆਸੀ ਧਿਰ ਦਾ ਮੁੱਖ ਏਜੰਡਾ ਨਹੀਂ। ਹਾਂ, ਹਾਲਾਤ ਮੁਤਾਬਕ ਇਨ੍ਹਾਂ ਮਸਲਿਆਂ ਉਤੇ ਸਿਆਸਤ ਜ਼ਰੂਰ ਖੇਡੀ ਜਾਂਦੀ ਰਹੀ ਹੈ ਅਤੇ ਦਿਨਾਂ ਵਿਚ ਹੀ ਸਰਗਰਮੀਆਂ ਚਰਮ ਸੀਮਾ ਤਕ ਪਹੁੰਚਾ ਦਿੱਤੀਆਂ ਜਾਂਦੀਆਂ ਰਹੀਆਂ ਹਨ। ਅਸਲ ਵਿਚ ਸੂਬੇ ਦੀ ਦੁਰਗਤ ਦੀਆਂ ਜੜ੍ਹਾਂ ਇਸੇ ਮਤਲਬੀ ਪਹੁੰਚ ਵਿਚ ਪਈਆਂ ਹਨ। ਦਹਾਕਿਆਂ ਤੋਂ ਉਹੀ ਲਕੀਰ ਪਿੱਟੀ ਜਾ ਰਹੀ ਹੈ। ਚੋਣਾਂ ਮੌਕੇ ਹਰ ਵਾਰ ਉਹੀ ਮਸਲੇ ਪੂਰੇ ਜ਼ੋਰ ਨਾਲ ਉਭਾਰੇ ਜਾਂਦੇ ਹਨ ਅਤੇ ਚੋਣਾਂ ਦੀ ਧੂੜ ਬੈਠਣ ਤੋਂ ਬਾਅਦ ਮਸਲਿਆਂ ਬਾਰੇ ਚਰਚਾ ਵੀ ਹੌਲੀ-ਹੌਲੀ ਮੱਠੀ ਪੈ ਜਾਂਦੀ ਹੈ। ਇਸੇ ਸਿਆਸਤ ਵਿਚੋਂ ਹੀ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ 'ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ' ਦੇਣ ਅਤੇ 'ਰਾਜ ਨਹੀਂ, ਸੇਵਾ' ਵਰਗੇ ਨਾਅਰੇ ਲਾਉਂਦਾ ਹੈ। ਅਜਿਹੇ ਨਾਅਰਿਆਂ ਦਾ ਦਾਈਆ ਸਿਰਫ ਤੇ ਸਿਰਫ, ਚੋਣ ਸਿਆਸਤ ਵਿਚ ਹੱਥ ਉਪਰ ਰੱਖਣਾ ਹੀ ਹੁੰਦਾ ਹੈ। ਹੁਣ ਵੀ ਸੱਤਾਧਾਰੀਆਂ ਦਾ ਸਾਰਾ ਜ਼ੋਰ ਆ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਵੋਟਾਂ ਬਟੋਰਨ ਦੀਆਂ ਤਰਕੀਬਾਂ ਘੜਨ ਵੱਲ ਲੱਗਾ ਹੋਇਆ ਹੈ। ਅਜਿਹੀ ਸਿਆਸਤ ਵਿਚ ਸਿੱਖ ਜਥੇਬੰਦੀਆਂ ਦੀ ਸਿਆਸਤ ਅਕਸਰ ਪਛੜ ਜਾਂਦੀ ਰਹੀ ਹੈ। ਇਕ-ਦੋ ਵਾਰ ਅਜਿਹੇ ਮੌਕੇ ਜ਼ਰੂਰ ਬਣੇ ਸਨ ਕਿ ਚੋਣ ਸਿਆਸਤ ਵਿਚ ਬਦਲਵੀਂ ਸਿੱਖ ਸਿਆਸਤ ਨੂੰ ਭਰਪੂਰ ਹੁੰਗਾਰਾ ਮਿਲਿਆ, ਪਰ ਉਸ ਵੇਲੇ ਵੀ ਸਬੰਧਤ ਲੀਡਰ ਇਸ ਹੁੰਗਾਰੇ ਨੂੰ ਸਿਆਸੀ ਜਾਮਾ ਪਹਿਨਾਉਣ ਵਿਚ ਨਾਕਾਮਯਾਬ ਹੀ ਰਹੇ। ਇਹੀ ਕਾਰਨ ਹੈ ਕਿ ਇਨ੍ਹਾਂ ਜਥੇਬੰਦੀਆਂ ਦੀ ਸਿਆਸਤ, ਮੁੱਖਧਾਰਾ ਸਿਆਸਤ ਉਤੇ ਕੋਈ ਭਰਵਾਂ ਅਸਰ ਪਾਉਣ ਵਿਚ ਮਾਤ ਖਾਂਦੀ ਰਹੀ। ਅਸਲ ਵਿਚ, ਇਸ ਸਿਆਸਤ ਦਾ ਇਕ ਸਿਰਾ ਪੰਜਾਬ ਅਤੇ ਦੂਜਾ ਸਿਰਾ ਪਰਵਾਸ ਨਾਲ ਜੁੜਿਆ ਹੋਇਆ ਹੈ। ਮੰਨਣਾ ਪਵੇਗਾ ਕਿ ਪੰਜਾਬ ਵਿਚਲੀ ਸਿਆਸਤ ਅਤੇ ਪਰਵਾਸ ਵਿਚਲੀ ਸਿੱਖ ਸਿਆਸਤ ਦੋ ਵੱਖ-ਵੱਖ ਧਾਰਾਵਾਂ ਹਨ। ਪਰਵਾਸੀ ਸਿੱਖਾਂ ਦੀ ਬਹੁਤੀ ਸਰਗਰਮੀ ਗੁਰਦੁਆਰਾ ਕਮੇਟੀਆਂ ਦੀਆਂ ਚੋਣਾਂ ਦੁਆਲੇ ਘੁੰਦੀ ਹੈ ਅਤੇ ਪੰਜਾਬ ਵਿਚ ਅਜਿਹਾ ਕੋਈ ਮਸਲਾ ਨਹੀਂ। ਉਂਜ ਵੀ ਸਮੁੱਚੇ ਹਾਲਾਤ ਨੂੰ ਸਮਝੇ ਬਗੈਰ ਸਿਆਸੀ ਪਿੜ ਵਿਚ ਪੈਂਠ ਪਾਉਣੀ ਮੁਸ਼ਕਿਲ ਹੀ ਨਹੀਂ, ਨਾਮੁਮਕਿਨ ਹੀ ਹੁੰਦੀ ਹੈ। ਫਿਲਹਾਲ ਤਾਂ ਅਜਿਹੇ ਹਾਲਾਤ ਨੂੰ ਸਮੁੱਚ ਵਿਚ ਰੱਖ ਨੇ ਵਾਚਣ-ਪੜਚੋਲਣ ਲਈ ਕੋਈ ਤਿਆਰ ਵੀ ਨਹੀਂ। ਸਿਆਸੀ ਧਿਰਾਂ ਦੀ ਸਹੀ ਨਿਸ਼ਾਨਦੇਹੀ ਕੀਤੇ ਬਗੈਰ ਕੋਈ ਵੀ ਸਿਆਸਤ ਕਿਸੇ ਤਣ-ਪੱਤਣ ਨਹੀਂ ਲੱਗ ਸਕਦੀ। ਅਜਿਹੀ ਸੂਰਤ ਵਿਚ ਬਾਦਲ ਮਾਰਕਾ ਸਿਆਸਤ ਸਦਾ ਹੀ ਪਿੜ ਮੱਲਦੀ ਰਹੀ ਹੈ। ਜਿੰਨੀ ਦੇਰ ਤਕ ਸਿਆਸਤ ਦੀ ਇਹ ਘੁੰਡੀ ਨਹੀਂ ਖੋਲ੍ਹੀ ਜਾਂਦੀ, ਪੰਜਾਬ ਦੀ ਸਿਆਸਤ ਵਿਚ ਕਿਸੇ ਸਿਫਤੀ ਤਬਦੀਲੀ ਦੀ ਆਸ ਕਰਨੀ ਸੁਪਨਾ ਹੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਸਿਆਣਿਆਂ ਦੀ ਨਸੀਹਤ!*

ਕਹਿੰਦੇ ਆਏ ਬਜ਼ੁਰਗ ਇਹ ਬੱਚਿਆਂ ਨੂੰ, ਚਾਦਰ ਦੇਖ ਕੇ ਪੈਰ ਪਸਾਰਿਓ ਬਈ।
ਹੋਵੇ ਆਮਦਨੀ ਘੱਟ ਤਾਂ ਸਬਰ ਕਰਕੇ, ਹੱਥ ਘੁੱਟ ਕੇ ਵਕਤ ਗੁਜ਼ਾਰਿਓ ਬਈ।
ਪੜ੍ਹਿਆਂ-ਲਿਖਿਆਂ 'ਚ ਬੈਠ ਕੇ ਮਿਲੇ ਸੋਭਾ, ਸੰਗ ਬੁਰਿਆਂ ਦਾ ਦਿਲੋਂ ਨਕਾਰਿਓ ਬਈ।
ਦੁੱਖ-ਸੁੱਖ ਹਨ ਧੁੱਪ ਅਤੇ ਛਾਂ ਵਾਂਗੂੰ, ਔਖੇ ਸਮੇਂ ਨੂੰ ਹੱਸ ਕੇ ਸਹਾਰਿਓ ਬਈ।
ਨਸ਼ੇਖੋਰੀ ਤੇ ਖਿਆਲ ਜੋ ਬੁਜ਼ਦਿਲੀ ਦੇ, ਇਹ ਬਿਮਾਰੀਆਂ ਦੂਰੋਂ ਫਿਟਕਾਰਿਓ ਬਈ।
ਹੱਥੀਂ ਆਪ ਸਹੇੜ ਮੁਸੀਬਤਾਂ ਨੂੰ, ਫੇਰ ਐਵੇਂ ਨਾ 'ਝੱਲ ਖਿਲਾਰਿਓ' ਬਈ!

# ਸੂਰਜ ਦੇ ਕਹਿਰ ਹੇਠ ਸਿਆਸੀ ਜਬਰ

***ਪੰਜਾਬ ਵਿਚ ਕਹਿਰਾਂ ਦੀ ਗਰਮੀ ਦੇ ਬਾਵਜੂਦ, ਲੋਕ ਆਪਣੇ ਹੱਕਾਂ ਲਈ ਵੱਖ-ਵੱਖ ਥਾਂਈਂ ਡਟੇ ਹੋਏ ਹਨ, ਪਰ ਸਰਕਾਰ ਇਨ੍ਹਾਂ ਲੋਕਾਂ ਵੱਲ ਕੰਨ ਹੀ ਨਹੀਂ ਧਰ ਰਹੀ। ਹੋਰ ਤਾਂ ਹੋਰ ਮੀਡੀਆ ਵਿਚ ਵੀ ਇਨ੍ਹਾਂ ਸੰਘਰਸ਼ਾਂ ਦੀਆਂ ਖ਼ਬਰਾਂ ਨਸ਼ਰ ਨਹੀਂ ਹੋ ਰਹੀਆਂ। ਜੇ ਕਿਤੇ ਇਹ ਖਬਰਾਂ ਆਉਂਦੀਆਂ ਵੀ ਹਨ ਤਾਂ ਸਥਾਨਕ ਪੱਧਰ 'ਤੇ ਹੀ ਰਹਿ ਜਾਂਦੀਆਂ ਹਨ। ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਐਤਕੀਂ ਇਨ੍ਹਾਂ ਸੰਘਰਸ਼ ਨੂੰ ਨਜ਼ਰਅੰਦਾਜ਼ ਕੀਤੇ ਜਾਣ ਦਾ ਨੁਕਤਾ ਆਪਣੇ ਇਸ ਲੇਖ ਵਿਚ ਵਿਚਾਰਿਆ ਹੈ। -ਸੰਪਾਦਕ***

ਪੰਜਾਬ ਵਿਚ ਗਰਮੀ ਬੇਇੰਤਹਾ ਪੈਂਦੀ ਹੈ ਪਰ ਇਸ ਦੀ ਤਪਸ਼ ਸੂਰਜ ਦੇ ਸੇਕ ਤੱਕ ਮਹਿਦੂਦ ਨਹੀਂ ਹੈ। ਪਾਣੀ ਦੀ ਕਿੱਲਤ ਅਤੇ ਬਿਜਲੀ ਦੀ ਤੋੜ ਨਾਲ ਸੂਰਜ ਦਾ ਸੇਕ ਬਰਦਾਸ਼ਤ ਕਰਨਾ ਔਖਾ ਹੁੰਦਾ ਹੈ। ਇਨ੍ਹਾਂ ਦਿਨਾਂ ਵਿਚ ਕਈ ਕੁਝ ਹੁੰਦਾ ਹੈ ਜਿਸ ਦਾ ਸੇਕ ਪੰਜਾਬ ਦਾ ਖ਼ੁਸੂਸੀ ਤਬਕਾ ਆਪਣੇ ਪਿੰਡੇ ਉਤੇ ਹੰਢਾਉਂਦਾ ਹੈ। ਗਰਮੀ ਦੀ ਰੁੱਤ ਦੇ ਸ਼ੁਰੂ ਵਿਚ ਭਾਰਤੀ ਵਿੱਤੀ ਵਰ੍ਹਾ ਖ਼ਤਮ ਹੁੰਦਾ ਹੈ ਅਤੇ ਨਵਾਂ ਸ਼ੁਰੂ ਹੁੰਦਾ ਹੈ। ਸਕੂਲਾਂ ਦੀਆਂ ਨਵੀਆਂ ਜਮਾਤਾਂ ਸ਼ੁਰੂ ਹੁੰਦੀ ਹਨ। ਸ਼ਰਾਬ ਦੇ ਠੇਕੇ ਚੜ੍ਹਦੇ ਹਨ। ਜ਼ਮੀਨਾਂ ਨਵੇਂ ਸਿਰਿਓਂ ਠੇਕੇ ਉਤੇ ਚੜ੍ਹਦੀਆਂ ਹਨ। ਤਪਦੀ ਧੁੱਧ ਵਿਚ ਹਾੜ੍ਹੀ ਦੀ ਫ਼ਸਲ ਸਮੇਟਣ ਅਤੇ ਸਉਣੀ ਦੀ ਫ਼ਸਲ ਬੀਜਣ



**ਦਲਜੀਤ ਅਮੀ**
**ਫੋਨ: +91-97811-21873**

ਤੋਂ ਪਹਿਲਾਂ ਕਈ ਤਰ੍ਹਾਂ ਦੀ ਸਿਆਸੀ ਸਰਗਰਮੀ ਹੁੰਦੀ ਹੈ। ਇਹ ਸਰਗਰਮੀ ਮੁੱਖ ਧਾਰਾ ਦੀਆਂ ਸਿਆਸੀ ਧਿਰਾਂ ਦੀ ਥਾਂ ਸਮਾਜਿਕ ਅਤੇ ਤਬਕਾਤੀ ਜਥੇਬੰਦੀਆਂ ਦੀ ਜ਼ਿਆਦਾ ਹੁੰਦੀ ਹੈ।

ਹਰ ਸਾਲ ਮਾਰਚ ਦੇ ਅੰਤ ਵਿਚ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਹੁੰਦੀ ਹੈ। ਇਸ ਸਾਲ ਸ਼ਰਾਬ ਦੇ ਲਾਈਸੈਂਸਧਾਰੀ ਕਾਰੋਬਾਰੀਆਂ ਦੀ ਗਿਣਤੀ ਵਧ ਕੇ 226 ਤੋਂ 650 ਹੋ ਗਈ। ਅਰਜ਼ੀਆਂ ਨਾਲ ਆਈ ਰਕਮ 2014 ਦੇ ਮੁਕਾਬਲੇ 308 ਕਰੋੜ ਤੋਂ 150 ਕਰੋੜ ਹੋ ਗਈ। ਇਸ ਤੋਂ ਬਾਅਦ ਇਸ ਧੰਦੇ ਵਿਚ ਹੁਕਮਰਾਨ ਧਿਰ ਦੇ ਕਰੀਬੀਆਂ ਦੇ ਕਾਬਜ਼ ਹੋਣ ਦੇ ਖ਼ਦਸ਼ੇ ਜ਼ਾਹਰ ਹੋਏ ਹਨ। ਸ਼ਰਾਬ ਵਿਕਣ ਦੀ ਮਿਕਦਾਰ ਦਾ ਅੰਦਾਜ਼ਾ ਜ਼ਿਆਦਾ ਹੈ ਅਤੇ ਸਸਤੀ ਹੋਣ ਦੀ ਸੰਭਾਵਨਾ ਨੂੰ ਆਉਂਦੀਆਂ ਵਿਧਾਨ ਸਭਾ ਚੋਣਾਂ ਨਾਲ ਜੋੜਿਆ ਜਾ ਰਿਹਾ ਹੈ। ਇਸ ਦਲੀਲ ਦਾ ਪਿਛੋਕੜ ਹੈ ਕਿ 2011-12 ਦੇ ਵਿੱਤੀ ਵਰ੍ਹੇ ਦੌਰਾਨ ਵੀ ਵਿਧਾਨ ਸਭਾ ਚੋਣਾਂ ਹੋਈਆਂ ਸਨ ਅਤੇ ਉਸ ਸਾਲ ਅਰਜ਼ੀਆਂ ਨਾਲ 180 ਕਰੋੜ ਰੁਪਏ ਦਾ ਟੀਚਾ ਸੀ, ਪਰ 119 ਕਰੋੜ ਰੁਪਏ ਦੀ ਰਕਮ ਜਮ੍ਹਾਂ ਹੋਈ ਸੀ। ਹੁਕਮਰਾਨ ਧਿਰ ਦੇ ਕਾਰੋਬਾਰੀਆਂ ਦਾ ਗ਼ਲਬਾ ਵਧਣ ਦੀ ਦਲੀਲ ਹੈ ਕਿ ਕਹਿਣ ਨੂੰ ਮੁਕਾਬਲਾ ਸਭ ਲਈ ਖੁੱਲ੍ਹਾ ਸੀ, ਪਰ ਦਰਅਸਲ ਸਾਰੀਆਂ ਸ਼ਰਤਾਂ ਤਿੰਨ ਕਾਰੋਬਾਰੀਆਂ ਦੇ ਪੱਖ ਵਿਚ ਜਾਂਦੀਆਂ ਸਨ।

ਦਰਅਸਲ ਸ਼ਰਾਬ ਦੇ ਧੰਦੇ ਦਾ ਇਕ ਹੋਰ ਪੱਖ ਜ਼ਿਆਦਾ ਅਹਿਮ ਹੈ। ਕਾਨੂੰਨ ਮੁਤਾਬਕ ਪਿੰਡ ਦੀ ਪੰਚਾਇਤ ਮਤਾ ਪਾ ਕੇ ਆਪਣੇ ਪਿੰਡ ਵਿਚ ਠੇਕੇ ਖੋਲ੍ਹਣ ਉਤੇ ਰੋਕ ਲਗਾ ਸਕਦੀ ਹੈ। ਪੰਜਾਬ ਦੇ ਕਈ ਪਿੰਡਾਂ ਦੀਆਂ ਪੰਚਾਇਤਾਂ ਅਜਿਹੇ ਮਤੇ ਪਾ ਕੇ ਭੇਜਦੀਆਂ ਹਨ। ਇਨ੍ਹਾਂ ਮਤਿਆਂ ਨੂੰ ਦਰਕਿਨਾਰ ਕਰਨ ਲਈ ਤਕਨੀਤੀ ਨੁਕਤਿਆਂ ਤੋਂ ਲੈ ਕੇ ਸਰਕਾਰੀ ਅਮਲੇ-ਫੈਲੇ ਅਤੇ ਜ਼ੋਰ-ਜਬਰ ਦਾ ਸਹਾਰਾ ਲਿਆ ਜਾਂਦਾ ਹੈ। ਇਹ ਸਾਰਾ ਰੁਝਾਨ ਇਸ ਵਾਰ ਵੀ ਦੇਖਣ ਨੂੰ ਮਿਲਿਆ। ਸੰਗਰੂਰ ਜ਼ਿਲ੍ਹੇ ਦੇ ਕਈ ਪਿੰਡਾਂ ਨੇ ਅਜਿਹੇ ਮਤੇ ਪਾ ਕੇ ਸਮੇਂ ਸਿਰ ਭੇਜੇ ਸਨ, ਪਰ ਇਨ੍ਹਾਂ ਪਿੰਡਾਂ ਵਿਚ ਸ਼ਰਾਬ ਭੇਜਣ ਦੇ ਕੱਚੇ-ਪੱਕੇ ਇੰਤਜ਼ਾਮ ਕਰਨ ਲਈ ਸਰਕਾਰੀ ਮਹਿਕਮਿਆਂ ਅਤੇ ਠੇਕੇਦਾਰਾਂ ਨੇ ਹਰ ਹਰਬਾ ਵਰਤਿਆ ਹੈ। ਖੇਤੀ ਸੰਕਟ ਦੀ ਬਹੁ-ਪਸਾਰੀ ਮਾਰ ਵਿਚ ਆਏ ਪੇਂਡੂ ਲੋਕਾਂ ਦੇ ਇਹ ਸੰਘਰਸ਼ ਮੀਡੀਆ ਦੀ ਨਜ਼ਰਾਂ ਵਿਚੋਂ ਤਕਰੀਬਨ ਨਜ਼ਰਅੰਦਾਜ਼ ਹੋ ਗਏ ਹਨ।

ਹਾੜ੍ਹੀ ਦੀ ਫ਼ਸਲ ਤੋਂ ਬਾਅਦ ਖੇਤੀ ਵਾਲੀਆਂ ਜ਼ਮੀਨਾਂ ਠੇਕੇ ਉਤੇ ਚੜ੍ਹਦੀਆਂ ਹਨ। ਇਨ੍ਹਾਂ ਜ਼ਮੀਨਾਂ ਵਿਚ ਪੰਚਾਇਤੀ ਜ਼ਮੀਨਾਂ ਸ਼ਾਮਿਲ ਹਨ ਜਿਨ੍ਹਾਂ ਦੀ ਬੋਲੀ ਵਿਸਾਖੀ ਤੋਂ ਬਾਅਦ ਸ਼ੁਰੂ ਹੋ ਜਾਂਦੀ ਹੈ। ਕਾਨੂੰਨ ਮੁਤਾਬਕ ਪੰਚਾਇਤੀ ਜ਼ਮੀਨਾਂ ਦਾ ਇਕ ਤਿਹਾਈ ਹਿੱਸਾ ਦਲਿਤ ਤਬਕੇ ਨੂੰ ਠੇਕੇ ਉਤੇ ਮਿਲਣਾ ਚਾਹੀਦਾ ਹੈ। ਇਸ ਹਿੱਸੇ ਉਤੇ ਦਲਿਤਾਂ ਦੇ ਨਾਮ ਉਤੇ ਜੱਟ ਤਬਕਾ ਜਾਂ ਗ਼ਾਲਬ ਤਬਕਾ ਖੇਤੀ ਕਰਦਾ ਆਇਆ ਹੈ। ਪਿਛਲੇ ਕਈ ਸਾਲਾਂ ਤੋਂ ਦਲਿਤ ਤਬਕੇ ਨੇ ਕਈ ਪਿੰਡਾਂ ਵਿਚ ਆਪਣੇ ਹਿੱਸੇ ਉਤੇ ਦਾਅਵੇਦਾਰੀ ਜਤਾਉਣੀ ਸ਼ੁਰੂ ਕੀਤੀ ਹੈ। ਇਸ ਦਾਅਵੇਦਾਰੀ ਤਹਿਤ ਸਭ ਤੋਂ ਪਹਿਲਾਂ, ਦੂਜੇ ਤਬਕੇ ਦੇ ਮੋਹਰੇ ਵਜੋਂ ਬੋਲੀ ਦੇਣ ਵਾਲੇ ਦਲਿਤ ਤਬਕੇ ਨੂੰ ਹਟਾਉਣਾ ਸ਼ਾਮਿਲ ਹੈ ਅਤੇ ਇਸ ਤੋਂ ਬਾਅਦ ਬੋਲੀ ਨਾਲ ਜੁੜੇ ਸਭ ਸਰਕਾਰੀ ਮਹਿਕਮਿਆਂ ਦੀ ਸੋਚ ਖ਼ਿਲਾਫ਼ ਸੰਘਰਸ਼ ਕਰਨਾ ਪੈਂਦਾ ਹੈ। ਇਸ ਸੰਘਰਸ਼ ਦੀ ਪਾਲਾਬੰਦੀ ਦੌਰਾਨ ਨਿਜ਼ਾਮ ਅਤੇ ਸਰਕਾਰ ਦੀ ਜੱਟਵਾਦੀ ਸੋਚ ਬੋਲੀ ਦੇ ਵਾਰ-ਵਾਰ ਰੱਦ ਹੋਣ ਅਤੇ ਦਲਿਤ ਦਾਅਵੇਦਾਰੀ ਖ਼ਿਲਾਫ਼ ਕਰੂਰ ਹਿੰਸਾ ਵਜੋਂ ਬੇਪਰਦ ਹੁੰਦੀ ਹੈ।

ਇਸ ਸਾਲ ਬਾਲਦ ਕਲਾਂ ਦੀ ਪੰਚਾਇਤੀ ਜ਼ਮੀਨ ਦਾ ਸੰਘਰਸ਼ ਸਰਕਾਰੀ ਅਤੇ ਗ਼ੈਰ-ਸਰਕਾਰੀ ਜੱਟਵਾਦ ਦੀ ਕਰੂਰ ਹਿੰਸਾ ਦਾ ਸ਼ਿਕਾਰ ਹੋਇਆ ਹੈ। ਨਤੀਜੇ ਵਜੋਂ ਕਈ ਕਾਰਕੁਨ ਇਲਾਜ ਲਈ ਹਸਪਤਾਲਾਂ ਵਿਚ ਭਰਤੀ ਹਨ ਅਤੇ ਕਈਆਂ ਨੂੰ ਜੇਲ੍ਹ ਯਾਤਰਾ ਕਰਨੀ ਪਈ ਹੈ। ਤੱਥਾਂ ਦੇ ਕੁਝ ਹੇਰ-ਫੇਰ ਨਾਲ ਇਹ ਕਈ ਪਿੰਡਾਂ ਦੀ ਕਹਾਣੀ ਹੈ। ਇਸ ਮਾਮਲੇ ਵਿਚ ਸਮਾਜਿਕ ਬਰਾਬਰੀ ਨੂੰ ਪ੍ਰਣਾਈਆਂ ਕਿਸਾਨ ਜਥੇਬੰਦੀਆਂ ਅਤੇ ਕਾਰਕੁਨ ਮਜ਼ਦੂਰ ਜਥੇਬੰਦੀਆਂ ਨਾਲ ਜੋਟੀ ਪਾ ਕੇ ਸੰਘਰਸ਼ ਕਰ ਰਹੇ ਹਨ। ਇਹ ਜਥੇਬੰਦੀਆਂ ਸੱਤ ਜੂਨ ਨੂੰ ਪੂਰੇ ਪੰਜਾਬ ਵਿਚ ਮੁਜ਼ਾਹਰੇ ਕਰ ਰਹੀਆਂ ਹਨ। ਵਿਧਾਨ ਸਭਾ ਦੀ ਸਿਆਸਤ ਅਤੇ ਮੁੱਖ ਧਾਰਾ ਦੀ ਸਿਆਸੀ ਸਰਗਰਮੀਆਂ ਦੇ ਮੁਕਾਬਲੇ ਇਹ ਸੰਘਰਸ਼ ਅਤੇ ਸੰਘਰਸ਼ਾਂ ਖ਼ਿਲਾਫ਼ ਜਬਰ ਮੀਡੀਆ ਤੋਂ ਨਜ਼ਰਅੰਦਾਜ਼ ਹੋ ਗਿਆ ਹੈ। ਨਹੀਂ! ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਇਹ ਸੁਆਲ ਪੁੱਛਿਆ ਜਾ ਸਕਦਾ ਹੈ ਕਿ ਇਸ ਪਾਲਾਬੰਦੀ ਦਾ ਖ਼ਾਸਾ ਜਾਤੀ-ਜਮਾਤੀ ਹੈ? ਇਸ ਮਾਮਲੇ ਦੀ ਨਜ਼ਰਅੰਦਾਜ਼ੀ ਦਾ ਕਾਰਨ ਕਿਤੇ ਇਹੋ ਖ਼ਾਸਾ ਤਾਂ ਨਹੀਂ?

ਪੰਚਾਇਤੀ ਜ਼ਮੀਨ ਦੇ ਇਕ ਤਿਹਾਈ ਹਿੱਸੇ ਦੀ ਦਾਅਵੇਦਾਰੀ ਤੋਂ ਇਲਾਵਾ ਬੇਘਰ ਦਲਿਤਾਂ ਦਾ ਸੁਆਲ ਇਨ੍ਹਾਂ ਦਿਨਾਂ ਵਿਚ ਸੰਘਰਸ਼ ਦੇ ਪਿੜਾਂ ਵਿਚ ਪਹੁੰਚੇ ਹੋਏ ਹਨ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਦੜਬਾ ਵਿਚ 2001 ਦੌਰਾਨ 41 ਦਲਿਤ ਪਰਿਵਾਰਾਂ ਨੂੰ ਪੰਜ-ਪੰਜ ਮਰਲੇ ਰਿਹਾਇਸ਼ੀ ਜ਼ਮੀਨ ਦੇਣ ਦਾ ਮਤਾ ਪਾਇਆ ਗਿਆ ਸੀ। ਇਹ ਮਤਾ ਅਮਲੀ ਜਾਮਾ ਨਹੀਂ ਪਹਿਨ ਸਕਿਆ, ਸਗੋਂ ਇਸ ਵੇਲੇ ਤਿੱਖੇ ਸੰਘਰਸ਼ ਦਾ ਸਬੱਬ ਬਣਿਆ ਹੋਇਆ ਹੈ। ਇਸ ਮਾਮਲੇ ਵਿਚ ਛੇ ਕਾਰਕੁਨ ਜੇਲ੍ਹਾਂ ਵਿਚ ਡੱਕੇ ਹੋਏ ਹਨ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਇਸ ਵੇਲੇ ਸਿਆਸੀ ਅਤੇ ਇੰਤਜ਼ਾਮੀਆ ਖ਼ਿਲਾਫ਼ ਧਰਨੇ-ਮੁਜ਼ਾਹਰੇ ਕਰ ਰਹੀ ਹੈ। ਇਸ ਸੰਘਰਸ਼ ਮੀਡੀਆ ਵਿਚੋਂ ਤਕਰੀਬਨ ਗ਼ੈਰ-ਹਾਜ਼ਰ ਹੈ।

ਪਿਛਲੇ ਸਾਲ ਨਰਮੇ ਦੇ ਖ਼ਰਾਬੇ ਕਾਰਨ ਖੇਤ ਮਜ਼ਦੂਰਾਂ ਨੂੰ ਮੁਆਵਜ਼ੇ ਦਾ ਐਲਾਨ ਕੀਤਾ ਗਿਆ ਸੀ। ਇਸ ਤੋਂ ਬਾਅਦ ਬਿਜਲੀ ਦੇ ਬਿੱਲਾਂ ਬਾਬਤ ਮਜ਼ਦੂਰ ਜਥੇਬੰਦੀਆਂ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵਾਅਦਾ ਕੀਤਾ ਸੀ ਕਿ 125 ਕਰੋੜ ਰੁਪਏ ਦਾ ਬਕਾਏ ਉਤੇ ਲਕੀਰ ਮਾਰੀ ਜਾਵੇਗੀ, ਪਰ ਕੋਈ ਕਾਰਵਾਈ ਨਹੀਂ ਹੋਈ। ਇਹ ਪੁਰਾਣਾ ਮਾਮਲਾ ਹੈ- 2011 ਦੌਰਾਨ ਮਜ਼ਦੂਰ ਅਤੇ ਕਿਸਾਨ ਜਥੇਬੰਦੀਆਂ ਨੇ ਬਿਜਲੀ ਦੇ ਬਿੱਲਾਂ ਦਾ ਬਾਈਕਾਟ ਕੀਤਾ ਸੀ। ਬਾਅਦ ਵਿਚ ਸਰਕਾਰ ਨਾਲ ਸਮਝੌਤਾ ਹੋਇਆ ਸੀ ਜਿਸ ਤਹਿਤ ਬਕਾਏ ਉਤੇ ਲਕੀਰ ਮਾਰ ਦਿੱਤੀ ਗਈ ਸੀ। ਉਸ ਦੌਰਾਨ ਕਿਸਾਨਾਂ ਦੀ ਮੋਟਰਾਂ ਦੇ ਬਿਜਲੀ ਬਿੱਲਾਂ ਦੀ 367 ਰੁਪਏ ਦੀ ਰਕਮ ਮੁਆਫ਼ ਕਰ ਦਿੱਤੀ ਗਈ ਸੀ, ਪਰ ਮਜ਼ਦੂਰਾਂ ਦੇ ਰਿਹਾਇਸ਼ੀ ਬਿਜਲੀ ਬਿੱਲਾਂ ਦੀ 67 ਕੋਰੜ ਰੁਪਏ ਦੀ ਰਕਮ ਵਾਅਦ ਤੋਂ ਬਾਅਦ ਜਿਉਂ ਦੀ ਤਿਉਂ ਖੜ੍ਹੀ ਹੈ। ਇਹ ਰਕਮ ਵਧ ਕੇ ਹੁਣ 125 ਕਰੋੜ ਰੁਪਏ ਹੋ ਗਈ ਹੈ। ਚੰਡੀਗੜ੍ਹ ਵਿਚ ਧਰਨੇ ਤੋਂ ਬਾਅਦ ਪਹਿਲੀ ਅਪਰੈਲ 2016 ਨੂੰ ਮੁੱਖ ਮੰਤਰੀ ਨੇ ਵਾਅਦਾ ਕੀਤਾ ਸੀ ਕਿ ਇਸ ਬਕਾਏ ਨੂੰ ਅਗਲਾ ਫ਼ੈਸਲਾ ਹੋਣ ਤੱਕ ਪਾਸੇ ਕੀਤਾ ਜਾਵੇਗਾ। ਬਕਾਏ ਤੋਂ ਬਿਨਾਂ ਤਾਜ਼ਾ ਬਿੱਲ ਭੇਜੇ ਜਾਣਗੇ ਅਤੇ ਮਜ਼ਦੂਰ ਪਰਿਵਾਰ ਦੇ ਕੱਟੇ ਹੋਏ ਬਿਜਲੀ ਦੇ ਕਨੈਕਸ਼ਨ ਜੋੜੇ ਜਾਣਗੇ। ਇਸ ਬਾਬਤ ਮਹਿਕਮੇ ਨੇ ਚਿੱਠੀ ਜਾਰੀ ਕੀਤੀ ਸੀ, ਪਰ ਵਾਅਦਾ ਅਮਲ ਵਿਚ ਨਹੀਂ ਲਿਆਂਦਾ ਗਿਆ। ਨਰਮੇ ਦੇ ਖ਼ਰਾਬੇ ਅਤੇ ਬਿਜਲੀ ਦੇ ਬਿੱਲਾਂ ਬਾਬਤ ਮਜ਼ਦੂਰ ਯੂਨੀਅਨਾਂ ਨੇ 26 ਮਈ ਨੂੰ 223 ਥਾਂਵਾਂ ਉਤੇ ਮੁਜ਼ਾਹਰੇ ਕੀਤੇ ਸਨ ਜੋ ਮੀਡੀਆ ਵਿਚੋਂ ਤਕਰੀਬਨ ਗ਼ੈਰ-ਹਾਜ਼ਰ ਰਹੇ।

***ਇਨ੍ਹੀਂ ਦਿਨੀਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਹਰ ਰੋਜ਼ ਪਹਿਲੇ ਪੰਨੇ ਉਤੇ ਛਪ ਰਹੀਆਂ ਹਨ। ਸਿਆਸੀ ਪਾਰਟੀਆਂ ਦੇ ਦਾਅਵੇ ਅਤੇ ਵਾਅਦੇ ਵੀ ਨਸ਼ਰ ਹੋ ਰਹੇ ਹਨ। ਇਹ ਸੁਆਲ ਪੁੱਛਣਾ ਬਣਦਾ ਹੈ ਕਿ ਕਹਿਰ ਦੀ ਗਰਮੀ ਵਿਚ ਹਕੂਮਤੀ ਜਬਰ ਦਾ ਸਾਹਮਣਾ ਕਰ ਰਹੇ ਸੰਘਰਸ਼ ਨਜ਼ਰਅੰਦਾਜ਼ ਕਿਵੇਂ ਹੋ ਰਹੇ ਹਨ? ਇਹ ਨਜ਼ਰਅੰਦਾਜ਼ ਹੋ ਰਹੇ ਹਨ ਜਾਂ ਕੀਤੇ ਜਾ ਰਹੇ ਹਨ?***

ਇਸੇ ਦੌਰਾਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਕਰਜ਼ੇ ਦੇ ਸੁਆਲਾਂ ਨੂੰ ਮੁਖ਼ਾਤਬ ਕਿਸਾਨ ਮੋਰਚਾ 24 ਮਈ ਤੋਂ ਅਣਮਿਥੇ ਸਮੇਂ ਲਈ ਬਠਿੰਡਾ ਵਿਖੇ ਚੱਲ ਰਿਹਾ ਹੈ। ਬੇਰੁਜ਼ਗਾਰ ਅਧਿਆਪਕਾਂ ਦੇ ਸੰਘਰਸ਼ ਲਗਾਤਾਰ ਚੱਲ ਰਹੇ ਹਨ। ਮਜ਼ਦੂਰਾਂ, ਕਿਸਾਨਾਂ ਅਤੇ ਅਧਿਆਪਕਾਂ ਦੇ ਇਨ੍ਹਾਂ ਸੰਘਰਸ਼ ਵਿਚ ਮੌਕੇ, ਮੁੱਦੇ ਅਤੇ ਪੈਂਤੜੇ ਮੁਤਾਬਕ ਤਾਲਮੇਲ ਹੋ ਰਿਹਾ ਹੈ। ਇਸ ਸੰਘਰਸ਼ ਦਾ ਘੇਰਾ ਮੌਕੇ, ਮੁੱਦੇ ਅਤੇ ਪੈਂਤੜੇ ਤੋਂ ਮੋਕਲਾ ਨਹੀਂ ਹੋ ਰਿਹਾ। ਦੂਜੇ ਪਾਸੇ ਹੁਕਮਰਾਨ ਸਿਆਸੀ ਧਿਰਾਂ ਦੀ ਇਨ੍ਹਾਂ ਮੁੱਦਿਆਂ ਉਤੇ ਰਵਾਇਤੀ ਪਹੁੰਚ ਕਾਇਮ ਹੈ ਕਿਉਂਕਿ ਇਹ ਸਿਆਸੀ ਵਖਰੇਵਿਆਂ ਦੇ ਬਾਵਜੂਦ ਸਮਾਜ ਵਿਚ ਜਾਤੀ ਗ਼ਲਬੇ ਦੇ ਇਕੋ ਪਾਸੇ ਆਉਂਦੀਆਂ ਹਨ। ਸ਼੍ਰੋਮਣੀ ਅਕਾਲੀ ਦਲ (ਹੁਕਮਰਾਨ ਸਮੇਤ ਬਾਕੀ ਫਾਂਟਾਂ), ਭਾਜਪਾ ਅਤੇ ਕਾਂਗਰਸ ਸਮਾਜਿਕ ਇਨਸਾਫ਼ ਅਤੇ ਜਾਤੀ ਗ਼ਲਬੇ ਨੂੰ ਤੋੜਨ ਦੇ ਪੱਖ ਤੋਂ ਇਕੋ ਪਾਸੇ ਹਨ। ਆਮ ਆਦਮੀ ਪਾਰਟੀ ਨੇ ਆਪਣਾ ਸਮਾਜਿਕ ਖ਼ਾਸਾ ਇਸੇ ਦੌਰਾਨ ਸਾਫ਼ ਕਰ ਦਿੱਤਾ ਹੈ। ਇਕ ਪਾਸੇ ਇਹ ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਖ਼ਿਲਾਫ਼ ਬੋਲਣ ਦਾ ਕੋਈ ਮੌਕਾ ਨਹੀਂ ਖੁੰਝਾਉਂਦੇ, ਦੂਜੇ ਪਾਸੇ ਸਮਾਜਿਕ ਇਨਸਾਫ਼ ਦੀ ਹਰ ਲੜਾਈ ਵਿਚੋਂ ਗ਼ੈਰ-ਹਾਜ਼ਰ ਹਨ। ਇਸ ਵੇਲੇ ਸੰਘਰਸ਼ਾਂ ਦਾ ਖ਼ਿੱਤਾ ਬਣੇ ਮਾਲਵੇ ਵਿਚ ਆਮ ਆਦਮੀ ਪਾਰਟੀ ਦੇ ਲੋਕ ਸਭਾ ਵਾਲੇ ਚਾਰੇ ਹਲਕੇ ਪੈਂਦੇ ਹਨ। ਡਾ. ਧਰਮਵੀਰ ਗਾਂਧੀ ਤੋਂ ਇਲਾਵਾ ਬਾਕੀ ਨੁਮਾਇੰਦੇ ਇਨ੍ਹਾਂ ਸੰਘਰਸ਼ਾਂ ਨਾਲ ਕੋਈ ਹਮਦਰਦੀ ਜ਼ਾਹਰ ਕਰਨ ਤੋਂ ਕੰਨੀ ਕਤਰਾਉਂਦੇ ਹਨ।

ਇਨ੍ਹੀਂ ਦਿਨੀਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਹਰ ਰੋਜ਼ ਪਹਿਲੇ ਪੰਨੇ ਉਤੇ ਛਪ ਰਹੀਆਂ ਹਨ। ਸਿਆਸੀ ਪਾਰਟੀਆਂ ਦੇ ਦਾਅਵੇ ਅਤੇ ਵਾਅਦੇ ਵੀ ਨਸ਼ਰ ਹੋ ਰਹੇ ਹਨ। ਇਹ ਸੁਆਲ ਪੁੱਛਣਾ ਬਣਦਾ ਹੈ ਕਿ ਕਹਿਰ ਦੀ ਗਰਮੀ ਵਿਚ ਹਕੂਮਤੀ ਜਬਰ ਦਾ ਸਾਹਮਣਾ ਕਰ ਰਹੇ ਸੰਘਰਸ਼ ਨਜ਼ਰਅੰਦਾਜ਼ ਕਿਵੇਂ ਹੋ ਰਹੇ ਹਨ? ਇਹ ਨਜ਼ਰਅੰਦਾਜ਼ ਹੋ ਰਹੇ ਹਨ ਜਾਂ ਕੀਤੇ ਜਾ ਰਹੇ ਹਨ? -0-

ਭਖਦੇ ਮਸਲੇ

# ਧਰਮ ਤੇ ਸਿਆਸਤ ਦੀਆਂ ਪਰਤਾਂ

ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ 'ਤੇ ਹੋਏ ਹਮਲੇ ਨੇ ਧਰਮ ਅਤੇ ਸਿਆਸਤ ਦੀਆਂ ਬਹੁਤ ਸਾਰੀਆਂ ਪਰਤਾਂ ਨੂੰ ਸਾਹਮਣੇ ਲੈ ਆਂਦਾ ਹੈ। ਜਿਸ ਤਰ੍ਹਾਂ ਦੇ ਮੀਡੀਆ ਪ੍ਰਭਾਵ ਸਾਹਮਣੇ ਆ ਰਹੇ ਹਨ, ਉਨ੍ਹਾਂ ਨਾਲ ਕੁਝ ਅਜਿਹੀਆਂ ਪਰਤਾਂ ਵੀ ਜੁੜ ਗਈਆਂ ਹਨ, ਜਿਹੜੀਆਂ ਇਸ ਮਾਮਲੇ ਨੂੰ ਹੋਰ ਉਲਝਾਉਣ ਵਿਚ ਹਿੱਸਾ ਪਾ ਸਕਦੀਆਂ ਹਨ। ਮਸਲਨ, ਇਕ ਮੀਡੀਆ ਚੈਨਲ 'ਤੇ "ਸੰਤ ਢੱਡਰੀਆਂ ਵਾਲੇ ਤੇ ਖਾਲਿਸਤਾਨੀ ਗੋਲੀ" ਸਿਰਲੇਖ ਦੇ ਕੇ ਬਹਿਸ ਕਰਵਾਈ ਜਾ ਰਹੀ ਸੀ। ਲੱਗਿਆ, ਭਾਈਚਾਰਕ ਮਸਲੇ ਨੂੰ ਸਿਆਸੀ ਹਥਿਆਰ ਵਜੋਂ ਵਰਤੇ ਜਾ ਸਕਣ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ, ਕਿਉਂਕਿ ਪੰਜਾਬ ਵਿਚ ਇਹੋ ਜਿਹਾ ਕੋਈ ਮਸਲਾ ਨਹੀਂ ਹੈ। ਹੁਣ ਤਾਂ ਖਾਲਿਸਤਾਨੀ ਕਹਾਉਣ ਵਾਲੇ ਵੀ ਵਿਧਾਨਕ ਸਿਆਸਤ ਕਰਨ ਵਾਲੇ ਪਾਸੇ ਤੁਰੇ ਹੋਏ ਹਨ। ਜੇ ਇਸ ਨੂੰ ਗੈਂਗਵਾਰ ਦੀ




ਡਾ. ਬਲਕਾਰ ਸਿੰਘ
ਫੋਨ: +91-93163-01328

ਨਿਰੰਤਰਤਾ ਵਿਚ ਵੇਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਹੋਰ ਵੀ ਮਾੜੀ ਗੱਲ ਹੈ, ਕਿਉਂਕਿ ਸਿੱਖੀ ਵਿਚ ਗੈਂਗ ਹੋ ਜਾਣ ਦੀ ਅਗਿਆ ਨਹੀਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਧਾਰਮਿਕ ਵਿਸ਼ਵਾਸ ਨੂੰ ਲੈ ਕੇ ਸਿਆਸੀ ਪੈਂਤੜੇਬਾਜ਼ੀਆਂ ਬੜੀ ਦੇਰ ਤੋਂ ਚਲ ਰਹੀਆਂ ਹਨ। ਇਹ ਵੀ ਠੀਕ ਹੈ ਕਿ ਧਰਮ ਅਤੇ ਸਿਆਸਤ ਵਾਲਿਆਂ ਨੂੰ ਆਪੋ-ਆਪਣੀ ਨੈਤਿਕਤਾ ਮੁਤਾਬਿਕ ਆਪੋ-ਆਪਣੇ ਖੇਤਰਾਂ ਵਿਚ ਵਿਚਰਨ ਤੇ ਕੁਝ ਕਹਿਣ ਦਾ ਹੌਸਲਾ ਅਤੇ ਸਪਸ਼ਟਤਾ ਨਾ ਧਰਮੀਆਂ ਵਿਚ ਹੈ ਅਤੇ ਨਾ ਹੀ ਸਿਆਸਤਦਾਨਾਂ ਵਿਚ। ਇਸ ਕਿਸਮ ਦੇ ਪੈਂਤੜਿਆਂ ਨਾਲ ਧਰਮੀ ਅਤੇ ਸਿਆਸਤਦਾਨ ਇਕ ਦੂਜੇ ਨੂੰ ਫੇਲ੍ਹ ਕਰਨ ਵਾਲੇ ਰਾਹ ਬਹੁਤ ਦੇਰ ਤੋਂ ਪਏ ਹੋਏ ਹਨ। ਕਾਰਨ, ਦੋਵੇਂ ਧਿਰਾਂ (ਧਰਮੀ ਅਤੇ ਸਿਆਸਤਦਾਨ) ਇਕ ਦੂਜੇ ਨੂੰ ਵਰਤਣ ਦੇ ਲਾਲਚ ਵਿਚ ਇਕ ਦੂਜੇ ਤੋਂ ਵਰਤੇ ਜਾਣ ਵਾਲੇ ਰਾਹ ਪਈਆਂ ਹੋਈਆਂ ਹਨ। ਹੁਣ ਵਾਲੀ ਹੋਣੀ ਨਾਲ ਜੋੜ ਕੇ 17 ਮਈ ਦੀ ਘਟਨਾ ਨੂੰ ਕਦਮ ਰੋਕ ਕੇ ਵਿਚਾਰਨ ਦੀ ਕੋਸ਼ਿਸ਼ ਕਰਾਂਗੇ ਤਾਂ ਸ਼ਾਹ ਮੁਹੰਮਦ ਦੇ ਇਹ ਬੋਲ, "ਧਾੜ ਬੁਰਛਿਆਂ ਦੀ ਸਾਡੇ ਪੇਸ਼ ਆਈ, ਕੋਈ ਅਕਲ ਦਾ ਕਰੋ ਇਲਾਜ ਯਾਰੋ" ਦਰਪੇਸ਼ ਹੋਣੀ ਨੂੰ ਸਮਝਣ ਵਾਸਤੇ ਸਹਾਇਤਾ ਕਰਦੇ ਨਜ਼ਰ ਆ ਜਾਣਗੇ।

ਗੁਰੂ ਮਿਹਰ ਦੀ ਲੀਲ੍ਹਾ ਵਿਚ ਰੱਖ ਕੇ ਜਦੋਂ ਵੀ ਮੈਂ ਸੰਤ ਢੱਡਰੀਆਂ ਵਾਲੇ ਬਾਰੇ ਸੋਚਦਾ ਹਾਂ ਤਾਂ ਬਹੁਤ ਸਾਰੇ ਸੰਤੁਸ਼ਟੀ-ਸਰੋਕਾਰ ਮੇਰੇ ਸਾਹਮਣੇ ਨ੍ਰਿਤ ਕਰਨ ਲੱਗਦੇ ਹਨ। ਇਹੋ ਜਿਹੀ ਸਥਿਤੀ ਵਿਚ ਮੇਰੀ "ਬਾਬਾ ਜੀ" ਨਾਲ ਹਮਦਰਦੀ ਇੰਨੀ ਵਧੀ ਕਿ ਮੈਂ ਸੰਤਾਂ ਨੂੰ ਮਿਲਣ ਵਾਸਤੇ ਗੁਰਦੁਆਰਾ ਪਰਮੇਸ਼ਰ ਦੁਆਰ ਵਲ ਭੱਜ ਪਿਆ। ਉਥੇ ਮੈਂ ਅੱਲ੍ਹੜ ਉਮਰ ਦੇ ਇਕ ਸੇਵਾਦਾਰ ਕੋਲ ਪਹੁੰਚਿਆ ਅਤੇ ਦੱਸਿਆ- "ਬਾਬਾ ਜੀ" ਨੂੰ ਮਿਲਣਾ ਚਾਹੁੰਦਾ ਹਾਂ। ਦਰਸ਼ਨ ਕਰਨ ਵਾਲਿਆਂ ਨੇ ਮਿਲਣ ਵਾਲੇ ਦੀ ਉਮਰ ਦਾ ਕੋਈ ਲਿਹਾਜ ਕੀਤੇ ਬਿਨਾ ਮੈਨੂੰ ਬਿਨਾ ਬੋਲੇ ਅਹਿਸਾਸ ਕਰਵਾ ਦਿੱਤਾ ਸੀ ਕਿ ਉਡੀਕਦੇ ਰਹੋਗੇ ਤਾਂ ਹੋ ਸਕਦਾ ਹੈ ਦਰਸ਼ਨ ਹੋ ਜਾਣ। ਮੇਰਾ ਮਿਲਣ ਦਾ ਸਬਰ ਦਗ਼ਾ ਦੇ ਚੁੱਕਾ ਸੀ ਅਤੇ ਬਿਨਾ ਸੋਚੇ ਮੈਂ ਆਪਣਾ ਪਛਾਣ-ਕਾਰਡ ਸੇਵਾਦਾਰ ਨੂੰ ਸੌਂਪਦਿਆਂ ਕਿਹਾ- "ਬਾਬਾ ਜੀ" ਨੂੰ ਦੇ ਦੇਣਾ ਅਤੇ ਮੇਰੇ ਵਲੋਂ ਬੇਨਤੀ ਕਰਨਾ ਕਿ ਮਿਲਣ ਦਾ ਸਮਾਂ ਦੇ ਸਕਣ ਤਾਂ ਧੰਨਵਾਦੀ ਹੋਵਾਂਗਾ। ਛੇਤੀ ਹੀ ਅਹਿਸਾਸ ਹੋ ਗਿਆ ਕਿ ਵਾਪਸ ਭੱਜਣ ਦਾ ਫੈਸਲਾ ਵੀ ਉਹੋ ਜਿਹਾ ਸੀ, ਜਿਹੋ ਜਿਹਾ ਮਿਲਣ ਵਾਸਤੇ ਭੱਜਣ ਦਾ ਸੀ।

ਹੁਣ ਸੁਆਲ ਇਹ ਹੈ ਕਿ 17 ਮਈ ਵਾਲਾ ਵਰਤਾਰਾ ਦੋ ਧੜਿਆਂ ਵਿਚਕਾਰ ਵਾਪਰੀ ਘਟਨਾ ਹੈ, ਕਿ ਦੋ ਸ਼ਰੀਕਾਂ ਵਿਚਕਾਰ ਹੋਏ ਝਗੜੇ ਦਾ ਨਤੀਜਾ? ਸਿੱਖੀ, ਧੜਿਆਂ ਵਿਚ ਖਲੋ ਕੇ ਸੋਚਣ ਦੀ ਆਗਿਆ ਨਹੀਂ ਦਿੰਦੀ ਕਿਉਂਕਿ ਸਿੱਖ, ਧੜਾ-ਮਾਨਸਿਕਤਾ ਤੋਂ ਉਪਰ ਉਠ ਕੇ ਹੀ ਗੁਰੂਕਿਆਂ ਵਿਚ ਸ਼ਾਮਲ ਹੋ ਸਕਦਾ ਹੈ। ਸਿੱਖ ਪਰੰਪਰਾ ਨੇ ਇਸ ਨੂੰ "ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ (ਦੇਵਾਂ) ਅਤੇ ਵਾਸੀ ਅਨੰਦਪੁਰ ਸਾਹਿਬ" ਵਜੋਂ ਸੰਭਾਲਿਆ ਹੋਇਆ ਹੈ। ਇਸ ਤੋਂ ਪਹਿਲਾਂ ਗੁਰਗੱਦੀ ਨੂੰ ਲੈ ਕੇ ਗੁਰੂਕਿਆਂ ਵਿਚ ਉਠੇ ਆਪਸੀ ਵਿਰੋਧ ਨੂੰ ਗੁਰੂ ਸਾਹਿਬਾਂ ਦੀ ਅਗਵਾਈ ਵਿਚ ਸੰਗਤੀ ਸੂਝ ਮੁਤਾਬਿਕ ਸੁਲਝਾਇਆ ਜਾਂਦਾ ਰਿਹਾ ਸੀ। 1925 ਦੇ ਐਕਟ ਤੋਂ ਬਾਅਦ ਸਭ ਕੁਝ ਉਲਟ-ਪੁਲਟ ਹੋ ਗਿਆ ਅਤੇ ਵਰਤਮਾਨ ਵਿਚ ਤਾਂ ਸਭ ਕੁਝ ਸਿੱਖ ਸਿਆਸਤ ਮੁਤਾਬਿਕ ਹੀ ਹੋਣ ਲੱਗ ਪਿਆ ਹੈ। ਇਸ ਘਟਨਾ ਦੀਆਂ ਜੜ੍ਹਾਂ ਤਾਂ ਏਜੰਡਾ-ਵਿਹੂਣੇ ਸਿੱਖ ਪ੍ਰਚਾਰ ਵਿਚ ਹਨ। ਇਸ ਨਾਲ ਸਾਹਮਣੇ ਆ ਗਿਆ ਹੈ- ਬਾਣਾ-ਪ੍ਰਚਾਰ, ਪਛਾਣ-ਪ੍ਰਚਾਰ, ਬਾਣੀ-ਪ੍ਰਚਾਰ ਅਤੇ ਸਮਾਜ ਸੁਧਾਰਕ ਪ੍ਰਚਾਰ ਆਦਿ। ਇਸ ਨਾਲ ਪੈਦਾ ਹੋ ਰਹੇ ਹਨ ਰਾਇ ਦੇ ਵਿਰੋਧ, ਤੇ ਰਾਇ ਦੇ ਵਿਰੋਧ ਦੀ ਸਿਆਸਤ ਸਿੱਖਾਂ ਦੇ ਗਲ ਪੈ ਗਈ ਹੈ। ਰਾਇ ਦੇ ਵਿਰੋਧ ਨੂੰ ਟਕਸਾਲ ਦੀ ਵਿਧਾ ਰਾਹੀਂ ਸੁਲਝਾਉਣ ਦਾ ਰਾਹ, ਸਿੱਖ ਧਰਮ ਵਿਚ ਖੁੱਲ੍ਹਾ ਰੱਖਿਆ ਹੋਇਆ ਹੈ। ਦੇਸ਼ ਦੇ ਕਾਨੂੰਨ ਮੁਤਾਬਕ ਕਿਸੇ ਵੀ ਤਰ੍ਹਾਂ ਦੀ ਸੰਸਥਾ ਦੇ ਨਾਮ ਨੂੰ ਰਜਿਸਟਰਡ ਕਰਾਇਆ ਜਾ ਸਕਦਾ ਹੈ। ਇਸ ਨਾਲ ਦਮਦਮੀ ਟਕਸਾਲ ਨੇ ਬਿਨਾ ਰਜਿਸਟਰਡ ਕਰਵਾਏ ਸੰਭਾਵੀ ਸਿੱਖ ਟਕਸਾਲਾਂ ਦੀਆਂ ਸੰਭਾਵਨਾਵਾਂ ਦਾ ਰਾਹ ਰੋਕ ਲਿਆ ਹੈ। ਮੇਰੇ ਨਜ਼ਦੀਕ ਹਰ ਸੰਤ ਪਰੰਪਰਾ, ਟਕਸਾਲ ਹੈ ਅਤੇ ਇਸ ਨਾਲ ਰਾਇ ਦੇ ਵਿਰੋਧ ਨੂੰ ਦੁਸ਼ਮਣੀ ਹੋ



ਹਰਨਾਮ ਸਿੰਘ ਧੁੰਮਾ

ਜਾਣ ਤੋਂ ਰੋਕਿਆ ਜਾ ਸਕਦਾ ਹੈ। ਟਕਸਾਲ ਦੀਆਂ ਵਿਭਿੰਨ ਉਸਾਰੀਆਂ ਦਾ ਰਾਹ ਵੀ ਅਸੀਂ ਆਪ ਹੀ ਰੋਕਿਆ ਹੈ, ਕਿਉਂਕਿ ਟਕਸਾਲਾਂ ਦੀ ਸੰਭਾਵਨਾ ਡੇਰਿਆਂ ਵਿਚ ਤਬਦੀਲ ਹੋਣੀ ਸ਼ੁਰੂ ਹੋ ਗਈ ਹੈ। ਕੋਈ ਵੀ ਸਿੱਖ ਡੇਰੇਦਾਰ ਟਕਸਾਲ ਹੋਣਾ ਹੀ ਨਹੀਂ ਚਾਹੁੰਦਾ। ਸੰਤ ਢੱਡਰੀਆਂ ਵਾਲੇ ਅਤੇ ਸੰਤ ਹਰਨਾਮ ਸਿੰਘ ਧੁੰਮਾ ਵਿਚਕਾਰ ਤਕਰਾਰ ਇਥੋਂ ਹੀ ਸ਼ੁਰੂ ਹੋਇਆ ਸੀ ਅਤੇ ਪਹੁੰਚ ਗਿਆ ਹੈ, ਮਰਨ ਮਾਰਨ 'ਤੇ। ਜਿਸ ਤਰ੍ਹਾਂ ਹਰ ਕਿਸਮ ਦੀ ਪੰਜਾਬੀ ਸਿਆਸਤ ਨੇ ਇਸ ਨੂੰ ਵਰਤਣਾ ਸ਼ੁਰੂ ਕਰ ਦਿੱਤਾ ਹੈ, ਉਸ ਨਾਲ ਮਾਮਲਾ ਕਾਨੂੰਨੀ ਤੌਰ 'ਤੇ ਸੁਲਝਣ ਵਾਲੇ ਰਾਹ ਪਾ ਵੀ ਲਿਆ ਜਾਵੇ ਤਾਂ ਵੀ ਉਲਝਦਾ ਹੀ ਨਜ਼ਰ ਆ ਰਿਹਾ ਹੈ। ਉਲਝਣ ਦਾ ਕਾਰਨ ਇਹ ਹੈ ਕਿ ਸਿੱਖਾਂ ਦੇ ਧਾਰਮਿਕ ਮਸਲਿਆਂ ਨੂੰ ਕਾਨੂੰਨ ਮੁਤਾਬਕ ਸੁਲਝਾਇਆ ਨਹੀਂ ਜਾ ਸਕਦਾ। ਵਾਪਰੀ ਹੋਈ ਘਟਨਾ ਨੂੰ ਧਾਰਮਿਕ ਮਸਲਾ ਬਿਲਕੁਲ ਨਹੀਂ ਸਮਝਣਾ ਚਾਹੀਦਾ ਕਿਉਂਕਿ ਇਹ ਘਟਨਾ ਕਾਤਲਾਨਾ ਹਮਲੇ ਦੀ ਹੈ ਅਤੇ ਕਾਨੂੰਨ ਦਾ ਮਸਲਾ ਹੈ; ਪਰ ਇਸ ਕਾਨੂੰਨੀ ਮਸਲੇ ਨੂੰ ਜੇ ਦੋ ਧਾਰਮਿਕ ਅਦਾਰਿਆਂ ਦੇ ਮੁਖੀਆਂ ਦੇ ਝਗੜੇ ਵਜੋਂ ਲਿਆ ਜਾਵੇਗਾ ਤਾਂ ਕਾਨੂੰਨ ਦੇ ਰਾਹ ਵਿਚ ਵੀ ਰੁਕਾਵਟਾਂ ਖੜ੍ਹੀਆਂ ਹੋਣਗੀਆਂ। ਪੰਜਾਬ ਦੇ ਸਿਆਸਤਦਾਨ ਜਿਸ ਤਰ੍ਹਾਂ ਵਹੀਰ ਘੱਤ ਕੇ ਗੁਰਦੁਆਰਾ ਪਰਮੇਸ਼ਰ ਦੁਆਰ ਵੱਲ ਭੱਜੇ ਜਾ ਰਹੇ ਹਨ, ਉਸ ਸਪੀਡ ਨਾਲ ਉਨ੍ਹਾਂ ਨੂੰ ਸਰਕਾਰ ਵੱਲ ਭੱਜਣਾ ਚਾਹੀਦਾ ਹੈ। ਸਿੱਖ ਜਥੇਬੰਦੀਆਂ ਨੂੰ ਵੀ ਧਿਰ ਹੋ ਕੇ ਮਸਲੇ ਦੀ ਸਿਆਸਤ ਕਰਨ ਤੋਂ ਗੁਰੇਜ਼ ਕਰ ਕੇ ਇਸ ਮਸਲੇ ਨੂੰ ਰਣਭੂਮੀ ਦਾ ਮਸਲਾ ਨਹੀਂ ਬਣਨ ਦੇਣਾ ਚਾਹੀਦਾ।

ਸਿੱਖ ਭਾਈਚਾਰੇ ਦੇ ਬਹੁਤੇ ਮਸਲੇ ਇਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਰਦ-ਗਿਰਦ ਘੁੰਮ ਰਹੇ ਹਨ। ਇਸੇ ਵਿਚੋਂ 'ਸਰਕਾਰੀ ਸੰਤ' ਦੀ ਟਿੱਪਣੀ ਨਿਕਲੀ ਸੀ। ਸਭ ਨੂੰ ਪਤਾ ਹੈ ਕਿ ਸੰਤ ਸਮਾਜ ਨੂੰ ਅਕਾਲੀਆਂ ਦੇ ਹੱਕ ਵਿਚ ਭੁਗਤਾਉਣ ਦੀ ਭੂਮਿਕਾ ਸੰਤ ਹਰਨਾਮ ਸਿੰਘ ਧੁੰਮਾ ਦੀ ਅਗਵਾਈ ਵਿਚ ਹੀ ਨਿਭਾਈ ਗਈ ਸੀ। ਇਸ ਨਾਲ ਸ਼੍ਰੋਮਣੀ ਕਮੇਟੀ ਵਿਚ ਸੰਤ ਧੁੰਮਾ ਦਾ ਦਖਲ ਵੀ ਵਧ ਗਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਉਠੇ ਸਿੱਖ ਰੋਹ ਦੀ ਨੁਮਾਇੰਦਗੀ ਜਿਸ ਤਰ੍ਹਾਂ ਸੰਤ ਢੱਡਰੀਆਂ ਵਾਲਿਆਂ ਨੇ ਕੀਤੀ ਸੀ, ਉਸ ਨਾਲ ਸੰਤ ਸਮਾਜ ਵੀ ਵੰਡਿਆ ਗਿਆ ਸੀ। ਸੰਤ ਧੁੰਮਾ ਸੰਤ ਸਮਾਜ ਦਾ ਪ੍ਰਧਾਨ ਹੁੰਦਿਆਂ ਵੀ ਇਕੱਲੇ ਰਹਿ ਗਏ ਸਨ। ਇਸ ਨਾਲ ਸੰਤ ਸਮਾਜ ਵਿਚ ਚਰਚਾ ਸ਼ੁਰੂ ਹੋ ਗਈ ਸੀ ਕਿ ਸਿੱਖ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਤੋਂ ਬਚਾਇਆ ਜਾਣਾ ਚਾਹੀਦਾ ਹੈ। ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਇਹ ਮੁੱਦਾ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾ ਹਰ ਰੰਗ ਦੇ ਸਿਆਸਤਦਾਨ ਨੂੰ ਠੀਕ ਬੈਠਦਾ ਹੈ। ਪਰਵਾਸੀ ਸਿੱਖਾਂ ਵਲੋਂ ਵੀ ਇਸ ਦੇ ਸਮਰਥਨ ਵਿਚ ਲਹਿਰ ਪੈਦਾ ਹੋ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ। ਪੰਜਾਬ ਵਿਚੋਂ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੂੰ ਸਿਆਸਤ ਮੁਕਤ ਸ਼੍ਰੋਮਣੀ ਕਮੇਟੀ ਦੇ ਮੁੱਦਈਆਂ ਵਿਚੋਂ ਗਿਣਿਆ ਜਾ ਰਿਹਾ ਹੈ। ਇਸ ਵਾਸਤੇ ਸੰਤ ਢੱਡਰੀਆਂ ਵਾਲੇ ਦਾ ਵਿਰੋਧ ਤਾਂ ਹੋ ਹੀ ਰਿਹਾ ਸੀ, ਪਰ ਜਿਹੋ ਜਿਹੀ ਸ਼ਕਲ ਇਹ ਵਿਰੋਧ ਲੈ ਗਿਆ ਹੈ, ਇਹ ਕਿਸੇ ਦੇ ਵੀ ਹੱਕ ਵਿਚ ਨਹੀਂ ਹੈ।

ਸੰਤ ਸਮਾਜ ਦੀ ਤਾਕਤ ਬੇਸ਼ੱਕ ਸਿੱਖ ਸੰਗਤ ਹੈ, ਪਰ ਸੰਸਥਾਵਾਂ ਦੇ ਸੰਤ ਮੁਖੀਆਂ ਦੀ ਸਥਿਤੀ ਸਿੱਖ ਸਿਆਸਤਦਾਨਾਂ ਦੇ ਮੁਕਾਬਲੇ ਉਹੋ ਜਿਹੀ ਰਹਿਣੀ ਹੈ ਜਿਹੋ ਜਿਹੀ ਚੂਚਿਆਂ ਦੀ ਇੱਲ ਦੇ ਸਾਹਮਣੇ ਹੁੰਦੀ ਹੈ। ਇਸੇ ਲਈ ਸਭ ਨੂੰ ਪਤਾ ਹੋਣ ਦੇ ਬਾਵਜੂਦ, ਹਮਲੇ ਦੀ ਜੜ੍ਹ ਨਹੀਂ ਫੜੀ ਜਾ ਰਹੀ ਕਿਉਂਕਿ ਇਸ ਨਾਲ ਇਹ ਸਾਹਮਣੇ ਆ ਜਾਣਾ ਹੈ ਕਿ ਹਮਲਾ ਕਿਉਂ ਹੋਇਆ? ਇਸ ਮਸਲੇ ਦੇ ਹੱਲ ਨਾ ਹੋਣ ਨਾਲ ਤਾਂ ਹਾਲਾਤ ਵਿਗੜ ਸਕਦੇ ਹਨ, ਪਰ ਇਸ ਮਸਲੇ ਦੇ ਕਾਨੂੰਨੀ ਹੱਲ ਕਰ ਲੈਣ ਨਾਲ ਹਾਲਾਤ ਦੇ ਵਿਗੜਨ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਇਸ ਦਾ ਪੰਥਕ ਹੱਲ ਕੱਢ ਸਕਣ ਵਾਸਤੇ ਕੋਈ ਵੀ ਭੂਮਿਕਾ ਨਿਭਾ ਸਕਣ ਦੀ ਕੋਈ ਸੰਭਾਵਨਾ ਨਹੀਂ ਹੈ ਕਿਉਂਕਿ ਅਕਾਲ



ਰਣਜੀਤ ਸਿੰਘ ਢੱਡਰੀਆਂ ਵਾਲੇ

ਤਖਤ ਸਾਹਿਬ ਦੇ ਜਥੇਦਾਰ ਦੀ ਸਾਖ ਨੂੰ ਵੀ ਖੋਰਾ ਲੱਗ ਚੁੱਕਾ ਹੈ। ਜਿਹੋ ਜਿਹੀ ਸਿਆਸਤੀ ਚੁੱਪ ਨੇ ਜਥੇਦਾਰੀ ਦੀ ਸੰਸਥਾ ਨੂੰ ਅਪ੍ਰਸੰਗਿਕ ਕਰ ਦਿੱਤਾ ਹੈ, ਉਹੋ ਜਿਹੀ ਸਿਆਸੀ ਚੁੱਪ ਨਾਲ ਜਿਵੇਂ ਇਕ ਨੂੰ ਸਰਕਾਰੀ ਸੰਤ ਬਣਾ ਕੇ ਅਪ੍ਰਸੰਗਿਕ ਕਰ ਦਿੱਤਾ ਗਿਆ ਹੈ, ਉਸੇ ਤਰ੍ਹਾਂ ਦੂਜੇ ਉਤੇ ਸਰਕਾਰੀ ਚਾਦਰ ਪਾ ਕੇ ਅਪ੍ਰਸੰਗਿਕ ਕੀਤਾ ਜਾ ਸਕਦਾ ਹੈ। ਵੈਸੇ ਵੀ ਕੋਰਟ-ਕਚਹਿਰੀਆਂ ਵੱਲ ਧੱਕੇ ਹੋਏ ਸੰਤ, ਕਿੰਨੇ ਕੁ ਸੰਤ ਰਹਿ ਸਕਣਗੇ? ਸੰਤਾਂ ਨੂੰ ਪਤਾ ਹੋਣਾ ਚਾਹੀਦੈ ਕਿ ਜਿਵੇਂ ਮਾਇਆ ਬਿਨਾ ਦੰਦਾਂ ਤੋਂ ਲੋਹਾ ਖਾ ਜਾਂਦੀ ਹੈ, ਉਵੇਂ ਹੀ ਸਿਆਸਤ ਬਿਨਾ ਦੰਦਾਂ ਤੋਂ ਸੰਤਤਾਈ ਖਾ ਜਾਏਗੀ। ਸਮੱਸਿਆ ਇਹ ਹੈ ਕਿ ਸੰਤਾਂ ਕੋਲ ਸਟੇਜ ਵੀ ਹੈ ਅਤੇ ਸ੍ਰੋਤੇ ਵੀ ਹਨ। ਇਸ ਹਾਲਤ ਵਿਚ ਚੁੱਪ ਨਾਲ ਪਛਾੜਨ ਵਾਲੀ ਸਿਆਸਤ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਅਕਾਲ ਤਖਤ ਸਾਹਿਬ ਦਾ ਅਪਹਰਣ ਕਰ ਕੇ ਪੈਦਾ ਕੀਤੀ ਗਈ ਗੈਰ-ਹਾਜ਼ਰੀ ਵਿਚ ਸੰਤ ਸਮਾਜ ਨੂੰ ਪੰਥਕ ਭੂਮਿਕਾ ਨਿਭਾਉਣ ਵਾਸਤੇ ਅੱਗੇ ਆਉਣਾ ਚਾਹੀਦਾ ਹੈ।

# ਖਾਲਿਸਤਾਨ ਬਾਰੇ ਬਹਿਸ ਦਾ ਕੱਚ-ਸੱਚ

***1980ਵਿਆਂ ਦੌਰਾਨ ਜਦੋਂ ਪੰਜਾਬ ਦੀ ਸਿਆਸਤ ਤਿੱਖਾ ਮੋੜ ਕੱਟ ਰਹੀ ਸੀ, ਉਦੋਂ ਪੱਤਰਕਾਰ ਜਸਪਾਲ ਸਿੰਘ ਸਿੱਧੂ ਅੰਗਰੇਜ਼ੀ ਖਬਰ ਏਜੰਸੀ ਯੂ ਐਨ ਆਈ ਦੇ ਨੁਮਾਇੰਦੇ ਵਜੋਂ ਅੰਮ੍ਰਿਤਸਰ ਵਿਖੇ ਤਾਇਨਾਤ ਸਨ। ਆਪਣੀ ਕਿਤਾਬ 'ਜੂਨ ਚੁਰਾਸੀ ਦੀ ਪੱਤਰਕਾਰੀ' ਵਿਚ ਉਨ੍ਹਾਂ ਉਸ ਦੌਰ ਦੀ ਪੱਤਰਕਾਰੀ ਬਾਰੇ ਚਾਨਣਾ ਪਾਇਆ ਹੈ। ਇਸ ਕਿਤਾਬ ਬਾਰੇ ਚੰਡੀਗੜ੍ਹ ਵਿਚ ਹੋਈ ਵਿਚਾਰ-ਚਰਚਾ ਦਾ ਸਾਰ-ਅੰਸ਼ ਪੇਸ਼ ਹੈ। -ਸੰਪਾਦਕ***

ਚੰਡੀਗੜ੍ਹ ਵਿਚ ਪੱਤਰਕਾਰ ਜਸਪਾਲ ਸਿੰਘ ਸਿੱਧੂ ਦੀ ਕਿਤਾਬ 'ਜੂਨ ਚੁਰਾਸੀ ਦੀ ਪੱਤਰਕਾਰੀ' ਦੇ ਰਿਲੀਜ਼ ਸਮਾਗਮ ਦੀ ਖਬਰ, ਮੀਡੀਆ ਵਿਚ ਥੋੜ੍ਹੇ-ਬਹੁਤੇ ਫਰਕ ਨਾਲ ਨਸ਼ਰ ਹੋ ਗਈ, ਪਰ ਸਮਾਗਮ ਦੌਰਾਨ ਅਸਲ ਵਿਚ ਕੀ ਵਾਪਰਿਆ, ਬਾਰੇ ਕਿਤੇ ਕੁਝ ਪੜ੍ਹਨ ਨੂੰ ਨਹੀਂ ਮਿਲਿਆ।

ਮਨਜੀਤ ਸਿੰਘ ਟਿਵਾਣਾ
ਫੋਨ: +91-99158-94002

ਸਮਾਗਮ ਵਿਚ ਪੱਤਰਕਾਰ ਚੰਚਲ ਮਨੋਹਰ ਸਿੰਘ, ਹਮੀਰ ਸਿੰਘ, ਜਸਪਾਲ ਸਿੰਘ ਸਿੱਧੂ, ਪ੍ਰੋ. ਗੁਰਨੇਕ ਸਿੰਘ, ਸਿੱਧੂ ਦਮਦਮੀ, ਪੱਤਰਕਾਰ ਸੁਖਦੇਵ ਸਿੰਘ, ਪਿਸ਼ੌਰਾ ਸਿੰਘ ਸਿੱਧੂਪੁਰ ਤੇ ਹੋਰਾਂ ਨੇ ਸੰਬੋਧਨ ਕੀਤਾ। ਬਹੁਗਿਣਤੀ ਬੁਲਾਰਿਆਂ ਨੇ ਕਿਤਾਬ ਬਾਰੇ ਵਿਚਾਰ-ਵਟਾਂਦਰਾ ਕਰਨ ਵੇਲੇ ਖਾਲਿਸਤਾਨ, ਖਾੜਕੂ ਲਹਿਰ, ਸਿੱਖਾਂ ਅਤੇ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਅਜੀਬ ਟਿੱਪਣੀਆਂ ਕੀਤੀਆਂ। ਇਸ ਜ਼ਬਾਨੀ ਭੇੜ ਵਿਚੋਂ ਨਿਕਲਿਆ ਭਾਵੇਂ ਕੁਝ ਵੀ ਨਹੀਂ, ਪਰ ਕੁਝ ਸਵਾਲ ਜ਼ਰੂਰ ਪੈਦਾ ਹੋ ਗਏ। 1984 ਦੇ ਉਸ ਕਾਲੇ ਦੌਰ ਵਿਚ ਪੱਤਰਕਾਰੀ ਦੇ ਨਾਂ ਹੇਠ ਕੀਤੇ ਕੁਕਰਮਾਂ ਦਾ ਪਰਦਾਫਾਸ਼ ਕਰਨ ਵਾਲੀ ਇਸ ਕਿਤਾਬ ਉਤੇ ਚਰਚਾ ਦੀ ਥਾਂ, ਜਾਪਦਾ ਸੀ, ਸਮਾਗਮ ਦਾ ਏਜੰਡਾ ਬਦਲ ਕੇ ਖਾਲਿਸਤਾਨ ਦਾ ਮੁੱਦਾ ਹੋ ਗਿਆ ਹੋਵੇ। ਇਹ ਇਤਫਾਕ ਸੀ, ਜਾਂ ਕੁਝ ਹੋਰ, ਸਮਾਗਮ ਦਾ ਦਿਨ 29 ਅਪਰੈਲ ਉਹ ਦਿਨ ਵੀ ਸੀ ਜਿਸ ਦਿਨ 1986 ਵਿਚ ਅੰਮ੍ਰਿਤਸਰ ਵਿਚ ਸਰਬੱਤ ਖਾਲਸਾ ਦੌਰਾਨ ਪੰਥਕ ਕਮੇਟੀ ਨੇ ਖਾਲਿਸਤਾਨ ਦਾ ਐਲਾਨ ਕੀਤਾ ਸੀ। ਹੈਰਾਨੀ ਵਾਲੀ ਗੱਲ ਇਹ ਵੀ ਰਹੀ ਕਿ ਸਮਾਗਮ ਵਿਚ ਖਾਲਿਸਤਾਨੀ ਵਿਚਾਰਧਾਰਾ ਦੇ ਸਮਰਥਕਾਂ ਵਜੋਂ ਜਾਣੇ ਜਾਂਦੇ ਇਤਿਹਾਸਕਾਰ, ਵਿਦਵਾਨ ਅਤੇ ਸਿਆਸਤਦਾਨ ਮੌਜੂਦ ਸਨ, ਪਰ ਕੋਈ ਵੀ ਤਰਕਹੀਣ ਨੁਕਤਿਆਂ ਦੇ ਤੀਰਾਂ ਨਾਲ ਫੁੰਡੇ ਜਾ ਰਹੇ 'ਖਾਲਿਸਤਾਨ' ਦੀ ਢਾਲ ਬਣ ਕੇ ਸਾਹਮਣੇ ਨਹੀਂ ਆਇਆ।

ਸਭ ਤੋਂ ਪਹਿਲਾਂ ਗੁਰਦਰਸ਼ਨ ਸਿੰਘ ਬਾਹੀਆ ਨੇ ਕਿਤਾਬ ਬਾਰੇ ਜਾਣਕਾਰੀ ਦਿੱਤੀ। ਫਿਰ ਪੱਤਰਕਾਰ ਕਰਮਜੀਤ ਸਿੰਘ ਨੇ 1982 ਤੋਂ 1986 ਤੱਕ ਦੀਆਂ ਵੱਡੀਆਂ ਘਟਨਾਵਾਂ ਜਿਵੇਂ ਧਰਮ ਯੁੱਧ ਮੋਰਚੇ ਦੀ ਸ਼ੁਰੂਆਤ, ਫੌਜ ਦਾ ਦਰਬਾਰ ਸਾਹਿਬ 'ਤੇ ਹਮਲਾ ਅਤੇ ਉਸ ਪਿਛੋਂ ਵੱਖ-ਵੱਖ ਫੋਰਸਾਂ ਦੀ ਕਾਰਗੁਜ਼ਾਰੀ ਬਾਰੇ ਕਿਤਾਬ ਵਿਚ ਦਰਜ ਭਰੋਸੇਯੋਗ ਜਾਣਕਾਰੀ ਦੀ ਤਾਰੀਫ਼ ਕੀਤੀ। ਭਾਸ਼ਣ ਦੇ ਅਖੀਰ ਵਿਚ ਉਨ੍ਹਾਂ ਕਿਤਾਬ ਦੇ ਆਖਰੀ ਚੈਪਟਰ ਦਾ ਜ਼ਿਕਰ ਕਰਦਿਆਂ ਸਮਾਗਮ ਵਿਚ ਬੈਠੇ ਪੱਤਰਕਾਰ ਦਲਬੀਰ ਸਿੰਘ ਅਤੇ ਪੰਥਕ ਕਮੇਟੀ ਦੇ ਸਾਬਕਾ ਮੁਖੀ ਮਰਹੂਮ ਡਾਕਟਰ ਸੋਹਣ ਸਿੰਘ ਦਾ ਨਾਂ ਲੈ ਕੇ ਕੁਝ ਤਿੱਖੀਆਂ ਟਿੱਪਣੀਆਂ ਕੀਤੀਆਂ। ਉਹ ਸ਼ਾਇਦ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਦਲਬੀਰ ਸਿੰਘ ਕੋਲੋਂ ਇਹ ਚਾਹੁੰਦੇ ਸਨ ਕਿ ਕਿਤਾਬ ਦੇ ਆਖਰੀ ਹਿੱਸੇ ਵਿਚ ਜ਼ਿਕਰ ਕੀਤੇ ਪ੍ਰਸੰਗ ਦੀ ਰੌਸ਼ਨੀ ਵਿਚ ਆਪਣਾ ਪੈਂਤੜਾ ਸਪਸ਼ਟ ਕਰਨ। ਬੱਸ, ਇਥੋਂ ਹੀ ਬਹਿਸ ਦਾ ਏਜੰਡਾ ਜਿਵੇਂ ਕੂਹਣੀ ਮੋੜ ਲੈ ਗਿਆ ਹੋਵੇ! ਫਿਰ ਤਾਂ ਬਹੁਤੇ ਬੁਲਾਰੇ ਕਿਤਾਬ ਵਿਚਲੇ ਤੱਥਾਂ ਦੀ ਥਾਂ, ਆਪੋ-ਆਪਣਾ ਬੌਧਿਕ ਗਿਆਨ ਸਰੋਤਿਆਂ ਉਤੇ ਜਬਰੀ ਠੋਸਣ ਲੱਗ ਪਏ। ਸਮਾਗਮ ਦੇ ਬਹਾਨੇ ਖਾਲਿਸਤਾਨ ਨੂੰ ਨਿਸ਼ਾਨੇ 'ਤੇ ਲੈ ਰਹੇ ਬੁਲਾਰਿਆਂ ਦੇ ਸਾਹਮਣੇ ਬੈਠੇ ਖਾਲਿਸਤਾਨ ਦੇ ਸਮਰਥਕ ਚੁੱਪ ਹੀ ਰਹੇ। ਚੁੱਪ ਦਾ ਇਹ ਭਾਣਾ ਕਿਉਂ ਵਾਪਰਿਆ? ਕੀ ਇਸ ਦਾ ਮਤਲਬ ਇਹ ਲਿਆ ਜਾਵੇ ਕਿ ਖਾਲਿਸਤਾਨ ਦੇ ਹਮਾਇਤੀਆਂ ਕੋਲ ਕਹਿਣ ਨੂੰ ਹੁਣ ਕੁਝ ਨਹੀਂ ਬਚਿਆ? ਨੇਸ਼ਨ ਸਟੇਟ ਦਾ ਡਰਾਉਣਾ ਚਿਹਰਾ, ਪੂੰਜੀਵਾਦੀ ਰਾਜਪ੍ਰਬੰਧ ਵਿਚ ਪੱਤਰਕਾਰਾਂ ਦੇ ਹੋਰ ਵੱਧ ਨਿਮਾਣੇ ਹੋ ਜਾਣ ਦੀਆਂ ਗੱਲਾਂ ਸ਼ਾਇਦ ਬਹੁਤੀਆਂ ਬੋਝਲ ਜਿਹੀਆਂ ਨਾ ਲਗਦੀਆਂ, ਜੇ ਇਹ ਮੌਕੇ ਦੀ ਨਜ਼ਾਕਤ ਨਾਲ ਮੇਲ ਖਾ ਰਹੀਆਂ ਹੁੰਦੀਆਂ। ਬਹਿਸ ਦੌਰਾਨ ਮੇਰੇ ਸਮੇਤ ਬਹੁਗਿਣਤੀ ਹਾਜ਼ਰੀਨ ਨੂੰ ਦੋ ਵੱਖਰੀ ਤਰ੍ਹਾਂ ਦੇ ਸਵਾਲਾਂ ਨੇ ਘੇਰੀ ਰੱਖਿਆ- ਕੀ ਬਹਿਸ ਨੂੰ ਪਹਿਲਾਂ ਹੀ ਮਿਥੇ ਲੁਕਵੇਂ ਏਜੰਡੇ ਨਾਲ ਖਾਲਿਸਤਾਨ ਦੇ ਮੁੱਦੇ 'ਤੇ ਲਿਆਂਦਾ ਗਿਆ? ਜਾਂ ਇਹ ਮੌਕਾ ਮੇਲ ਹੀ ਸੀ? ਉਮੀਦ ਸੀ ਕਿ ਸਿੱਖ ਭਾਈਚਾਰੇ ਦੀ ਮੁਕੰਮਲ ਆਜ਼ਾਦੀ ਦੇ ਵੱਡੇ ਮੁੱਦਈ ਵਜੋਂ ਸਾਹਮਣੇ ਆਏ ਇਤਿਹਾਸਕਾਰ ਅਜਮੇਰ ਸਿੰਘ ਇਸ ਬਾਰੇ ਕੁਝ ਜ਼ਰੂਰ ਬੋਲਣਗੇ, ਪਰ ਉਹ ਵੀ ਸਟੇਟ ਦੇ ਜ਼ੁਲਮ, ਮਨੁੱਖੀ ਹੱਕਾਂ ਦੇ ਘਾਣ ਜਾਂ ਸਿੱਖਾਂ ਸਮੇਤ ਹੋਰ ਘੱਟਗਿਣਤੀਆਂ ਦੀ ਲੜਾਈ ਨੂੰ 'ਨੇਸ਼ਨ ਸਟੇਟ' ਦੇ ਸਿਧਾਂਤ ਦੇ ਪੇਟੇ ਪਾ ਕੇ ਤੁਰਦੇ ਬਣੇ। ਥੋੜ੍ਹੀ ਬਹੁਤੀ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਪਤਾ ਲੱਗਿਆ ਕਿ ਖਾਲਿਸਤਾਨ ਦਾ ਸਿਧਾਂਤ ਜਾਂ ਵਿਚਾਰ ਵੀ ਕਿਤੇ ਨਾ ਕਿਤੇ ਜਾ ਕੇ ਸਟੇਟ ਜਾਂ ਨੇਸ਼ਨ ਨਾਲ ਜਾ ਜੁੜਦਾ ਹੈ। ਫਿਰ ਜੇ ਸਭ ਬਿਮਾਰੀਆਂ ਦੀ ਜੜ੍ਹ ਨੇਸ਼ਨ ਸਟੇਟ ਹੀ ਹੈ, ਤਾਂ ਇਸ ਦਾ ਬਦਲ ਕੀ ਹੋਇਆ?... ਖਾਲਿਸਤਾਨ?

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪੱਤਰਕਾਰ ਦਲਬੀਰ ਸਿੰਘ ਨੇ ਅਜਿਹੀਆਂ ਟਿੱਪਣੀਆਂ ਕੀਤੀਆਂ ਜਿਨ੍ਹਾਂ ਤੋਂ ਜਾਪ ਰਿਹਾ ਸੀ ਕਿ ਉਹ ਕਿਤਾਬ ਦੇ ਆਖਰੀ ਚੈਪਟਰ ਵਿਚ ਖੁਦ ਵਲੋਂ ਜੂਨ 1984 ਤੋਂ ਬਾਅਦ ਲਏ ਖਾਲਿਸਤਾਨ ਵਿਰੋਧੀ ਪੈਂਤੜੇ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਵਿਚ ਆਪਾ ਖੋ ਬੈਠੇ ਸਨ। ਉਦੋਂ ਹੱਦ ਹੋ ਗਈ ਜਦੋਂ ਉਨ੍ਹਾਂ ਸਮੁੱਚੀ ਖਾਲਿਸਤਾਨੀ ਲਹਿਰ ਅਤੇ ਖਾਲਿਸਤਾਨ ਦੀ ਮੰਗ ਨੂੰ ਪੰਜਾਬ ਪੁਲਿਸ ਅਤੇ ਕੇਂਦਰੀ ਏਜੰਸੀਆਂ ਦੇ ਕੁਝ ਪੁਲਿਸ ਕੈਟਾਂ ਸਿਰ ਮੜ੍ਹ ਦਿੱਤਾ। ਅਜਿਹੇ ਵਿਹਾਰ ਉਤੇ ਸਵਾਲ ਉਠਣੇ ਤਾਂ ਦੂਰ, ਕਿਤੇ ਜ਼ਿਕਰ ਤਕ ਨਹੀਂ ਹੋਇਆ।

ਸਮਾਗਮ ਮਗਰੋਂ ਖਾਣੇ ਵਾਲੀ ਮੇਜ਼ 'ਤੇ ਪਹੁੰਚੇ ਤਾਂ ਉਥੇ ਵੀ ਵੱਖ-ਵੱਖ ਟੋਲੀਆਂ ਵਿਚਕਾਰ ਖਾਲਿਸਤਾਨ ਦੇ ਮੁੱਦੇ ਉਤੇ ਹੀ ਬਹਿਸ ਹੋ ਰਹੀ ਸੀ। ਦਲਬੀਰ ਸਿੰਘ ਥਾਂ-ਥਾਂ ਜਾ ਕੇ ਮਨ ਦੀ ਭੜਾਸ ਕੱਢ ਰਿਹਾ ਸੀ- "ਮੈਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਮੋਢੇ ਉਤੇ ਹੱਥ ਰੱਖ ਕੇ ਆਖਿਆ ਸੀ, ਭਾਈਆ ਵਚਨ ਨਿਭਾਈਂ।" ਉਨ੍ਹਾਂ ਦੀ ਇਸ ਟਿੱਪਣੀ ਤੋਂ ਬਾਅਦ ਸਵਾਲ ਪੈਦਾ ਹੋਇਆ- ਕੀ ਭਾਈਆ ਸਚਮੁੱਚ ਆਪਣੇ ਵਚਨਾਂ 'ਤੇ ਕਾਇਮ ਹੈ? ਬਾਅਦ ਵਿਚ ਪੱਤਰਕਾਰ ਪ੍ਰੀਤਮ ਸਿੰਘ ਰੁਪਾਲ, ਬਲਵਿੰਦਰ ਜੰਮੂ, ਗੁਰਦਰਸ਼ਨ ਬਾਹੀਆ, ਹਰਜਿੰਦਰ ਸਿੰਘ ਭੰਗੂਖੇੜਾ ਅਤੇ ਮੈਂ ਚਾਹ ਪੀਣ ਵਾਸਤੇ ਕਿਸਾਨ ਭਵਨ ਦੇ ਬਾਹਰਵਾਰ ਸਟਾਲ ਉਤੇ ਜਾ ਪਹੁੰਚੇ। ਮੈਂ ਆਪਣੇ ਅੰਦਰ ਖੌਲ ਰਹੇ ਸਵਾਲਾਂ ਦੇ ਜਵਾਬ ਲਈ ਸਾਥੀਆਂ ਨੂੰ ਗੱਲੀਂ-ਬਾਤੀਂ ਟੋਹਿਆ, ਪਰ ਸ਼ਾਇਦ ਜਿਨ੍ਹਾਂ ਸਵਾਲਾਂ ਦਾ ਜਵਾਬ ਦੇਣ ਵਾਲੇ ਸਾਡੇ ਅਖੌਤੀ ਪੰਥਕ ਵਿਦਵਾਨ, ਖਾਲਿਸਤਾਨ ਦੇ ਸਮਰਥਕ ਅਤੇ ਕਥਿਤ ਬੁੱਧੀਜੀਵੀ ਵੀ ਤਰਕ ਤੇ ਵਿਵੇਕ ਦਾ ਪੱਲਾ ਛੱਡ ਕੇ ਆਪਣੇ ਕਿਤਾਬੀ ਗਿਆਨ ਦਾ ਢੰਡੋਰਾ ਪਿੱਟਣ ਦੀ ਕਸਰਤ ਵਿਚ ਲੱਗੇ ਹੋਏ ਹਨ, ਤਾਂ ਮੇਰੇ ਵਰਗਿਆਂ ਦੀ ਗੱਲ ਕੌਣ ਸੁਣੇਗਾ!

ਖਾਲਿਸਤਾਨ ਦਾ ਮੁੱਦਾ ਬੇਸ਼ੱਕ, ਸਾਡੇ ਸਮਿਆਂ ਦਾ ਕੌੜਾ ਸੱਚ ਹੈ; ਇਸ ਨੂੰ ਸਵੀਕਾਰ ਜਾਂ ਅਸਵੀਕਾਰ ਕਰਨ ਦਾ ਫੈਸਲਾ ਕੋਈ ਉਚ ਮਿਆਰ ਵਾਲੀ ਸਾਰਥਕ ਬਹਿਸ ਹੀ ਕਰ ਸਕਦੀ ਹੈ। ਉਂਝ, ਗੁਰਬਾਣੀ ਦੀ ਰੌਸ਼ਨੀ ਵਿਚ ਤਰਕ ਅਤੇ ਦਲੀਲ ਦੀ ਸਾਣ 'ਤੇ ਲਾਇਆ ਵਿਚਾਰ ਹੀ ਸਦੀਵੀ ਸੱਚ ਦੇ ਰੁਤਬੇ 'ਤੇ ਪਹੁੰਚ ਸਕਦਾ ਹੈ ਜਿਸ ਦੀ ਬੁਲੰਦੀ ਦਾ ਹਰ ਕੋਈ, ਆਪਣਾ ਤੇ ਪਰਾਇਆ, ਕਾਇਲ ਹੋ ਜਾਵੇ। ਅਜਿਹੀ ਪ੍ਰਾਪਤੀ ਲਈ ਜਿਥੇ ਵਿਚਾਰਾਂ ਦੀ ਖੁੱਲ੍ਹ ਅਤੇ ਬਹਿਸ ਦੀ ਉਚ ਮਿਆਰੀ ਤਸੀਰ ਦਾ ਹੋਣਾ ਲਾਜ਼ਮੀ ਹੈ, ਉਥੇ ਢੁੱਕਵਾਂ ਪਿੜ ਬੰਨ੍ਹਣਾ ਵੀ ਜ਼ਰੂਰੀ ਹੈ; ਨਹੀਂ ਤਾਂ ਕਿਸੇ ਕਿਤਾਬ ਦੇ ਰਿਲੀਜ਼ ਸਮਾਰੋਹ ਦੇ ਬਹਾਨੇ ਕੋਈ ਨਾ ਕੋਈ ਆਪਣੀਆਂ ਮਨ-ਸਿਰਜੀਆਂ ਦਲੀਲਾਂ ਤੇ ਤਰਕਾਂ-ਵਿਤਰਕਾਂ ਦੀ ਝੜੀ ਲਾਈ ਰੱਖੇਗਾ। ਮੇਰਾ ਖਿਆਲ ਹੈ ਕਿ ਸਾਨੂੰ ਸ਼ਰਧਾਵਸ, ਆਪਣੀ ਹੋਣੀ ਦੀ ਗੁਰਜ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੇ ਹਵਾਲੇ ਨਹੀਂ ਕਰ ਦੇਣੀ ਚਾਹੀਦੀ। ਸਾਨੂੰ ਕਿਰਦਾਰ ਅਤੇ ਵਿਚਾਰ ਦੇ ਸੁਮੇਲ ਨੂੰ ਵਿਵੇਕ ਦੇ ਧਰਾਤਲ 'ਤੇ ਰੱਖ ਕੇ ਸਮਝਣਾ ਪਵੇਗਾ; ਨਹੀਂ ਤਾਂ ਇਕ ਬਹਿਸ ਵਿਚ ਇਤਿਹਾਸ ਨੂੰ ਕੂੜੇ ਦੇ ਢੇਰ ਵਿਚ ਸੁੱਟ ਕੇ ਵਰਤਮਾਨ ਅਤੇ ਭਵਿੱਖ ਦੀ ਗੱਲ ਕਰਨ ਵਾਲਾ ਕੋਈ ਵਿਦਵਾਨ, ਦੂਜੀ ਬਹਿਸ ਵਿਚ ਇਹ ਵੀ ਕਹਿ ਸਕਦਾ ਹੈ ਕਿ ਵੀਹ ਸਾਲਾਂ ਦੇ ਹੋਏ-ਬੀਤੇ ਉਤੇ ਮਿੱਟੀ ਤਾਂ ਨਹੀਂ ਪਾਈ ਜਾ ਸਕਦੀ!

ਲਿਖਤੁਮ

# ਕਲਮਾਂ 'ਤੇ ਡਾਂਗਾਂ ਦੇ ਪਰਛਾਵੇਂ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਜਵਾਨੀ ਵੇਲੇ ਇਕ ਵਾਰ ਮੈਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਗਿਆ। ਸ਼ਾਮੀ ਰਹਿਰਾਸ ਦੇ ਪਾਠ ਉਪਰੰਤ ਪਰਿਕਰਮਾ ਵਿਚ ਤੁਰਿਆ ਆ ਰਿਹਾ ਸਾਂ ਕਿ ਤੇਜਾ ਸਿੰਘ ਸਮੁੰਦਰੀ ਹਾਲ ਵੱਲ ਸਰੋਵਰ ਦੀ ਬਾਹੀ ਕੰਢੇ ਮੇਰੀ ਨਜ਼ਰ ਭਗਵੇਂ ਕੱਪੜਿਆਂ ਵਾਲੇ ਸਾਧੂ 'ਤੇ ਪਈ ਜੋ ਬੈਠਾ ਭਾਵੇਂ ਸਰੋਵਰ ਦੀਆਂ ਸੁੱਕੀਆਂ ਪੌੜੀਆਂ 'ਤੇ ਹੀ ਸੀ, ਪਰ ਉਸ ਦੀਆਂ ਦੋਵੇਂ ਲੱਤਾਂ ਅੱਧੀਆਂ-ਅੱਧੀਆਂ ਜਲ ਵਿਚ ਡੁੱਬੀਆਂ ਹੋਈਆਂ ਸਨ। ਮੇਰੇ ਦੇਖਦਿਆਂ ਉਸ ਨੇ ਬੈਠੇ-ਬੈਠੇ ਨੇ ਸੁੱਕੇ ਥਾਂ ਰੱਖੇ ਆਪਣੇ ਝੋਲੇ ਦੀ ਫਰੋਲਾ-ਫਰਾਲੀ ਜਿਹੀ ਕਰ ਕੇ, ਕੋਈ ਚੀਜ਼ ਕੱਢ ਕੇ ਆਪਣੀ ਹਥੇਲੀ 'ਤੇ ਰੱਖ ਲਈ। ਮੈਨੂੰ ਸ਼ੱਕ ਜਿਹੀ ਪਈ, ਤੇ ਮੈਂ ਉਥੇ ਹੀ ਰੁਕ ਗਿਆ। ਉਹ ਮਸਤ ਹੋ ਕੇ ਹਥੇਲੀ 'ਤੇ ਰੱਖੀ ਚੀਜ਼ ਦੂਜੇ ਹੱਥ ਦੀਆਂ ਉਂਗਲਾਂ ਨਾਲ ਰਗੜਨ ਲੱਗ ਪਿਆ। ਪੰਜਾਬ ਤੋਂ ਬਾਹਰਲੇ ਕਿਸੇ ਸੂਬੇ ਤੋਂ ਜਾਪਦੇ ਗੂੜ੍ਹੀ ਕਾਲੀ ਚਮੜੀ ਵਾਲੇ ਇਸ ਬਾਬੇ ਨੂੰ ਮੈਂ ਕੋਲ਼ਾ ਹੋ ਕੇ ਦੇਖਣ ਲੱਗਾ। ਮੇਰੀ ਸ਼ੱਕ ਸਹੀ ਨਿਕਲੀ, ਉਹ ਜ਼ਰਦਾ ਮਲ ਰਿਹਾ ਸੀ। ਇਹ ਦੇਖ ਕੇ ਮੈਂ ਸੁੰਨ ਹੀ ਰਹਿ ਗਿਆ।

'ਹੈਂ? ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਕੰਢੇ ਤੰਬਾਕੂ ਮਲਿਆ ਜਾ ਰਿਹੈ? ਐਡਾ ਕੁਫ਼ਰ?'

ਮੇਰਾ ਇਕ ਦਮ ਪਾਰਾ ਚੜ੍ਹ ਗਿਆ। ਇਸ ਅਸਥਾਨ ਪ੍ਰਤੀ ਸ਼ਰਧਾ, ਜਵਾਨੀ ਦੇ ਖੂਨ ਨੂੰ ਉਬਾਲੇ ਦੇਣ ਲੱਗੀ। ਮੇਰੇ ਇਕ ਚੜ੍ਹੇ ਇਕ ਉਤਰੇ! ਉਸ ਨੂੰ ਬਾਹੋਂ ਫੜ ਕੇ ਬਾਹਰ ਘੜੀਸਣ ਲਈ ਹਾਲੇ ਮੈਂ ਬਾਂਹਾਂ ਹੀ ਚੜ੍ਹਾ ਰਿਹਾ ਸਾਂ ਕਿ ਬਰਛੇ ਵਾਲਾ ਸੇਵਾਦਾਰ ਮੇਰੀ ਨਜ਼ਰ ਪਿਆ ਜੋ ਪਰਿਕਰਮਾ ਵਿਚ ਡਿਊਟੀ ਦੇ ਰਿਹਾ ਸੀ। ਫਟਾ-ਫਟ ਮੈਂ ਉਸ ਸੇਵਾਦਾਰ ਕੋਲ ਜਾ ਜ਼ਰਦਾ ਮਲਦੇ ਸਾਧ ਬਾਰੇ ਦੱਸਿਆ। ਗੱਲ ਸੁਣਦਿਆਂ ਹੀ ਉਹ ਬਰਛਾ ਲੈ ਕੇ ਸਾਧ ਵੱਲ ਕਾਹਲੀ-ਕਾਹਲੀ ਤੁਰ ਪਿਆ। ਮੈਂ ਸੋਚ ਰਿਹਾ ਸਾਂ ਕਿ ਬਰਛੇ ਵਾਲੀ ਕਾਲੀ ਡਾਂਗ ਤਾਂ ਹੁਣ ਸਾਧ ਦੇ ਮੌਰਾਂ ਵਿਚ ਵੱਜੀ ਕਿ ਵੱਜੀ! ਸਾਧ ਨੂੰ ਸਬਕ ਮਿਲੂ ਕਿ ਗੁਰੂ ਘਰ ਦੀ ਹਦੂਦ ਵਿਚ ਤੰਬਾਕੂ ਲਿਜਾਣ ਵਾਲਿਆਂ ਦਾ ਕੀ ਹਸ਼ਰ ਹੁੰਦਾ ਹੈ!

ਪਰ ਮੈਂ ਹੱਕਾ-ਬੱਕਾ ਹੀ ਰਹਿ ਗਿਆ, ਜਦ ਮੈਂ ਦੇਖਿਆ ਕਿ ਸੇਵਾਦਾਰ ਨੇ ਬਰਛਾ ਪਰੇ ਰੱਖ ਕੇ, ਉਸ ਸਾਧ ਨੂੰ ਮੋਢਿਓਂ ਫੜ ਕੇ ਇਉਂ ਉਠਾਇਆ ਜਿਵੇਂ ਵਿਆਹੁੰਦੜ ਮੁੰਡੇ ਨੂੰ ਨਹਾਈ-ਧੁਆਈ ਵੇਲੇ ਉਸ ਦਾ ਮਾਮਾ ਚੁੱਕਦਾ ਹੈ। ਇਹ ਕੌਤਕ ਦੇਖ ਕੇ ਮੈਨੂੰ ਸਾਧ ਨਾਲੋਂ ਵੱਧ ਗੁੱਸਾ ਉਸ ਸੇਵਾਦਾਰ 'ਤੇ ਆਉਣ ਲੱਗਾ। ਦਿਲ ਵਿਚ ਸ਼੍ਰੋਮਣੀ ਕਮੇਟੀ ਨੂੰ ਬੁਰਾ ਭਲਾ ਕਹਿੰਦਿਆਂ ਮੈਂ ਸੋਚਿਆ ਕਿ ਇਨ੍ਹਾਂ 'ਗਊਆਂ' ਨੂੰ ਬਰਛੇ ਕਾਹਨੂੰ ਫੜਾਏ ਨੇ ਭਲਾ? ਇਹ ਤਾਂ ਬੱਜਰ ਗਲਤੀ ਕਰਨ ਵਾਲੇ ਨੂੰ ਵੀ 'ਪ੍ਰੇਮ' ਕਰਨ ਡਹੇ ਨੇ। ਮੈਂ 'ਆਪਣਾ ਜਿਹਾ' ਮੂੰਹ ਲੈ ਕੇ ਖੜ੍ਹਾ ਦੇਖ ਰਿਹਾ ਸਾਂ ਕਿ ਭਗਵੇਂ ਸਾਧ ਨੂੰ ਪਰਿਕਰਮਾ 'ਚ ਲਿਜਾ ਕੇ ਸੇਵਾਦਾਰ ਨਾਲੇ ਉਸ ਦੇ ਕੱਪੜੇ ਪੁਆ ਰਿਹਾ ਸੀ ਤੇ ਨਾਲੇ ਹੱਥਾਂ ਨਾਲ ਇਸ਼ਾਰੇ ਕਰ-ਕਰ ਉਸ ਨੂੰ ਕੁਝ ਸਮਝਾ ਰਿਹਾ ਸੀ।

ਮੇਰੇ ਜੋਸ਼ ਨੇ ਫਿਰ ਉਬਾਲਾ ਖਾਧਾ। ਸੇਵਾਦਾਰ ਕੋਲ ਪਹੁੰਚ, ਉਸ ਦੇ ਬਰਛੇ ਵੱਲ ਇਸ਼ਾਰਾ ਕਰਦਿਆਂ ਮੈਂ ਪੁੱਛਿਆ, "ਭਾਈ ਸਾਹਿਬ, ਜੇ ਸਰੋਵਰ ਵਿਚ ਤੰਬਾਕੂ ਮਲਦਿਆਂ ਉਤੇ ਵੀ ਇਹ ਨਹੀਂ ਚਲਾਉਣਾ, ਫਿਰ ਕਾਹਨੂੰ ਇਹ ਲਿਸ਼ਕਾਉਂਦੇ ਫਿਰਦੇ ਓ, ਸੁੱਟੋ ਪਰੇ?"

"ਭਾਈ ਗੁਰਮੁਖਾ!" ਪੀਲੇ ਚੋਲੇ ਵਾਲਾ ਉਹ ਸੇਵਾਦਾਰ ਮੇਰੇ ਮੋਢੇ 'ਤੇ ਹੱਥ ਰੱਖ ਕੇ ਹਲੀਮੀ ਨਾਲ ਕਹਿੰਦਾ, "ਤੂੰ ਹਾਲੇ ਨਿਆਣਾ ਈ ਐਂ ਕਾਕਾ, ਸਾਡਾ ਗੁਰੂ ਬਖਸ਼ਿੰਦ ਤੇ ਮਿੱਠ ਬੋਲੜਾ ਐ! ਇਹ ਸਾਧੂ ਵਿਚਾਰਾ ਪੰਜਾਬੀ ਤਾਂ ਕਿਤੇ ਰਹੀ, ਹਿੰਦੀ ਵੀ ਟੁੱਟੀ-ਭੱਜੀ ਜਿਹੀ ਬੋਲਦੈ। ਘੁੰਮਦਾ-ਘੁਮਾਉਂਦਾ ਪਤਾ ਨਹੀਂ ਕਿਥੋਂ, ਹਰਿਮੰਦਰ ਸਾਹਿਬ ਦੀ ਸੋਭਾ ਸੁਣ ਕੇ ਇਥੇ ਆਇਆ ਹੈ। ਇਹਨੂੰ ਇਥੋਂ ਦੀ ਰਹੁ-ਰੀਤ ਬਾਰੇ ਕੋਈ ਜਾਣਕਾਰੀ ਨਹੀਂ। ਇਸ ਅਣਜਾਣ ਪਰਦੇਸੀ ਨਾਲ ਜੇ ਮੈਂ ਧੌਲ-ਧੱਫਾ ਕਰ ਦਿੰਦਾ, ਤਾਂ ਪਤਾ ਨਹੀਂ ਇਸ ਨੇ ਕਿਥੇ-ਕਿਥੇ ਜਾ ਕੇ ਸਾਡਾ ਕੁਰੱਖਤਪੁਣਾ ਦੱਸਣਾ ਸੀ। ਮੈਂ ਉਸ ਨੂੰ ਗੁਰੂ ਦਰਬਾਰ ਦੀ ਥੋੜ੍ਹੀ ਬਹੁਤ ਮਰਿਆਦਾ ਸਮਝਾ ਦਿੱਤੀ ਹੈ ਸਿੰਘਾ!"

ਇੰਨੀਆਂ ਕੁ ਗੱਲਾਂ ਕਰ ਕੇ ਸੇਵਾਦਾਰ ਪਰਿਕਰਮਾ ਵਿਚ ਘੁੰਮਣ ਲੱਗ ਪਿਆ, ਪਰ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਸ ਦਾ ਇਹ 'ਉਪਦੇਸ਼' ਉਦੋਂ ਮੇਰੇ ਸਿਰ 'ਚ ਨਹੀਂ ਸੀ ਵੜਿਆ। ਮੈਂ ਤਾਂ ਸਾਧ ਦੀ ਭੁਗਤ ਸਵਾਰ ਹੁੰਦੀ ਦੇਖ ਕੇ ਹੀ ਖੁਸ਼ ਹੋਣਾ ਸੀ।

ਇਸੇ ਮੁਕੱਦਸ ਅਸਥਾਨ ਨਾਲ ਸਬੰਧਤ ਇਕ ਹੋਰ ਘਟਨਾ ਸੁਣੋ ਜੋ ਮੈਂ ਕਿਸੇ ਪੁਰਾਣੀ ਕਿਤਾਬ ਵਿਚੋਂ ਪੜ੍ਹੀ ਹੋਈ ਹੈ ਅਤੇ ਹੈ ਇਹ ਉਪਰਲੀ ਅੱਖੀਂ ਦੇਖੀ ਵਾਰਤਾ ਤੋਂ ਉਲਟ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਪੰਜਾਬ 'ਤੇ ਅੰਗਰੇਜ਼ਾਂ ਨੇ ਨਵਾਂ-ਨਵਾਂ ਕਬਜ਼ਾ ਕੀਤਾ ਸੀ। ਕਹਿੰਦੇ ਨੇ, ਕੋਈ ਅੰਗਰੇਜ਼ ਚਿੱਤਰਕਾਰ ਦਰਬਾਰ ਸਾਹਿਬ ਦੀ ਅਲੌਕਿਕ ਸੁੰਦਰਤਾ ਤੋਂ ਗਦ-ਗਦ ਹੁੰਦਿਆਂ ਇਸ ਦਾ ਚਿੱਤਰ ਬਣਾਉਣ ਲੱਗਾ। ਘੰਟਾ ਘਰ ਵੱਲ ਦੀ ਇਮਾਰਤ ਉਪਰ ਬੈਠ ਕੇ ਉਹ ਡਰਾਇੰਗ ਬੋਰਡ 'ਤੇ ਚਿੱਤਰ ਬਣਾਉਣ ਵਿਚ ਮਗਨ ਹੋ ਗਿਆ।

ਹਾਲੇ ਉਹ ਸਰੋਵਰ ਦਾ ਨੀਲਾ ਜਲ ਦਿਖਾਉਣ ਲਈ ਖਾਕੇ ਵਿਚ ਰੰਗ ਭਰਦਿਆਂ, ਚੌੜੇ ਦਾਅ ਨੂੰ ਕਾਹਲੀ-ਕਾਹਲੀ ਬੁਰਸ਼ ਮਾਰ ਰਿਹਾ ਸੀ ਕਿ ਉਸ ਦੀ ਫੁਰਤੀ ਨਾਲ ਇੱਧਰ-ਉਧਰ ਵੱਜਦੀ ਕੂਹਣੀ ਦੇਖ ਕੇ ਪਿਛਿਓਂ ਕਿਸੇ ਨਿਹੰਗ ਸਿੰਘ ਨੇ ਉਹਦੇ ਮੋਢੇ 'ਤੇ ਸੋਟਾ ਜੜ ਦਿੱਤਾ। ਅੰਗਰੇਜ਼ ਵਿਚਾਰਾ ਦਰਦ ਨਾਲ ਤੜਫਣ ਲੱਗਾ, ਪਰ ਸਿੰਘ ਜੀ ਉਹਦੇ ਮੂਹਰੇ ਪਏ ਰੰਗ ਪੈਨਸਲਾਂ ਦੇਖ ਕੇ ਉਚੀ ਦੇਣੀ ਹੱਸਦਿਆਂ ਬੋਲੇ, "ਓ ਅੱਛਾ, ਤੂੰ ਤਸਵੀਰ ਬਣਾਉਨੈਂ? ਮੈਂ ਤਾਂ ਸਮਝਿਆ ਸੀ ਕਿ ਕੋਈ ਗੋਰਾ ਸਿਗਰਟ ਪੀਣ ਲਈ ਤੀਲ੍ਹੀ ਬਾਲਣ ਲੱਗਾ ਐ!"

ਕੋਈ ਸ਼ੱਕ ਨਹੀਂ ਕਿ ਦੁਨੀਆਂ ਭਰ ਵਿਚ ਸਿੱਖਾਂ ਨੂੰ 'ਮਾਰਸ਼ਲ ਕੌਮ' ਮੰਨਿਆ ਜਾਂਦਾ ਹੈ, ਪਰ ਸਿੱਖ ਇਤਿਹਾਸ ਵਿਚ ਐਸੇ ਹਵਾਲਿਆਂ ਦੀ ਵੀ ਕਮੀ ਨਹੀਂ, ਜਦੋਂ ਅਸੀਂ ਗੈਰਾਂ ਦੇ ਵਰਗਲਾਏ ਜਾਂ ਬਿਨਾ ਸੋਚੇ ਵਿਚਾਰੇ ਆਪਣੇ ਦੰਭੀ ਆਗੂਆਂ ਦੇ ਚਹੇ ਚੜ੍ਹ ਕੇ ਐਵੇਂ ਡਾਂਗਾਂ ਉਲਾਰਦੇ ਰਹੇ। ਦਸਮ ਪਾਤਸ਼ਾਹ ਦਾ ਵਰੋਸਾਇਆ ਸਾਡਾ ਪਹਿਲਾ ਕੌਮੀ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵੀ ਸਾਡੀ ਇਸ ਮੰਦਭਾਗੀ ਫ਼ਿਤਰਤ ਦਾ ਸ਼ਿਕਾਰ ਹੋਇਆ। ਇਤਿਹਾਸਕ ਹਵਾਲਿਆਂ ਅਨੁਸਾਰ ਉਹ ਦੂਰ-ਦਰਾਜ਼ ਦੇ ਸੇਵਾਦਾਰਾਂ ਵੱਲ ਲਿਖੀਆਂ ਆਪਣੀਆਂ ਚਿੱਠੀਆਂ ਦੇ ਅਖੀਰ ਵਿਚ ਫਾਰਸੀ-ਨੁਮਾ ਪੰਜਾਬੀ ਵਿਚ ਲਿਖਿਆ ਕਰਦਾ, 'ਬੰਦਾ-ਏ-ਗੁਰੂ' (ਭਾਵ ਗੁਰੂ ਦਾ ਬੰਦਾ ਜਾਂ ਗੁਲਾਮ) ਪਰ ਉਸ ਦੇ ਸਰਕਾਰੀ ਦੁਸ਼ਮਣਾਂ ਨੇ ਭੋਲੇ-ਭਾਲੇ ਸਿੱਖਾਂ ਨੂੰ ਖੂਬ ਭੜਕਾਇਆ; ਅਖੇ, ਬੰਦਾ ਬਹਾਦਰ ਤਾਂ 'ਗੁਰੂ' ਕਹਾਉਣ/ਲਿਖਣ ਲੱਗ ਪਿਆ ਹੈ। ਅਨਪੜ੍ਹਤਾ ਕਾਰਨ ਸਿੱਖ ਜਨਤਾ ਨੇ ਵੈਰੀਆਂ ਦੀ ਚਾਲ ਦਾ ਸ਼ਿਕਾਰ ਬਣ ਕੇ, ਆਪਣੇ ਹੀ ਜਾਂਬਾਜ਼ ਜਰਨੈਲ ਵਿਰੁਧ ਭੰਡੀ ਪ੍ਰਚਾਰ ਦੀ ਅਤਿ ਚੁੱਕ ਲਈ। ਸਮੇਂ ਦੀ ਸਰਕਾਰ ਵੱਲੋਂ ਘੜੀਆਂ ਅਜਿਹੀਆਂ ਸੱਚੀਆਂ-ਝੂਠੀਆਂ ਦੀ ਬਦੌਲਤ ਹੀ ਪੰਥ ਉਦੋਂ ਬੰਦਈ ਤੇ ਤੱਤ ਖਾਲਸਾ 'ਚ ਵੰਡਿਆ ਗਿਆ ਸੀ।

ਆਪਣਾ ਸਾਰਾ ਬਾਲ-ਪਰਿਵਾਰ ਗੁਰੂ ਪੰਥ ਲੇਖੇ ਲਾਉਣ ਵਾਲੇ ਭਾਈ ਮਨੀ ਸਿੰਘ ਨੇ ਆਮ ਸਿੱਖਾਂ ਦੀ ਸੌਖ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਨਿਤਨੇਮ ਦੀਆਂ ਬਾਣੀਆਂ ਲੈ ਕੇ ਪਦ-ਛੇਦ ਰੂਪ ਵਿਚ ਗੁਟਕੇ ਪੋਥੀਆਂ ਤਿਆਰ ਕਰਵਾਈਆਂ। ਦੱਸਿਆ ਜਾਂਦਾ ਹੈ ਕਿ ਇਸ ਮਹਾਨ ਪਰਉਪਕਾਰ ਬਦਲੇ ਉਨ੍ਹਾਂ ਨੂੰ 'ਸਰਾਪ' ਮਿਲ ਗਿਆ; ਅਖੇ, ਬਾਣੀ ਦੇ ਅੰਗ ਜੁਦੇ-ਜੁਦੇ ਕਰਨ ਵਾਂਗ ਭਾਈ ਮਨੀ ਸਿੰਘ ਦੇ ਵੀ ਬੰਦ-ਬੰਦ ਕੱਟੇ ਗਏ! 'ਸਰਾਪ' ਦੀ ਇਹ ਕਹਾਣੀ ਬਣਾਉਣ ਵਾਲਿਆਂ ਅਤੇ ਇਸ ਨੂੰ 'ਸਤਿ ਕਰ ਕੇ' ਮੰਨਣ ਵਾਲਿਆਂ ਨੇ ਇਹ ਨਹੀਂ ਸੋਚਿਆ ਕਿ ਸਿੱਖ ਪੰਥ ਦੇ ਹੋਰ ਹਜ਼ਾਰਾਂ ਸ਼ਹੀਦਾਂ ਨੇ ਕਿਸ ਗੁਨਾਹ ਬਦਲੇ ਜਾਂ ਸਰਾਪ ਕਾਰਨ ਸ਼ਹਾਦਤ ਦੇ ਜਾਮ ਪੀਤੇ ਹੋਣਗੇ?

ਪੰਥਕ ਹਿਤੂਆਂ ਦੀਆਂ ਨਿਮਾਣੀਆਂ ਕਲਮਾਂ ਨੂੰ ਡਾਂਗਾਂ ਦੇ ਜ਼ੋਰ ਨਾਲ ਭੈਅ-ਭੀਤ ਕਰਨ ਵਾਲੀ ਇਕ ਹੋਰ ਦਿਲ-ਕੰਬਾਊ ਕਥਾ ਵੀ ਦਿਲ 'ਤੇ ਹੱਥ ਰੱਖ ਕੇ ਸੁਣਨ ਵਾਲੀ ਹੈ। ਰੋਸ਼ਨ ਦਿਮਾਗ ਭਾਈ ਕਾਨ੍ਹ ਸਿੰਘ ਨਾਭਾ ਨੇ ਸੰਨ 1901 ਵਿਚ ਮਿਹਨਤ ਨਾਲ ਲਿਖਿਆ 'ਗੁਰਮਤਿ ਸੁਧਾਕਰ' ਗ੍ਰੰਥ ਛਪਵਾਇਆ। ਇਸ ਦੇ ਪਰੂਫ ਪੜ੍ਹਨ ਸਮੇਂ ਵਿੱਦਿਆ ਮਾਰਤੰਡ ਭਾਈ ਵੀਰ ਸਿੰਘ ਨੇ ਗ੍ਰੰਥ ਦੀ ਪੂਰੀ ਸੋਧ-ਸੁਧਾਈ ਕੀਤੀ। ਗ੍ਰੰਥ ਛਪਣ ਉਪਰੰਤ ਉਸ ਸਮੇਂ ਦੀ ਪ੍ਰਸਿੱਧ ਅਖਬਾਰ 'ਪੰਥ ਸੇਵਕ' ਵਿਚ ਇਸ ਦਾ 'ਰਿਵਿਊ' ਵੀ ਲਿਖਿਆ ਜਿਸ ਦਾ ਸਿਰਲੇਖ ਸੀ 'ਸੋਲਾਂ ਕਲਾਂ ਚੰਦ੍ਰਮਾ ਚੜ੍ਹ ਆਇਆ'। ਇਸ ਖੋਜ ਭਰਪੂਰ ਗ੍ਰੰਥ ਵਿਚ ਭਾਈ ਨਾਭਾ ਨੇ ਪੁਰਾਤਨ ਸ੍ਰੋਤਾਂ ਦੀ ਬਰੀਕੀ ਨਾਲ ਛਾਣ-ਬੀਣ ਕਰਕੇ ਸਿੱਧ ਕੀਤਾ ਕਿ 'ਰਾਗ ਮਾਲਾ' ਗੁਰੂ-ਕ੍ਰਿਤ ਨਹੀਂ ਹੈ। ਰਿਵਿਊ ਲਿਖਣ ਵੇਲੇ ਇਸ ਵਿਚਾਰ ਦੀ ਪ੍ਰੋੜ੍ਹਤਾ ਭਾਈ ਵੀਰ ਸਿੰਘ ਨੇ ਵੀ ਕੀਤੀ ਸੀ।

ਇਹ ਗ੍ਰੰਥ ਸੰਪੂਰਨ ਕਰ ਕੇ ਭਾਈ ਨਾਭਾ, ਮਹਾਰਾਜਾ ਨਾਭਾ ਦੀ ਪ੍ਰੇਰਨਾ ਸਦਕਾ ਏਕਾਂਤਵਾਸ ਚਲੇ ਗਏ, ਕਿਉਂਕਿ ਉਨ੍ਹਾਂ ਇਕਾਗਰ ਚਿੱਤ ਹੋ 'ਗੁਰ ਰਤਨਾਕਰ ਮਹਾਨ ਕੋਸ਼' ਦੀ ਰਚਨਾ ਅਰੰਭ ਕਰਨੀ ਸੀ। ਇਧਰ ਸਿੱਖ ਜਗਤ ਵਿਚ 'ਰਾਗ ਮਾਲਾ' ਦੀ ਚਰਚਾ ਚਲਦੀ ਚਲਦੀ 1917 ਵਿਚ ਪ੍ਰਚੰਡ ਰੂਪ ਧਾਰ ਗਈ। ਭਾਈ ਕਾਨ੍ਹ ਸਿੰਘ ਨਾਭਾ ਦੀ ਲੰਬੀ ਚੁੱਪ ਕਾਰਨ ਚੀਫ਼ ਖਾਲਸਾ ਦੀਵਾਨ ਵਾਲਿਆਂ ਨੇ ਉਨ੍ਹਾਂ ਨੂੰ ਖ਼ਤ ਲਿਖ ਕੇ 'ਚੁੱਪ' ਦਾ ਕਾਰਨ ਪੁੱਛਿਆ। ਜਵਾਬੀ ਪੱਤਰ ਵਿਚ ਭਾਈ ਨਾਭਾ ਨੇ ਲਿਖਿਆ, "ਸਿੱਖਾਂ ਨੂੰ ਆਪਣੀਆਂ ਧਰਮ ਪੁਸਤਕਾਂ ਬਾਰੇ ਬਹੁਤ ਘੱਟ ਪਤਾ ਹੈ, ਤੇ ਰਾਗ ਮਾਲਾ ਨਾਲੋਂ ਵੀ ਬੁਰੀਆਂ ਗੱਲਾਂ ਬੀੜਾਂ ਵਿਚ ਲਿਖੀਆਂ ਪਈਆਂ ਹਨ।... ਇਸ ਲਈ ਇਸ ਬਾਰੇ ਚੁੱਪ ਹੀ ਭਲੀ ਹੈ।"

ਇਸ ਪੱਤਰ ਦਾ ਕੁਝ ਹਿੱਸਾ 'ਗੁਪਤ ਪੱਤਰ' ਦੇ ਸਿਰਲੇਖ ਹੇਠ 'ਖਾਲਸਾ ਸਮਾਚਾਰ' ਵਿਚ ਛਪਿਆ। ਪੜ੍ਹ ਕੇ ਸਿੱਖਾਂ ਵਿਚ ਸ਼ੰਕੇ ਪੈਦਾ ਹੋ ਗਏ। ਸਿੱਖ ਸੰਗਤਾਂ ਨੇ ਭਾਈ ਨਾਭਾ ਨੂੰ ਧੜਾ-ਧੜ ਚਿੱਠੀਆਂ ਲਿਖ ਸਪਸ਼ਟੀਕਰਨ ਮੰਗਣੇ ਸ਼ੁਰੂ ਕਰ ਦਿੱਤੇ ਕਿ ਕੀ ਉਹ ਹੁਣ ਰਾਗ ਮਾਲਾ ਨੂੰ ਗੁਰੂ-ਕ੍ਰਿਤ ਮੰਨਣ ਲੱਗ ਪਏ ਹਨ? ਉਨ੍ਹਾਂ ਨੇ ਸ਼ੰਕਾ ਖਤਮ ਕਰਨ ਲਈ ਇਨ੍ਹਾਂ ਸਾਰੇ ਖਤਾਂ ਦੇ ਜਵਾਬ ਵਿਚ ਲੰਬਾ ਖ਼ਤ 'ਪੰਥ ਸੇਵਕ' ਅਖਬਾਰ ਵਿਚ ਛਪਵਾਇਆ ਜਿਸ ਦਾ ਵੇਰਵਾ ਗਿਆਨੀ ਗੁਰਦਿੱਤ ਸਿੰਘ ਨੇ ਆਪਣੀ ਪ੍ਰਸਿੱਧ ਕਿਤਾਬ 'ਮੁੰਦਾਵਣੀ' ਦੇ ਸਫ਼ਾ 109-112 ਵਿਚ ਦਿੱਤਾ ਹੈ। ਇਸ ਖਤ ਦੇ ਕੁਝ ਅੰਸ਼ ਦਿਲ ਥੰਮ੍ਹ ਕੇ ਪੜ੍ਹਨ ਵਾਲੇ ਹਨ, "...ਇਸ ਪ੍ਰਸੰਗ ਵਿਚ ਮੈਂ ਇਹ ਪ੍ਰਗਟ ਕਰੇ ਬਿਨਾ ਨਹੀਂ ਰਹਿ ਸਕਦਾ ਕਿ ਸਿੱਖਾਂ ਨੂੰ ਆਪਣੀਆਂ ਧਰਮ ਪੁਸਤਕਾਂ ਦੀ ਬਹੁਤ ਘੱਟ ਵਾਕਫੀਅਤ ਹੈ। ਕੋਈ ਖੋਜ ਭਾਲ ਦਾ ਯਤਨ ਨਹੀਂ ਕਰਦਾ। ਸੁਣੀਆਂ ਗੱਲਾਂ ਪਰ ਯਕੀਨ ਕਰ ਬੈਠਦੇ ਹਨ। ਮੈਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ (ਜਿਲਦਾਂ) ਦਾ ਨਿਰਣਯ 'ਗੁਰ ਗਿਰਾ ਕਸੌਟੀ' (ਗ੍ਰੰਥ) ਵਿਚ ਵਿਸਥਾਰ ਨਾਲ ਕੀਤਾ ਹੈ, ਪਰ ਇਹ ਪੋਥੀ ਮਸੰਦਾਂ ਅਤੇ ਬੁਰਛਿਆਂ ਦੇ ਉਪਦ੍ਰਵ ਦੇ ਭੈਯ ਤੋਂ ਹੁਣ ਤੋੜੀ ਪ੍ਰਕਾਸ਼ ਨਹੀਂ ਕੀਤੀ।... ਪਾਠਕਾਂ ਨੂੰ ਨਿਸ਼ਚਯ ਰਹੇ ਕਿ ਮੈਂ ਆਪਣੀ ਹਾਨੀ ਦੇ ਭੈਯ ਤੋਂ ਕਦੇ ਨਹੀਂ ਡਰਿਆ। ਮੈਨੂੰ ਸੱਚ ਦੇ ਪ੍ਰਗਟ ਕਰਨ ਵਿਚ ਕਦੇ ਵੀ ਸੰਕੋਚ ਨਹੀਂ, ਪਰ ਡਰ ਇਹ ਹੈ ਕਿ 'ਗੁਰ ਗਿਰਾ ਕਸੌਟੀ' ਦਾ ਦਰਸ਼ਨ ਹੁੰਦਿਆਂ ਹੀ ਅਨੇਕ ਵਿਦ੍ਰਿਆਂ ਪਰ ਰੋਸ਼ਨੀ ਪੈ ਜਾਣੀ ਹੈ, ਅਰ ਰਾਗ ਮਾਲਾ ਤੋਂ ਵਧੀਕ ਜੰਗ ਛਿੜ ਪੈਣਾ ਹੈ... ਅਰ ਵਿਤੰਡਾਵਾਦ ਅਰੰਭ ਹੋ ਜਾਊ, ਕਯੋਂ ਕਿ ਗੁਣ ਅਤੇ ਸੱਤਯ ਦੇ ਗਾਹਕ ਵਿਰਲੇ ਹਨ... ਅੰਤ ਵਿਚ ਕੌਮ ਦੇ ਦਰਦੀਆਂ ਅੱਗੇ ਬੇਨਤੀ ਹੈ ਕਿ ਇਹ ਜ਼ਮਾਨਾ ਪ੍ਰਸਪਰ ਪ੍ਰੇਮ ਪਿਆਰ ਨਾਲ ਉਨਤੀ ਕਰਨ ਦਾ ਹੈ... ਕ੍ਰਿਪਾ ਕਰੋ, ਤਰਸ ਕਰੋ, ਸ਼ਾਂਤਿ ਕਰੋ, ਧੀਰਯ ਕਰੋ, ਖੋਜੀ ਬਣ ਕੇ ਵਿਚਰੋ, ਵਾਦੀ ਦੀ ਪਦਵੀ ਨਾ ਲਓ...। ਮੇਰੀ ਇਸ ਚਿੱਠੀ ਨੂੰ ਪੜ੍ਹ ਕੇ ਮੇਰੇ ਨਾਲ ਕੋਈ ਸੱਜਣ ਪੱਤਰ-ਵਿਹਾਰ ਕਰਨ ਦੀ ਖੇਚਲ ਨਾ ਕਰੇ, ਕਯੋਂ ਕਿ ਮੈਂ ਆਪਣੇ ਨਿਯਤ ਸਮੇਂ ਵਿਚੋਂ ਇਕ ਮਿਨਟ ਭੀ 'ਗੁਰੂ ਸ਼ਬਦ ਰਤਨਾਕਰ' ਦੇ ਕੰਮ ਨੂੰ ਛੱਡ ਕੇ, ਹੋਰ ਕੰਮ ਕਰਨ ਲਈ ਸਮਾਂ ਨਹੀਂ ਕੱਢ ਸਕਦਾ- ਪੰਥ ਦਾ ਸੇਵਕ ਕਾਨ੍ਹ ਸਿੰਘ।"

ਭਾਈ ਨਾਭਾ ਦਾ ਤ੍ਰਾਸਦੀ ਭਰਿਆ ਇਹ ਖਤ ਪੜ੍ਹ ਕੇ ਕਿਸੇ ਦਾਰਸ਼ਨਿਕ ਦਾ ਕਥਨ ਯਾਦ ਆਉਂਦਾ ਹੈ, "ਬਹੁਤੇ ਕਮਲਿਆਂ ਵਿਚ ਕਿਸੇ ਇਕ-ਅੱਧੇ ਦਾ ਸਿਆਣਾ ਹੋ ਜਾਣਾ, ਉਸ ਲਈ 'ਗੁਨਾਹ' ਹੀ ਹੋ ਨਿਬੜਦਾ ਹੈ।" ਗੁਰਮਤਿ ਸੁਧਾਕਰ, ਹਮ ਹਿੰਦੂ ਨਹੀਂ, ਗੁਰਮਤਿ ਮਾਰਤੰਡ ਅਤੇ ਮਹਾਨ ਕੋਸ਼ ਜਿਹੇ ਅਦੁੱਤੀ ਗ੍ਰੰਥ ਲਿਖਣ ਵਾਲਾ ਭਾਈ ਕਾਨ੍ਹ ਸਿੰਘ ਨਾਭਾ, ਕਈ ਦਹਾਕੇ ਪਹਿਲਾਂ 'ਮਸੰਦਾਂ ਅਤੇ ਬੁਰਛਿਆਂ ਦੇ ਭੈਯ' ਤੋਂ ਤ੍ਰਹਿ ਕੇ ਆਪਣੀ ਖੋਜ ਪੁਸਤਕ 'ਗੁਰ ਗਿਰਾ ਕਸੌਟੀ' ਛਪਵਾ ਨਹੀਂ ਸੀ ਸਕਿਆ। ਇਸ ਮਹਾਨ ਪ੍ਰਤਿਸ਼ਠਾ ਵਾਲੇ ਲੇਖਕ ਨੂੰ ਵੀ ਸਾਡੇ 'ਮਸੰਦਾਂ' ਅਤੇ ਬੁਰਛਿਆਂ ਨੇ ਨਹੀਂ ਸੀ ਬਖਸ਼ਿਆ, ਹੋਰ ਮਾੜੇ-ਧੀੜੇ ਕਲਮਕਾਰ ਕਿਹਦੇ ਪਾਣੀ-ਹਾਰ ਹਨ?

ਆਪਣੇ ਚੌਗਿਰਦੇ ਵਿਚ ਜਦ ਵੀ ਕਿਤੇ ਬੁਰਛਾਗਰਦੀ ਦੀ ਚੜ੍ਹ ਮਚਦੀ ਦੇਖਦਾਂ ਤਾਂ ਕਈ ਦਹਾਕੇ ਪਹਿਲਾਂ ਦਰਬਾਰ ਸਾਹਿਬ ਵਿਖੇ ਮਿਲੇ ਉਸ ਬਰਛੇ ਵਾਲੇ 'ਸ਼ਾਂਤੀ ਦੂਤ' ਨੂੰ ਯਾਦ ਕਰ ਲੈਂਦਾ ਹਾਂ ਜੋ ਕਿਸੇ ਅਣਭੋਲ ਅਤੇ ਅਣਜਾਣ ਸਾਧੂ ਦੀ ਬੱਜਰ ਗਲਤੀ ਨੂੰ ਅਣਡਿਠ ਕਰ ਕੇ 'ਜੋ ਸਰਣਿ ਆਵੈ ਤਿਸੁ ਕੰਠ ਲਾਵੈ' ਦਾ ਅਮਲੀ ਪ੍ਰਚਾਰਕ ਬਣਿਆ ਸੀ। ਉਹੋ ਜਿਹੇ 'ਲੰਬੀ ਨਦਰਿ' ਵਾਲੇ ਸਿੰਘ ਕਿਥੇ ਲੋਪ ਹੋ ਗਏ? ਅੱਜ ਕੱਲ੍ਹ ਦੇ ਭਾਈ ਉਸ ਗ੍ਰੰਥੀ ਵਰਗੇ ਕਿਉਂ ਨਹੀਂ ਹਨ ਜਿਸ ਨੇ ਬ੍ਰਾਹਮਣ ਪਰਿਵਾਰ ਦੇ ਸਿਗਰਟਾਂ ਪੀ ਰਹੇ 'ਹੰਸ ਰਾਜ' ਨੂੰ 'ਨਾਨਕ ਸਿੰਘ' ਬਣਾ ਦਿੱਤਾ ਸੀ।

ਅੰਗਰੇਜ਼ ਚਿੱਤਰਕਾਰ ਦੀਆਂ 'ਭੁਲੇਖੇ ਨਾਲ' ਬਾਂਹਾਂ ਭੰਨ ਕੇ ਹਿੜ-ਹਿੜ ਕਰਨ ਵਾਲੇ ਲੱਠ-ਮਾਰਾਂ ਦੀ ਤੂਤੀ ਹੀ ਕਿਉਂ ਬੋਲਦੀ ਰਹਿੰਦੀ ਹੈ ਸਿੱਖ ਜਗਤ ਵਿਚ? ਸਾਨੂੰ 'ਰੋਸ ਨ ਕੀਜੈ ਉਤਰ ਦੀਜੈ' ਵਾਲਾ ਗੁਰਵਾਕ ਕਿਉਂ ਭੁੱਲਦਾ ਜਾ ਰਿਹਾ ਹੈ। ਛੋਟੇ-ਮੋਟੇ ਆਪਸੀ ਮਤਭੇਦਾਂ ਨੂੰ ਵਿਚਾਰ-ਵਟਾਂਦਰੇ ਰਾਹੀਂ ਮਿਟਾਉਣ ਜਾਂ ਘਟਾਉਣ ਦੀ ਥਾਂ, ਕਿਉਂ ਅਸੀਂ ਡਾਂਗਾਂ ਚੁੱਕੀ ਰੱਖਦੇ ਹਾਂ? ਕਲਮਾਂ ਉਤੇ ਡਾਂਗਾਂ ਦੇ ਪਰਛਾਵੇਂ ਕਿੰਨਾ ਕੁ ਚਿਰ ਪਾਉਂਦੇ ਰਹਾਂਗੇ ਅਸੀਂ? ਮੁੱਢ ਕਦੀਮ ਤੋਂ ਗੁਰੂ ਪਾਸੋਂ ਬਿਬੇਕ ਦਾਨ ਮੰਗਦੇ ਆ ਰਹੇ ਹਾਂ, ਪਰ ਅੱਜ ਆਪਣੇ ਆਲੇ-ਦੁਆਲੇ ਝਾਤੀ ਮਾਰ ਕੇ ਦੇਖੀਏ, ਕਿਤੇ ਹੈ ਬਿਬੇਕ ਨਾਂ ਦੀ ਚੀਜ਼ ਸਾਡੇ ਕੋਲ?

'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦਾ ਸਰਬ ਸਾਂਝਾ ਉਪਦੇਸ਼ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਕਹਾਉਣ ਵਾਲਿਓ! ਖੁਦ ਨੂੰ ਇਸ ਗਿਆਨ ਸਾਗਰ ਦੇ ਰੂ-ਬਰੂ ਤਾਂ ਕਰੀਏ। ਸਿਰਫ ਮਹਿੰਗੇ ਰੁਮਾਲੇ ਚੜ੍ਹਾ ਕੇ ਇਸ ਨੂੰ ਮੱਥੇ ਹੀ ਟੇਕੀ ਜਾਣ ਵਾਲੇ ਸ਼ਰਧਾਵਾਨੋ! ਇਸ ਆਬੇ-ਹਯਾਤ ਦੇ ਚਸ਼ਮੇ ਦਾ ਅੰਮ੍ਰਿਤ, ਆਪਣੇ ਸੁੱਕੇ ਬੰਜਰ ਬਣੇ ਹੋਏ ਹਿਰਦਿਆਂ ਤੱਕ ਪਹੁੰਚਣ ਤਾਂ ਦਿਓ?

'ਨੇਰ੍ਹ ਨੂੰ ਹੁਣ ਦੋਸਤਾ,
ਉਸ ਦਿਲ 'ਚ ਕਿੱਦਾਂ ਥਾਂ ਮਿਲੂ,
ਹੋ ਗਿਆ ਜੋ ਉਮਰ ਭਰ ਲਈ
ਰੌਸ਼ਨੀ ਦੇ ਰੂ-ਬਰੂ।
ਫਸਲ ਰੀਝਾਂ ਵਾਲੜੀ
ਫਿਰ ਦੇਖਣਾ ਲਹਿਰਾਏਗੀ,
ਦਿਲ ਦੇ ਸੁੱਕੇ ਖੇਤ ਨੂੰ,
ਤੂੰ ਕਰ ਨਦੀ ਦੇ ਰੂ-ਬਰੂ।

# ਖੁਦਾ ਦੇ ਬੰਦੇ

ਗੁਰਬਚਨ ਸਿੰਘ, ਨਵੀਂ ਦਿੱਲੀ
ਫੋਨ: 91-98185-53511

ਹਜ਼ੂਰ ਸਾਹਿਬ ਦੀ ਯਾਤਰਾ ਦੀਆਂ ਟਿਕਟਾਂ ਆ ਚੁਕੀਆਂ ਸਨ। ਟਿਕਟਾਂ ਅਗਲੇ ਮਹੀਨੇ ਦੀ ਦਸ ਤਾਰੀਖ ਦੀਆਂ ਸਨ ਪਰ ਤਿਆਰੀ ਪਹਿਲਾਂ ਹੀ ਸ਼ੁਰੂ ਹੋ ਗਈ। ਇਸ ਵਾਰ ਇਸ ਯਾਤਰਾ ਦਾ ਕਰੇਜ ਕੁਝ ਜ਼ਿਆਦਾ ਹੈ ਕਿਉਂਕਿ ਮੇਰੀ ਸਿੰਘਣੀ ਲੰਮੀ ਬਿਮਾਰੀ ਤੋਂ ਬਾਅਦ ਘਰੋਂ ਨਿਕਲਣ ਲੱਗੀ ਹੈ। ਵੈਸੇ ਮੇਰੀ ਸਿੰਘਣੀ ਨੂੰ ਹੈ ਕੁਝ ਵੀ ਨਹੀਂ ਪਰ ਘਰੋਂ ਨਿਕਲਣ 'ਤੇ ਉਸ ਦਾ ਜੀ ਘਾਬਰਦਾ ਹੈ। ਬਸ ਇਸੇ ਨੂੰ ਉਸ ਨੇ ਬਿਮਾਰੀ ਮੰਨਿਆ ਹੋਇਆ ਹੈ।

"ਕਿੰਨੇ ਦਿਨਾਂ ਦਾ ਸਫਰ ਹੈ?" ਮੇਰੀ ਸਿੰਘਣੀ ਨੇ ਸਵਾਲ ਕੀਤਾ।

"ਇਸ ਵਾਰ ਦਸ ਦਸੰਬਰ ਨੂੰ ਜਾ ਕੇ ਵੀਹ ਦਸੰਬਰ ਨੂੰ ਵਾਪਸ ਆਉਣਾ ਹੈ।"

"ਪਰ ਤੁਸੀਂ ਤਾਂ ਕਹਿ ਰਹੇ ਸੀ ਕਿ ਇਕ ਹਫਤੇ ਦੀ ਯਾਤਰਾ ਹੈ?" ਉਸ ਨੇ ਫਿਰ ਸਵਾਲ ਕੀਤਾ।

ਮੈਂ ਸਮਝਾਇਆ, "ਇੰਨੇ ਸਾਲਾਂ ਬਾਅਦ ਘਰੋਂ ਨਿਕਲੀ ਹੈਂ ਤੇ ਹੈਦਰਾਬਾਦ ਵੱਡੇ ਵੀਰ ਜੀ ਕੋਲ ਅਤੇ ਭੈਣ ਕੋਲ ਵੀ ਇਕ ਇਕ ਰਾਤ ਰੁਕਾਂਗੇ। ਦਸ-ਗਿਆਰਾਂ ਦਿਨ ਤਾਂ ਹੋ ਹੀ ਜਾਣਗੇ।"

"ਚਲੋ ਠੀਕ ਹੈ।" ਉਸ ਨੇ ਹੁੰਗਾਰਾ ਭਰਿਆ।

ਅਸਲ ਵਿਚ ਇਸ ਯਾਤਰਾ ਵਿਚ ਅਸੀਂ ਦੋ ਦਿਨ ਹਜ਼ੂਰ ਸਾਹਿਬ, ਇਕ ਦਿਨ ਨਾਨਕ ਝੀਰਾ ਅਤੇ ਦੋ ਦਿਨ ਹੈਦਰਾਬਾਦ-ਇਸ ਤਰ੍ਹਾਂ ਹਫਤੇ ਦੀ ਯਾਤਰਾ ਕਰੀਦੀ ਹੈ। ਸਿੰਘਣੀ ਦੇ ਪੇਕੇ ਹੈਦਰਾਬਾਦ ਹਨ। ਇਸ ਵਾਸਤੇ ਥੋੜਾ ਜਿਹਾ ਲੰਮਾ ਪ੍ਰੋਗਰਾਮ ਹੋ ਗਿਆ ਹੈ।

ਕਦੋਂ ਦਿਨ ਲੰਘ ਗਏ, ਪਤਾ ਹੀ ਨਾ ਲੱਗਾ ਅਤੇ ਯਾਤਰਾ ਦਾ ਦਿਨ ਆ ਗਿਆ। ਇਕ ਰਾਤ ਦਾ ਸਫਰ ਕਰ ਕੇ ਜਦੋਂ ਔਰੰਗਾਬਾਦ ਆਇਆ ਤਾਂ ਮੇਰੀ ਸਿੰਘਣੀ ਨੂੰ ਯਾਦ ਆਇਆ ਕਿ ਔਰੰਗਾਬਾਦ ਤਾਂ ਇਕ ਦੋ ਵਜੇ ਦੇ ਆਸ-ਪਾਸ ਆਉਂਦਾ ਹੈ। ਮੈਂ ਉਸ ਨੂੰ ਦੱਸਿਆ ਕਿ ਅੱਜ ਗੱਡੀ ਚਾਰ-ਪੰਜ ਘੰਟੇ ਲੇਟ ਹੈ। ਅਸੀਂ ਰਹਿਰਾਸ ਸਾਹਿਬ ਦੇ ਵਕਤ ਹਜ਼ੂਰ ਸਾਹਿਬ ਪਹੁੰਚ ਜਾਂਦੇ ਹਾਂ ਪਰ ਲੱਗਦਾ ਹੈ ਅੱਜ ਕਾਫੀ ਰਾਤ ਹੋ ਜਾਏਗੀ ਕਿਉਂਕਿ ਅੱਗੇ ਸਿੰਗਲ ਲਾਈਨ ਹੈ।

ਔਰੰਗਾਬਾਦ ਨੂੰ ਲੰਘਿਆਂ ਮਸਾਂ ਅੱਧਾ-ਪੌਣਾ ਘੰਟਾ ਹੀ ਬੀਤਿਆ ਹੋਣਾ ਹੈ ਕਿ ਗੱਡੀ ਹੌਲੀ ਹੌਲੀ ਚੱਲਣ ਲੱਗ ਪਈ। ਇੰਨੇ ਵਿਚ ਇਕ ਬੰਦਾ ਕੰਬਲ ਨਾਲ ਮੂੰਹ ਢਕੀ ਮੇਰੇ ਕੋਲ ਆ ਜ਼ਬਰਦਸਤੀ ਮੈਨੂੰ ਧਕੇਲ ਕੇ ਸੀਟ 'ਤੇ ਬੈਠ ਗਿਆ। ਪੂਰਾ ਕੰਬਲ ਨਾਲ ਲਿਪਟਿਆ ਹੋਇਆ ਸੀ ਪਰ ਉਤਾਂਹ ਨੂੰ ਇਕ ਚੁੰਝ ਜਿਹੀ ਨਿਕਲੀ ਹੋਈ ਸੀ ਜਿਵੇਂ ਸੋਟੀ, ਡਾਂਗ ਜਾਂ ਬੰਦੂਕ ਹੋਵੇ। ਉਸ ਦਾ ਸਾਹ ਫੁਲਿਆ ਹੋਇਆ ਸੀ ਜਿਵੇਂ ਕਿਤੇ ਦੂਰੋਂ ਭੱਜ ਕੇ ਆਇਆ ਹੋਵੇ। ਸਾਡੀ ਦੋ ਬੰਦਿਆਂ ਦੀ ਗੇਟ ਦੇ ਨਾਲ ਪਹਿਲੀ ਸੀਟ ਸੀ। ਤੀਜੇ ਬੰਦੇ ਦੇ ਬੈਠਣ ਨਾਲ ਜਗ੍ਹਾ ਤੰਗ ਹੋ ਗਈ। ਮੈਂ ਉਸ ਨੂੰ ਉਤਾਂਹ ਨਿਗਾਹ ਕਰਕੇ ਦੇਖਿਆ ਤਾਂ ਘੂਰਨ ਲੱਗਾ ਅਤੇ ਕੜਕਵੀਂ ਆਵਾਜ਼ ਵਿਚ ਮੇਰੇ ਕੰਨ ਦੇ ਕੋਲ ਆ ਕੇ ਬੋਲਿਆ, "ਚੁਪ ਚਾਪ ਬੈਠਾ ਰਹਿ, ਨਹੀਂ ਤੋ ਤੁਝ ਕੋ ਪਹਿਲੇ ਟਪਕਾ ਦੂੰਗਾ।"

ਇੰਨਾ ਕਹਿ ਕੇ ਉਸ ਨੇ ਬੰਦੂਕ ਦੀ ਨਾਲੀ ਮੇਰੀ ਧੌਣ ਨਾਲ ਲਾ ਦਿੱਤੀ। ਫਿਰ ਆਪ ਹੀ ਕੁਝ ਨਰਮ ਹੋ ਕੇ ਬੋਲਿਆ, "ਆਗੇ ਵਾਲੇ ਡਿੱਬੇ ਮੇਂ ਹਮਾਰੇ ਬੰਦੇ ਪੁਲਿਸ ਕੀ ਗ੍ਰਿਫਤ ਮੇਂ ਹੈਂ, ਉਨ ਕੋ ਛੁਡਾਨਾ ਹੈ। ਪੁਲਿਸ ਵਾਲੋਂ ਕੋ ਮਾਰਨਾ ਪੜਾ ਤੋ ਮਾਰ ਦੇਂਗੇ। ਤੂ ਖੁਦਾ ਕਾ ਬੰਦਾ ਲਗ ਰਹਾ ਹੈ, ਇਸ ਲੀਏ ਬਤਾ ਰਹਾ ਹੂੰ। ਬੋਲੇਗਾ ਤੋ ਤੁਝੇ ਪਹਿਲੇ ਟਪਕਾ ਦੂੰਗਾ।" ਉਹ ਰਲੀ-ਮਿਲੀ ਹਿੰਦੀ ਅਤੇ ਮਰਾਠੀ ਭਾਸ਼ਾ ਬੋਲ ਰਿਹਾ ਸੀ।

ਮੈਂ ਮੂੰਹ ਨੀਵਾਂ ਕਰ ਕੇ ਹੀ ਬੋਲ ਪਿਆ, "ਤੋ ਕਿਆ ਪੁਲਿਸ ਵਾਲੇ ਖੁਦਾ ਕੇ ਬੰਦੇ ਨਹੀਂ ਹੈਂ?"

ਉਸ ਨੇ ਕੁਝ ਜਵਾਬ ਨਾ ਦਿੱਤਾ। ਮੇਰਾ ਹੌਸਲਾ ਵਧ ਗਿਆ। ਮੈਂ ਫਿਰ ਬੋਲਿਆ, "ਯਹ ਤੋ ਪੂਰੀ ਗਾਡੀ ਹੀ ਖੁਦਾ ਕੇ ਬੰਦੋਂ ਕੀ ਹੈ। ਅੰਮ੍ਰਿਤਸਰ ਸੇ ਚਲ ਕਰ ਹਜ਼ੂਰ ਸਾਹਿਬ ਜਾਤੀ ਹੈ। ਸਭੀ ਤੀਰਥ ਯਾਤਰੀ ਹੈਂ।"

ਉਸ ਨੇ ਹੈਰਾਨ ਹੋ ਕੇ ਪੁਛਿਆ, "ਤੋ ਕਿਆ ਯਹ ਬੰਬੇ ਐਕਸਪ੍ਰੈਸ ਨਹੀਂ ਹੈ?" ਇਸ ਪਿਛੋਂ ਉਸ ਨੇ ਕੀ ਪੁਛਿਆ, ਮੈਂ ਕੁਝ ਨਹੀਂ ਸੁਣਿਆ ਕਿਉਂਕਿ ਮੈਂ ਉਸ ਨੂੰ 'ਪੂਰੀ ਗੱਡੀ ਖੁਦਾ ਦੇ ਬੰਦਿਆਂ ਦੀ' ਬੋਲ ਕੇ ਵਿਚਾਰਾਂ ਵਿਚ ਖੋ ਗਿਆ ਸਾਂ। ਮੇਰੇ ਅੰਦਰ ਵਿਚਾਰਾਂ ਦਾ ਇਕ ਵਲਵਲਾ ਸ਼ੁਰੂ ਹੋ ਗਿਆ ਕਿ ਜਿਹੜੇ ਬਾਕੀ ਬੰਦੇ ਹਨ, ਖੁਦਾ ਦੇ ਬੰਦੇ ਨਹੀਂ ਹਨ? ਗੁਰਬਾਣੀ ਮੁਤਾਬਕ ਤਾਂ ਇਕ ਨੂਰ ਤੇ ਸਭ ਜਗ ਉਪਜਿਆ, ਫਿਰ ਕੌਣ ਖੁਦਾ ਕਾ ਬੰਦਾ ਨਹੀਂ ਹੈ? ਉਹ ਕਦੋਂ ਉਤਰ ਗਿਆ, ਮੈਨੂੰ ਪਤਾ ਹੀ ਨਾ ਲੱਗਾ। ਮੇਰੀ ਸਿੰਘਣੀ ਮੇਰੇ ਨਾਲ ਬੈਠੀ ਕਦੋਂ ਦੀ ਸੁੱਤੀ ਪਈ ਸੀ, ਮੈਨੂੰ ਨਹੀਂ ਪਤਾ ਲੱਗਾ।

ਇੰਨੀ ਠੰਡ ਵਿਚ ਇਹ ਸੋਚ ਕੇ ਮੈਨੂੰ ਪਸੀਨਾ ਆ ਗਿਆ ਕਿ ਹੁਣ ਤਿੰਨ-ਚਾਰ ਗੋਲੀਆਂ ਚੱਲਣਗੀਆਂ, ਚਾਰ-ਪੰਜ ਬੰਦੇ ਢੇਰ ਹੋਣਗੇ। ਜੇ ਉਨ੍ਹਾਂ ਕੋਲ ਬੰਬ ਹੋਇਆ? ਇਹ ਸੋਚ ਕੇ ਤਾਂ ਮੇਰਾ ਜਿਵੇਂ ਸਿਰ ਘੁੰਮ ਗਿਆ। ਆਪਣੇ ਬੰਦੇ ਛੁਡਾਉਣ ਪਿਛੇ ਉਨ੍ਹਾਂ ਨੇ ਗੱਡੀ ਹੀ ਉਡਾ ਦਿੱਤੀ ਤਾਂ? ਇਹ ਸੋਚਦਿਆਂ ਹੀ ਮੈਂ ਪਸੀਨੋ-ਪਸੀਨੀ ਹੋ ਗਿਆ।

ਅਚਾਨਕ ਜ਼ੋਰ ਦੀ ਧੱਕਾ ਲੱਗਾ। ਮੇਰਾ ਜਿਵੇਂ ਸਾਹ ਹੀ ਰੁਕ ਗਿਆ ਹੋਵੇ। ਬਰੇਕਾਂ ਦੀ ਆਵਾਜ਼ ਨਾਲ ਗੱਡੀ ਰੁਕੀ। ਸਾਰੇ ਡੱਬਿਆਂ ਵਿਚੋਂ ਆਵਾਜ਼ ਆਈ, 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।'

ਹਜ਼ੂਰ ਸਾਹਿਬ ਆ ਗਿਆ ਸੀ।

# ਰਾਜ ਦੇ ਦੋ ਸਾਲ ਪੂਰੇ ਹੋਣ 'ਤੇ ਕਾਹਦੀ ਵਧਾਈ ਮੋਦੀ ਨੂੰ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਸਰਕਾਰ ਦੀ ਅਗਵਾਈ ਕਰਦੀ ਭਾਰਤੀ ਜਨਤਾ ਪਾਰਟੀ ਤੇ ਉਸ ਦੇ ਸਿਆਸੀ ਭਾਈਬੰਦ ਇਸ ਸਮੇਂ ਆਪਣੇ ਕੇਂਦਰੀ ਰਾਜ ਦੇ ਦੋ ਸਾਲ ਪੂਰੇ ਹੋਣ 'ਤੇ ਜਸ਼ਨ ਮਨਾਉਣ ਵਿਚ ਮਸਤ ਹਨ, ਤੇ ਉਨ੍ਹਾਂ ਨੂੰ ਇਸ ਦਾ ਹੱਕ ਵੀ ਹੈ। ਹੁਣ ਉਹ ਵੇਲਾ ਨਹੀਂ ਰਿਹਾ, ਜਦੋਂ ਕਾਂਗਰਸ ਤੋਂ ਬਿਨਾ ਕੇਂਦਰ ਵਿਚ ਕੋਈ ਸਰਕਾਰ ਬਣਦੀ ਸੀ ਤਾਂ ਦਿਨ ਗਿਣਦੀ ਰਹਿੰਦੀ ਸੀ ਤੇ ਹਰ ਵੇਲੇ ਸਿਆਸੀ ਪਲਟਾ ਹੋਣ ਦਾ ਡਰ ਹੁੰਦਾ ਸੀ। ਜਿਹੜੇ ਕਾਂਗਰਸੀ ਲੀਡਰਾਂ ਨੇ ਏਦਾਂ ਕਰਨਾ ਹੁੰਦਾ ਸੀ, ਉਨ੍ਹਾਂ ਦੀ ਅਗਵਾਈ ਕਰਨ ਵਾਲੀ ਇੰਦਰਾ ਗਾਂਧੀ ਹੁਣ ਨਹੀਂ ਰਹੀ ਅਤੇ ਉਸ ਦਾ ਏਨੇ ਜੋਗਾ ਪੁੱਤਰ ਰਾਜੀਵ ਗਾਂਧੀ ਵੀ ਨਹੀਂ ਰਿਹਾ। ਕਾਂਗਰਸ ਪਾਰਟੀ ਦੀ ਹੁਣ ਵਾਲੀ ਲੀਡਰਸ਼ਿਪ ਸਰਕਾਰ ਬਾਰੇ ਘੱਟ ਤੇ ਪਾਰਟੀ ਵਿਚ ਆਪਣੇ ਰੁਤਬੇ ਬਾਰੇ ਵੱਧ ਚਿੰਤਤ ਦਿਖਾਈ ਦੇਂਦੀ ਹੈ। ਵਿਚਾਰੀ ਸੋਨੀਆ ਗਾਂਧੀ ਨੂੰ ਇਹੋ ਚਿੰਤਾ ਨਹੀਂ ਛੱਡ ਰਹੀ ਕਿ ਸਿਆਸੀ ਮੰਚ ਉਪਰ ਉਸ ਦੇ ਪੁੱਤਰ ਦੇ ਪੈਰ ਅਜੇ ਟਿਕ ਨਹੀਂ ਰਹੇ। ਪੁੱਤਰ ਆਪ ਵੀ ਜਵਾਕਪੁਣੇ ਤੋਂ ਉਪਰ ਉਠਣ ਵਾਲੀ ਕੋਈ ਗੱਲ ਨਹੀਂ ਕਰਦਾ।

ਕਾਂਗਰਸ ਦੇ ਘਾਗ ਆਗੂਆਂ ਵਿਚੋਂ ਅੱਧੇ ਤੋਂ ਵੱਧ ਦੂਜੀਆਂ ਪਾਰਟੀਆਂ ਦੇ ਸੁੱਟੇ ਟੁੱਕਰ ਵੱਲ ਝਾਕੀ ਜਾਂਦੇ ਹਨ। ਕੋਈ ਸਵੇਰੇ ਉਠ ਕੇ ਭਾਜਪਾ ਆਗੂਆਂ ਨੂੰ ਫੋਨ ਕਰ ਕੇ ਆਨੇ-ਬਹਾਨੇ ਹਾਲ-ਚਾਲ ਪੁੱਛਦਾ ਹੈ ਤੇ ਕਿਸੇ ਨੂੰ ਸਵੇਰ ਦੀ ਚਾਹ ਤੋਂ ਪਹਿਲਾਂ ਚੰਡੀਗੜ੍ਹ ਨੂੰ ਫੋਨ ਕਰਨ ਦੀ ਕਾਹਲੀ ਹੁੰਦੀ ਹੈ। ਇਸ ਵਿਰੋਧੀ ਧਿਰ ਦੇ ਹੁੰਦਿਆਂ ਭਾਜਪਾ ਤੇ ਉਸ ਦੇ ਸਾਥੀਆਂ ਨੂੰ ਜਸ਼ਨ ਮੁਬਾਰਕ ਹੀ ਹਨ।

ਜਸ਼ਨ ਮਨਾਉਣਾ ਕਈ ਵਾਰੀ ਪ੍ਰਾਪਤੀਆਂ ਦਾ ਵਿਸ਼ਾ ਹੁੰਦਾ ਹੈ ਤੇ ਕਈ ਵਾਰੀ ਇਹ ਗੱਲ ਵੀ ਜਸ਼ਨਾਂ ਦਾ ਹਿੱਸਾ ਹੁੰਦੀ ਹੈ ਕਿ ਸਾਡੇ ਮੂਹਰੇ ਕੋਈ ਸਿਆਸੀ ਚੁਣੌਤੀ ਨਹੀਂ ਰਹੀ। ਸ਼ਾਇਦ ਭਾਜਪਾ ਆਗੂਆਂ ਨੂੰ ਇਸ ਦੀ ਵੱਧ ਖੁਸ਼ੀ ਹੈ। ਉਹ ਹਰ ਭਾਸ਼ਣ ਵਿਚ ਜਦੋਂ ਭਾਰਤ ਨੂੰ ਕਾਂਗਰਸ-ਮੁਕਤ ਕਰਨ ਦੀ ਗੱਲ ਕਰਦੇ ਹਨ ਤਾਂ ਸ਼ਾਇਦ ਇਹੋ ਕਹਿਣਾ ਚਾਹੁੰਦੇ ਹਨ ਕਿ ਜਿਸ ਪਾਰਟੀ ਤੋਂ ਖਤਰਾ ਸੀ, ਉਹ ਹੁਣ ਕਾਸੇ ਜੋਗੀ ਰਹੀ ਨਹੀਂ ਤੇ ਬਾਕੀਆਂ ਵਿਚ ਸਾਨੂੰ ਚੁਣੌਤੀ ਦੇ ਸਕਣ ਵਾਲਾ ਕੋਈ ਛੇਤੀ ਕੀਤੇ ਉਠਣ ਜੋਗਾ ਨਾ ਹੋਣ ਕਰ ਕੇ ਸਾਡੇ ਲਈ 'ਚਾਰੇ ਚੱਕ ਜਗੀਰ' ਹੈ। ਜਦੋਂ ਕਿਸੇ ਵੀ ਰਾਜਸੀ ਧਿਰ ਦੇ ਮਨ ਵਿਚ ਇਹ ਗੱਲ ਆ ਜਾਵੇ, ਉਸ ਨੂੰ ਦੁਸ਼ਮਣਾਂ ਦੀ ਲੋੜ ਨਹੀਂ ਰਹਿੰਦੀ, ਅੰਦਰੋਂ ਸੂਲਾਂ ਫੁੱਟਦੀਆਂ ਹੁੰਦੀਆਂ ਹਨ।

ਅਜੇ ਉਹ ਸਮਾਂ ਨੇੜੇ ਨਹੀਂ, ਜਦੋਂ ਅੰਦਰੋਂ ਕੋਈ ਸੂਲ ਫੁੱਟਦੀ ਦਿਖਾਈ ਦਿੰਦੀ ਹੋਵੇ ਅਤੇ ਇਸੇ ਲਈ ਉਹ ਜਦੋਂ ਦੋ ਸਾਲਾ ਰਾਜ ਦੇ ਜਸ਼ਨ ਮਨਾਉਣ ਰੁੱਝੇ ਹਨ ਤਾਂ ਹਕੀਕਤਾਂ ਨੂੰ ਭੁੱਲ ਕੇ ਹਵਾਈ ਉਡਾਰੀਆਂ ਲਾ ਰਹੇ ਹਨ।

ਹਕੀਕਤਾਂ ਵਿਚੋਂ ਅਸੀਂ ਕਾਲੇ ਧਨ ਵਾਲੇ ਤਿੰਨ-ਤਿੰਨ ਲੱਖ ਰੁਪਏ ਹਰ ਨਾਗਰਿਕ ਦੇ ਖਾਤੇ ਵਿਚ ਪਾਉਣ ਵਾਲੀ ਗੱਲ ਮੁੜ-ਮੁੜ ਨਹੀਂ ਛੇੜਨਾ ਚਾਹੁੰਦੇ, ਜਿਹੜੇ ਸਿਰਫ ਸੌ ਦਿਨਾਂ ਵਿਚ ਆਉਣੇ ਸਨ ਤੇ ਸੱਤ ਸੌ ਤੀਹ ਦਿਨ ਲੰਘਣ ਦੇ ਬਾਅਦ ਵੀ ਨਹੀਂ ਆਏ। ਹੁਣ ਸਾਡੇ ਲੋਕ ਖੁਦ ਵੀ ਝਾਕ ਛੱਡ ਚੁੱਕੇ ਹਨ। ਇਸ ਦੀ ਥਾਂ ਇਹ ਗੱਲ ਵੇਖਣ ਵਾਲੀ ਹੈ ਕਿ ਇਸ ਸਰਕਾਰ ਨੇ ਕਾਲਾ ਧਨ ਬਾਹਰੋਂ ਲਿਆਉਣ ਦਾ ਵਾਅਦਾ ਕੀਤਾ ਸੀ, ਆਉਣ ਦੀ ਥਾਂ ਇਨ੍ਹਾਂ ਦੋ ਸਾਲਾਂ ਦੌਰਾਨ ਹੋਰ ਵੀ ਚਲਾ ਗਿਆ ਹੈ। ਪਹਿਲਾਂ ਓਹਲਾ ਰੱਖ ਕੇ ਜਾਂਦਾ ਸੀ, ਸੰਸਾਰ ਪੱਧਰ ਦੇ ਬਦਨਾਮ ਨਿੱਜੀ ਬੈਂਕਾਂ ਦੇ ਰਾਹੀਂ ਇਹ ਕੰਮ ਹੁੰਦਾ ਸੀ, ਮੋਦੀ ਸਰਕਾਰ ਦੌਰਾਨ ਇਹ ਕੰਮ ਭਾਰਤ ਸਰਕਾਰ ਦੇ ਆਪਣੇ ਕੌਮੀ ਬੈਂਕਾਂ, ਜਿਨ੍ਹਾਂ ਵਿਚ ਬੈਂਕ ਆਫ ਬੜੌਦਾ ਤੇ ਹੋਰ ਸ਼ਾਮਲ ਸਨ, ਦੇ ਰਾਹੀਂ ਹੋ ਗਿਆ। ਸਰਕਾਰੀ ਬੈਂਕਾਂ ਦਾ ਸਿੱਧਾ ਕੰਟਰੋਲ ਖਜ਼ਾਨਾ ਮੰਤਰੀ ਅਰੁਣ ਜੇਤਲੀ ਦੇ ਕੋਲ ਹੈ ਤੇ ਅਰੁਣ ਜੇਤਲੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਬਾਅਦ ਸਰਕਾਰ ਵਿਚ ਦੂਸਰੇ ਨੰਬਰ ਦਾ ਆਗੂ ਮੰਨਿਆ ਜਾਂਦਾ ਹੈ।

ਪਨਾਮਾ ਪੇਪਰਜ਼ ਵਿਚ ਇਹ ਗੱਲ ਜਦੋਂ ਸਾਬਤ ਹੋ ਗਈ ਕਿ ਕੁਝ ਭਾਰਤੀ ਲੋਕਾਂ ਨੇ ਜਾਅਲੀ ਕੰਪਨੀਆਂ ਓਥੇ ਖੜੀਆਂ ਕਰਨ ਅਤੇ ਖੇਤਾਂ ਵਿਚ ਹਲ ਵਗਦੇ ਦੀ ਰਾਹਲ ਮੱਲਣ ਵਾਂਗ ਕਾਲੇ ਪੈਸੇ ਦੀਆਂ ਥੈਲੀਆਂ ਦੀ ਰਾਹਲ ਮੱਲ ਕੇ ਕਈ ਦੇਸ਼ਾਂ ਦਾ ਗੇੜਾ ਕੱਢਣ ਪਿੱਛੋਂ ਚਿੱਟਾ ਕਰ ਲੈਣ ਦਾ ਕੰਮ ਕੀਤਾ ਹੈ ਤਾਂ ਮੋਦੀ ਸਰਕਾਰ ਨੇ ਉਨ੍ਹਾਂ ਦਾ ਪਿੱਛਾ ਕਰਨ ਦਾ ਯਤਨ ਨਹੀਂ ਕੀਤਾ। ਕਾਰਨ ਇਹ ਸੀ ਕਿ ਇਨ੍ਹਾਂ ਵਿਚ ਰਾਜਨੀਤੀ ਦੇ ਮੈਦਾਨ ਵਿਚ ਹਰ ਕਿਸੇ ਵੱਡੇ ਖਿਡਾਰੀ ਦੇ ਖਿਦਮਤਗਾਰ ਅਮਿਤਾਭ ਬੱਚਨ ਦਾ ਨਾਂ ਵੀ ਸੀ ਤੇ ਪ੍ਰਧਾਨ ਮੰਤਰੀ ਮੋਦੀ ਦੇ ਸਭ ਤੋਂ ਨੇੜਲੇ ਮਿੱਤਰ ਗੌਤਮ ਅਡਾਨੀ ਦੇ ਇੱਕ ਭਰਾ ਦਾ ਨਾਂ ਵੀ ਚਰਚਾ ਵਿਚ ਆ ਗਿਆ ਸੀ।




ਦੂਸਰੀ ਹਕੀਕਤ ਪ੍ਰਧਾਨ ਮੰਤਰੀ ਮੋਦੀ ਵੱਲੋਂ ਵਿਦੇਸ਼ ਨੀਤੀ ਦੇ ਮਾਮਲੇ ਵਿਚ ਚੁੱਕੇ ਕਦਮਾਂ ਦੀ ਸੀ। ਹੁਣ ਤੱਕ ਭਾਜਪਾ ਆਗੂ ਇਹ ਮਿਹਣਾ ਦਿਆ ਕਰਦੇ ਸਨ ਕਿ ਪਾਕਿਸਤਾਨ ਦੇ ਆਗੂ ਸਾਡੇ ਦੇਸ਼ ਵਿਚ ਬਿਰਿਆਨੀ ਖਾਣ ਆਉਂਦੇ ਹਨ ਅਤੇ ਖਾ ਕੇ ਮੁੜ ਜਾਂਦੇ ਹਨ। ਸਾਡਾ ਪ੍ਰਧਾਨ ਮੰਤਰੀ ਮੋਦੀ ਬਿਨਾ ਕਿਸੇ ਮਿਥੇ ਪ੍ਰੋਗਰਾਮ ਤੋਂ ਪਾਕਿਸਤਾਨ ਪਹੁੰਚ ਗਿਆ, ਉਥੋਂ ਦੇ ਪ੍ਰਧਾਨ ਮੰਤਰੀ ਦੇ ਘਰ ਜਲ-ਪਾਣੀ ਛਕ ਆਇਆ ਤੇ ਇਹ ਡੀਂਗ ਮਾਰ ਦਿੱਤੀ ਕਿ ਸਬੰਧ ਸੁਧਾਰਨ ਦੀ ਬੜੀ ਵੱਡੀ ਪਹਿਲ ਕਰ ਲਈ ਹੈ, ਹੁਣ ਕੋਈ ਖਤਰਾ ਨਹੀਂ। ਸਿਰਫ ਦੋ ਦਿਨ ਲੰਘੇ ਤੇ ਤੀਸਰੇ ਦਿਨ ਪਠਾਨਕੋਟ ਦੇ ਹਵਾਈ ਫੌਜ ਦੇ ਬੇਸ ਉਤੇ ਹਮਲਾ ਹੋ ਗਿਆ। ਫਿਰ ਜਾਂਚ ਵਿਚ ਸਾਡਾ ਦੇਸ਼ ਪਾਕਿਸਤਾਨ ਤੋਂ ਮਾਤ ਖਾ ਗਿਆ। ਉਨ੍ਹਾਂ ਨੇ ਜਾਂਚ ਕਰਨ ਦੇ ਬਹਾਨੇ ਆਪਣੀ ਫੌਜ ਤੇ ਖੁਫੀਆ ਏਜੰਸੀ ਆਈ ਐਸ ਆਈ ਵੱਲੋਂ ਲੈਫਟੀਨੈਂਟ ਜਨਰਲ ਰੈਂਕ ਦੇ ਅਫਸਰਾਂ ਨੂੰ ਪਠਾਨਕੋਟ ਦੇ ਬਹੁਤ ਨਾਜ਼ਕ ਹਵਾਈ ਟਿਕਾਣੇ ਦਾ ਦੌਰਾ ਕਰਵਾ ਲਿਆ ਤੇ ਜਦੋਂ ਭਾਰਤੀ ਜਾਂਚ ਟੀਮ ਨੇ ਉਥੇ ਜਾਣਾ ਸੀ ਤਾਂ ਤੋਕੜ ਗਾਂ ਵਾਂਗ ਛੜ ਮਾਰ ਦਿੱਤੀ। ਮੋਦੀ ਸਾਹਿਬ ਅੱਜ ਵੀ ਕਹਿੰਦੇ ਹਨ ਕਿ ਮੇਰੀ ਵਿਦੇਸ਼ ਨੀਤੀ ਬੜੀ ਨਿੱਗਰ ਹੈ, ਇਸ ਵਿਚ ਕਿਸੇ ਤਰ੍ਹਾਂ ਦੀ ਕੋਈ ਕਚਿਆਈ ਨਹੀਂ ਦਿਖਾਈ ਦੇ ਸਕਦੀ।

ਵਿਦੇਸ਼ ਨੀਤੀ ਦੀ ਕਚਿਆਈ ਤਾਂ ਇੱਕ ਹੋਰ ਗੱਲ ਵਿਚ ਇਸ ਤੋਂ ਵੀ ਵੱਧ ਦਿਖਾਈ ਦਿੱਤੀ ਸੀ। ਮਾਇਨਾਮਾਰ, ਜਿਸ ਨੂੰ ਪਹਿਲਾਂ ਬਰਮਾ ਕਿਹਾ ਜਾਂਦਾ ਸੀ, ਵਲੋਂ ਆਏ ਅਤਿਵਾਦੀ ਸਾਡੀ ਫੌਜ ਉਤੇ ਕਈ ਵਾਰੀ ਹਮਲੇ ਕਰਦੇ ਤੇ ਵਾਪਸ ਦੌੜ ਜਾਇਆ ਕਰਦੇ ਸਨ। ਇੱਕ ਦਿਨ ਸਾਡੀ ਫੌਜ ਨੇ ਕੁਝ ਅਤਿਵਾਦੀ ਮਾਰ ਲਏ। ਭਾਰਤ ਦੇ ਇੱਕ ਕੇਂਦਰੀ ਮੰਤਰੀ ਨੇ ਇਹ ਦਾਅਵਾ ਕਰ ਦਿੱਤਾ ਕਿ ਸਾਡੀ ਫੌਜ ਨੇ ਮਾਇਨਾਮਾਰ ਦੀ ਹੱਦ ਵਿਚ ਜਾ ਕੇ ਮਾਰ ਕੀਤੀ ਹੈ ਤੇ ਅਤਿਵਾਦੀਆਂ ਨੂੰ ਮਾਰਨ ਵਿਚ ਉਥੋਂ ਦੀ ਸਰਕਾਰ ਨੇ ਵੀ ਸਾਡਾ ਸਾਥ ਦਿੱਤਾ ਹੈ। ਏਨੀ ਗੱਲ ਮੰਨ ਲੈਂਦੀ ਤਾਂ ਉਹ ਸਰਕਾਰ ਆਪਣੇ ਲੋਕਾਂ ਦੇ ਅੱਗੇ ਬੁਰੀ ਬਣ ਜਾਣੀ ਸੀ। ਉਸ ਨੇ ਝੱਟ ਇਹ ਗੱਲ ਕੱਟ ਕੇ ਕਿਹਾ ਕਿ ਸਾਡੀ ਹੱਦ ਅੰਦਰ ਕੁਝ ਨਹੀਂ ਹੋਇਆ, ਭਾਰਤ ਸਰਕਾਰ ਝੂਠ ਬੋਲਦੀ ਹੈ। ਓਨੀ ਦੇਰ ਤੱਕ ਸਾਡੇ ਇੱਕ ਹੋਰ ਮੰਤਰੀ ਨੇ ਇਹ ਬਿਆਨ ਦਾਗ ਦਿੱਤਾ ਕਿ ਜਿਵੇਂ ਮਾਇਨਾਮਾਰ ਵਿਚ ਹਮਲਾ ਕਰ ਕੇ ਅਤਿਵਾਦੀ ਮਾਰੇ ਹਨ, ਉਸੇ ਤਰ੍ਹਾਂ ਪਾਕਿਸਤਾਨ ਵਿਚ ਹਮਲਾ ਕਰ ਕੇ ਹਾਫਿਜ਼ ਸਈਦ ਤੇ ਦਾਊਦ ਇਬਰਾਹੀਮ ਨੂੰ ਮਾਰ ਕੇ ਉਵੇਂ ਹੀ ਚੁੱਕ ਲਿਆਵਾਂਗੇ, ਜਿਵੇਂ ਅਮਰੀਕਾ ਦੇ ਕਮਾਂਡੋਆਂ ਨੇ ਓਸਾਮਾ ਬਿਨ ਲਾਦੇਨ ਨਾਲ ਕੀਤਾ ਸੀ। ਪਹਿਲਾ ਝਟਕਾ ਮਾਇਨਾਮਾਰ ਸਰਕਾਰ ਦੇ ਬਿਆਨ ਨਾਲ ਲੱਗਾ ਸੀ ਤੇ ਦੂਸਰਾ ਪਾਕਿਸਤਾਨ ਵੱਲੋਂ ਸਿੱਧੀ ਚੁਣੌਤੀ ਦੇ ਜਵਾਬ ਵਿਚ ਮੋੜਵੀਂ ਚੁਣੌਤੀ ਪੇਸ਼ ਹੋਣ ਨਾਲ ਲੱਗ ਗਿਆ। ਹੁਣ ਏਦਾਂ ਦਾ ਕੁਝ ਕਰਨ ਦੀ ਲੋੜ ਨਹੀਂ, ਇਹ ਦੋਸ਼ ਲੱਗ ਰਿਹਾ ਹੈ ਕਿ ਮਹਾਰਾਸ਼ਟਰ ਦੇ ਭਾਜਪਾ ਮੰਤਰੀ ਏਕਨਾਥ ਖੜਸੇ ਦੇ ਘਰ ਵਾਲੇ ਫੋਨ ਉਤੇ ਦਾਊਦ ਇਬਰਾਹੀਮ ਦੇ ਫੋਨ ਆਉਂਦੇ ਹਨ। ਇਸ ਪਿੱਛੋਂ ਹਮਲੇ ਦੀ ਲੋੜ ਨਹੀਂ, ਏਕਨਾਥ ਖੜਸੇ ਨੂੰ ਕਿਹਾ ਜਾ ਸਕਦਾ ਹੈ ਕਿ ਉਹ ਦਾਊਦ ਨਾਲ ਗੱਲ ਕਰੇ ਤੇ ਉਸ ਦਾ ਆਤਮ ਸਮਰਪਣ ਕਰਾ ਦੇਵੇ।

ਜਿਹੜੀ ਗੱਲ ਨੇ ਸਾਨੂੰ ਬਹੁਤ ਹੈਰਾਨ ਕੀਤਾ, ਉਹ ਪ੍ਰਧਾਨ ਮੰਤਰੀ ਦਾ ਇਹ ਭਾਸ਼ਣ ਸੀ ਕਿ ਮੇਰੀ ਸਰਕਾਰ ਨੇ ਇਹ ਗੁੰਜਾਇਸ਼ ਨਹੀਂ ਰਹਿਣ ਦਿੱਤੀ ਕਿ ਕੋਈ ਪਰਦੇ ਪਿੱਛੇ ਕਾਲੀ ਕਮਾਈ ਕਰ ਲਵੇਗਾ। ਗੱਲ ਠੀਕ ਇਸ ਲਈ ਹੈ ਕਿ ਹੁਣ ਪਰਦੇ ਪਿੱਛੇ ਏਦਾਂ ਕਰਨ ਦੀ ਲੋੜ ਨਹੀਂ ਰਹੀ, ਖੁੱਲ੍ਹਾ ਕੀਤਾ ਜਾ ਰਿਹਾ ਹੈ। ਲਲਿਤ ਮੋਦੀ ਦਾ ਕੇਸ ਜਦੋਂ ਉਭਰਿਆ ਤਾਂ ਰਾਜਸਥਾਨ ਦੀ ਭਾਜਪਾ ਮੁੱਖ ਮੰਤਰੀ ਵਸੁੰਧਰਾ ਰਾਜੇ ਤੇ ਉਸ ਦੇ ਪਾਰਲੀਮੈਂਟ ਮੈਂਬਰ ਪੁੱਤਰ ਦਾ ਨਾਂ ਆਇਆ ਕਿ ਲਲਿਤ ਦੇ ਹੱਕ ਵਿਚ ਐਫੀਡੇਵਿਟ ਦੇਣ ਬਦਲੇ 20 ਹਜ਼ਾਰ ਕਰੋੜ ਰੁਪਏ ਕਮਾਏ ਹਨ। ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਨਾਂ ਆ ਗਿਆ ਕਿ ਭਾਰਤ ਦੇ ਉਸੇ ਭਗੌੜੇ ਲਲਿਤ ਮੋਦੀ ਦੀ ਮਦਦ ਕਰਦੀ ਰਹੀ ਸੀ ਤੇ ਪ੍ਰਧਾਨ ਮੰਤਰੀ ਨਾਲ ਗੱਲ ਤੱਕ ਨਹੀਂ ਕੀਤੀ ਸੀ। ਮਦਦ ਇਸ ਲਈ ਕਰਦੀ ਰਹੀ ਕਿ ਉਸ ਦਾ ਪਤੀ ਤੇ ਧੀ ਦੋਵੇਂ ਜਣੇ ਲਲਿਤ ਮੋਦੀ ਦੇ ਵਕੀਲ ਸਨ।

ਨਰਿੰਦਰ ਮੋਦੀ ਲੋਕਾਂ ਦੀ ਤਸੱਲੀ ਨਹੀਂ ਕਰਾ ਸਕਿਆ। ਮੱਧ ਪ੍ਰਦੇਸ਼ ਵਿਚ ਭਾਜਪਾ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਦੀ ਸਰਕਾਰ ਹੇਠ ਨੌਕਰੀਆਂ ਦਾ ਵਿਆਪਮ ਬੋਰਡ ਘੋਟਾਲਾ ਹੋ ਗਿਆ, ਇਸ ਘੋਟਾਲੇ ਨੂੰ ਦਬਾਉਣ ਲਈ 49 ਲੋਕ ਕਤਲ ਹੋ ਗਏ, ਕੇਂਦਰ ਤੇ ਰਾਜ ਸਰਕਾਰ ਜਦੋਂ ਕੁਝ ਕਰਨ ਤੋਂ ਕੰਨੀ ਕਤਰਾ ਰਹੀਆਂ ਸਨ ਤਾਂ ਜਾਂਚ ਵਿਚ ਸੁਪਰੀਮ ਕੋਰਟ ਨੂੰ ਦਖਲ ਦੇਣਾ ਪਿਆ। ਮਹਾਰਾਸ਼ਟਰ ਦੀ ਮੰਤਰੀ ਪੰਕਜਾ ਮੁੰਡੇ ਉਤੇ ਇੱਕੋ ਸਾਲ ਵਿਚ ਤਿੰਨ ਸੌ ਕਰੋੜ ਰੁਪਏ ਤੋਂ ਵੱਧ ਦਾ ਭ੍ਰਿਸ਼ਟਾਚਾਰ ਕਰਨ ਦਾ ਦੋਸ਼ ਲੱਗਾ। ਨਰਿੰਦਰ ਮੋਦੀ ਇਨ੍ਹਾਂ ਸਾਰੇ ਮਾਮਲਿਆਂ ਵਿਚ ਚੁੱਪ ਕੀਤੇ ਰਹੇ, ਕਿਉਂਕਿ ਇਹ ਘੋਟਾਲੇ ਪਰਦੇ ਪਿੱਛੇ ਨਹੀਂ ਸੀ ਹੋਏ, ਅੱਖਾਂ ਸਾਹਮਣੇ ਹੋਏ ਸਨ।

ਦੇਸ਼ ਵਿਚ ਭਾਈਚਾਰਕ ਸਾਂਝਾਂ ਵਿਚ ਤਰੇੜਾਂ ਤਾਂ ਕਾਂਗਰਸ ਦੀਆਂ ਨਹਿਰੂ ਦੇ ਬਾਅਦ ਦੀਆਂ ਸਰਕਾਰਾਂ ਨੇ ਕਈ ਥਾਂਈਂ ਪਾ ਦਿੱਤੀਆਂ ਸਨ। ਉਨ੍ਹਾਂ ਤਰੇੜਾਂ ਨੂੰ ਖੱਪੇ ਬਣਾਉਣ ਤੱਕ ਨਰਿੰਦਰ ਮੋਦੀ ਦੀ ਸਰਕਾਰ ਦੇ ਮੰਤਰੀ ਲੈ ਗਏ। ਪ੍ਰਧਾਨ ਮੰਤਰੀ ਮੋਦੀ ਨੇ ਮੁਜ਼ੱਫਰਨਗਰ ਤੋਂ ਲੈ ਕੇ ਦਾਦਰੀ ਤੱਕ ਕਦੇ ਚੁੱਪ ਨਹੀਂ ਤੋੜੀ। ਭਾਰਤ ਵਿਚ ਗੰਦਗੀ ਬਹੁਤ ਹੈ, ਇਸ ਨੂੰ ਸਾਫ ਕਰਨਾ ਹੈ, ਪ੍ਰਧਾਨ ਮੰਤਰੀ ਮੋਦੀ ਨੇ ਮੁਹਿੰਮ ਬਹੁਤ ਤੇਜ਼ੀ ਨਾਲ ਚਲਾਈ ਅਤੇ ਸਭ ਤੋਂ ਵੱਧ ਜ਼ੋਰ 'ਗੰਗਾ ਮਾਈ' ਦੀ ਸਫਾਈ ਉਤੇ ਦਿੱਤਾ, ਪਰ ਵੀਹ ਹਜ਼ਾਰ ਕਰੋੜ ਰੁਪਏ ਖਰਚ ਕਰਨ ਦੇ ਬਾਅਦ ਵੀ ਗੰਗਾ ਵਿਚ ਗੰਦ ਵਗ ਰਿਹਾ ਹੈ। ਗੰਦ ਪਾਉਣ ਵਾਲਿਆਂ ਨੂੰ ਤਾਂ ਪ੍ਰਧਾਨ ਮੰਤਰੀ ਖੁਦ ਆਸ਼ੀਰਵਾਦ ਦੇਂਦਾ ਹੈ। ਦਿੱਲੀ ਦੇ ਨਾਲ ਖਹਿ ਕੇ ਵਗਦੇ ਜਮਨਾ ਦਰਿਆ ਅੰਦਰ ਪੈਂਦੇ ਗੰਦ ਨੂੰ ਸਾਫ ਕਰਨ ਵਾਲੇ ਹੋਰ ਲੋਕ ਹਨ, ਭਾਜਪਾ ਪੱਖੀ ਸਾਧੂ ਸ੍ਰੀ ਰਵੀ ਸ਼ੰਕਰ ਨੇ ਉਥੇ ਇੱਕ ਸਮਾਗਮ ਰੱਖ ਕੇ ਜਮਨਾ ਦਰਿਆ ਨੂੰ ਹੋਰ ਗੰਦਾ ਕਰਨ ਦਾ ਕੰਮ ਕੀਤਾ। ਪ੍ਰਧਾਨ ਮੰਤਰੀ ਮੋਦੀ ਉਸ ਵਿਵਾਦ ਨਾਲ ਭਰੇ ਸਮਾਗਮ ਵਿਚ ਉਚੇਚਾ ਗਿਆ, ਉਦੋਂ ਜਦੋਂ ਨੈਸ਼ਨਲ ਗਰੀਨ ਟ੍ਰਿਬਿਊਨਲ ਅਤੇ ਸੁਪਰੀਮ ਕੋਰਟ ਉਸ ਸਾਧ ਨੂੰ ਕੋਈ ਛੋਟ ਦੇਣ ਲਈ ਤਿਆਰ ਨਹੀਂ ਸਨ।

ਲੰਮੀ ਹੁੰਦੀ ਕਹਾਣੀ ਕਿਤੇ ਨਾ ਕਿਤੇ ਮੁਕਾਉਣੀ ਪਵੇਗੀ। ਇਸ ਦੀ ਸਮਾਪਤੀ ਮੌਕੇ ਨਰਿੰਦਰ ਮੋਦੀ ਸਰਕਾਰ ਦੇ ਦੋ-ਸਾਲਾ ਰਾਜ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਦਾ ਅਸੀਂ ਕੋਈ ਬਹਾਨਾ ਲੱਭਣ ਦਾ ਯਤਨ ਕੀਤਾ ਤਾਂ ਉਹ ਸਾਨੂੰ ਨਹੀਂ ਲੱਭ ਸਕਿਆ। ਸਿਰਫ ਇੱਕੋ ਗੱਲ 'ਖੁਸ਼ੀ ਵਾਲੀ' ਲੱਭੀ ਤੇ ਉਹ ਗੱਲ ਭਾਜਪਾ ਲੀਡਰਾਂ ਦੀ ਖੁਸ਼ੀ ਲਈ ਹੈ ਕਿ ਉਨ੍ਹਾਂ ਦੇ ਵਿਰੋਧ ਦੀ ਮੁੱਖ ਪਾਰਟੀ ਹੁਣ ਕਾਸੇ ਜੋਗੀ ਨਹੀਂ ਲੱਗਦੀ। ਇਹ ਉਨ੍ਹਾਂ ਲਈ ਖੁਸ਼ੀ ਦੀ ਗੱਲ ਹੋ ਸਕਦੀ ਹੈ, ਦੇਸ਼ ਲਈ ਨਹੀਂ। ਮਹਾਵਤ ਜਦੋਂ ਹਾਥੀ ਦੀ ਧੌਣ ਉਤੇ ਬੈਠਦਾ ਹੈ, ਉਸ ਕੋਲ ਇੱਕ ਲੋਹੇ ਦਾ ਤ੍ਰਿਸ਼ੂਲ ਜਿਹਾ ਹੁੰਦਾ ਹੈ, ਮੁਕੰਮਲ ਤ੍ਰਿਸ਼ੂਲ ਨਹੀਂ ਹੁੰਦਾ। ਉਸ ਲੋਹੇ ਦੇ ਤ੍ਰਿਸ਼ੂਲ ਨੂੰ 'ਅੰਕੁਸ਼' ਕਹਿੰਦੇ ਹਨ। ਜਦੋਂ ਮਹਾਵਤ ਦੇ ਹੱਥ ਅੰਕੁਸ਼ ਹੋਵੇ ਤਾਂ ਹਾਥੀ ਕਾਬੂ ਤੋਂ ਬਾਹਰ ਨਹੀਂ ਜਾਂਦਾ। ਅੰਕੁਸ਼ ਨਾ ਹੋਵੇ ਤਾਂ ਹਾਥੀ ਮਹਾਵਤ ਨੂੰ ਵੀ ਸੁੱਟ ਦਿੰਦਾ ਹੈ। ਰਾਜਸੀ ਖੇਤਰ ਵਿਚ ਕਈ ਰਾਜਿਆਂ ਲਈ 'ਨਿਰੰਕੁਸ਼' ਲਫਜ਼ ਦੀ ਵਰਤੋਂ ਹੁੰਦੀ ਹੈ, ਜਿਸ ਦਾ ਭਾਵ ਹੈ ਕਿ ਇਸ ਦੇ ਸਿਰ 'ਤੇ ਕੋਈ 'ਅੰਕੁਸ਼' ਨਾ ਹੋਣ ਕਰ ਕੇ ਇਹ ਮਨ-ਮਰਜ਼ੀ ਦਾ ਖੌਰੂ ਪਾਉਂਦਾ ਹੈ। ਵਿਰੋਧੀ ਧਿਰ ਦੇ ਮੂਲੋਂ ਹੀ ਅਣਹੋਈ ਜਿਹੀ ਹੋ ਜਾਣ ਨਾਲ ਨਰਿੰਦਰ ਮੋਦੀ ਸਰਕਾਰ ਵੀ ਅੱਜ-ਕੱਲ੍ਹ 'ਨਿਰੰਕੁਸ਼' ਹੋਣ ਦਾ ਪ੍ਰਭਾਵ ਦੇ ਰਹੀ ਹੈ।

ਜੇ 'ਖੁਸ਼ੀ' ਦੀ ਗੱਲ ਏਨੀ ਹੈ ਕਿ ਸਰਕਾਰ ਦੇ ਸਿਰ ਉਤੇ ਹੁਣ ਕੋਈ 'ਅੰਕੁਸ਼' ਨਹੀਂ ਹੈ ਤਾਂ ਮੋਦੀ ਸਰਕਾਰ ਵਧਾਈ ਦੀ ਪਾਤਰ ਹੈ, ਇਸ ਦੀ 'ਵਧਾਈ' ਦਿੱਤੀ ਜਾ ਸਕਦੀ ਹੈ ਨਰਿੰਦਰ ਭਾਈ ਦਮੋਦਰ ਭਾਈ ਮੋਦੀ ਨੂੰ।

# ਅਰਵਿੰਦ ਕੇਜਰੀਵਾਲ ਖਿਲਾਫ ਮਾਣਹਾਨੀ ਦੀ ਅਰਜ਼ੀ ਖਾਰਜ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਬਾਰੇ ਕੀਤੀਆਂ ਟਿੱਪਣੀਆਂ ਵਿਚ ਕਥਿਤ ਗ਼ਲਤ ਸ਼ਬਦ ਵਰਤਣ ਬਾਰੇ ਪਾਈ ਗਈ ਮਾਣਹਾਨੀ ਦੀ ਅਰਜ਼ੀ ਖਾਰਜ ਕਰ ਦਿੱਤੀ ਹੈ। ਇਸ ਨਾਲ ਸ੍ਰੀ ਕੇਜਰੀਵਾਲ ਨੂੰ ਰਾਹਤ ਮਿਲੀ ਹੈ। ਇਹ ਅਰਜ਼ੀ ਪਾ ਕੇ ਸ਼ਿਕਾਇਤ ਕਰਤਾ ਨੇ ਮੁੱਖ ਮੰਤਰੀ ਵੱਲੋਂ ਉਨ੍ਹਾਂ ਦੇ ਦਫ਼ਤਰ ਉਪਰ ਸੀ.ਬੀ.ਆਈ. ਦੇ ਛਾਪਾ ਮਾਰਨ ਦੀ ਕਾਰਵਾਈ ਦੌਰਾਨ ਕੀਤੀਆਂ ਟਿੱਪਣੀਆਂ ਦੇ ਆਧਾਰ 'ਤੇ ਮਾਣਹਾਨੀ ਦਾ ਮਾਮਲਾ ਪਾਇਆ ਸੀ। ਸ਼ਿਕਾਇਤਕਰਤਾ ਨੇ ਮੁੱਖ ਮੰਤਰੀ ਵੱਲੋਂ ਸ੍ਰੀ ਮੋਦੀ ਨੂੰ ਡਰਪੋਕ ਤੇ ਮਨੋਰੋਗੀ ਦੱਸਣ ਦਾ ਬੁਰਾ ਮਨਾਇਆ ਸੀ ਤੇ ਦਲੀਲ ਦਿੱਤੀ ਸੀ ਕਿ ਇਹ ਵਰਤੇ ਗਏ ਸ਼ਬਦ ਨਫ਼ਰਤ ਫੈਲਾਉਂਦੇ ਹਨ। ਅਦਾਲਤ ਨੇ ਅਰਜ਼ੀ ਰੱਦ ਕਰਦਿਆਂ ਕਿਹਾ ਕਿ ਸ਼ਬਦ ਇਰਾਦਤਨ ਨਹੀਂ ਵਰਤੇ ਗਏ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਦੋ ਰੋਜ਼ਾ ਵਿਸ਼ਵ ਪੰਜਾਬੀ ਕਾਨਫਰੰਸ 4 ਜੂਨ ਤੋਂ

**ਫਰਿਜ਼ਨੋ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਦੇ ਸਾਂਝੇ ਯਤਨਾਂ ਨਾਲ, ਫਰਿਜ਼ਨੋ ਯੂਨੀਵਰਸਿਟੀ ਦੇ ਸੈਟੇਲਾਈਟ ਸਟੂਡੈਂਟਸ ਯੂਨੀਅਨ ਹਾਲ ਵਿਚ 4 ਤੇ 5 ਜੂਨ ਨੂੰ ਕਰਵਾਈ ਜਾ ਰਹੀ ਦੋ-ਰੋਜ਼ਾ ਵਿਸ਼ਵ ਪੰਜਾਬੀ ਕਾਨਫਰੰਸ ਲਈ ਤਿਆਰੀ ਮੁਕੰਮਲ ਹੋ ਚੁਕੀ ਹੈ।

ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਹੋਈ ਇਕ ਤਿਆਰੀ ਮੀਟਿੰਗ ਨੂੰ ਸੰਬੋਧਿਨ ਕਰਦਿਆਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਗੁਰੂਮੇਲ ਸਿੱਧੂ ਨੇ ਦੱਸਿਆ ਕਿ ਕਾਨਫਰੰਸ ਦਾ ਉਦਘਾਟਨੀ ਸੈਸ਼ਨ ਸਵੇਰੇ 9:30 ਵਜੇ ਸੂਫੀ ਗਾਇਕ ਸੁਖਦੇਵ ਸਾਹਿਲ ਦੇ ਸ਼ਬਦ ਗਾਇਨ ਨਾਲ ਸ਼ੁਰੂ ਹੋਵੇਗਾ। ਪੰਜਾਬੀ ਭਾਈਚਾਰੇ ਨਾਲ ਆਪਣੀ ਸਾਂਝ ਵਿਅਕਤ ਕਰਨ ਲਈ ਸਥਾਨਕ ਕਾਂਗਰਸਮੈਨ ਜਿੰਮ ਕਾਸਟਾ ਇਸ ਕਾਨਫਰੰਸ ਵਿਚ ਉਚੇਚੇ ਤੌਰ 'ਤੇ ਪਹੁੰਚਣਗੇ।

ਕਾਨਫਰੰਸ ਦੇ ਚਾਰ ਸੈਸ਼ਨ ਹੋਣਗੇ। ਪਹਿਲੇ ਸੈਸ਼ਨ ਵਿਚ ਮੁੱਖ ਮਹਿਮਾਨ ਬਾਹਰਾ ਯੂਨੀਵਰਸਿਟੀ ਸ਼ਿਮਲਾ ਦੇ ਵਾਈਸ ਚਾਂਸਲਰ, ਡਾ. ਦਲਜੀਤ ਸਿੰਘ ਅਤੇ ਗੈਸਟ ਆਫ ਆਨਰ ਦਰਸ਼ਨ ਸਿੰਘ ਧਾਲੀਵਾਲ ਹੋਣਗੇ।

ਪ੍ਰੋਗਰਾਮ ਦੀ ਸ਼ੁਰੂਆਤ ਦਿੱਲੀ ਯੂਨੀਵਰਸਿਟੀ ਦੇ ਡਾ. ਰਵੀ ਰਵਿੰਦਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ-ਵਰਤਮਾਨ ਤੇ ਭਵਿੱਖ ਵਿਸ਼ੇ 'ਤੇ ਚਰਚਾ ਨਾਲ ਹੋਵੇਗੀ। ਇਸ ਸਮੇਂ ਜਸਪਾਲ ਸਿੰਘ ਸੂਸ ਦੀ ਇੱਕ ਸੀ ਡੀ ਵੀ ਜਾਰੀ ਕੀਤੀ ਜਾਵੇਗੀ।

ਪਹਿਲਾ ਅਕਾਦਮਿਕ ਸੈਸ਼ਨ ਇਕ ਵਜੇ ਸ਼ੁਰੂ ਹੋਵੇਗਾ, ਜਿਸ ਦਾ ਸੰਚਾਲਨ ਅਕਾਦਮੀ ਦੇ ਸਕੱਤਰ ਹਰਜਿੰਦਰ ਕੰਗ ਕਰਨਗੇ। ਇਸ ਵਿਚ ਪੰਜਾਬੀ ਯੂਨੀਵਰਸਿਟੀ ਦੇ ਡਾ. ਦਵਿੰਦਰ ਸਿੰਘ ਸਿੱਧੂ, ਪੰਜਾਬੀ ਪੀਡੀਆ, ਦਸ਼ਮੇਸ਼ ਗਰਲਜ਼ ਕਾਲਜ ਦੇ ਪ੍ਰਿੰਸੀਪਲ ਡਾ. ਸੁਰਿੰਦਰ ਸਿੰਘ ਸੰਘਾ-ਐਜੂਕੇਸ਼ਨ, ਸਿੱਖਿਆ ਤੇ ਪੰਜਾਬੀਅਤ, ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਦੇ ਸਾਬਕਾ ਸਕੱਤਰ ਪਸ਼ੌਰਾ ਸਿੰਘ ਢਿੱਲੋਂ-ਪਰਵਾਸ ਵਿਚ ਪੰਜਾਬੀ ਸਭਿਆਚਾਰ ਅਤੇ ਬਦਲਦੇ ਪ੍ਰਸ਼ੰਗ, ਪੰਜਾਬੀ ਯੂਨੀਵਸਿਟੀ ਦੇ ਮੁਹੰਮਦ ਅਦਰੀਸ-ਪੰਜਾਬ ਦੇ ਬਟਵਾਰੇ ਦਾ ਪੰਜਾਬੀ, ਸਭਿਆਚਾਰ ਅਤੇ ਸਾਹਿਤ ਤੇ ਪ੍ਰਭਾਵ, ਖਾਲਸਾ ਕਾਲਜ ਗੜ੍ਹਦੀਵਾਲ ਦੇ ਡਾ. ਦਰਬਾਰ ਸਿੰਘ-ਪੰਜਾਬੀ ਬਾਰੇ ਯੂਨੈਸਕੋ ਦੀ ਅਖੌਤੀ ਰਿਪੋਰਟ ਬਾਰੇ ਆਪੋ ਆਪਣੇ ਪੇਪਰ ਪੜ੍ਹਨਗੇ।



ਦੂਜੇ ਸੈਸ਼ਨ ਦਾ ਸੰਚਾਲਨ ਰੇਡੀਓ ਹੋਸਟ ਸੰਤੋਖ ਸਿੰਘ ਮਿਨਹਾਸ ਕਰਨਗੇ। ਇਸ ਵਿਚ ਦਿੱਲੀ ਯੂਨਵਿਰਸਿਟੀ ਦੀ ਡਾ. ਵਨੀਤਾ ਦਾ ਪੇਪਰ-ਉਤਰੀ ਅਮਰੀਕਾ ਦੀ ਪੰਜਾਬੀ ਨਾਰੀ ਕਹਾਣੀ, ਦਸ਼ਮੇਸ਼ ਕਾਲਜ ਆਫ ਐਜੂਕੇਸ਼ਨ ਮੁਕਤਸਰ ਦੇ ਡਾ. ਤਰਲੋਕ ਬੰਧੂ-ਵਿਸ਼ਵ ਪੰਜਾਬੀ ਕਹਾਣੀ, ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਦੇ ਡਾ. ਕੰਵਰ ਜਸਮਿੰਦਰਪਾਲ ਸਿੰਘ-ਪੰਜਾਬ ਦੀ ਸਿਖਿਆ ਪ੍ਰਣਾਲੀ, ਵੈਨਕੂਵਰ ਰੇਡੀਓ ਪੰਜਾਬ ਦੇ ਜਸਕਰਨ ਸਹੋਤਾ-ਨਾਟਕੀ ਪਾਠ ਦੇ ਮੰਚੀ ਪਾਠ ਵਿਚ ਰੁਪਾਂਤ੍ਰਣ ਦਾ ਅਧਿਐਨ ਵਿਸ਼ੇ 'ਤੇ ਪਰਚਾ ਪੇਸ਼ ਕਰਨਗੇ।

ਅਗਲੇ ਦਿਨ ਤੀਜਾ ਸੈਸ਼ਨ ਪੰਜਾਬੀ ਯੂਨੀਵਰਸਿਟੀ ਦੀ ਡਾ. ਸੁਨੀਤਾ ਧੀਰ-ਥਿਏਟਰ ਵਿਚ ਪੰਜਾਬੀ ਔਰਤਾਂ ਦਾ ਯੋਗਦਾਨ ਬਾਰੇ ਪਰਚੇ ਨਾਲ ਸ਼ੁਰੂ ਹੋਵੇਗਾ। ਜਿਸ ਵਿਚ ਯੂ ਐਸ ਏ ਐਗਰੀਕਲਚਰ ਵਿਗਿਆਨੀ ਡਾ. ਲਖਵਿੰਦਰ ਸਿੰਘ ਰੰਧਾਵਾ-ਪੰਜਾਬੀ ਕਿਸਾਨ ਤੇ ਪੰਜਾਬੀ ਸਾਇੰਸਦਾਨ, ਡਾ. ਨਰਿੰਦਰ ਗੌਤਮ-ਪੰਜਾਬ ਦੀ ਜਨ ਸਿਹਤ ਅਤੇ ਦਿਲ-ਮਨ ਦੀਆਂ ਬਿਮਾਰੀਆਂ ਵਿਚਕਾਰ ਅਣਜੋੜ ਸਬੰਧ, ਅਕਾਦਮੀ ਦੇ ਸਕੱਤਰ ਹਰਜਿੰਦਰ ਕੰਗ-ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਦੀ ਪੰਜਾਬੀ ਸਾਹਿਤ ਨੂੰ ਦੇਣ, ਪਾਕਿਸਤਾਨ ਤੋਂ ਆਏ ਰਬੀਨਾ ਰਾਜਪੂਤ-ਡਾਇਸਪੋਰਾ ਵਿਚ ਪੰਜਾਬੀ ਸਭਿਆਚਾਰ ਦੇ ਬਚਾਅ ਦਾ ਮਸਲਾ ਵਿਸ਼ੇ 'ਤੇ ਪਰਚਾ ਪੇਸ਼ ਕਰਨਗੇ। ਇਸ ਦਾ ਸੰਚਾਲਨ ਡਾ. ਗੁਰੂਮੇਲ ਸਿੱਧੂ ਕਰਨਗੇ।

ਆਖਰੀ ਸੈਸ਼ਨ ਪੱਤਰਕਾਰੀ ਬਾਰੇ ਹੋਵੇਗਾ ਜਿਸ ਵਿਚ ਖਾਲਸਾ ਸਕੂਲ ਮਿਸੀਸਾਗਾ ਦੇ ਡਾ. ਸਤਿੰਦਰ ਸਿੰਘ ਰੰਧਾਵਾ, ਕੈਨੇਡਾ ਦੀ ਪੱਤਰਕਾਰੀ 'ਤੇ ਪਰਵਾਸੀ ਪੱਤਰਕਾਰੀ ਦਾ ਪ੍ਰਭਾਵ, ਡਾ. ਮੇਜਰ ਸਿੰਘ ਰੰਧਾਵਾ-ਕੈਨੇਡਾ ਦੀ ਪੱਤਰਕਾਰੀ, ਅੰਮ੍ਰਿਤਸਰ ਟਾਈਮਜ਼ ਦੇ ਐਡੀਟਰ ਦਲਜੀਤ ਸਿੰਘ ਸਰਾਂ-ਪੰਜਾਬੀ ਪੱਤਰਕਾਰੀ ਦੇ ਸਮਾਜਿਕ ਸਰੋਕਾਰ ਅਤੇ ਅਮਰ ਸਿੰਘ ਭੁੱਲਰ-ਪੱਤਰਕਾਰੀ ਦੀਆਂ ਸਮਸਿਆਂਵਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਇਸ ਸੈਸ਼ਨ ਦਾ ਸੰਚਾਲਨ ਮੀਡੀਆ ਹਸਤੀ ਸਿੱਧੂ ਦਮਦਮੀ ਕਰਨਗੇ।

ਕਾਨਫਰੰਸ ਦੀ ਸਮਾਪਤੀ 'ਤੇ ਡਾ. ਦੀਪਕ ਮਨਮੋਹਨ ਸਿੰਘ ਡੈਲੀਗੇਟਾਂ ਦਾ ਧੰਨਵਾਦ ਕਰਨਗੇ। ਦੋਨੋਂ ਦਿਨ ਸ਼ਾਮ ਵੇਲੇ ਕਵੀ ਦਰਬਾਰ ਹੋਵੇਗਾ।

ਪਸ਼ੌਰਾ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਕਾਨਫਰੰਸ ਵਿਚ ਪੰਜਾਬੀ ਭਾਈਚਾਰੇ ਪ੍ਰਤੀ ਉਨ੍ਹਾਂ ਦੇ ਯੋਗਦਾਨ ਲਈ ਕੁਝ ਨਾਮੀ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ। ਕਾਨਫਰੰਸ ਨੂੰ ਸੰਗੀਤਮਈ ਬਣਾਉਣ ਲਈ ਪ੍ਰਸਿੱਧ ਗਾਇਕ ਪੰਮੀ ਬਾਈ, ਅਕਰਮ ਰਾਹੀ ਤੇ ਜੀਤ ਜਗਜੀਤ ਆ ਰਹੇ ਹਨ।

ਤਿਆਰੀ ਮੀਟਿੰਗ ਵਿਚ ਡਾ. ਗੁਰੂਮੇਲ ਸਿੱਧੂ, ਚਰਨਜੀਤ ਸਿੰਘ ਬਾਠ, ਪਸ਼ੌਰਾ ਸਿੰਘ ਢਿੱਲੋਂ, ਡਾ. ਦੀਪਕ ਮਨਮੋਹਨ ਸਿੰਘ ਤੋਂ ਇਲਾਵਾ ਰਣਜੀਤ ਗਿੱਲ, ਹਰਜਿੰਦਰ ਕੰਗ, ਅਵਤਾਰ ਗੋਂਦਾਰਾ, ਸੰਤੋਖ ਸਿੰਘ ਮਿਨਹਾਸ, ਡਾ. ਜਗਜੀਤ ਪੰਨੂ ਤੇ ਨਿਰਮਲ ਗਿੱਲ ਹਾਜ਼ਰ ਸਨ।

ਇਸ ਦੌਰਾਨ ਡਾ. ਸਿੱਧੂ ਨੇ ਦੱਸਿਆ ਕਿ ਹਾਲ ਦੇ ਬਾਹਰ ਹਿੰਦੁਸਤਾਨ ਤੋਂ ਉਚੇਚੇ ਤੌਰ 'ਤੇ ਆਏ ਕਵੀ ਅਤੇ ਚਿੱਤਰਕਾਰ ਸਵਰਨਜੀਤ ਸਵੀ ਆਪਣੀਆਂ ਪੇਟਿੰਗਾਂ ਅਤੇ ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਕਿਤਾਬਾਂ ਦੀ ਪ੍ਰਦਰਸ਼ਨੀ ਲਾਉਣਗੇ। ਬੱਬੂ ਮਿਨਹਾਸ, ਰਣਜੀਤ ਗਿੱਲ, ਜੈਕ ਸੰਘੇੜਾ, ਮੈਣੀ ਸੰਧੂ ਅਤੇ ਪਾਲ ਬਰਾੜ ਕਾਨਫਰੰਸ ਵਿਚ ਪਹੁੰਚਣ ਵਾਲੇ ਦਰਸ਼ਕਾਂ ਨੂੰ ਮੁਫਤ ਲੰਚ ਦੇਣਗੇ।

# ਢਾਹਾਂ ਕਲੇਰਾਂ ਹਸਪਤਾਲ ਨੂੰ ਇੱਕ ਲੱਖ ਰੁਪਿਆ ਦਾਨ

**ਬੰਗਾ (ਬਿਊਰੋ):** ਸਮਾਜ ਸੇਵਕ ਅਤੇ ਟਕਸਾਲੀ ਅਕਾਲੀ ਜਥੇਦਾਰ ਮਹਿਮਾ ਸਿੰਘ ਢਾਹਾਂ, ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੀ ਯਾਦ ਵਿਚ ਉਨ੍ਹਾਂ ਦੇ ਸਪੁੱਤਰ ਸੁਖਵਿੰਦਰ ਸਿੰਘ ਢਾਹਾਂ ਕੈਲੀਫੋਰਨੀਆ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੂੰ ਇੱਕ ਲੱਖ ਰੁਪਿਆ ਦਾਨ ਵਜੋਂ ਦਿੱਤਾ ਹੈ।



ਸ. ਸੁਖਵਿੰਦਰ ਸਿੰਘ ਨੇ ਟਰੱਸਟ ਦਫਤਰ ਢਾਹਾਂ ਕਲੇਰਾਂ ਵਿਖੇ ਪੁੱਜ ਕੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਦੇ ਸੀਨੀਅਰ ਮੀਤ ਪ੍ਰਧਾਨ ਹਰਦੇਵ ਸਿੰਘ ਕਾਹਮਾ ਨੂੰ ਆਪਣੇ ਹੱਥੀਂ ਦਾਨ ਦੀ ਰਕਮ ਭੇਟ ਕੀਤੀ। ਇਸ ਮੌਕੇ ਸੁਖਵਿੰਦਰ ਸਿੰਘ ਦਾ ਸਨਮਾਨ ਵੀ ਕੀਤਾ ਗਿਆ। ਸੁਖਵਿੰਦਰ ਸਿੰਘ ਢਾਹਾਂ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦਾ ਪਰਿਵਾਰ ਆਪਣੇ ਪਿਤਾ ਦੀ ਯਾਦ ਵਿਚ ਭਵਿੱਖ ਵਿਚ ਵੀ ਹਸਪਤਾਲ ਦੀ ਮਦਦ ਕਰਦਾ ਰਹੇਗਾ।

ਸ. ਕਾਹਮਾ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਦੇਸ਼-ਵਿਦੇਸ਼ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਇੱਥੇ ਰੋਗੀਆਂ ਦਾ ਵਧੀਆ ਇਲਾਜ ਹੁੰਦਾ ਹੈ ਅਤੇ ਲੋੜਵੰਦ ਗਰੀਬ ਮਰੀਜ਼ਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਵੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਮੌਕੇ ਟਰੱਸਟ ਦੇ ਖਜ਼ਾਨਚੀ ਤੇ ਚੇਅਰਮੈਨ ਫਾਈਨਾਂਸ ਕਮੇਟੀ ਅਮਰਜੀਤ ਸਿੰਘ, ਮੈਂਬਰ ਕੁਲਵਿੰਦਰ ਸਿੰਘ ਢਾਹਾਂ, ਗੁਰਦੀਪ ਸਿੰਘ ਢਾਹਾਂ, ਬਲਵੰਤ ਰਾਏ ਸ਼ਰਮਾ ਨਵਾਂਸ਼ਹਿਰ, ਮਹਿੰਦਰਪਾਲ ਸਿੰਘ ਕਲਰਕ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਪੱਤਰਕਾਰ ਮੇਜਰ ਸਿੰਘ ਦੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦਾ ਸਵਾਗਤ

**ਫਰੀਮਾਂਟ (ਐਸ ਅਸ਼ੋਕ ਭੌਰਾ):** ਅਖਬਾਰ ਰੋਜ਼ਾਨਾ ਅਜੀਤ ਦੇ ਸਟਾਫ ਰਿਪੋਰਟਰ ਮੇਜਰ ਸਿੰਘ ਦਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦਾ ਸਵਾਗਤ ਕਰਦਿਆਂ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਕਿਹਾ ਹੈ ਕਿ ਚੰਗੀ ਸੋਚ ਵਾਲੇ ਅਤੇ ਪੰਜਾਬ ਦਾ ਭਲਾ ਚਾਹੁਣ ਵਾਲੇ ਅਜਿਹੇ ਸੂਝਵਾਨ ਪੱਤਰਕਾਰ ਜੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੁੰਦੇ ਹਨ ਤਾਂ ਲਗਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਸਿਆਸੀ ਅਤੇ ਸਮਾਜਿਕ ਦਿਸ਼ਾ ਵਿਚ ਵੱਡੀ ਤਬਦੀਲੀ ਆਵੇਗੀ।



ਸ. ਅਮੋਲਕ ਸਿੰਘ ਗਾਖਲ ਨੇ ਮੇਜਰ ਸਿੰਘ ਨਾਲ ਆਪਣੇ ਨਿਜੀ ਸਬੰਧਾਂ ਦੀ ਗੱਲ ਕਰਦਿਆਂ ਕਿਹਾ ਕਿ ਉਹ ਬਹੁਤ ਹੀ ਚੇਤੰਨ, ਸੂਝਵਾਨ ਅਤੇ ਚਿੰਤਕ ਇਨਸਾਨ ਹਨ। ਉਹ ਆਮ ਆਦਮੀ ਪਾਰਟੀ ਨੂੰ ਭਵਿੱਖ ਵਿਚ ਨਵੀਂ ਦਿਸ਼ਾ ਅਤੇ ਦਸ਼ਾ ਦੇਣਗੇ।

# ਨਿੱਝਰ ਭਰਾਵਾਂ ਵਲੋਂ ਮੈਟ੍ਰਿਕ ਵਿਚ ਅੱਵਲ ਕੁੜੀ ਨੂੰ ਇੱਕ ਲੱਖ ਰੁਪਏ ਦਾ ਇਨਾਮ




*ਦਸਵੀਂ ਦੀ ਪ੍ਰੀਖਿਆ 'ਚੋਂ ਪਹਿਲੇ ਨੰਬਰ 'ਤੇ ਰਹੀ ਸਿਮਰਜੀਤ ਸੁਖਵੀਰ ਸਿੰਘ ਨਿੱਝਰ, ਬਾਬਾ ਬਲਵਿੰਦਰ ਸਿੰਘ ਤੇ ਹੋਰਾਂ ਨਾਲ*

**ਫਰੀਮਾਂਟ (ਬਿਊਰੋ):** ਕੈਲੀਫੋਰਨੀਆ ਵਸਦੇ ਨਿੱਝਰ ਭਰਾਵਾਂ-ਸੁਖਵੀਰ ਸਿੰਘ ਨਿੱਝਰ ਅਤੇ ਕੁਲਵੰਤ ਸਿੰਘ ਨਿੱਝਰ ਨੇ ਨਿਸ਼ਾਨ-ਏ-ਸਿੱਖੀ ਸੰਸਥਾ ਖਡੂਰ ਸਾਹਿਬ ਵਿਖੇ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕ ਪ੍ਰੀਖਿਆ 'ਚੋਂ ਪਹਿਲੇ ਨੰਬਰ 'ਤੇ ਆਉਣ ਵਾਲੀ ਕੁੜੀ ਸਿਮਰਨਜੀਤ ਕੌਰ ਨੂੰ ਹੌਸਲਾ ਅਫਜ਼ਾਈ ਵਜੋਂ ਇੱਕ ਲੱਖ ਰੁਪਏ ਨਕਦ ਦਾ ਇਨਾਮ ਦਿੱਤਾ ਹੈ।

ਅਮਰੀਕਾ ਤੋਂ ਉਚੇਚੇ ਤੌਰ 'ਤੇ ਪੁੱਜੇ ਸੁਖਵੀਰ ਸਿੰਘ ਨਿੱਝਰ ਨੇ ਇਹ ਪੁਰਸਕਾਰ ਸਿਮਰਜੀਤ ਨੂੰ ਭੇਟ ਕਰਦਿਆਂ ਕਿਹਾ ਕਿ ਖਡੂਰ ਸਾਹਿਬ ਦੀ ਇਸੇ ਸੰਸਥਾ ਦੀਆਂ 17 'ਚੋਂ 12 ਕੁੜੀਆਂ ਦਾ ਮੈਰਿਟ ਸੂਚੀ ਵਿਚ ਆਉਣਾ ਪੰਜਾਬ ਦੇ ਸਿੱਖਿਆ ਦੇ ਵਿਕਾਸ ਦਾ ਸਲਾਹੁਣਯੋਗ ਘਟਨਾਕ੍ਰਮ ਹੈ। ਕੁਲਵੰਤ ਸਿੰਘ ਨਿੱਝਰ ਨੇ ਕਿਹਾ ਕਿ ਉਹ ਭਵਿੱਖ ਵਿਚ ਵੀ ਅਜਿਹੇ ਹੋਣਹਾਰ ਵਿਦਿਆਰਥੀਆਂ ਦੀ ਮਦਦ ਕਰਦੇ ਰਹਿਣਗੇ।

ਇਸ ਸਮਾਗਮ ਵਿਚ ਬਾਬਾ ਬਲਵਿੰਦਰ ਸਿੰਘ ਮੁੱਖ ਮਹਿਮਾਨ ਸਨ। ਇਸ ਮੌਕੇ ਸਰੂਪ ਸਿੰਘ ਸੇਵਾ ਮੁਕਤ ਆਈ ਪੀ ਐਸ ਅਧਿਕਾਰੀ, ਜਨਰਲ ਆਰ ਐਸ ਛਤਵਾਲ, ਸੰਦੀਪ ਸਿੰਘ ਰੰਧਾਵਾ, ਭਗਵੰਤ ਸਿੰਘ ਸਾਬਕਾ ਪ੍ਰਿੰਸੀਪਲ, ਸੁਰਿੰਦਰ ਸਿੰਘ ਬੰਗੜ ਮੌਜੂਦਾ ਪ੍ਰਿੰਸੀਪਲ, ਡਾ. ਬਲਜੀਤ ਸਿੰਘ, ਹਰੀ ਸਿੰਘ, ਜਸਵੀਰ ਸਿੰਘ, ਵਰਿਆਮ ਸਿੰਘ ਸਾਬਕਾ ਸਕੱਤਰ ਸ਼੍ਰੋਮਣੀ ਕਮੇਟੀ, ਅਵਤਾਰ ਸਿੰਘ ਬਾਜਵਾ ਤੇ ਖਡੂਰ ਸਾਹਿਬ ਦੀ ਪੰਚਾਇਤ ਅਤੇ ਹੋਰ ਨਾਮੀ ਸਖਸ਼ੀਅਤਾਂ ਹਾਜ਼ਰ ਸਨ।

## ਕੇ.ਬੀ. ਸਿੰਘ ਜਲ ਸੈਨਾ ਦੇ ਉਪ ਮੁਖੀ ਨਿਯੁਕਤ

**ਨਵੀਂ ਦਿੱਲੀ:** ਵਾਈਸ ਐਡਮਿਰਲ ਕੇ.ਬੀ. ਸਿੰਘ ਨੂੰ ਜਲ ਸੈਨਾ ਦਾ ਉਪ ਮੁਖੀ ਨਿਯੁਕਤ ਕਰ ਦਿੱਤਾ ਗਿਆ ਹੈ। ਜਲ ਸੈਨਾ ਦੇ ਮੌਜੂਦਾ ਮੁਖੀ ਐਡਮਿਰਲ ਆਰ.ਕੇ. ਧੋਵਨ ਅਤੇ ਉਪ ਮੁਖੀ ਐਡਮਿਰਲ ਪੀ. ਮੁਰੂਗੇਸਨ ਦੀ ਸੇਵਾਮੁਕਤੀ ਤੋਂ ਕੁਝ ਦਿਨ ਪਹਿਲਾਂ ਇਹ ਨਿਯੁਕਤੀ ਕੀਤੀ ਗਈ ਹੈ। ਵਾਈਸ ਐਡਮਿਰਲ ਸੁਨੀਲ ਲਾਂਬਾ ਜਲ ਸੈਨਾ ਦੇ ਅਗਲੇ ਮੁਖੀ ਹੋਣਗੇ।

# ਗੀਤਕਾਰ ਮੰਗਲ ਹਠੂਰ ਦਾ ਗੋਲਡ ਮੈਡਲ ਨਾਲ ਸਨਮਾਨ



**ਮਿਲਪੀਟਸ, ਕੈਲੀਫੋਰਨੀਆ (ਬਿਊਰੋ):** ਉਘੇ ਗੀਤਕਾਰ ਅਤੇ ਨਾਵਲਕਾਰ ਮੰਗਲ ਹਠੂਰ ਦਾ ਐਸ ਐਸ ਐਸ ਐਂਟਰਟੇਨਮੈਂਟ ਗਰੁਪ ਦੇ ਸੰਤੋਖ ਸਿੰਘ ਜੱਜ, ਸਤਨਾਮ ਸਿੰਘ ਬੱਲ, ਸੁਖਦੇਵ ਗਰੇਵਾਲ ਅਤੇ ਸਾਥੀਆਂ ਵੱਲੋਂ ਇਥੇ 'ਵਿਸਾਖੀ ਜੰਕਸ਼ਨ ਸ਼ੋਅ' ਦੌਰਾਨ 5100 ਡਾਲਰ ਅਤੇ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਮੰਗਲ ਹਠੂਰ ਇਨ੍ਹੀਂ ਦਿਨੀਂ ਅਮਰੀਕਾ ਫੇਰੀ 'ਤੇ ਹੈ।


ਇਸ ਮੌਕੇ ਮੰਗਲ ਹਠੂਰ ਨੇ ਆਪਣੀ ਮਿਆਰੀ ਸ਼ਾਇਰੀ ਰਾਹੀਂ ਖੂਬ ਰੰਗ ਬੰਨਿਆ। ਉਸ ਨੇ ਕਿਹਾ ਕਿ ਇਹ ਸਨਮਾਨ ਮੇਰਾ ਨਹੀਂ ਸਗੋਂ ਸਾਫ਼ ਸੁਥਰੀ ਸ਼ਾਇਰੀ ਦਾ ਹੋਇਆ ਹੈ। ਇਹ ਇੱਕ ਸਮਾਜਕ ਥਾਪੜਾ ਹੈ ਜਿਸ ਨਾਲ ਲੇਖਕ ਨੂੰ ਚੰਗਾ ਲਿਖਣ ਲਈ ਹੋਰ ਹੌਸਲਾ ਮਿਲਦਾ ਹੈ।


# ਅਕਾਲ ਅਕਾਦਮੀ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਕਾਰਗੁਜ਼ਾਰੀ

ਵਿਦਿਆਰਥੀਆਂ ਦੀ ਬੇਮਿਸਾਲ ਕਾਰਗੁਜ਼ਾਰੀ ਤੱਕ ਕੇ ਸਾਡੀ ਛਾਤੀ ਮਾਣ ਨਾਲ ਫੁੱਲ ਕੇ ਦੂਣੀ ਹੋ ਗਈ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਅਕਾਲ ਅਕਾਦਮੀਆਂ ਵਿਚੋਂ ਕਿਸੇ ਦੇ ਵੀ ਵਿਦਿਆਰਥੀਆਂ ਨੇ ਟਿਊਸ਼ਨ ਨਹੀਂ ਰੱਖੀ। ਹਕੀਕਤ ਤਾਂ ਇਹ ਹੈ ਕਿ ਵਿਦਿਆਰਥੀਆਂ ਨੂੰ ਮਾਰਗ ਦਰਸ਼ਨ ਅਤੇ ਹੌਸਲਾ ਅਫਜ਼ਾਈ ਅਕਾਦਮੀ ਦੇ ਸਟਾਫ ਵਲੋਂ ਸਕੂਲ ਦੇ ਸਮੇਂ ਤੋਂ ਬਾਅਦ ਸਕੂਲ ਦੇ ਅੰਦਰ ਹੀ ਮੁਹੱਈਆ ਕੀਤੇ ਜਾਂਦੇ ਹਨ, ਬੇਸ਼ਕ ਉਨ੍ਹਾਂ ਨੂੰ ਸਕੂਲ ਦੇ ਟਾਈਮ ਤੋਂ ਬਾਅਦ ਵੀ ਕਿਉਂ ਨਾ ਕੰਮ ਕਰਨਾ ਪਵੇ।

ਅਧਿਆਪਕ ਹਮੇਸ਼ਾ ਇਹ ਗੱਲ ਯਕੀਨੀ ਬਣਾਉਂਦੇ ਹਨ ਕਿ ਵਿਦਿਆਰਥੀਆਂ ਨੂੰ ਮਹਿੰਗੀਆਂ ਟਿਊਸ਼ਨਾਂ ਲੈਣ ਜਾਂ ਕਿਸੇ ਹੋਰ ਤੋਂ ਮਾਰਗ ਦਰਸ਼ਨ ਲੈਣ ਦੀ ਲੋੜ ਨਾ ਪਵੇ, ਕਿਉਂਕਿ ਉਨ੍ਹਾਂ ਦਾ ਯਕੀਨ ਹੈ ਕਿ ਪਾਠ ਪੁਸਤਕਾਂ ਦਾ ਕੋਰਸ ਅਤੇ ਉਨ੍ਹਾਂ ਨੂੰ ਦਿਤੀ ਗਈ ਸਹੀ ਟਰੇਨਿੰਗ ਬੋਰਡ ਦੇ ਇਮਤਿਹਾਨ ਵਧੀਆ ਨੰਬਰਾਂ ਨਾਲ ਪਾਸ ਕਰਨ ਲਈ ਕਾਫੀ ਹਨ।


ਇਹ ਮਾਣ ਵਾਲੀ ਗੱਲ ਹੈ ਕਿ ਸੀ ਬੀ ਐਸ ਈ ਦੇ ਬਾਰਵੀਂ ਜਮਾਤ ਦੇ ਇਮਤਿਹਾਨ ਦੇਣ ਵਾਲੇ 565 ਵਿਦਿਆਰਥੀਆਂ ਵਿਚੋਂ 95.2% ਪਾਸ ਹੋਏ ਜਦੋਂ ਕਿ 40 ਵਿਦਿਆਰਥੀਆਂ ਨੇ 90% ਤੋਂ ਵੱਧ ਨੰਬਰ ਹਾਸਲ ਕੀਤੇ। 112 ਵਿਦਿਆਰਥੀਆਂ ਦੇ ਨੰਬਰ 80 ਤੋਂ 90% ਰਹੇ ਜਦੋਂ ਕਿ 266 ਵਿਦਿਆਰਥੀਆਂ ਨੇ 60 ਤੋਂ 80% ਨੰਬਰ ਹਾਸਲ ਕੀਤੇ। ਇੰਜ ਅਕਾਦਮੀ ਦੀ ਔਸਤ 66.5% ਰਹੀ।













Major Gurcharn Singh Jhaj, Chicago (Sewadar, The Kalgidhar Society, Baru Sahib)

# ਅਮਰੀਕਾ ਨੇ ਭਾਰਤ ਦੀ ਪਿੱਠ ਥਾਪੜੀ, ਪਾਕਿਸਤਾਨ ਨੂੰ ਕਰਾਰਾ ਜਵਾਬ

**ਵਾਸ਼ਿੰਗਟਨ:** ਅਮਰੀਕਾ ਨੇ ਇਕ ਵਾਰ ਫਿਰ ਭਾਰਤ ਦਾ ਪੱਖ ਲੈਂਦੇ ਹੋਏ ਪਾਕਿਸਤਾਨ ਨੂੰ ਖਰੀਆਂ-ਖਰੀਆਂ ਸੁਣਾਈਆਂ ਹਨ। ਅਮਰੀਕਾ ਨੇ ਪਾਕਿਸਤਾਨ ਨੂੰ ਕਿਹਾ ਹੈ ਕਿ ਪਰਮਾਣੂ ਸਪਲਾਇਰਜ਼ ਗਰੁੱਪ (ਐਨ.ਐਸ.ਜੀ.) ਵਿਚ ਭਾਰਤ ਦੇ ਪ੍ਰਵੇਸ਼ ਦਾ ਹਥਿਆਰਾਂ ਦੀ ਦੌੜ ਨਾਲ ਕੋਈ ਲੈਣ-ਦੇਣ ਨਹੀਂ। ਅਮਰੀਕਾ ਮੁਤਾਬਕ, ਭਾਰਤ ਨੇ ਸਿਵਲੀਅਨ ਸੈਕਟਰ ਵਿਚ ਨਿਊਕਲੀਅਰ ਊਰਜਾ ਦੀ ਵਧਿਆ ਵਰਤੋਂ ਕੀਤੀ ਹੈ। ਇਸੇ ਲਈ ਹੀ ਭਾਰਤ ਦਾ ਨਾਂ ਪ੍ਰਪੋਜ਼ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਅਮਰੀਕਾ ਨੇ 48 ਦੇਸ਼ਾਂ ਦੇ ਨਿਊਕਲੀਅਰ ਸਪਲਾਇਰ ਗਰੁੱਪ ਵਿਚ ਭਾਰਤ ਨੂੰ ਮੈਂਬਰਸ਼ਿਪ ਦੇਣ ਦੀ ਸਿਫਾਰਸ਼ ਕੀਤੀ ਹੈ। ਇਸ 'ਤੇ ਪਾਕਿਸਤਾਨ ਨੇ ਇਤਰਾਜ਼ ਜਤਾਉਂਦਿਆਂ ਕਿਹਾ ਸੀ ਕਿ ਭਾਰਤ ਨੂੰ ਐਨ.ਐਸ.ਜੀ. ਮੈਂਬਰਸ਼ਿਪ ਦਿੱਤੀ ਜਾਣ ਨਾਲ ਦੱਖਣੀ ਏਸ਼ੀਆ ਵਿਚ ਨਿਊਕਲੀਅਰ ਹਥਿਆਰਾਂ ਦੀ ਇਕ ਰੇਸ ਸ਼ੁਰੂ ਹੋ ਜਾਵੇਗੀ। ਪਾਕਿਸਤਾਨ ਦੇ ਇਸ ਰੁਖ ਤੋਂ ਨਾਰਾਜ਼ ਅਮਰੀਕਾ ਨੇ ਇਕ ਪ੍ਰੈੱਸ ਕਾਨਫਰੰਸ ਵਿਚ ਸਪਸ਼ਟ ਕੀਤਾ ਹੈ ਕਿ ਇਹ ਹਥਿਆਰਾਂ ਦੀ ਦੌੜ ਨਾਲ ਜੁੜਿਆ ਮਾਮਲਾ ਨਹੀਂ ਹੈ।

ਅਮਰੀਕਾ ਦੇ ਸਟੇਟ ਵਿਭਾਗ ਦੇ ਬੁਲਾਰੇ ਮਾਰਕ ਟੋਨਰ ਨੇ ਕਿਹਾ ਕਿ ਭਾਰਤ ਨੇ ਸ਼ਾਂਤਮਈ ਤਰੀਕੇ ਨਾਲ ਨਿਊਕਲੀਅਰ ਊਰਜਾ ਦੀ ਵਰਤੋਂ ਕੀਤੀ ਹੈ ਤੇ ਪਾਕਿਸਤਾਨ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ। ਟੋਨਰ ਦਾ ਕਹਿਣਾ ਹੈ ਕਿ ਗਰੁੱਪ ਦੇ ਮੈਂਬਰਾਂ ਦੀ ਵੋਟਿੰਗ ਤੋਂ ਬਾਅਦ ਹੀ ਅੰਤਮ ਫੈਸਲਾ ਆਏਗਾ। ਜੇਕਰ ਪਾਕਿਸਤਾਨ ਵੀ ਐਨ.ਐਸ.ਜੀ. ਬਾਰੇ ਸੋਚ ਰਿਹਾ ਹੈ ਤਾਂ ਉਹ ਵੀ ਐਪਲੀਕੇਸ਼ਨ ਰਾਹੀਂ ਆਪਣਾ ਦਾਅਵਾ ਪੇਸ਼ ਕਰ ਸਕਦਾ ਹੈ। ਅਮਰੀਕਾ ਨੇ ਭਾਰਤ ਦੇ ਐਨ.ਐਸ.ਜੀ. ਵਿਚ ਪ੍ਰਵੇਸ਼ ਰੋਕਣ ਨੂੰ ਚੀਨ ਦੀ ਖੇਡ ਕਰਾਰ ਦਿੱਤਾ ਹੈ।



## ਪਰਮਾਣੂ ਹਮਲੇ ਬਾਰੇ ਕਦੀਰ ਦੇ ਦਾਅਵੇ ਭਾਰਤ ਵੱਲੋਂ ਰੱਦ

**ਨਵੀਂ ਦਿੱਲੀ:** ਪਾਕਿਸਤਾਨ ਦੇ ਪਰਮਾਣੂ ਪ੍ਰੋਗਰਾਮ ਦੇ ਪਿਤਾਮਾ ਮੰਨੇ ਜਾਂਦੇ ਡਾਕਟਰ ਅਬਦੁੱਲ ਕਦੀਰ ਖ਼ਾਨ ਵੱਲੋਂ ਇਸਲਾਮਾਬਾਦ ਨੇੜੇ ਕਹੂਟਾ ਤੋਂ ਨਵੀਂ ਦਿੱਲੀ ਨੂੰ ਪੰਜ ਮਿੰਟਾਂ ਵਿਚ ਤਬਾਹ ਕਰਨ ਦੇ ਦਾਅਵਿਆਂ ਦੀ ਭਾਰਤੀ ਰਣਨੀਤੀਕਾਰਾਂ ਨੇ ਨਿਖੇਧੀ ਕਰਦਿਆਂ ਕਿਹਾ ਹੈ ਕਿ ਭਾਰਤ ਕੋਲ ਪੂਰੇ ਪਾਕਿਸਤਾਨ ਨੂੰ ਤਬਾਹ ਕਰਨ ਦੀ ਸਮਰੱਥਾ ਹੈ ਪਰ ਪਰਮਾਣੂ ਹਥਿਆਰ ਜੰਗ ਵਿਚ ਵਰਤੇ ਜਾਣ ਲਈ ਨਹੀਂ ਸਗੋਂ ਇਹ ਤਾਂ ਡਰਾਵੇ ਲਈ ਬਣਾਏ ਗਏ ਹਨ।

ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਦੇ ਡਾਇਰੈਕਟਰ ਅਤੇ ਸਾਬਕਾ ਫੌਜ ਮੁਖੀ ਜਨਰਲ ਐਨ.ਸੀ. ਵਿਜ ਨੇ ਕਿਹਾ ਕਿ ਇਹ ਅਜੀਬ ਟਿੱਪਣੀ ਹੈ ਜਿਸ ਨੂੰ ਪਰਿਪੱਕ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਭਾਰਤ 'ਚ ਵੀ ਪੂਰੇ ਪਾਕਿਸਤਾਨ ਨੂੰ ਨਿਸ਼ਾਨਾ ਬਣਾਉਣ ਦੀ ਸਮਰੱਥਾ ਹੈ ਪਰ ਉਹ ਅਜਿਹੀਆਂ ਗੱਲਾਂ ਨਹੀਂ ਕਰਦਾ।

# ਸਾਢੇ ਛੇ ਦਹਾਕੇ ਪੁਰਾਣੀ ਰੇਲ ਗੱਡੀ ਨੂੰ ਮਿਲੇਗੀ ਵਿਰਾਸਤੀ ਦਿੱਖ

**ਸ੍ਰੀ ਆਨੰਦਪੁਰ ਸਾਹਿਬ:** ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਸਾਢੇ ਛੇ ਦਹਾਕੇ ਪੁਰਾਣੀ ਭਾਖੜਾ-ਨੰਗਲ ਰੇਲ ਗੱਡੀ ਨੂੰ ਵਿਰਾਸਤੀ ਦਿੱਖ ਦੇਣ ਦੀ ਤਿਆਰੀ ਵਿੱਢ ਦਿੱਤੀ ਗਈ ਹੈ। ਬੋਰਡ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਨਾਲ ਸਬੰਧਤ ਸਾਰੀਆਂ ਯਾਦਾਂ ਨੂੰ ਇਸ ਰੇਲ ਗੱਡੀ ਦੇ ਪੁਰਾਤਨ ਡੱਬਿਆਂ ਦਾ ਸ਼ਿੰਗਾਰ ਬਣਾਇਆ ਜਾਵੇਗਾ। ਬੋਰਡ ਦੇ ਚੇਅਰਮੈਨ ਐਸ.ਕੇ. ਸ਼ਰਮਾ ਨੇ ਦੱਸਿਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਹ ਇਕੋ ਇਕ ਅਜਿਹੀ ਰੇਲ ਗੱਡੀ ਹੈ ਜੋ ਮੁਸਾਫਰਾਂ ਨੂੰ ਮੁਫਤ ਸੈਰ ਕਰਵਾਉਂਦੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਇਸ ਰੇਲ ਗੱਡੀ ਨੂੰ ਕਿਸੇ ਵੀ ਸੂਰਤ ਵਿਚ ਬੰਦ ਨਹੀਂ ਹੋਣ ਦਿੱਤਾ ਜਾਵੇਗਾ। ਸ੍ਰੀ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਨੇ ਬੋਰਡ ਦੇ ਅਫਸਰਾਂ ਨੂੰ ਕਿਹਾ ਹੈ ਕਿ ਇਸ ਰੇਲ ਗੱਡੀ ਨੂੰ ਵਿਰਾਸਤੀ ਦਿੱਖ ਦੇਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ।

ਬੋਰਡ ਦੇ ਚੇਅਰਮੈਨ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਇਹ ਕੋਸ਼ਿਸ਼ ਰਹੇਗੀ ਦੇਸ਼ ਅੰਦਰ ਹਰੀ ਕ੍ਰਾਂਤੀ ਲਿਆਉਣ ਵਾਲੇ ਭਾਖੜਾ ਡੈਮ ਦੇ ਨਿਰਮਾਣ ਨਾਲ ਸਬੰਧਤ ਸਾਰੀਆਂ ਯਾਦਗਾਰੀ ਤਸਵੀਰਾਂ ਡੱਬਿਆਂ ਵਿਚ ਲਾਈਆਂ ਜਾਣਗੀਆਂ। ਇਸੇ ਤਰ੍ਹਾਂ ਬੋਰਡ ਨਾਲ ਸਬੰਧਤ ਵੀ ਸਾਰੀਆਂ ਤਸਵੀਰਾਂ ਨੂੰ ਇਸ ਰੇਲ ਗੱਡੀ ਦੇ ਡੱਬਿਆਂ ਦਾ ਸ਼ਿੰਗਾਰ ਬਣਾਇਆ ਜਾਵੇਗਾ ਤਾਂ ਜੋ ਇਸ ਗੱਡੀ ਵਿਚ ਸਫਰ ਕਰਨ ਵਾਲੇ ਮੁਸਾਫਰ ਇਕ ਅਜਾਇਬ ਘਰ ਰੇਲ ਗੱਡੀ ਦਾ ਨਜ਼ਾਰਾ ਮਾਣ ਸਕਣਗੇ। ਇਸ ਖਿੱਤੇ 'ਚ ਸੈਰ ਸਪਾਟੇ ਲਈ ਇਹ ਰੇਲ ਗੱਡੀ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣੇਗੀ।

ਪੰਡਿਤ ਜਵਾਹਰ ਲਾਲ ਨਹਿਰੂ ਦੇ ਸੁਪਨਿਆਂ ਦੇ ਸ਼ਹਿਰ ਨੰਗਲ ਤੋਂ ਏਸ਼ੀਆ ਦੇ ਪ੍ਰਸਿੱਧ ਭਾਖੜਾ ਡੈਮ ਤੱਕ ਜਾਣ ਵਾਲੀ ਇਸ ਰੇਲ ਗੱਡੀ ਦੀ ਸ਼ੁਰੂਆਤ 1948 ਵਿਚ ਭਾਫ ਦੇ ਇੰਜਣਾਂ ਨਾਲ ਕੀਤੀ ਗਈ ਸੀ। ਇਸ ਨੂੰ ਚਲਾਉਣ ਦਾ ਕਾਰਨ ਨੰਗਲ ਤੋਂ ਭਾਖੜਾ ਲਈ ਜਾਣ ਵਾਸਤੇ ਕੋਈ ਸੜਕੀ ਆਵਾਜਾਈ ਦਾ ਨਾ ਹੋਣਾ ਸੀ ਅਤੇ ਸੜਕ ਵਿਕਸਿਤ ਕਰਨ ਨਾਲੋਂ ਰੇਲਵੇ ਲਾਈਨ ਬਨਾਉਣ ਨੂੰ ਜ਼ਿਆਦਾ ਤਰਜੀਹ ਦਿੱਤੀ ਗਈ ਸੀ। ਪਰ ਕੁਝ ਤਕਨੀਕੀ ਕਾਰਨਾਂ ਕਰ ਕੇ ਕਰੀਬ ਚਾਰ ਸਾਲ ਬਾਅਦ ਭਾਫ ਇੰਜਣ ਬਦਲਣ ਦਾ ਫੈਸਲਾ ਲਿਆ ਗਿਆ ਅਤੇ ਸੰਨ 1953 ਵਿਚ ਅਮਰੀਕਾ ਦੀ ਕੈਟਰ ਪਿੱਲਰ"ਕੰਪਨੀ ਦੇ ਤਿਆਰ ਕੀਤੇ ਗਏ ਤਿੰਨ ਰੇਲਵੇ ਇੰਜਣ ਲਿਆਂਦੇ ਗਏ। ਜਿਨ੍ਹਾਂ ਵਿਚੋਂ ਮੌਜੂਦਾ ਹਾਲਾਤਾਂ ਵਿਚ ਦੋ ਸਹੀ ਢੰਗ ਦੇ ਨਾਲ ਰੇਲ ਗੱਡੀ ਨੂੰ ਲਿਆਉਣ ਤੇ ਲੈ ਕੇ ਜਾਣ ਦਾ ਕੰਮ ਕਰਦੇ ਹਨ ਜਦਕਿ ਇਕ ਇੰਜਣ ਮੁਰੰਮਤ ਅਧੀਨ ਹੈ। ਅੱਜ ਕੱਲ੍ਹ ਇਸ ਗੱਡੀ ਦਾ ਇੰਜਣ ਡੀਜ਼ਲ ਨਾਲ ਚਲਦਾ ਹੈ। ਇਸ ਰੇਲ ਗੱਡੀ ਦੇ ਡੱਬੇ ਵੀ 1923 ਵਿਚ ਪਾਕਿਸਤਾਨ ਦੇ ਸ਼ਹਿਰ ਕਰਾਚੀ ਵਿਚ ਤਿਆਰ ਕੀਤੇ ਗਏ ਸਨ।

# ਵੈਨਕੂਵਰ ਪਾਰਕ ਵਿਚੋਂ ਕਾਮਾਗਾਟਾ ਮਾਰੂ ਯਾਦਗਾਰੀ ਪੱਟੀ ਗਾਇਬ

**ਵੈਨਕੂਵਰ:** 102 ਸਾਲ ਪਹਿਲਾਂ 376 ਭਾਰਤੀਆਂ ਨੂੰ ਲੈ ਕੇ ਕੈਨੇਡਾ ਪਹੁੰਚੇ ਸਮੁੰਦਰੀ ਜਹਾਜ਼ ਨੂੰ ਪੱਤਣ 'ਤੇ ਨਾ ਲੱਗਣ ਦੇਣ ਦੀ ਕੀਤੀ ਗਲਤੀ ਲਈ ਤਾਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੀਤੇ ਹਫਤੇ ਪਾਰਲੀਮੈਂਟ 'ਚ ਮੁਆਫੀ ਮੰਗ ਕੇ ਵਾਹ ਵਾਹ ਖੱਟ ਲਈ, ਪਰ ਵੈਨਕੂਵਰ ਸਿਟੀ ਕੌਂਸਲ ਵੱਲੋਂ ਅਜੇ ਕਾਮਾਗਾਟਾ ਮਾਰੂ ਕਾਂਡ ਦੀ ਯਾਦ ਕਰਾਉਂਦੀ ਉਹ ਪੱਟੀ ਲੱਭਣ ਵੱਲ ਧਿਆਨ ਨਹੀਂ ਦਿੱਤਾ ਜੋ ਕਈ ਮਹੀਨਿਆਂ ਤੋਂ ਗਾਇਬ ਹੈ।

ਇਹ ਪੱਟੀ ਕਾਮਾਗਾਟਾ ਮਾਰੂ ਕਾਂਡ ਦੀ 75ਵੀਂ ਵਰ੍ਹੇਗੰਢ ਮੌਕੇ 1989 ਵਿਚ ਸਮੁੰਦਰ ਕੰਢੇ ਬਣੇ ਪੋਰਟਲ ਪਾਰਕ ਵਿਚ ਸਥਾਪਤ ਕੀਤੀ ਗਈ ਸੀ। ਇਹ ਪਾਰਕ ਸਮੁੰਦਰ ਦੇ ਉਸੇ ਕੰਢੇ ਸਾਹਮਣੇ ਸਥਿਤ ਹੈ ਜਿਥੇ ਜਹਾਜ਼ ਨੂੰ ਕਈ ਦਿਨ ਰੋਕ ਕੇ ਉਥੋਂ ਹੀ ਵਾਪਸ ਮੋੜ ਦਿੱਤਾ ਗਿਆ ਸੀ। ਕਈ ਭਾਰਤੀ ਸੈਲਾਨੀ ਉਚੇਚੇ ਤੌਰ 'ਤੇ ਨਤਮਸਤਕ ਹੋਣ ਲਈ ਇਸ ਪਾਰਕ ਵਿਚ ਜਾ ਕੇ ਉਸ ਪੱਟੀ ਉਤੇ ਉੱਕਰੀ ਇਬਾਰਤ ਜ਼ਰੂਰ ਪੜ੍ਹਿਆ ਕਰਦੇ ਸਨ ਜਿਨ੍ਹਾਂ ਨੂੰ ਹੁਣ ਨਿਰਾਸ਼ਾ ਤਾਂ ਹੁੰਦੀ ਹੈ, ਪਰ ਕਿਸੇ ਨੇ ਇਸ 'ਤੇ ਵੱਡਾ ਰੋਸ ਨਹੀਂ ਜਤਾਇਆ। ਇਨ੍ਹਾਂ ਪਾਰਕਾਂ ਦੀ ਸੰਭਾਲ ਸਿਟੀ ਕੌਂਸਲ ਦੇ ਪਾਰਕ ਬੋਰਡ ਵੱਲੋਂ ਕੀਤੀ ਜਾਂਦੀ ਹੈ। ਪਤਾ ਲੱਗਿਆ ਹੈ ਕਿ ਇਹ ਪੱਟੀ ਪਿਛਲੇ ਸਾਲ ਸਤੰਬਰ ਮਹੀਨੇ ਗੁੰਮ ਹੋਈ ਸੀ। ਇਹ ਵੀ ਪਤਾ ਲੱਗਿਆ ਹੈ ਕਿ ਪੱਟੀ ਪਿੱਤਲ ਦੀ ਹੋਣ ਕਰ ਕੇ ਸ਼ਾਇਦ ਇਹ ਕਰਤੂਤ ਨਸ਼ੇੜੀਆਂ ਦੀ ਹੋਵੇ। ਰਮਨਦੀਪ ਸਿੰਘ ਦਾ ਕਹਿਣਾ ਹੈ ਕਿ ਵਾਪਰਿਆ ਤਾਂ ਕੁਝ ਵੀ ਹੋ ਸਕਦਾ ਹੈ ਪਰ ਦੁਖਦਾਈ ਗੱਲ ਹੈ ਕਿ ਐਨਾ ਸਮਾਂ ਲੰਘਣ 'ਤੇ ਵੀ ਨਾ ਤਾਂ ਪਾਰਕ ਬੋਰਡ ਨੇ ਇਸ ਦੀ ਪੁਲਿਸ ਰਿਪੋਰਟ ਕਰਵਾਈ ਤੇ ਨਾ ਹੀ ਉਸ ਥਾਂ ਉਤੇ ਹੋਰ ਪੱਟੀ ਬਣਵਾ ਕੇ ਟਿਕਾਈ ਹੈ।

# ਕੌਮੀ ਪਾਰਟੀਆਂ ਨੂੰ ਪਿਆ ਘੇਰਾ

**ਨਵੀਂ ਦਿੱਲੀ:** ਕੇਂਦਰੀ ਸੂਚਨਾ ਕਮਿਸ਼ਨ ਸੀ.ਆਈ.ਸੀ. ਨੇ ਸਾਰੀਆਂ ਛੇ ਕੌਮੀ ਪਾਰਟੀਆਂ ਦੇ ਮੁਖੀਆਂ ਨੂੰ ਨਵੇਂ ਸਿਰਿਓਂ ਨੋਟਿਸ ਜਾਰੀ ਕਰ ਕੇ ਇਨ੍ਹਾਂ ਦੇ ਕੰਮਕਾਜ, ਵਿੱਤ ਅਤੇ ਹੋਰ ਮੁੱਦਿਆਂ ਬਾਰੇ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਜਾਣਕਾਰੀ ਮੰਗੀ ਹੈ। ਕਮਿਸ਼ਨ ਨੇ ਆਰ.ਟੀ.ਆਈ. ਕਾਨੂੰਨ ਤਹਿਤ ਆਰ.ਕੇ. ਜੈਨ ਦੀ ਅਰਜ਼ੀ ਸਮੇਤ ਇਸ ਤਰ੍ਹਾਂ ਦੀਆਂ ਸਾਰੀਆਂ 17 ਆਰ.ਟੀ.ਆਈ. ਅਰਜ਼ੀਆਂ ਨੂੰ ਸਾਂਝੀ ਸੁਣਵਾਈ ਲਈ ਜੋੜਦਿਆਂ ਕਿਹਾ ਕਿ ਇਸ ਮਾਮਲੇ 'ਤੇ ਹੁਣ 20 ਜੂਨ ਨੂੰ ਫੁੱਲ ਬੈਂਚ ਸੁਣਵਾਈ ਕਰੇਗਾ। ਨੋਟਿਸ ਵਿਚ ਕਿਹਾ ਗਿਆਸ ਹੈ ਕਿ ਉਪਰੋਕਤ ਆਰ.ਟੀ.ਆਈ. ਸ਼ਿਕਾਇਤਾਂ ਤੇ ਅਪੀਲਾਂ ਮੁਤੱਲਕ ਇਨ੍ਹਾਂ ਸਾਰੀਆਂ ਅਰਜ਼ੀਆਂ ਤੇ ਅਪੀਲਾਂ ਦਾ ਨੋਟਿਸ ਲੈਂਦਿਆਂ ਇਸ ਨੂੰ ਕਮਿਸ਼ਨ ਦੇ ਫੁੱਲ ਬੈਂਚ ਦੀ ਸੁਣਵਾਈ ਲਈ ਸੂਚੀਬੱਧ ਕੀਤਾ ਗਿਆ ਹੈ ਜਿਸ ਵਿਚ ਕਮਿਸ਼ਨਰ ਐਮ. ਸ੍ਰੀਧਰ ਆਚਾਰੀਯੁਲੂ, ਸੁਧੀਰ ਭਾਰਗਵ ਅਤੇ ਬਿਮਲ ਜੁਲਕਾ ਸ਼ਾਮਲ ਹੋਣਗੇ।

ਸ੍ਰੀ ਆਰ.ਕੇ. ਜੈਨ ਜਿਨ੍ਹਾਂ ਦੀਆਂ ਸਿਆਸੀ ਪਾਰਟੀਆਂ ਦੇ ਕੰਮਕਾਜ ਤੇ ਵਿੱਤ ਬਾਰੇ ਆਰ.ਟੀ.ਆਈ. ਅਰਜ਼ੀਆਂ ਦਾ ਜਵਾਬ ਨਹੀਂ ਦਿੱਤਾ ਗਿਆ ਸੀ, ਨੇ ਆਪਣੀ ਸ਼ਿਕਾਇਤ ਵਿਚ ਕੌਮੀ ਪਾਰਟੀਆਂ ਦੇ ਉਸ ਵੇਲੇ ਦੇ ਮੁਖੀਆਂ ਨੂੰ ਨਾਮਜ਼ਦ ਕੀਤਾ ਹੈ ਜਿਨ੍ਹਾਂ ਦੀ ਵਿਅਕਤੀਗਤ ਰੂਪ ਵਿਚ ਇਸ ਤਰ੍ਹਾਂ ਦੀ ਕਾਰਵਾਈ ਬਾਰੇ ਜਨਤਕ ਅਥਾਰਟੀ ਦੇ ਤੌਰ 'ਤੇ ਅਰਜ਼ੀ ਦਾ ਨਿਪਟਾਰਾ ਕਰਨ ਦਾ ਜਿੰਮਾ ਹੁੰਦਾ ਹੈ।

ਨਵੇਂ ਸਿਰੇ ਤੋਂ ਇਹ ਨੋਟਿਸ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਭਾਜਪਾ ਦੇ ਪ੍ਰਧਾਨ, ਐਨ.ਸੀ.ਪੀ. ਤੇ ਬਸਪਾ ਦੇ ਪ੍ਰਧਾਨ ਤੇ ਜਨਰਲ ਸਕੱਤਰਾਂ ਅਤੇ ਸੀ.ਪੀ.ਆਈ.-ਐਮ ਤੇ ਸੀ.ਪੀ.ਆਈ. ਦੇ ਜਨਰਲ ਸਕੱਤਰਾਂ ਨੂੰ ਭੇਜੇ ਗਏ ਹਨ। ਇਨ੍ਹਾਂ ਤੋਂ ਇਲਾਵਾ ਕੇਂਦਰੀ ਚੋਣ ਕਮਿਸ਼ਨ ਦੇ ਕੇਂਦਰੀ ਜਨਤਕ ਸੂਚਨਾ ਅਫਸਰ ਨੂੰ ਵੀ ਸੁਣਵਾਈ ਦੌਰਾਨ ਹਾਜ਼ਰ ਰਹਿਣ ਲਈ ਕਿਹਾ ਗਿਆ ਹੈ।2013 ਵਿਚ ਕਾਰਕੁਨ ਸੁਭਾਸ਼ ਅਗਰਵਾਲ ਅਤੇ ਐਸੋਸੀਏਸ਼ਨ ਆਫ ਡੈਮੋਕਰੈਟਿਕ ਰਿਫਾਰਮਜ਼ ਵੱਲੋਂ ਦਾਇਰ ਕੀਤੀ ਗਈ ਅਪੀਲ 'ਤੇ ਕੇਂਦਰੀ ਸੂਚਨਾ ਕਮਿਸ਼ਨ ਨੇ ਕਾਂਗਰਸ, ਭਾਜਪਾ, ਐਨ.ਸੀ.ਪੀ., ਸੀ.ਪੀ.ਆਈ., ਸੀ.ਪੀ.ਆਈ.-ਐਮ ਅਤੇ ਬਸਪਾ ਨੂੰ ਜਨਤਕ ਅਥਾਰਟੀਆਂ ਕਰਾਰ ਦਿੱਤਾ ਸੀ ਤੇ ਇਸ ਤਰ੍ਹਾਂ ਇਨ੍ਹਾਂ ਨੂੰ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਲਿਆਂਦਾ ਸੀ।

# ਕਸ਼ਮੀਰੀ ਪੰਡਤਾਂ ਦੀ ਵਾਪਸੀ ਲਈ ਵਚਨਬੱਧ ਹਾਂ: ਮਹਿਬੂਬਾ

**ਸ੍ਰੀਨਗਰ:** ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਕਿਹਾ ਹੈ ਕਿ ਜੇ ਭਾਜਪਾ ਨਾਲ ਗੱਠਜੋੜ ਦੇ ਏਜੰਡੇ ਦੀਆਂ ਸ਼ਰਤਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਉਹ ਅਸਤੀਫਾ ਦੇਣ ਤੋਂ ਨਹੀਂ ਝਿਜਕਣਗੇ। ਵਿਧਾਨ ਸਭਾ ਵਿਚ ਆਪਣਾ ਪਹਿਲਾ ਭਾਸ਼ਣ ਦਿੰਦਿਆਂ ਮਹਿਬੂਬਾ ਨੇ ਕਿਹਾ ਕਿ ਰਾਜ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦੇਣ ਵਾਲੀ ਧਾਰਾ 370 ਦੀ ਸਲਾਮਤੀ ਨੂੰ ਏਜੰਡਾ ਵਿਚ ਸ਼ਾਮਲ ਕਰਾਉਣਾ ਕੋਈ ਛੋਟੀ ਪ੍ਰਾਪਤੀ ਨਹੀਂ ਹੈ। ਵਿਧਾਨ ਸਭਾ ਵਿਚ ਰਾਜਪਾਲ ਦੇ ਭਾਸ਼ਣ ਦੇ ਧੰਨਵਾਦ ਮਤੇ 'ਤੇ ਬਹਿਸ ਦਾ ਜਵਾਬ ਦਿੰਦਿਆਂ ਮਹਿਬੂਬਾ ਨੇ ਕਿਹਾ, "ਕੁਰਸੀ ਮੇਰੀ ਕਮਜ਼ੋਰੀ ਨਹੀਂ ਹੋਵੇਗੀ।

ਜਦੋਂ ਤੱਕ ਮੈਂ ਇਹ ਮਹਿਸੂਸ ਕਰਾਂਗੀ ਕਿ ਇਹ ਮੇਰੀ ਤਾਕਤ ਹੈ, ਉਦੋਂ ਤੱਕ ਹੀ ਮੈਂ ਕੁਰਸੀ 'ਤੇ ਰਹਾਂਗੀ। ਜਦੋਂ ਇਹ ਮੈਨੂੰ ਮੇਰੀ ਕਮਜ਼ੋਰੀ ਮਹਿਸੂਸ ਹੋਣ ਲੱਗੀ ਤਾਂ ਮੈਂ ਛੱਡ ਦਿਆਂਗੀ।" ਵਿਰੋਧੀ ਧਿਰ ਦੀ ਨੁਕਤਾਚੀਨੀ ਦਾ ਨੁਕਤਾ-ਬ-ਨੁਕਤਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਦਾ ਜੰਮੂ ਕਸ਼ਮੀਰ ਨੂੰ ਔਖੇ ਹਾਲਾਤ ਵਿਚੋਂ ਬਾਹਰ ਕੱਢਣ ਦਾ ਆਪਣਾ ਨਜ਼ਰੀਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਸ਼ਮੀਰੀ ਪੰਡਤਾਂ ਤੇ ਹੋਰ ਪਰਵਾਸੀਆਂ ਨੂੰ ਵਾਦੀ ਵਿਚ ਵਾਪਸ ਲੈ ਕੇ ਆਉਣ ਲਈ ਵਚਨਬੱਧ ਹੈ। ਕਸ਼ਮੀਰ ਵਿਚ ਸੈਨਿਕ ਕਾਲੋਨੀ ਬਣਾਉਣ ਬਾਰੇ



ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਬਾਰੇ ਕੋਈ ਹਦਾਇਤ ਜਾਰੀ ਨਹੀਂ ਕੀਤੀ। ਮਹਿਬੂਬਾ ਨੇ ਵਿਰੋਧੀ ਧਿਰ ਤੇ ਨੈਸ਼ਨਲ ਕਾਨਫਰੰਸ ਦੇ ਨੇਤਾ ਉਮਰ ਅਬਦੁੱਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਿਤਾ ਮੁਫ਼ਤੀ ਮੁਹੰਮਦ ਸਈਅਦ ਦੀ ਮੌਤ ਤੋਂ ਬਾਅਦ ਨੈਸ਼ਨਲ ਕਾਨਫਰੰਸ ਨੇ ਸਿਆਸੀ ਮਤਭੇਦਾਂ ਦੇ ਬਾਵਜੂਦ ਸਰਕਾਰ ਨਾ ਬਣਾ ਕੇ ਚੰਗੀ ਪਿਰਤ ਪਾਈ ਹੈ। ਇਸੇ ਦੌਰਾਨ, ਯੂਥ ਆਲ ਇੰਡੀਆ ਕਸ਼ਮੀਰੀ ਸਮਾਜ ਦੇ ਪ੍ਰਧਾਨ ਆਰ ਕੇ ਭੱਟ ਨੇ ਕਿਹਾ ਕਿ ਕੇਂਦਰ ਸਰਕਾਰ ਵਿਚ ਕਸ਼ਮੀਰੀ ਪੰਡਤਾਂ ਨੂੰ ਵਾਦੀ ਵਿਚ ਸਥਾਈ ਤੌਰ 'ਤੇ ਵਸਾਉਣ ਦੀ ਇੱਛਾ ਸ਼ਕਤੀ ਦੀ ਘਾਟ ਹੈ।

## ਅਨੁਪਮ ਖੇਰ ਤੇ ਨਸੀਰੂਦੀਨ ਆਹਮੋ-ਸਾਹਮਣੇ

**ਨਵੀਂ ਦਿੱਲੀ:** ਨਸੀਰੂਦੀਨ ਤੇ ਅਨੁਪਮ ਖੇਰ ਵਿਚ ਸ਼ਬਦੀ ਜੰਗ ਸ਼ੁਰੂ ਹੋ ਗਈ ਹੈ। 'ਏ-ਵੈਡਨਸਡੇ' ਫਿਲਮ ਵਿਚ ਇਕੱਠੇ ਕੰਮ ਕਰ ਚੁੱਕੇ ਅਨੁਪਮ ਖੇਰ 'ਤੇ ਨਿਸ਼ਾਨਾ ਸਾਧਦਿਆਂ ਨਸੀਰੂਦੀਨ ਸ਼ਾਹ ਨੇ ਕਿਹਾ ਹੈ ਕਿ ਜੋ ਲੋਕ ਕਦੇ ਕਸ਼ਮੀਰ ਵਿਚ ਰਹੇ ਹੀ ਨਹੀਂ, ਉਹ ਅੱਜ ਕਸ਼ਮੀਰੀ ਪੰਡਤਾਂ ਲਈ ਲੜਾਈ ਲੜ ਰਿਹਾ ਹੈ। ਦਿੱਲੀ ਵਿਚ ਆਪਣੀ ਫਿਲਮ ਵੇਟਿੰਗ ਦੇ ਪ੍ਰਚਾਰ ਲਈ ਆਏ ਸ਼ਾਹ ਨੇ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ। ਇਸ ਦੇ ਜਵਾਬ ਵਿਚ ਖੇਰ ਨੇ ਕਿਹਾ, "ਸ਼ਾਹ ਸਾਹਿਬ ਦੀ ਜੈ ਹੋਵੇ। ਤੁਹਾਡੇ ਤਰਕ ਮੁਤਾਬਕ ਤਾਂ ਕਿਸੇ ਐਨ.ਆਰ.ਆਈ. ਨੂੰ ਭਾਰਤ ਬਾਰੇ ਸੋਚਣਾ ਹੀ ਨਹੀਂ ਚਾਹੀਦਾ।" ਇਸ ਦੇ ਨਾਲ ਹੀ ਆਪਣੇ ਦੋ ਸਾਲ ਪੂਰੇ ਹੋਣ ਦੇ ਜਸ਼ਨ ਵਿਚ ਡੁੱਬੀ ਮੋਦੀ ਸਰਕਾਰ 'ਤੇ ਅਦਾਕਾਰ ਨਸੀਰੂਦੀਨ ਸ਼ਾਹ ਨੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਹੈ ਕਿ ਲੋਕ ਸਰਕਾਰ ਬਾਰੇ ਰਾਇ ਬਣਾਉਣ ਵਿਚ ਜਲਦਬਾਜ਼ੀ ਕਰ ਰਹੇ ਹਨ। ਹਾਲੇ ਸਰਕਾਰ ਨੂੰ ਕੁਝ ਹੋਰ ਸਮਾਂ ਦੇਣਾ ਚਾਹੀਦਾ ਹੈ। ਸ਼ਾਹ ਨੇ ਸਿਲੇਬਸ ਵਿਚ ਤਬਦੀਲੀ 'ਤੇ ਸਾਵਲ ਉਠਾਇਆ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਗੱਲਾਂ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੀਆਂ ਹਨ।

# ਲਾਹੌਰ 'ਚ ਦੁੱਲਾ ਭੱਟੀ ਦੀ ਯਾਦਗਾਰ ਉਸਾਰੀ

**ਅੰਮ੍ਰਿਤਸਰ:** ਪੰਜਾਬੀ ਲੋਕ ਨਾਇਕ ਦੁੱਲਾ ਭੱਟੀ ਦੀ ਸ਼ਹਾਦਤ ਦੇ 427 ਵਰ੍ਹਿਆਂ ਬਾਅਦ ਲਾਹੌਰ ਦੇ ਗੁਲਸ਼ਨ-ਏ-ਰਾਵੀ ਰੋਡ ਦੇ ਏ-ਬਲਾਕ ਚੌਕ ਦਾ ਨਾਂ ਸ਼ਹੀਦ ਦੁੱਲਾ ਭੱਟੀ ਚੌਕ ਰੱਖਿਆ ਗਿਆ ਹੈ। ਲਾਹੌਰ ਹਾਈ ਕੋਰਟ ਦੇ ਆਦੇਸ਼ 'ਤੇ ਲਾਹੌਰ ਡਿਵੈਲਪਮੈਂਟ ਅਥਾਰਟੀ ਵੱਲੋਂ ਚੌਕ ਵਿਚ ਦੁੱਲਾ ਭੱਟੀ ਦੀ ਪੱਗ ਵਾਲਾ ਬੁੱਤ ਵੀ ਲਾਇਆ ਗਿਆ ਹੈ। ਜ਼ਿਕਰਯੋਗ ਹੈ ਇਸ ਤੋਂ ਪਹਿਲਾਂ ਦੁੱਲੇ ਦੀ ਜਨਮ ਭੂਮੀ ਜ਼ਿਲ੍ਹਾ ਹਾਫ਼ਿਜ਼ਾਬਾਦ ਦੇ ਕਸਬਾ ਪਿੰਡੀ ਭੱਟੀਆਂ ਦੇ ਦੁੱਲੇਕੀ ਬਾਈਪਾਸ 'ਤੇ ਟੂਰਿਜ਼ਮ ਮਿਊਂਸਪਲ ਪ੍ਰਸ਼ਾਸਨ ਹਾਫ਼ਿਜ਼ਾਬਾਦ ਵੱਲੋਂ ਦੁੱਲੇ ਦਾ ਜੋ ਆਦਮ ਕੱਦ ਬੁੱਤ ਲਗਾਇਆ ਗਿਆ ਸੀ, ਉਸ ਉਤੇ ਦੁੱਲੇ ਨੂੰ ਪੰਜਾਬੀ ਲਿਬਾਸ ਭਾਵ ਕੁੜਤਾ ਧੋਤੀ ਨਾ ਪਹਿਨਾ ਕੇ ਪਾਕਿਸਤਾਨ ਦਾ ਮੌਜੂਦਾ ਕੌਮੀ ਲਿਬਾਸ ਸਲਵਾਰ ਤੇ ਕੁੜਤਾ ਪਹਿਨਾਉਣ 'ਤੇ ਭਾਰੀ ਵਿਰੋਧ ਹੋਇਆ ਸੀ।

ਦੱਸਣਯੋਗ ਹੈ ਕਿ ਦੁੱਲਾ ਭੱਟੀ ਦਾ ਜਨਮ



1547 ਵਿਚ ਹਾਫ਼ਿਜ਼ਾਬਾਦ ਦੇ ਬੱਦਰ ਇਲਾਕੇ ਵਿਚ ਰਾਜਪੂਤ ਫ਼ਰੀਦ ਖ਼ਾਂ ਭੱਟੀ ਦੇ ਘਰ ਬੀਬੀ ਲੱਦੀ ਦੀ ਕੁੱਖੋਂ ਹੋਇਆ ਅਤੇ ਜਲਦੀ ਬਾਅਦ ਇਹ ਪਰਿਵਾਰ ਪਿੰਡੀ ਭੱਟੀਆਂ ਵਿਖੇ ਆ ਕੇ ਵੱਸ ਗਿਆ।

ਦੁੱਲੇ ਭੱਟੀ ਦੇ ਪਿਤਾ ਤੇ ਦਾਦਾ ਬਿਜਲੀ ਖ਼ਾਂ ਉਰਫ਼ ਸਾਂਦਲ ਭੱਟੀ ਵੱਲੋਂ ਮੁਗ਼ਲ ਹਕੂਮਤ ਨੂੰ ਲਗਾਨ ਨਾ ਦੇਣ ਉਤੇ ਬਾਦਸ਼ਾਹ ਹਮਾਯੂੰ ਨੇ ਉਨ੍ਹਾਂ ਦੇ ਸਿਰ ਧੜਾਂ ਤੋਂ ਅਲੱਗ ਕਰਵਾ ਕੇ ਲਾਸ਼ਾਂ ਸ਼ਾਹੀ ਕਿਲ੍ਹੇ ਦੇ ਪਿਛਲੇ ਦਰਵਾਜੇ ਅੱਗੇ ਲਟਕਾ ਦਿੱਤੀਆਂ ਸਨ। ਜਵਾਨ ਹੋਣ 'ਤੇ ਜਦੋਂ ਦੁੱਲੇ ਨੂੰ ਇਹ ਪਤਾ ਲੱਗਾ ਤਾਂ ਉਸ ਨੇ ਆਪਣੀ ਬਾਰ ਦੇ ਲੜਾਕਿਆਂ ਦੀ ਫੌਜ ਤਿਆਰ ਕੀਤੀ ਅਤੇ ਮੁਗ਼ਲ ਬਾਦਸ਼ਾਹ ਅਕਬਰ ਵਿਰੁੱਧ ਬਗ਼ਾਵਤ ਦਾ ਐਲਾਨ ਕਰ ਦਿੱਤਾ। ਉਸ ਸਮੇਂ ਦੁੱਲਾ ਭੱਟੀ ਇਕ ਪਰਉਪਕਾਰੀ, ਨਿਰਪੱਖ ਤੇ ਨਿਆਂਪਸੰਦ ਸ਼ਾਸਕ ਬਣ ਕੇ ਉਭਰਿਆ। ਅਕਬਰ ਦੀ ਫੌਜ ਵੱਲੋਂ ਦੁੱਲੇ ਨੂੰ ਧੋਖੇ ਨਾਲ ਗ੍ਰਿਫਤਾਰ ਕਰਨ 'ਤੇ 26 ਮਾਰਚ 1589 ਨੂੰ ਲਾਹੌਰ ਵਿਖੇ ਮੁਹੱਲਾ ਨਖਾਸ ਵਿਚ ਫਾਂਸੀ 'ਤੇ ਲਟਕਾਇਆ ਗਿਆ ਸੀ।

# ਦਸਤਾਰ ਸਜਾ ਕੇ ਲਈ ਸਿੱਖ ਬੱਚਿਆਂ ਨੇ ਗਰੈਜੂਏਸ਼ਨ ਡਿਗਰੀ



*ਡਿਗਰੀ ਲੈਣ ਪਿਛੋਂ ਗੁਰਜੋਤ ਸਿੰਘ ਤੇ ਜਗਵੀਰ ਸਿੰਘ*

**ਮਨਟੀਕਾ, ਕੈਲੀਫੋਰਨੀਆ (ਬਿਊਰੋ):** ਇਸ ਛੋਟੇ ਜਿਹੇ ਸ਼ਹਿਰ ਦੇ ਈਸਟ ਯੂਨੀਅਨ ਹਾਈ ਸਕੂਲ ਦੇ ਵਿਦਿਆਰਥੀਆਂ ਦੀ ਗਰੈਜੂਏਸ਼ਨ ਰਸਮ ਹੋਈ ਜਿਸ ਵਿਚ ਕੁਲ 482 ਵਿਦਿਆਰਥੀ ਸ਼ਾਮਲ ਸਨ। ਇਨ੍ਹਾਂ ਵਿਚ ਸਿਰਫ ਤਿੰਨ ਸਿੱਖ ਬੱਚੇ, ਦੋ ਲੜਕੇ ਗੁਰਜੋਤ ਸਿੰਘ ਤੇ ਜਗਵੀਰ ਸਿੰਘ ਅਤੇ ਇਕ ਲੜਕੀ ਗਵੀਨ ਕੌਰ, ਸ਼ਾਮਲ ਸਨ। ਦੋਵੇਂ ਲੜਕੇ ਪੂਰਨ ਗੁਰਸਿੱਖ ਹਨ। 482 ਵਿਦਿਆਰਥੀਆਂ ਵਿਚੋਂ ਜਗਵੀਰ ਸਿੰਘ ਪਹਿਲੇ, ਗਵੀਨ ਕੌਰ ਦੂਜੇ ਅਤੇ ਗੁਰਜੋਤ ਸਿੰਘ ਵੀਹਵੇਂ ਥਾਂ ਰਹੇ। ਸਕੂਲ ਨੇ ਜਗਵੀਰ ਸਿੰਘ ਤੋਂ ਸਾਰੇ ਬੱਚਿਆਂ ਦੀ ਅਗਵਾਈ ਕਰਵਾਈ ਤੇ ਉਸ ਨੂੰ ਬੱਚਿਆਂ ਨੂੰ ਸੰਬੋਧਨ ਕਰਨ ਦਾ ਮੌਕਾ ਵੀ ਦਿੱਤਾ। ਬੱਚਿਆਂ ਨੇ ਐਵਾਰਡ ਲੈਂਦੇ ਸਮੇਂ ਸਿਰਾਂ 'ਤੇ ਨੀਲੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ।

ਜ਼ਿਕਰਯੋਗ ਹੈ ਕਿ ਇਨ੍ਹਾਂ ਸਾਰੇ ਬੱਚਿਆਂ ਨੂੰ ਅਮਰੀਕਾ ਦੀ ਪ੍ਰਸਿਧ ਤੇ ਦੁਨੀਆਂ ਦੀ 39ਵੇਂ ਨੰਬਰ ਦੀ ਯੂਨੀਵਰਸਿਟੀ ਯੂ ਸੀ ਡੇਵਿਸ ਨੇ ਸਕਾਲਰਸ਼ਿਪ ਦੇ ਕੇ ਦਾਖਲੇ ਲਈ ਪ੍ਰਵਾਨ ਕੀਤਾ ਹੈ। ਬੱਚਿਆਂ ਦੀ ਇਸ ਪ੍ਰਾਪਤੀ ਨਾਲ ਇਲਾਕੇ ਦੇ ਸਿੱਖ ਭਾਈਚਾਰੇ ਦਾ ਸਿਰ ਮਾਣ ਨਾਲ ਉਚਾ ਹੋਇਆ ਹੈ।

# ਹਿੰਦ-ਪਾਕਿ ਵਾਰਤਾ ਜੁਲਾਈ ਵਿਚ?

**ਨਵੀਂ ਦਿੱਲੀ:** ਭਾਰਤ ਅਤੇ ਪਾਕਿਸਤਾਨ ਦੇ ਸਰਹੱਦੀ ਸੁਰੱਖਿਆ ਬਲਾਂ ਦੀ ਛਿਮਾਹੀ ਡਾਇਰੈਕਟਰ ਜਨਰਲ ਪੱਧਰੀ ਗੱਲਬਾਤ ਜੁਲਾਈ ਮਹੀਨੇ ਲਾਹੌਰ ਵਿਚ ਹੋਣ ਦੀ ਸੰਭਾਵਨਾ ਹੈ ਜਿਸ ਵਿਚ ਗੋਲੀਬੰਦੀ ਦੀ ਉਲੰਘਣਾ, ਸਰਹੱਦ ਰਾਹੀਂ ਘੁਸਪੈਠ ਅਤੇ ਗ਼ੈਰਕਾਨੂੰਨੀ ਸੁਰੰਗਾਂ ਦੀ ਖੁਦਾਈ ਜਿਹੇ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ।

ਬੀ.ਐਸ.ਐਫ. ਅਤੇ ਪਾਕਿਸਤਾਨ ਰੇਂਜਰਜ਼ ਦਰਮਿਆਨ ਪਿਛਲੀ ਵਾਰ ਦੀ ਵਾਰਤਾ ਪਿਛਲੇ ਸਾਲ ਸਤੰਬਰ ਮਹੀਨੇ ਦਿੱਲੀ ਵਿਚ ਹੋਈ ਸੀ। ਸੂਤਰਾਂ ਨੇ ਦੱਸਿਆ ਕਿ ਲਾਹੌਰ ਵਿਚ ਪਾਕਿ ਰੇਂਜਰਜ਼ ਦੇ ਸਦਰ ਮੁਕਾਮ ਵਿਚ 21 ਤੋਂ 24 ਜੁਲਾਈ ਤੱਕ ਗੱਲਬਾਤ ਕਰਨ ਦੀ ਸਹਿਮਤੀ ਹੋਈ ਹੈ ਪਰ ਇਸ ਬਾਰੇ ਅੰਤਿਮ ਫੈਸਲਾ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਕਰਨਗੀਆਂ। ਪਠਾਨਕੋਟ ਏਅਰਬੇਸ ਹਮਲੇ ਦੀ ਜਾਂਚ ਲਈ ਐਨ.ਆਈ.ਏ. ਦੀ ਇਕ ਟੀਮ ਨੂੰ ਪਾਕਿਸਤਾਨ ਆਉਣ ਦੀ ਆਗਿਆ ਦੇਣ ਬਾਰੇ ਉਥੋਂ ਦੀ ਸਰਕਾਰ ਸੋਚ ਵਿਚਾਰ ਕਰ ਰਹੀ ਹੈ।

# ਆਈ.ਐਸ. ਵੱਲੋਂ ਫੇਸਬੁੱਕ 'ਤੇ ਕੁੜੀਆਂ ਦੀ ਬੋਲੀ

**ਰੱਕਾ:** ਆਈ.ਐਸ. ਦੇ ਦਹਿਸ਼ਤਗਰਦਾਂ ਨੇ ਕਮਾਈ ਲਈ ਹੁਣ ਕੁੜੀਆਂ ਨੂੰ ਵੇਚਣ ਦਾ ਧੰਦਾ ਸ਼ੁਰੂ ਕਰ ਦਿੱਤਾ ਹੈ। ਆਈ.ਐਸ. ਦੇ ਦਹਿਸ਼ਤਗਰਦ ਅੱਬੂ ਅਸਦ ਅਲਮਾਨੀ ਦੀ ਤਾਜ਼ਾ ਹਰਕਤ ਇਸ ਹਕੀਕਤ ਤੋਂ ਪਰਦਾ ਚੁੱਕਦੀ ਹੈ।

ਅਲਮਾਨ ਨੇ ਇਕ 18 ਸਾਲ ਦੀ ਲੜਕੀ ਨੂੰ ਵੇਚਣ ਲਈ ਉਸ ਦੀ ਫੋਟੋ ਨੂੰ ਫੇਸਬੁੱਕ ਉਤੇ ਅੱਪਲੋਡ ਕਰ ਦਿੱਤਾ ਹੈ। 20 ਮਈ ਨੂੰ ਪੋਸਟ ਕੀਤੀ ਗਈ ਫੋਟੋ ਰਾਹੀਂ ਲੜਕੀ ਦੀ ਬੋਲੀ 5.33 ਲੱਖ ਰੁਪਏ ਰੱਖੀ ਗਈ ਹੈ। ਇਸ ਤੋਂ ਬਾਅਦ ਕੁਝ ਹੋਰ ਦਹਿਸ਼ਤਗਰਦਾਂ ਨੇ ਵੀ ਅਜਿਹੀ ਹੀ ਹਰਕਤ ਕੀਤੀ।

**Punjab Times**

# ਅਮਰੀਕਨ ਸਿੱਖਾਂ ਵੱਲੋਂ ਬਾਬਾ ਢੱਡਰੀਆਂ ਵਾਲੇ ਤੇ ਪ੍ਰਚਾਰਕ ਜਥੇ ਦੇ ਫੈਸਲੇ ਦੀ ਹਮਾਇਤ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਪ੍ਰਚਾਰਕ ਜਥੇ ਉਤੇ ਹੋਏ ਕਾਤਲਾਨਾ ਹਮਲੇ ਦੌਰਾਨ ਮਾਰੇ ਗਏ ਭਾਈ ਭੁਪਿੰਦਰ ਸਿੰਘ ਦੀ ਅੰਤਿਮ ਅਰਦਾਸ ਲਈ ਖਾਸੀ ਕਲਾਂ ਵਿਖੇ ਹੋਏ ਸ਼ਰਧਾਂਜਲੀ ਸਮਾਗਮ ਮੌਕੇ ਕੀਤੇ ਗਏ



*ਅਜੈਬ ਸਿੰਘ*

ਫੈਸਲਿਆਂ ਦੀ ਅਮਰੀਕਾ ਵਿਚ ਵੱਸਦੇ ਪਰਵਾਸੀ ਸਿੱਖਾਂ ਨੇ ਹਮਾਇਤ ਕੀਤੀ ਹੈ।

ਯੂਨਾਈਟਿਡ ਸਿੱਖ ਨੇਸ਼ਨ ਦੇ ਬੁਲਾਰੇ ਅਜੈਬ ਸਿੰਘ ਸਿਆਟਲ ਨੇ ਦੱਸਿਆ ਕਿ ਪੰਥਕ ਜਥੇਬੰਦੀ ਦੀ ਹੰਗਾਮੀ ਮੀਟਿੰਗ ਵਿਚ ਬਾਬਾ ਢੱਡਰੀਆਂ ਵਾਲੇ ਦੇ ਸਾਥੀ ਭੁਪਿੰਦਰ ਸਿੰਘ ਦੇ ਕਤਲ ਉਪਰੰਤ ਪੈਦਾ ਹੋਏ ਪੰਥਕ ਹਾਲਾਤ ਬਾਰੇ ਦੀਰਘ ਵਿਚਾਰ-ਵਟਾਂਦਰਾ ਹੋਇਆ। ਸਭ ਤੋਂ ਪਹਿਲਾਂ ਪੰਥ ਪ੍ਰਸਤ ਪ੍ਰਚਾਰਕਾਂ ਉਤੇ ਕੀਤੇ ਹਮਲੇ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਇਸ ਨੂੰ ਅਕਾਲ ਤਖ਼ਤ ਸਾਹਿਬ ਤੋਂ ਪੰਥ-ਪ੍ਰਵਾਨਤ ਰਹਿਤ ਮਰਯਾਦਾ ਉਤੇ ਹਮਲਾ ਕਰਾਰ ਦਿੱਤਾ ਗਿਆ।

ਅਜੈਬ ਸਿੰਘ ਸਿਆਟਲ ਨੇ ਕਿਹਾ ਕਿ ਜਥੇਬੰਦੀ ਦੇ ਮੈਂਬਰਾਂ ਦਾ ਵਿਚਾਰ ਸੀ ਕਿ ਜਦੋਂ ਤੋਂ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਡੇਰਾਵਾਦੀ ਤੇ ਸ਼ਖਸੀ ਪੂਜਾ ਵਾਲੀ ਸੋਚ ਦਾ ਤਿਆਗ ਕਰ ਕੇ ਆਮ ਸਿੱਖ ਪ੍ਰਚਾਰਕ ਵਾਂਗ ਵਿਚਰਨਾ ਸ਼ੁਰੂ ਕੀਤਾ ਹੈ ਅਤੇ ਪੰਥ-ਪ੍ਰਵਾਨਤ ਰਹਿਤ ਮਰਯਾਦਾ ਅਪਨਾਈ ਹੈ, ਉਸੇ ਦਿਨ ਤੋਂ ਉਹ ਮੱਠਵਾਦੀਆਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਏ ਹਨ। ਆਪਣੇ ਡੇਰਿਆਂ ਵਿਚ ਮਨਮਰਜ਼ੀ ਦੀਆਂ ਰਹੁ-ਰੀਤਾਂ ਚਲਾਉਂਦੇ ਆ ਰਹੇ ਹਉਮੈ-ਗ੍ਰਸੇ ਡੇਰੇਦਾਰਾਂ ਨੇ ਲੰਗਰ ਦਾ ਹੀ ਰੂਪ ਸਮਝੀ ਜਾਂਦੀ ਛਬੀਲ ਨੂੰ ਵੀ ਦਾਗੀ ਕਰ ਦਿੱਤਾ।

ਯੂਨਾਈਟਿਡ ਸਿੱਖ ਨੇਸ਼ਨ ਦੇ ਸਰਗਰਮ ਮੈਂਬਰਾਂ ਜੋਗਾ ਸਿੰਘ, ਹਰਨੇਕ ਸਿੰਘ, ਹਰਜੀਤ ਸਿੰਘ ਬੋਥਲ, ਸਤਨਾਮ ਸਿੰਘ, ਗੁਲਜ਼ਾਰ ਸਿੰਘ, ਜੋਗਾ ਸਿੰਘ ਸਿਆਟਲ, ਕੁਲਵਿੰਦਰ ਸਿੰਘ, ਬਲਵੀਰ ਸਿੰਘ, ਕਮਲਜੀਤ ਸਿੰਘ, ਹਰਜਿੰਦਰ ਸਿੰਘ ਤੂੰਗ, ਐਡਵੋਕੇਟ ਲਖਵੀਰ ਸਿੰਘ ਕੈਨੇਡੀਅਨ, ਵਰਿੰਦਰ ਸਿੰਘ ਦਿਓਲ, ਨਰਿੰਦਰ ਸਿੰਘ ਡੈਲਸ, ਕੁਲਜੀਤ ਸਿੰਘ ਫਰਿਜ਼ਨੋ, ਨਰਿੰਦਰ ਸਿੰਘ ਯੂਬਾ ਸਿਟੀ, ਅਜਵਿੰਦਰ ਸਿੰਘ ਡੈਲਸ, ਸਰਬਜੀਤ ਸਿੰਘ ਸਾਬ੍ਹੀ ਆਦਿ ਨੇ ਸਰਬਸੰਮਤੀ ਨਾਲ ਬੀਤੇ ਦਿਨੀਂ ਖਾਸੀ ਕਲਾਂ ਵਿਖੇ ਹੋਏ ਸਮਾਗਮ ਮੌਕੇ ਸਿਆਸੀ ਗੁਲਾਮੀ ਹੰਢਾ ਰਹੇ ਜਥੇਦਾਰਾਂ ਦੀ ਕਥਿਤ ਵਿਚੋਲਗਿਰੀ ਨੂੰ ਨਕਾਰਨ, ਸ਼ਰਧਾਂਜਲੀ ਸਮਾਗਮ 'ਤੇ ਕਿਸੇ ਵੀ ਕਿਸਮ ਦਾ ਸਿਆਸੀ ਪ੍ਰਛਾਵਾਂ ਨਾ ਪੈਣ ਦੇਣ, ਭਾਈ ਭੁਪਿੰਦਰ ਸਿੰਘ ਦੇ ਅਸਲ ਕਾਤਲਾਂ ਨੂੰ ਨੰਗੇ ਕਰਨ ਲਈ ਸੀ.ਬੀ.ਆਈ. ਤੋਂ ਜਾਂਚ ਦੀ ਮੰਗ ਕਰਨ, ਪੰਜਾਬ ਵਿਚ ਜ਼ਿਲ੍ਹਾਵਾਰ ਪ੍ਰਚਾਰ ਸਮਾਗਮ ਕਰਨ ਅਤੇ ਕਿਸੇ ਹਾਲਤ ਵਿਚ ਵੀ ਪੰਥ-ਪ੍ਰਵਾਨਤ ਰਹਿਤ ਮਰਯਾਦਾ ਤੋਂ ਪਿਛੇ ਨਾ ਹਟਣ ਦੇ ਅਹਿਦ ਲੈਣ ਜਿਹੇ ਸਾਰੇ ਫੈਸਲਿਆਂ ਦੀ ਹਮਾਇਤ ਕੀਤੀ ਹੈ।

ਅਜੈਬ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਅਮਰੀਕਨ ਸਿੱਖਾਂ ਦੀਆਂ ਕਈ ਸਰਗਰਮ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ ਅਤੇ ਕਈ ਸਿੱਖ ਆਗੂਆਂ ਦੇ ਵਿਚਾਰ ਲੈਣ ਮਗਰੋਂ ਹੀ ਹੰਗਾਮੀ ਮੀਟਿੰਗ ਸੱਦੀ ਗਈ ਸੀ ਅਤੇ ਇਨ੍ਹਾਂ ਸਾਰਿਆਂ ਦੇ ਵਿਚਾਰਾਂ ਦੀ ਰੋਸ਼ਨੀ ਵਿਚ ਹੀ ਹਮਾਇਤ ਵਾਲਾ ਫੈਸਲਾ ਲਿਆ ਗਿਆ।


get more June 1-15 sales event



For a limited time, receive an Outdoor Landscape Package plus Beazer pays up to $2,500 towards your closing costs on select Quick Move-in Homes!*



BEAZER HOMES

Single-family homes from the low $300s

Capital Village in Rancho Cordova

- Situated in a desirable location near restaurants and recreation
- Gorgeous kitchens with granite countertops and energy efficient appliances
- Charming outdoor entertaining spaces
- Available downstairs bedroom suites

3228 Chelmer Way, Rancho Cordova, CA 95670

916-426-7507

Visit us today and see how much more you could be getting when you buy with Beazer.

MORTGAGE CHOICES ENERGY EFFICIENCY CHOICE PLANS™

ENERGY STAR AWARD 2016 PARTNER OF THE YEAR Sustained Excellence


BZH NYSE

*Offer valid only on select Quick Move-in homes at Capital Village for which buyer signs a purchase agreement between 5-27-16 and 6-15-16 and closes escrow per terms of contract. The closing cost credit is available only if financed through one of the three, independent predefined preferred lender (Big Valley Mortgage, CNN or Summit Funding) by 7-15-16. Buyer may finance via any qualified lender but will not be eligible for the outdoor landscape package and closing cost credit. Beazer Homes is not acting as a mortgage broker or lender. Please review this link for limitations on closing cost offers: http://woobox.com/5cjc8f. Closing cost credit offers are subject to underwriting guidelines which are subject to change without notice and which limit third party contributions. Available for owner-occupied homes only. Outdoor landscaping package includes concrete flatwork, bark and shrubs and has an estimated value of $5,000. Concrete flatwork varies by community and plan. No substitutions or changes to the package. Offer is contingent upon final settlement and closing. The offer is not redeemable for cash and may not be combined with any other offers. Pricing, features and availability subject to change without notice. See New Home Counselor for complete details. © 2016 Beazer Homes. BRE #00588572 5/16 132496

GET MORE IN A NEW HOME

BEAZER.COM

# ਨਾਬਰ ਸੁਰਾਂ ਦਾ ਸਿਰੜ



## ਰੈਪਰ ਬੈਲੀ ਤੇ ਗਾਇਕ ਵੀਕੈਂਡ ਵੱਲੋਂ ਟਰੰਪ ਦੀ ਹਾਜ਼ਰੀ 'ਚ ਗਾਉਣ ਤੋਂ ਨਾਂਹ

### ਕਲਾ ਪਰਿਕਰਮਾ

**ਜਗਜੀਤ ਸਿੰਘ ਸੇਖੋਂ**

ਕੈਨੇਡਾ ਵਸਦੇ ਫਲਸਤੀਨੀ ਮੂਲ ਦੇ ਰੈਪਰ ਬੈਲੀ ਅਤੇ ਗਾਇਕ 'ਦਿ ਵੀਕੈਂਡ' ਨੇ 'ਜ਼ਿੰਮੀ ਕਿਮਲ ਲਾਈਵ ਸ਼ੋਅ' ਵਿਚ ਹਿੱਸਾ ਲੈਣ ਤੋਂ ਕੋਰੀ ਨਾਂਹ ਕਰ ਦਿੱਤੀ। ਯਾਦ ਰਹੇ ਕਿ ਇਸ ਸ਼ੋਅ ਵਿਚ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਡੋਨਲਡ ਟਰੰਪ ਨੇ ਵੀ ਸ਼ਿਰਕਤ ਕਰਨੀ ਸੀ। ਰੈਪਰ ਬੈਲੀ ਦਾ ਕਹਿਣਾ ਹੈ ਕਿ ਜਿਸ ਸ਼ਖਸ ਨੇ ਮੁਸਲਮਾਨਾਂ, ਔਰਤਾਂ ਅਤੇ ਅਵਾਸੀਆਂ ਬਾਰੇ ਇੰਨੀਆਂ ਭੜਕਾਊ ਟਿੱਪਣੀਆਂ ਕੀਤੀਆਂ ਹਨ, ਉਸ ਸ਼ੋਅ ਵਿਚ ਉਹ ਸ਼ਾਮਲ ਨਹੀਂ ਹੋਣਾ ਚਾਹੁੰਦਾ। ਦੱਸਣਾ ਬਣਦਾ ਹੈ ਕਿ ਅਮਰੀਕਾ ਵਿਚ ਇਹ ਸ਼ੋਅ ਬਹੁਤ ਪਾਪੂਲਰ ਹੈ ਤੇ ਇਸ ਵਿਚ ਹਿੱਸਾ ਲੈਣਾ ਵੀ ਵੱਡੀ ਗੱਲ ਮੰਨੀ ਜਾਂਦੀ ਹੈ, ਪਰ ਇਨ੍ਹਾਂ ਦੋਹਾਂ ਸਿਰੜੀਆਂ ਨੇ ਸਪਸ਼ਟ ਕਿਹਾ ਕਿ ਡੋਨਲਡ ਟਰੰਪ ਵਰਗੇ ਬੰਦੇ ਨੂੰ ਕਰਾਰਾ ਜਵਾਬ ਇਸੇ ਤਰ੍ਹਾਂ ਹੀ ਮਿਲਣਾ ਚਾਹੀਦਾ ਹੈ। ਇਸ ਸ਼ੋਅ ਲਈ ਨਾਂਹ ਕਰਨ ਕਾਰਨ ਪਏ ਘਾਟੇ ਬਾਰੇ ਬੈਲੀ ਦਾ ਕਹਿਣਾ ਸੀ ਕਿ ਵਾਧੇ-ਘਾਟੇ ਤਾਂ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਹਨ, ਪਰ ਉਹ ਖੁਸ਼ ਹੈ ਕਿ ਉਹਨੇ ਮੌਕੇ 'ਤੇ ਚੰਗਾ, ਲੋਕ-ਪੱਖੀ ਫੈਸਲਾ ਕੀਤਾ ਹੈ। ਉਸ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਤੋਂ ਨਾਂਹ ਕਰਨ ਬਾਅਦ ਲੋਕਾਂ ਨੇ ਉਸ ਨੂੰ ਰੱਜ-ਰੱਜ ਕੇ ਸ਼ਾਬਾਸ਼ ਦਿੱਤੀ ਹੈ।

ਰੈਪਰ ਬੈਲੀ ਦਾ ਅਸਲੀ ਨਾਂ ਅਹਿਮਦ ਬਲਸ਼ੇ ਹੈ। ਹੁਣ ਤੱਕ ਉਹ ਉਘੀ ਗਾਇਕਾ ਬਿਯੋਂਸ, 'ਦਿ ਵੀਐਂਡ' ਅਤੇ ਡਰੇਕ ਵਰਗੇ ਕਲਾਕਾਰਾਂ ਨਾਲ ਵੱਡੇ ਸ਼ੋਅ ਕਰ ਚੁੱਕਾ ਹੈ। ਉਸ ਦਾ ਜਨਮ 17 ਅਪਰੈਲ 1984 ਨੂੰ ਫਲਸਤੀਨ ਵਿਚ ਜੇਨਿਨ ਵਿਖੇ ਹੋਇਆ ਸੀ ਅਤੇ ਅੱਜ ਕੱਲ੍ਹ ਉਹ ਕੈਨੇਡਾ ਦੀ ਰਾਜਧਾਨੀ ਓਟਵਾ ਵਿਚ ਰਹਿੰਦਾ ਹੈ। ਉਸ ਦਾ ਪਹਿਲਾ ਹੀ ਗੀਤ 'ਪ੍ਰੈਸ਼ਰ' ਕੈਨੇਡੀਅਨ ਸੀ.ਐਚ.ਆਰ. ਰੇਡਿਓ ਉਤੇ ਪਹਿਲੇ 10 ਪਾਪੂਲਰ ਗੀਤਾਂ ਵਿਚ ਆ ਗਿਆ ਸੀ। ਫਿਰ ਅਪਰੈਲ 2007 ਵਿਚ ਉਸ ਨੇ ਆਪਣਾ ਦੂਜਾ ਗੀਤ 'ਡੌਂਟ ਬੀ ਸ਼ਾਈ' ਰਿਲੀਜ਼ ਕੀਤਾ। ਇਸ ਗੀਤ ਨੂੰ ਵੀ ਉਸੇ ਤਰ੍ਹਾਂ ਭਰਪੂਰ ਹੁੰਗਾਰਾ ਮਿਲਿਆ। ਸਾਲ 2007 ਵਿਚ ਹੀ 5 ਜੂਨ ਨੂੰ ਉਸ ਦੀ ਪਲੇਠੀ ਐਲਬਮ 'ਦਿ ਰੈਵੋਲਿਊਸ਼ਨ' ਰਿਲੀਜ਼ ਹੋਈ। ਇਸ ਐਲਬਮ ਨਾਲ ਉਸ ਨੇ ਧੰਨ-ਧੰਨ ਕਰਵਾ ਦਿੱਤੀ। ਇਸ ਐਲਬਮ ਦੇ ਦੋ ਹਿੱਸੇ ਬਣਾਏ ਗਏ ਸਨ- 'ਦਿ ਪੀਪਲ' ਅਤੇ 'ਦਿ ਸਿਸਟਮ'। 'ਦਿ ਪਿਪਲ' ਵਾਲੇ ਗੀਤ ਬੜੀ ਗਹਿਰਾਈ ਵਾਲੇ ਸਨ। ਇਨ੍ਹਾਂ ਵਿਚ 'ਹਿਸਟਰੀ ਆਫ਼ ਵਾਇਲੈਂਸ', 'ਫੌਲੋ ਮੀ' ਅਤੇ 'ਰੈਵੋਲਿਊਸ਼ਨਰੀ' ਵਰਗੇ ਗੀਤ ਤਾਂ ਪਹਿਲਾਂ ਹੀ ਹਿੱਟ ਹੋ ਚੁੱਕੇ ਸਨ। ਕੈਨੇਡਾ ਵਿਚ ਇਹ ਐਲਬਮ ਖੂਬ ਚੱਲੀ ਅਤੇ ਇਸ ਦੀ ਬਦੌਲਤ ਸੰਨ 2000 ਵਿਚ ਉਸ ਨੂੰ ਵੱਕਾਰੀ ਜੂਨੋ ਇਨਾਮ ਵੀ ਮਿਲ ਗਿਆ। ਇਸ ਤੋਂ ਬਾਅਦ ਉਸ ਦੀਆਂ ਦੋ ਹੋਰ ਐਲਬਮਾਂ ਰਿਲੀਜ਼ ਹੋਈਆਂ- 'ਸਲੀਪਲੈੱਸ ਨਾਈਟਸ' (2012) ਅਤੇ 'ਐਨਅਦਰ ਡੇਅ ਇਨ ਪੈਰਾਡਾਈਸ' (2016)। 'ਐਨਅਦਰ ਡੇਅ ਇਨ ਪੈਰਾਡਾਈਸ' ਤਾਂ ਹੁਣੇ-ਹੁਣੇ 27 ਮਈ ਨੂੰ ਹੀ ਰਿਲੀਜ਼ ਕੀਤੀ ਗਈ ਹੈ।

ਇਸੇ ਤਰ੍ਹਾਂ 'ਦਿ ਵੀਐਂਡ' ਵੀ ਸੰਗੀਤ ਦੇ ਖੇਤਰ ਵਿਚ ਖੂਬ ਛਾਇਆ ਹੋਇਆ ਹੈ। ਉਸ ਦਾ ਜਨਮ 16 ਫਰਵਰੀ 1990 ਦਾ ਹੈ ਅਤੇ ਉਹ ਟੋਰਾਂਟੋ ਵਿਚ ਰਹਿੰਦਾ ਹੈ। ਉਸ ਦਾ ਅਸਲ ਨਾਂ ਅਬੁਲ ਮੈਕਨਨ ਤਿਸਫਾ ਹੈ ਅਤੇ 'ਦਿ ਵੀਕੈਂਡ' ਨਾਂ ਉਸ ਨੇ ਸਟੇਜ ਲਈ ਰੱਖਿਆ ਹੋਇਆ ਹੈ। ਉਸ ਦਾ ਜਨਮ ਟੋਰਾਂਟੋ ਵਿਚ ਹੀ ਹੋਇਆ ਸੀ ਅਤੇ ਉਸ ਦੇ ਮਾਪਿਆਂ ਦਾ ਪਿਛੋਕੜ ਇਥੋਪੀਆ ਦਾ ਹੈ। ਪੜ੍ਹਾਈ ਵਿਚ ਉਸ ਦਾ ਬਹੁਤਾ ਦਿਲ ਨਹੀਂ ਸੀ ਲਗਦਾ ਅਤੇ 17ਵੇਂ ਸਾਲ ਤੱਕ ਪੁੱਜਦਿਆਂ ਉਸ ਨੇ ਸਕੂਲ ਛੱਡ ਦਿੱਤਾ ਸੀ। ਇਸ ਪਿਛੋਂ ਉਸ ਨੇ ਗੀਤ-ਸੰਗੀਤ ਵੱਲ ਰੁਖ ਕਰ ਲਿਆ ਅਤੇ ਹੁਣ ਬਤੌਰ ਗਾਇਕ ਉਸ ਦੀ ਬੱਲੇ-ਬੱਲੇ ਹੈ। ਉਹ ਖੁਸ਼ ਹੈ ਕਿ ਡੋਨਲਡ ਟਰੰਪ ਵਾਲੇ ਸਮਾਗਮ ਵਿਚ ਨਾ ਜਾ ਕੇ ਉਹ ਆਪਣੇ ਲੋਕਾਂ ਵਾਲੀ ਕਤਾਰ ਵਿਚ ਖੜ੍ਹਾ ਨਜ਼ਰ ਆ ਰਿਹਾ ਹੈ।



ਗਾਇਕ ਵੀਕੈਂਡ



ਰੈਪਰ ਬੈਲੀ



### ਨਫਰਤ ਦਾ ਸੌਦਾਗਰ...

*ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਡੋਨਲਡ ਟਰੰਪ ਨੇ ਸੌੜੀ ਸੋਚ ਦਾ ਮੁਜ਼ਾਹਰਾ ਕਰਦਿਆਂ ਮੁਸਲਮਾਨਾਂ, ਰਫਿਊਜੀਆਂ, ਔਰਤਾਂ ਅਤੇ ਆਵਾਸੀਆਂ ਬਾਰੇ ਭੜਕਾਊ ਟਿੱਪਣੀਆਂ ਕੀਤੀਆਂ ਜਿਨ੍ਹਾਂ ਵਿਚੋਂ ਕੁਝ ਕੁ ਦੀ ਮੁਖਾਲਫਤ ਤਾਂ ਉਨ੍ਹਾਂ ਦੀ ਆਪਣੀ ਪਾਰਟੀ ਨੇ ਵੀ ਕੀਤੀ। ਉਂਝ ਸਾਰਿਆਂ ਨੂੰ ਹੈਰਾਨੀ ਇਸ ਗੱਲ ਦੀ ਹੋਈ ਕਿ ਇਨ੍ਹਾਂ ਟਿੱਪਣੀਆਂ ਨੂੰ ਵੀ ਲੋਕਾਂ ਨੇ ਹੁੰਗਾਰਾ ਭਰਿਆ ਅਤੇ ਉਸ ਨੇ ਆਪਣੇ ਸਭ ਮੁਕਾਬਲਾਕਾਰਾਂ ਨੂੰ ਬੁਰੀ ਤਰ੍ਹਾਂ ਪਛਾੜ ਦਿੱਤਾ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 11 ਜੂਨ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-224



*ਮੂਲ ਨਾਲੋਂ ਵਿਆਜ ਹੁੰਦਾ ਬਾਬਿਆਂ ਨੂੰ ਪਿਆਰਾ।*
*ਪੰਡ 'ਤੇ ਬਹਾਇਆ ਤਾਂਹੀਓਂ ਅੱਖੀਆਂ ਦਾ ਤਾਰਾ।*

## ਕੈਪਸ਼ਨ ਮੁਕਾਬਲਾ-222



ਜੀਵਨ ਦੀ ਚਾਲ ਰਤਾ ਮੱਠੀ ਸੀ
ਢੋਂਦੇ ਸਨ ਗੱਡੇ, ਗੱਡੀਆਂ ਤੇ ਯੱਕੇ।
ਨਾ ਲੋੜ ਸੀ ਪੈਟਰੋਲ ਗੈਸ ਦੀ
ਖਿੱਚਦੇ ਬਲਦ ਤੇ ਘੋੜੇ ਜੋ ਖਾਂਦੇ ਪੱਠੇ।
ਤੇਜ਼ੀ ਦਾ ਜ਼ਮਾਨਾ ਆ ਗਿਆ
ਲਈ ਕਾਰਾਂ-ਮੋਟਰਾਂ ਨੇ ਥਾਂ।
ਗੈਰਾਜ ਉਥੇ ਬਣਾ ਲਈ
ਜਿਥੇ ਬੱਝਦੀ ਸੀ ਮੱਝ ਤੇ ਗਾਂ।
ਵੱਡੇ ਬੱਚਿਆਂ ਨੂੰ ਸਕੂਲੇ ਛੱਡ ਕੇ
ਰਹੇ ਬਾਬਾ-ਪੋਤਾ ਪਿਕਨਿਕ ਮਨਾ।
ਘਰ ਦਿਆਂ ਤੋਂ ਚੋਰੀ ਦੋਵੇਂ ਜਣੇ
ਗੱਫੇ ਚਾਹ-ਸਮੋਸਿਆਂ ਦੇ ਰਹੇ ਲਾ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਦਾਦੇ ਪੋਤੇ ਕਰਿਆ ਮਸ਼ਵਰਾ,
ਕਿਉਂ ਨਾ ਪਿਕਨਿਕ ਅੱਜ ਮਨਾਈਏ।
ਗੱਡੀ ਦੇ ਵਿਚ ਬੈਠ ਕੇ ਦੋਵੇਂ,
ਪਾਰਕ ਦੇ ਵਿਚ ਜਾਈਏ।
ਚੱਪ ਮਾਰ ਕੇ ਬੈਠ ਕੇ ਭੁੰਜੇ,
ਤਰ੍ਹਾਂ ਤਰ੍ਹਾਂ ਦਾ ਲੁਤਫ਼ ਉਠਾਈਏ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-9878337222***

---

ਬਾਬੇ ਪੋਤੇ ਦੀ ਲਗਦੀ ਗੂੜੀ ਯਾਰੀ
ਸਮਾਂ ਸੀ ਪੁਰਾਣਾ ਅੱਜ-ਕਲ ਕਹਾਣੀ।
ਤੋੜ ਬੁਰਕੀ ਪੋਤੇ ਮੂੰਹੀਂ ਪਾਈ ਜਾਵੇ
ਨਬਜ਼ ਦੁਨੀਆਂ ਦੀ ਸਮਝਾਈ ਜਾਵੇ।
ਬੱਚਾ ਦਾਦੇ ਲਈ ਫੁੱਲਾਂ ਦੀ ਕਿਆਰੀ
ਅੱਜ ਤਾਂ ਮੱਤ ਟੈਲੀਵਿਜ਼ਨ ਨੇ ਮਾਰੀ।
ਬੱਝਦਾ ਮੁੱਢ ਜਿੱਥੇ ਹੋਵੇ ਇਹ ਯਾਰੀ
ਦਾਦਾ ਰੋਜ ਪੋਤੇ ਨੂੰ ਸੁਣਾਵੇ ਕਹਾਣੀ।
ਮੂਲ ਨਾਲੋਂ ਵਿਆਜ ਥਾਂਦੀ ਪਿਆਰਾ
ਜੱਗ ਉਤੇ ਰਿਸਤਾ ਇਹ ਹੈ ਨਿਆਰਾ।

***-ਸਤਵਿੰਦਰ ਥਾਂਦੀ ਦੌਲਤਪੁਰੀਆ***

---

ਨੰਨਾ ਬੱਚਾ ਲਾਡਲਾ
ਪੂਰਾ ਸਾਫ, ਕੋਰੀ ਸਲੇਟ।
ਜਿਸ ਪਿਆਰ ਦਿੱਤਾ
ਬਣ ਗਿਆ ਉਸ ਦਾ।
ਬਾਪ ਟੋਕਦਾ ਰਹਿੰਦਾ
ਪੁੱਤ ਕੰਨੀ ਕਤਰਾਉਂਦਾ ਬਾਪੂ ਤੋਂ।
ਬਾਬਾ ਜਾਣਦਾ ਪਰਚਾਉਣਾ ਬੱਚੇ ਨੂੰ
ਤਰ੍ਹਾਂ ਤਰ੍ਹਾਂ ਦੇ ਖਾਣੇ
ਪੀਣ ਲਈ ਸੌਫਟ ਡਰਿੰਕ।
ਕਰ ਦਿੱਤਾ ਖੁਸ਼ ਪੋਤੇ ਨੂੰ
ਬਹਿ ਗਿਆ ਚੁੱਪ ਚਾਪ
ਸੁਣਦਾ ਰਮਜਾਂ ਬਾਬੇ ਦੀਆਂ।
ਅੱਜ ਬੱਚੇ ਦੀ ਕੋਈ ਨਾ ਸਮਝ ਸਕਦਾ
ਵਾਹ ਪੈਂਦਾ ਜਿਸ ਨਾਲ।

***-ਦਰਸ਼ਨਪਾਲ ਦੋਸਾਂਝ***

---

ਪਿਓ-ਪੁੱਤ ਦੀ ਯਾਰੀ ਦੀ
ਨਹੀਂ ਮਿਲਦੀ ਕਿਧਰੇ ਮਿਸਾਲ।
ਪਰ ਫੋਟੋ ਵਿਚ ਦਾਦਾ-ਪੋਤਾ
ਕਰੀ ਜਾਂਦੇ ਕਮਾਲ।
ਵੇਖੋ ਕਿਵੇਂ ਘਿਓ-ਖਿਚੜੀ
ਹੋਈ ਬੈਠੇ ਇਕ ਦੂਜੇ ਨਾਲ।
ਬਦਲ ਗਿਆ ਜ਼ਮਾਨਾ ਬਹੁਤ
ਹੁਣ, ਮੇਰਾ ਇਹ ਖਿਆਲ।
ਹੁਣ ਘੱਟ ਹੀ ਮਿਲਦੇ
ਇਹੋ ਜਿਹੇ ਪੋਤੇ ਦਾਦੇ ਨਾਲ।
ਚੁੱਕ ਮੋਢਿਆਂ ਉਪਰ ਪੋਤੇ ਨੂੰ
ਦਾਦਾ ਸੱਥ ਦਾ ਗੇੜਾ ਲਾਉਂਦਾ ਸੀ।
ਹਰ ਆਪਣੇ ਹਾਣੀ ਪਰਵਾਣੀ ਨੂੰ
ਦਾਦਾ ਪੋਤੇ ਤਾਈਂ ਮਿਲਾਉਂਦਾ ਸੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

# ਸ਼ਹੀਦ ਸੰਤ ਰਾਮਾਨੰਦ ਦੀ ਬਰਸੀ ਮਨਾਈ

**ਸੈਕਰਾਮੈਂਟੋ (ਬਿਊਰੋ):** ਸ਼ਹੀਦ ਸੰਤ ਰਾਮਾਨੰਦ ਦੀ ਬਰਸੀ ਲੰਘੇ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ ਵਿਖੇ ਮਨਾਈ ਗਈ। ਸੁੱਖਮਣੀ ਸਾਹਿਬ ਦੇ ਭੋਗ ਉਪਰੰਤ ਭਾਈ ਜਸਪਾਲ ਸਿੰਘ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ।







ਮਹਾਨ ਸ਼ਹੀਦ ਸੰਤ ਰਾਮਾਨੰਦ **ਦੀ ਜੀਵਨੀ** ਬਾਰੇ ਸ੍ਰੀ ਕੇਵਲ ਬਲੀਨਾ, ਹੰਸਰਾਜ ਕਜਲਾ, ਪ੍ਰੇਮ ਚੁੰਬਰ ਅਤੇ ਜਸਵੰਤ ਸ਼ੀਮਾਰ ਨੇ ਚਾਨਣਾ ਪਾਇਆ ਅਤੇ ਦੱਸਿਆ ਕਿ ਸੰਤ ਰਾਮਾਨੰਦ ਡੇਰਾ ਸੱਚ ਖੰਡ ਬੱਲਾਂ ਡੇਰਾ ਮੁਖੀ ਸੰਤ ਨਰੰਜਨ ਦਾਸ ਦੀ ਪ੍ਰੇਰਣਾ ਨਾਲ ਗੁਰੂ ਘਰ ਵਿਖੇ ਪੱਕੇ ਤੌਰ ਤੇ ਗੁਰਬਾਣੀ ਪ੍ਰਚਾਰਕ ਦੇ ਤੌਰ 'ਤੇ ਡਿਊਟੀ ਨਿਭਾਉਣੀ ਸ਼ੁਰੂ ਕੀਤੀ। ਚੰਗੇ ਪੜ੍ਹੇ ਲਿਖੇ ਹੋਣ ਕਰਕੇ ਉਨ੍ਹਾਂ ਸਾਰੇ ਧਰਮਾ ਦਾ ਅਧਿਐਨ ਕੀਤਾ। ਸੰਤ ਨਰੰਜਨ ਦਾਸ ਜਿਥੇ ਵੀ ਯਾਤਰਾ 'ਤੇ ਜਾਂਦੇ ਸਨ, ਸੰਤ ਰਾਮਾਨੰਦ ਜੀ ਨੂੰ ਨਾਲ ਹੀ ਲੈ ਕੇ ਜਾਂਦੇ।

ਸੰਤ ਰਾਮਾਨੰਦ ਜੀ ਬੜੇ ਸੁਲਝੇ ਹੋਏ ਪ੍ਰਚਾਰਕ ਸਨ। ਉਹ ਸੰਗਤਾ ਨੂੰ ਹਮੇਸ਼ਾਂ ਬਾਣੀ ਨਾਲ ਜੁੜਨ ਦੀ ਪ੍ਰੇਰਣਾ ਕਰਦੇ। ਕੌਮ ਦੇ ਦੋਖੀਆਂ ਕੋਲੋਂ ਇਹ ਸਭ ਕੁਝ ਸਹਾਰਿਆ ਨਾ ਗਿਆ। ਆਸਟਰੀਆ ਦੇ ਸ਼ਹਿਰ ਵਿਆਨਾ ਵਿਖੇ ਇਕ ਧਾਰਮਕ ਪ੍ਰੋਗਰਾਮ ਦੌਰਾਨ 25, ਮਈ 2009 ਨੂੰ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਉਨ੍ਹਾਂ ਦੀ ਸ਼ਹੀਦੀ ਦਾ ਵਿਰੋਧ ਪੂਰੇ ਪੰਜਾਬ ਵਿੱਚ ਸਭ ਧਰਮਾਂ ਦੇ ਲੋਕਾਂ ਨੇ ਕੀਤਾ।

ਸਟੇਜ ਦੀ ਕਾਰਵਾਈ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ ਦੇ ਪ੍ਰਧਾਨ ਸ੍ਰੀ ਰਮੇਸ਼ ਬੰਗੜ ਨੇ ਨਿਭਾਈ। ਪ੍ਰੋਗਰਾਮ ਵਿਚ ਬਲਵਿੰਦਰ ਰਲ੍ਹ (ਚੇਅਰਮੈਨ), ਸਤਨਾਮ ਸਿੰਘ ਮੰਡਲੀ (ਵਾਈਸ ਚੇਅਰਮੈਨ), ਰਮੇਸ਼ ਬੰਗੜ (ਪ੍ਰਧਾਨ), ਗੁਰਦਿਆਲ ਮੱਲ (ਮੀਤ ਪ੍ਰਧਾਨ), ਮੱਖਣ ਲੋਹਾਰ (ਮੀਤ ਪ੍ਰਧਾਨ), ਰਾਜ ਬੱਧਣ (ਆਫਿਸ ਸੈਕਟਰੀ), ਸ਼ਿਵ ਸਿੰਘ ਹੀਰਾ (ਸਟੇਜ ਸੈਕਟਰੀ), ਸੁਰਿੰਦਰ ਮੱਲ ਤੇ ਦਿਲਬਾਗ ਰਾਣਾ (ਖਜਾਨਚੀ), ਦੀਪਕ ਸਰੋਆ (ਪੀ ਆਰ ਓ), ਮੋਹਿੰਦਰ ਸਿੰਘ ਧਾਮੀ (ਕਿਚਨ ਮੈਨਜਰ), ਮਨਜੀਤ ਪਾਲ (ਮੈਂਟੀਨੈਸ) ਹਾਜਰ ਸਨ।

# ਕਾਨੂੰਨ ਵਿਵਸਥਾ ਨਾਲ ਕੋਈ ਸਮਝੌਤਾ ਨਹੀਂ: ਬਾਦਲ

**ਲੁਧਿਆਣਾ:** ਸੂਬੇ ਦੀ ਕਾਨੂੰਨ ਵਿਵਸਥਾ 'ਤੇ ਭਾਰਤੀ ਜਨਤਾ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਚਿੰਤਾ ਦਾ ਪ੍ਰਗਟਾਵਾ ਕਰਨ ਦੀਆਂ ਮੀਡੀਆ ਰਿਪੋਰਟਾਂ ਨੂੰ ਰੱਦ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਪਸ਼ਟ ਕੀਤਾ ਹੈ ਕਿ ਪੰਜਾਬ ਦੇਸ਼ ਦਾ ਸਭ ਤੋਂ ਸ਼ਾਂਤੀ ਵਾਲਾ ਸੂਬਾ ਹੈ ਅਤੇ ਇਥੇ ਲੋਕਾਂ ਵਿਚ ਗੂੜ੍ਹੀ ਭਾਈਚਾਰਕ ਸਾਂਝ ਹੈ। ਨਕੋਦਰ ਵਿਧਾਨ ਸਭਾ ਹਲਕੇ ਵਿਚ ਸੰਗਤ ਦਰਸ਼ਨ ਦੇ ਦੂਜੇ ਦਿਨ ਤਲਵਣ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਬਹੁਤ ਵਧੀਆ ਹੈ ਅਤੇ ਇਕਾਦੁਕਾ ਘਟਨਾਵਾਂ ਦੁਨੀਆਂ ਭਰ ਵਿਚ ਕਿਤੇ ਵੀ ਵਾਪਰ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਇਕ ਅੱਧੀ ਘਟਨਾ ਦੇ ਅਧਾਰ 'ਤੇ ਕਿਸੇ ਇਲਾਕੇ ਦੀ ਮੁਕੰਮਲ ਕਾਨੂੰਨ ਵਿਵਸਥਾ ਦੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਕਾਨੂੰਨ ਵਿਵਸਥਾ ਦੇ ਸਬੰਧ ਵਿਚ ਕੋਈ ਵੀ ਸਮਝੌਤਾ ਨਾ ਕਰਨ ਦੀ ਗੱਲ ਕਰਦੇ ਹੋਏ ਸ. ਬਾਦਲ ਨੇ ਕਿਹਾ ਕਿ ਉਹ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਖੁਦ ਨਿਗਰਾਨੀ ਰੱਖ ਰਹੇ ਹਨ ਅਤੇ ਉਨ੍ਹਾਂ ਨੇ ਪੁਲਿਸ ਦੇ ਉਚ ਅਧਿਕਾਰੀਆਂ ਨੂੰ ਸੂਬੇ ਦੇ ਹਰੇਕ ਨਾਗਰਿਕ ਦੀ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਹਰੇਕ ਨਾਗਰਿਕ ਨੂੰ ਸੁਰੱਖਿਆ ਦੇਣਾ ਸਰਕਾਰ ਦਾ ਮੁੱਖ ਫਰਜ਼ ਹੈ। ਸੂਬੇ ਦੀ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਪੁਲੀਸ ਮੁਖੀ ਵਲੋਂ ਉਨ੍ਹਾਂ ਨੂੰ ਨਿਯਮਤ ਤੌਰ 'ਤੇ ਜਾਣੂ ਕਰਵਾਇਆ ਜਾ ਰਿਹਾ ਹੈ।

ਸ. ਬਾਦਲ ਨੇ ਕਿਹਾ ਕਿ ਲੋਕਾਂ ਦੇ ਸਮਰਥਨ ਤੋਂ ਬਿਨਾ ਸੂਬੇ ਵਿਚ ਅਤਿਵਾਦ ਕਦੀ ਵੀ ਸਿਰ ਨਹੀਂ ਚੁੱਕ ਸਕਦਾ। ਪੰਜਾਬ ਦੇ ਲੋਕਾਂ ਨੇ ਪਹਿਲਾਂ ਹੀ ਇਕ ਦਹਾਕਾ ਚੱਲੇ ਅਤਿਵਾਦ ਦੌਰਾਨ ਭਾਰੀ ਕੀਮਤ ਅਦਾ ਕੀਤੀ ਹੈ ਅਤੇ ਹੁਣ ਸੂਬੇ ਦੇ ਲੋਕ ਅਤਿਵਾਦ ਦੇ ਉਸ ਕਾਲੇ ਦੌਰ ਦੇ ਮੁੜ ਆਉਣ ਨੂੰ ਕਦੀ ਵੀ ਆਗਿਆ ਨਹੀਂ ਦੇਣਗੇ ਜਿਸ ਨੇ ਸੂਬੇ ਦੇ ਵਿਕਾਸ ਅਤੇ ਖੁਸ਼ਹਾਲੀ ਨੂੰ ਪਿੱਛੇ ਧੱਕ ਦਿਤਾ ਸੀ। ਭਗਤ ਪੂਰਨ ਸਿੰਘ ਸਿਹਤ ਬੀਮਾ ਸਕੀਮ ਬਾਰੇ ਸ. ਬਾਦਲ ਨੇ ਕਿਹਾ ਕਿ ਇਹ ਸਕੀਮ ਬਹੁਤ ਵਧੀਆ ਤਰੀਕੇ ਨਾਲ ਚੱਲ ਰਹੀ ਹੈ। ਇਹ ਆਪਣੇ ਆਪ ਵਿਚ ਨਿਵੇਕਲੀ ਸਕੀਮ ਹੋਣ ਕਾਰਨ ਸ਼ੁਰੂ ਵਿਚ ਇਸ 'ਚ ਕੋਈ ਤਕਨੀਕੀ ਸਮੱਸਿਆ ਆ ਸਕਦੀ ਹੈ ਜਿਸ ਨੂੰ ਪੂਰੀ ਤਰ੍ਹਾਂ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਲਾਭਪਾਤਰੀਆਂ ਨੂੰ ਮਦਦ ਮੁਹੱਈਆ ਕਰਵਾਉਣ ਲਈ 104 ਹੈਲਪ ਲਾਈਨ ਨੰਬਰ ਸ਼ੁਰੂ ਕੀਤਾ ਹੈ। ਕੋਈ ਵੀ ਇਸ 'ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਜਿਸ ਦਾ ਤੁਰਤ ਹੱਲ ਕੀਤਾ ਜਾਂਦਾ ਹੈ।

# ਸੁਖਬੀਰ ਵੱਲੋਂ 'ਲੁਧਿਆਣਾ ਸੇਫ ਸਿਟੀ ਪ੍ਰਾਜੈਕਟ' ਮੁਕੰਮਲ ਕਰਨ ਦੀ ਹਦਾਇਤ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੂਬੇ ਦੇ ਪਹਿਲੇ 'ਲੁਧਿਆਣਾ ਸੇਫ ਸਿਟੀ ਪ੍ਰਾਜੈਕਟ' ਨੂੰ ਪਹਿਲੀ ਅਕਤੂਬਰ, 2016 ਤਕ ਮੁਕੰਮਲ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਇਥੇ ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ. ਬਾਦਲ ਨੇ ਕਿਹਾ ਕਿ ਪੰਜਾਬ ਲਈ ਇਹ ਪ੍ਰਾਜੈਕਟ ਬਹੁਤ ਮਹੱਤਵਪੂਰਣ ਹੈ ਕਿਉਂ ਕਿ ਲੁਧਿਆਣਾ ਸ਼ਹਿਰ ਜਿਥੇ ਸੂਬੇ ਦਾ ਸਭ ਤੋਂ ਵੱਡਾ ਸਨਅਤੀ ਸ਼ਹਿਰ ਹੈ ਉੱਥੇ ਹੀ ਜਨ ਸੰਖਿਆ ਪੱਖੋਂ ਵੀ ਇਹ ਬਹੁਤ ਅਹਿਮ ਸ਼ਹਿਰ ਹੈ ਅਤੇ ਵਿਸ਼ਵ ਪੱਧਰ 'ਤੇ ਪੰਜਾਬ ਦੇ ਜਿਹੜੇ ਸ਼ਹਿਰਾਂ ਦਾ ਵੱਡਾ ਨਾਂ ਹੈ, ਲੁਧਿਆਣਾ ਉਨ੍ਹਾਂ ਵਿਚ ਸਿਖਰ 'ਤੇ ਹੈ।

ਉਨ੍ਹਾਂ ਕਿਹਾ ਕਿ 'ਲੁਧਿਆਣਾ ਸੇਫ ਸਿਟੀ ਪ੍ਰਾਜੈਕਟ' ਦੇ ਮੁਕੰਮਲ ਹੋਣ ਨਾਲ ਜਿਥੇ ਮਹਾਂ ਨਗਰ ਦੀ ਟ੍ਰੈਫਿਕ ਵਿਵਸਥਾ ਸੁਚਾਰੂ ਹੋਵੇਗੀ, ਉਥੇ ਹੀ ਸ਼ਹਿਰ ਨੂੰ ਅਪਰਾਧ ਮੁਕਤ ਕਰਨ ਵਿਚ ਵੀ ਇਸ ਦਾ ਵੱਡਾ ਯੋਗਦਾਨ ਹੋਵੇਗਾ। ਸ. ਬਾਦਲ ਨੇ ਕਿਹਾ ਕਿ ਸਨਅਤੀ ਸ਼ਹਿਰ ਦੇ 'ਸਮਾਰਟ ਸਿਟੀ' ਬਣਨ ਵਿਚ 'ਸੇਫ ਸਿਟੀ ਪ੍ਰਾਜੈਕਟ' ਪਹਿਲਾ ਅਹਿਮ ਕਦਮ ਕਦਮ ਹੋਵੇਗਾ ਕਿਉਂ ਕਿ ਸ਼ਹਿਰ ਦੀਆਂ ਵੱਖ-ਵੱਖ 159 ਥਾਂਵਾਂ 'ਤੇ ਆਧੁਨਿਕ ਤਕਨੀਕ ਦੇ ਕੁੱਲ 1442 ਕੈਮਰੇ ਸਥਾਪਤ ਕਰਨ ਨਾਲ ਸ਼ਹਿਰ 'ਤੇ ਬਾਜ਼ ਅੱਖ ਰੱਖੀ ਜਾ ਸਕੇਗੀ।


ਉੱਪ ਮੁੱਖ ਮੰਤਰੀ ਨੇ ਹਾਜ਼ਰ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਸ਼ਹਿਰ ਦੀਆਂ ਸਾਰੀਆਂ ਨਾਜ਼ੁਕ, ਸੰਵੇਦਨਸ਼ੀਲ ਅਤੇ ਮਹੱਤਵਪੂਰਣ ਥਾਂਵਾਂ ਦੀ ਨਿਸ਼ਾਨਦੇਹੀ ਕਰ ਕੇ ਉਥੇ ਅਤਿ ਆਧੁਨਿਕ ਤਕਨੀਕ ਦੇ ਕੈਮਰੇ ਸਥਾਪਤ ਕੀਤੇ ਜਾਣ। ਕਾਬਲੇਗੌਰ ਹੈ ਕਿ ਇਨ੍ਹਾਂ ਕੈਮਰਿਆਂ ਰਾਹੀਂ ਗਤੀਵਿਧੀਆਂ ਚੈੱਕ ਕਰਨ ਲਈ ਸ਼ਹਿਰ ਵਿਚ ਮੋਨੀਟਰਿੰਗ ਅਤੇ ਕੰਟਰੋਲ ਸਥਾਪਤ ਕੀਤੇ ਜਾਣਗੇ। ਇਸ ਤੋਂ ਇਲਾਵਾ ਜਲਦ ਹੀ ਅੰਮ੍ਰਿਤਸਰ ਦਾ ਸੇਫ ਸਿਟੀ ਪ੍ਰਾਜੈਕਟ ਵੀ ਨੇਪਰੇ ਚਾੜ੍ਹਿਆ ਜਾਵੇਗਾ। ਇਥੇ ਦੱਸ ਦੇਈਏ ਕਿ ਦੇਸ਼ ਭਰ ਵਿਚ ਜਿਨ੍ਹਾਂ 27 ਸ਼ਹਿਰਾਂ ਦੀ ਸੇਫ ਸਿਟੀ ਪ੍ਰਾਜੈਕਟ ਲਈ ਚੋਣ ਹੋਈ ਸੀ, ਉਨ੍ਹਾਂ ਵਿਚ ਲੁਧਿਆਣਾ ਤੇ ਅੰਮ੍ਰਿਤਸਰ ਵੀ ਸ਼ੁਮਾਰ ਸਨ।

# ਬਹੁਤਾ ਕੰਮ ਕਰਨ ਵਾਲੇ ਸਾਵਧਾਨ!

**ਲੰਡਨ:** ਕੰਮ ਪ੍ਰਤੀ ਦੀਵਾਨਗੀ ਰੱਖਣ ਵਾਲੇ ਲੋਕ ਧਿਆਨ ਦੇਣ। ਜੇ ਤੁਹਾਨੂੰ ਕੰਮ ਕਰਨ ਦੀ ਆਦਤ ਹੈ ਤਾਂ ਇਹ ਮਨੋਰੋਗ ਦੇ ਲੱਛਣ ਹੋ ਸਕਦੇ ਹਨ ਤੇ ਇਸ ਕਾਰਨ ਤੁਹਾਨੂੰ ਚਿੰਤਾ ਤੇ ਨਿਰਾਸ਼ਾ (ਡਿਪਰੈਸ਼ਨ) ਹੋ ਸਕਦੀ ਹੈ। ਇਹ ਦਾਅਵਾ ਖੋਜੀਆਂ ਦੇ ਇਕ ਸਮੂਹ ਨੇ ਅਧਿਐਨ ਕਰਨ ਬਾਅਦ ਕੀਤਾ ਹੈ। ਇਸ ਸਮੂਹ ਵਿਚ ਇਕ ਖੋਜੀ ਰਜਿਤਾ ਸਿਨਹਾ ਭਾਰਤੀ ਮੂਲ ਦੀ ਹੈ ਤੇ ਯੇਲ ਯੂਨੀਵਰਸਿਟੀ ਨਾਲ ਸਬੰਧਤ ਹੈ। ਵਿਗਿਆਨੀਆਂ ਨੇ ਕੰਮ ਕਰਨ ਵਾਲੇ 16426 ਬਾਲਗਾਂ ਵਿਚ ਕੰਮ ਦੀ ਆਦਤ ਤੇ ਮਾਨਸਿਕ ਵਿਕਾਰ ਵਿਚਾਲੇ ਸਬੰਧ ਦਾ ਅਧਿਐਨ ਕੀਤਾ। ਨਾਰਵੇ ਵਿਚ ਬੇਰਗੇਨ ਯੂਨੀਵਰਸਿਟੀ ਦੇ ਸੇਸਿਲੀ ਐਂਡਰਸਨ ਨੇ ਦੱਸਿਆ, 'ਕੰਮ ਤੋਂ ਬਚਣ ਵਾਲਿਆਂ ਦੇ ਮੁਕਾਬਲੇ ਕੰਮ ਕਰਨ ਵਾਲਿਆਂ ਮਾਨਸਿਕ ਵਿਕਾਰ ਦੇ ਲੱਛਣ ਪਾਏ ਗਏ ਹਨ।'

ਖੋਜੀਆਂ ਨੇ ਕਿਹਾ ਕਿ ਕੰਮਕਾਜ ਦੀ ਆਦਤ ਵਾਲੇ 32.7 ਫੀਸਦੀ ਲੋਕਾਂ ਵਿਚ ਅਟੈਂਸ਼ਨ ਡੈਫਿਸਿਟ/ ਹਾਈਪਰ ਐਕਟੀਵਿਟੀ ਡਿਸਆਰਡਰ ਦਾ ਵਿਕਾਰ ਕੰਮ ਤੋਂ ਬਚਣ ਵਾਲਿਆਂ ਦੇ ਮੁਕਾਬਲੇ 12.7 ਫੀਸਦੀ ਵਧ ਰਿਹਾ। ਅਧਿਐਨ ਦੇ ਨਤੀਜੇ ਪੀ.ਐਲ.ਓ.ਐਸ. ਵਨ ਰਸਾਲੇ ਵਿਚ ਪ੍ਰਕਾਸ਼ਤ ਹੋਏ ਹਨ। ਕੰਮ ਜ਼ਿਆਦਾ ਕਰਨ ਵਾਲਿਆਂ ਵਿਚ ਨਿਰਾਸ਼ਾ ਦੇ 9 ਫੀਸਦੀ ਕੇਸ ਪਾਏ ਗਏ ਜਦ ਕਿ ਕੰਮ ਤੋਂ ਬਚਣ ਵਾਲਿਆਂ ਦੀ ਇਹ ਗਿਣਤੀ ਸਿਰਫ 2.9 ਫੀਸਦੀ ਰਹੀ।

# ਲੋਕ ਹਿਤਾਂ ਤੇ ਪੰਜਾਬੀਅਤ ਦੀ ਸੇਵਾ ਲਈ ਸਮਰਪਿਤ ਡਾ. ਹਰਮੇਸ਼ ਕੁਮਾਰ



ਪੰਜਾਬੀ ਦੁਨੀਆਂ ਵਿਚ ਜਿਥੇ ਵੀ ਗਏ, ਉਨ੍ਹਾਂ ਉਥੇ ਹੀ ਕਾਮਯਾਬੀ ਦੇ ਝੰਡੇ ਗੱਡੇ ਹਨ। ਲੱਖ ਦੁੱਖ-ਤਕਲੀਫਾਂ ਝੱਲਦਿਆਂ ਵੀ ਉਨ੍ਹਾਂ ਆਪਣੇ ਦ੍ਰਿੜ ਇਰਾਦੇ ਨਾਲ ਜਿਥੇ ਪਰਦੇਸਾਂ ਵਿਚ ਵੱਡੇ ਵੱਡੇ ਕਾਰੋਬਾਰ ਸਥਾਪਿਤ ਕੀਤੇ, ਉਥੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਲਈ ਜੱਦੋ ਜਹਿਦ ਵੀ ਕੀਤੀ ਹੈ।

ਪੰਜਾਬੀਆਂ ਨੇ ਵਿਦੇਸ਼ੀ ਧਰਤੀ 'ਤੇ ਉਥੋਂ ਦੀ ਰਾਜਨੀਤੀ ਵਿਚ ਹਿੱਸਾ ਲੈ ਕੇ ਆਪਣੀ ਕਮਿਊਨਿਟੀ ਨੂੰ ਅੱਗੇ ਲਿਆਉਣ ਲਈ ਵੀ ਕਾਫੀ ਹੰਭਲੇ ਮਾਰੇ ਹਨ। ਕੈਨੇਡਾ 'ਚ ਇਤਿਹਾਸ ਸਿਰਜਦਿਆਂ ਉਥੇ ਪੰਜਾਬੀਆਂ ਨੇ ਮੰਤਰੀਆਂ ਤੱਕ ਦੇ ਅਹੁਦੇ ਪ੍ਰਾਪਤ ਕੀਤੇ ਹਨ। ਇਸੇ ਇਤਿਹਾਸ ਨੂੰ ਅਮਰੀਕਾ ਦੀ ਸਿਆਸਤ ਵਿਚ ਵੀ ਮੁੜ ਦੁਹਰਾਉਣ ਲਈ ਕਈ ਪੰਜਾਬੀ ਭਰਾ ਆਉਣ ਵਾਲੀਆਂ ਚੋਣਾਂ 'ਚ ਆਪੋ ਆਪਣੀ ਕਿਸਮਤ ਅਜ਼ਮਾ ਰਹੇ ਹਨ। ਇਸੇ ਹੀ ਲੜੀ ਵਿਚ ਕੈਲੀਫੋਰਨੀਆ ਅਸੈਂਬਲੀ ਚੋਣਾਂ 'ਚ ਉਘੇ ਬਿਜਨਸਮੈਨ ਤੇ ਸਮਾਜ ਸੇਵੀ ਡਾ. ਹਰਮੇਸ਼ ਕੁਮਾਰ ਡਿਸਟ੍ਰਿਕਟ 14 ਤੋਂ ਉਮੀਦਵਾਰ ਹਨ। ਇਸ ਡਿਸਟ੍ਰਿਕਟ ਵਿਚ 12 ਸ਼ਹਿਰ ਆਉਂਦੇ ਹਨ ਜਿਨ੍ਹਾਂ ਵਿਚ ਪਿਟਸਬਰਗ, ਕਾਉਂਕਟ, ਵਾਲਨਟ ਕਰੀਕ, ਪਲੈਜ਼ੈਂਟ ਹਿੱਲ, ਮਾਰਟੀਨੈਜ਼, ਰਡਿਓ, ਕਰੋਕਿਡ, ਬਲਿਓ, ਬਨੀਸ਼ਾ, ਬੇ ਪੁਆਇੰਟ, ਕਲਾਈਡ, ਕਲਿੰਟਨ।

ਡਾ. ਹਰਮੇਸ਼ ਕੁਮਾਰ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਹਨ ਅਤੇ ਉਨ੍ਹਾਂ ਦਾ ਜਨਮ ਪਿੰਡ ਨੈਨੋਵਾਲ ਜੱਟਾਂ ਵਿਚ ਹੋਇਆ। ਉਨ੍ਹਾਂ ਦੇ ਦਾਦਾ ਮੁਣਸ਼ੀ ਦਾਸ ਪਿੰਡ 'ਚ ਲੰਮਾ ਸਮਾਂ ਨੰਬਰਦਾਰ ਰਹੇ ਜਦੋਂਕਿ ਉਨ੍ਹਾਂ ਦੇ ਨਾਨਾ ਉਤਮ ਚੰਦ ਪਿੰਡ ਢੱਡੇ ਕਾਂਸੀਵਾਲ ਨਜ਼ਦੀਕ ਬੁੱਲੋਵਾਲ ਦੇ ਨੰਬਰਦਾਰ ਰਹੇ। ਡਾ. ਹਰਮੇਸ ਕੁਮਾਰ ਨੇ 10+2 ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਘੰਟਾ ਘਰ, ਹੁਸ਼ਿਆਰਪੁਰ ਤੋਂ ਕੀਤੀ ਜਦੋਂਕਿ ਬੀ.ਏ. ਸਰਕਾਰੀ ਕਾਲਜ ਚੰਡੀਗੜ੍ਹ ਤੋਂ ਕੀਤੀ। ਇਸ ਤੋਂ ਇਲਾਵਾ ਐਮ.ਏ., ਐਮ.ਫਿਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ। ਡਾ. ਹਰਮੇਸ਼ ਕੁਮਾਰ ਨੇ ਪੀਐਚ.ਡੀ. ਪੀ.ਜੀ.ਆਈ., ਚੰਡੀਗੜ੍ਹ ਤੋਂ ਕੀਤੀ ਅਤੇ 1990 ਵਿਚ ਉਹ ਅਮਰੀਕਾ ਆ ਗਏ। ਇਥੇ ਆ ਕੇ ਵੀ ਉਨ੍ਹਾਂ ਪੜ੍ਹਾਈ ਨਹੀਂ ਛੱਡੀ। ਇਥੇ ਉਨ੍ਹਾਂ ਯੂਨੀਵਰਸਿਟੀ ਆਫ ਕੈਲੀਫੋਰਨੀਆ, ਸੈਨ ਫਰਾਂਸਿਸਕੋ ਵਿਚ ਡਾ. ਰੋਨਲਡ ਰੂਫ ਤੋਂ ਪੋਸਟ ਡਾਕਟਰਲ ਫੈਲੋਸ਼ਿਪ ਇੰਨ ਕਲਿਨਿਕਲ ਨਿਊਰੋ ਸਾਇਕਾਲੋਜ਼ੀ ਦੀ ਡਿਗਰੀ ਪ੍ਰਾਪਤ ਕਰਕੇ ਆਪਣਾ ਕਾਰੋਬਾਰ ਸ਼ੁਰੂ ਕੀਤਾ। ਅਮਰੀਕਾ ਵਿਚ ਦਿਮਾਗੀ ਬਿਮਾਰੀਆਂ ਦਾ ਡਾਕਟਰੀ ਇਲਾਜ਼ ਮਹਿੰਗਾ ਹੋਣ ਕਰਕੇ ਡਾ. ਹਰਮੇਸ਼ ਕੁਮਾਰ ਨੇ ਆਪਣੀ ਸੋਚ ਮੁਤਾਬਕ ਗਰੀਬ ਤੇ ਬੇਸਹਾਰਾ ਮਰੀਜਾਂ ਨੂੰ ਸਸਤਾ ਇਲਾਜ ਦੇਣ ਲਈ 1993 ਵਿਚ ਐਨ.ਜੀ.ਓ. ਕਲਿਨਿਕ ਖੋਲਿਆ। ਇਸ ਦੇ ਉਹ 2004 ਤੱਕ ਪ੍ਰੈਜ਼ੀਡੈਂਟ ਅਤੇ ਫਾਊਂਡਰ ਮੈਂਬਰ ਰਹੇ।

2004 ਤੋਂ ਬਾਅਦ ਡਾ. ਹਰਮੇਸ ਕੁਮਾਰ ਨੇ ਪ੍ਰਾਈਵੇਟ ਨਰਸਿੰਗ ਹੋਮ ਸ਼ੁਰੂ ਕੀਤਾ ਜਿਥੇ ਮਾਨਸਿਕ ਰੋਗੀਆਂ ਅਤੇ ਬਜ਼ੁਰਗਾਂ ਲਈ ਦੇਖਭਾਲ ਕੀਤੀ ਜਾਂਦੀ ਹੈ। ਇਸ ਨਰਸਿੰਗ ਹੋਮ ਵਿਚ 150 ਤੋਂ ਵੱਧ ਬੈਡ ਹਨ। ਉਥੇ 150 ਤੋਂ ਵੱਧ ਬੰਦਿਆਂ ਨੂੰ ਰਹਿਣ ਲਈ ਜਗ੍ਹਾ ਅਤੇ ਤਿੰਨ ਟਾਈਮ ਦਾ ਖਾਣਾ ਅਤੇ ਹੋਰ ਸਹੂਲਤਾਂ ਮਿਲਦੀਆਂ ਹਨ ਅਤੇ ਸਸਤਾ ਇਲਾਜ ਵੀ ਮੁਹੱਈਆ ਕੀਤਾ ਜਾਂਦਾ ਹੈ।

ਸਿਆਸੀ ਖੇਤਰ ਵਿਚ ਡਾ. ਹਰਮੇਸ਼ ਕੁਮਾਰ ਲਗਾਤਾਰ 10 ਸਾਲ ਤੱਕ ਸਿਟੀ ਆਫ ਕਾਉਂਕਟ ਵਿਚ ਕਮਿਸ਼ਨਰ ਰਹੇ ਹਨ। ਉਹ 13 ਸਾਲਾਂ ਤੋਂ ਕਾਉਂਕਟ ਵਿਚ ਹੀ ਵਿਸਾਖੀ ਦਾ ਮੇਲਾ ਕਰਵਾ ਰਹੇ ਹਨ। ਡਾ. ਹਰਮੇਸ੍ਹ ਕੁਮਾਰ ਆਪਣੀ ਪਤਨੀ ਕਸ਼ਮੀਰ ਕੁਮਾਰ ਚੋਪੜਾ ਅਤੇ ਧੀ ਸਬਰੀਨਾ ਕੌਰ, ਜੋ ਹੁਣ ਡਾਕਟਰੀ ਦੀ ਪੜ੍ਹਾਈ ਕਰ ਰਹੇ ਹਨ, ਨਾਲ ਖੁਸ਼ੀ ਖੁਸ਼ੀ ਆਪਣੀ ਜ਼ਿੰਦਗੀ ਬਿਤਾ ਰਹੇ ਹਨ। ਉਨ੍ਹਾਂ ਦਾ ਛੋਟਾ ਭਰਾ ਡਾ. ਧਰਮਵੀਰ ਇਸ ਸਮੇਂ ਪੀ.ਜੀ.ਆਈ. ਚੰਡੀਗੜ੍ਹ 'ਚ ਈ.ਐਨ.ਟੀ. ਡਿਪਾਰਟਮੈਂਟ 'ਚ ਡਿਊਟੀ ਨਿਭਾ ਰਹੇ ਹਨ। ਡਾ. ਹਰਮੇਸ਼ ਕੁਮਾਰ ਨੂੰ ਅਮਰੀਕਾ ਸਰਕਾਰ ਵਲੋਂ ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਕਈ ਐਵਾਰਡ ਮਿਲ ਚੁਕੇ ਹਨ।

*ਆਓ, ਡਾ. ਹਰਮੇਸ਼ ਕੁਮਾਰ ਵਲੋਂ ਚੁੱਕੇ ਗਏ ਇਸੇ ਬੀੜੇ ਨੂੰ ਆਪਾਂ ਰਲਮਿਲ ਕੇ ਪਾਰ ਲੰਘਾਈਏ। ਉਨ੍ਹਾਂ ਨੂੰ ਇਸ ਇਲੈਕਸ਼ਨ ਵਿਚ ਜਿਤਾ ਕੇ ਆਪਣੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਹੋਰ ਪ੍ਰਫੁਲਿਤ ਕਰੀਏ। ਕੈਨੇਡਾ ਵਿਚ ਜਿਵੇਂ ਪੰਜਾਬੀਆਂ ਨੇ ਰਾਜਨੀਤੀ ਵਿਚ ਝੰਡੇ ਗੱਡੇ ਹਨ, ਉਵੇਂ ਅਮਰੀਕਾ ਵਿਚ ਵੀ ਰਾਜਨੀਤੀ ਵਿਚ ਆਪਣਾ ਨਵਾਂ ਮੁਕਾਮ ਬਣਾਈਏ।*

**ਬੇਨਤੀ ਕਰਤਾ: ਸਮਰਥਕ ਡਾ. ਹਰਮੇਸ਼ ਕੁਮਾਰ**

# ਪੰਜਾਬ ਨਾਲ ਅਣਦੇਖੀ 'ਤੇ ਬਾਦਲ ਨੇ ਮੋਦੀ ਸਰਕਾਰ ਨੂੰ ਘੇਰਿਆ



**ਜਲੰਧਰ:** ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨੇ ਦਲਿਤ ਵਿਦਿਆਰਥੀਆਂ ਨੂੰ ਪਿਛਲੇ ਦੋ ਸਾਲਾਂ ਤੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਪੈਸੇ ਨਾ ਮਿਲਣ ਉਤੇ ਕੇਂਦਰ ਸਰਕਾਰ ਉਪਰ ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਕਈ ਵਾਰ ਚਿੱਠੀਆਂ ਲਿਖਣ ਦੇ ਬਾਵਜੂਦ ਕੇਂਦਰ ਸਰਕਾਰ ਪੈਸੇ ਜਾਰੀ ਨਹੀਂ ਕਰ ਰਹੀ, ਜਦੋਂ ਕਿ ਪੰਜਾਬ ਸਰਕਾਰ ਨੇ ਆਪਣਾ ਬਣਦਾ ਹਿੱਸਾ ਜਮ੍ਹਾਂ ਕਰਵਾ ਦਿੱਤਾ ਹੈ।

ਸੰਗਤ ਦਰਸ਼ਨ ਦੌਰਾਨ ਜਦੋਂ ਇਹ ਸਵਾਲ ਕੀਤਾ ਗਿਆ ਕਿ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਉਸ ਵਿਚ ਭਾਈਵਾਲ ਹੈ ਤਾਂ ਵੀ ਦਲਿਤਾਂ ਦੀ ਭਲਾਈ ਲਈ ਸਕੀਮ ਦੇ ਪੈਸੇ ਕਿਉਂ ਨਹੀਂ ਆ ਰਹੇ? ਤਾਂ ਸ. ਬਾਦਲ ਨੇ ਕਿਹਾ ਕਿ ਉਹ ਕੋਈ ਹੁਕਮ ਤਾਂ ਜਾਰੀ ਨਹੀਂ ਕਰ ਸਕਦੇ, ਸਿਰਫ ਕੇਂਦਰ ਨੂੰ ਕਹਿ ਹੀ ਸਕਦੇ ਹਨ। ਇਸ ਮਾਮਲੇ 'ਤੇ ਕੇਂਦਰ ਵੱਲੋਂ ਪੰਜਾਬ ਨਾਲ ਵਿਤਕਰਾ ਕਰਨ ਸਬੰਧੀ ਸਵਾਲ ਨੂੰ ਉਹ ਟਾਲ ਗਏ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਸਰਕਾਰ ਉਤੇ ਪਹਿਲੀ ਵਾਰ ਸਿੱਧੇ ਤੌਰ 'ਤੇ ਉਦੋਂ ਹਮਲਾ ਕੀਤਾ ਹੈ, ਜਦੋਂ ਭਾਜਪਾ ਹਾਈਕਮਾਂਡ ਨੇ ਵਿਜੈ ਸਾਂਪਲਾ ਨੂੰ ਪੰਜਾਬ ਦਾ ਪ੍ਰਧਾਨ ਬਣਾ ਕੇ ਸੂਬੇ ਵਿਚ ਦਲਿਤ ਚਿਹਰੇ ਵਜੋਂ ਪੇਸ਼ ਕੀਤਾ ਹੈ ਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਪੈਸੇ ਜਾਰੀ ਕਰਨ ਵਾਲਾ ਵਿਭਾਗ ਵੀ ਸ੍ਰੀ ਸਾਂਪਲਾ ਕੋਲ ਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਪਰਗਟ ਸਿੰਘ ਵੱਲੋਂ ਪੰਜਾਬ ਸਰਕਾਰ ਨਾਲ ਸਾਲਿਡ ਵੇਸਟ ਮੈਨੇਜਮੈਂਟ ਪਲਾਂਟ ਨੂੰ ਲੈ ਕੇ ਦਿਖਾਈ ਜਾ ਰਹੀ ਨਾਰਾਜ਼ਗੀ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿਚ ਸ. ਬਾਦਲ ਨੇ ਕਿਹਾ ਕਿ ਜਿਵੇਂ ਪਰਗਟ ਸਿੰਘ ਕਹਿਣਗੇ, ਉਹ ਉਸੇ ਤਰ੍ਹਾਂ ਕਰ ਲੈਣਗੇ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੂਬਾਈ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਾਏ ਦੋਸ਼ ਕਿ ਬਰਗਾੜੀ ਵਿਚ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਸਰਕਾਰ ਸੀ ਅਤੇ ਹੁਣ ਬਾਬਾ ਰਣਜੀਤ ਸਿੰਘ ਢੱਡਰੀਆਂਵਾਲੇ 'ਤੇ ਹੋਏ ਹਮਲੇ ਪਿੱਛੇ ਵੀ ਸਰਕਾਰ ਦਾ ਹੱਥ ਹੈ, ਇਸ ਸਵਾਲ ਬਾਰੇ ਟਿੱਪਣੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਾਮਲੇ ਦੀ ਅਜੇ ਜਾਂਚ ਚੱਲ ਰਹੀ ਹੈ। ਪੁਲਿਸ ਇਸ ਦੀ ਤਹਿ ਤੱਕ ਜਾਵੇਗੀ।

## ਅਕਾਲੀ ਦਲ ਦੀ ਰਣਨੀਤੀ 'ਤੇ ਪਹਿਰਾ ਦੇਵੇਗੀ ਭਾਜਪਾ

**ਨਵੀਂ ਦਿੱਲੀ:** ਭਾਜਪਾ ਪੰਜਾਬ ਦੇ ਮਿਸ਼ਨ 2017 ਲਈ ਆਪਣੇ ਸਹਿਯੋਗੀ ਅਕਾਲੀ ਦਲ ਦੀ ਰਣਨੀਤੀ ਤਹਿਤ ਹੀ ਚੋਣ ਲੜੇਗੀ। ਦੋਵੇਂ ਪਾਰਟੀਆਂ ਆਪਣੇ ਪੁਰਾਣੇ ਤੇ ਮਜ਼ਬੂਤ ਗੱਠਜੋੜ ਨੂੰ ਜਾਰੀ ਰੱਖਦਿਆਂ ਮਿਲ ਕੇ ਹੀ ਚੋਣ ਲੜਨਗੀਆਂ। ਭਾਜਪਾ ਦੇ ਰਾਸ਼ਟਰੀ ਪ੍ਰਧਾਨ ਅਮਿਤ ਸ਼ਾਹ ਨੇ ਇਸ ਬਾਰੇ ਸਪੱਸ਼ਟ ਕੀਤਾ ਹੈ। ਅਮਿਤ ਸ਼ਾਹ ਨੇ ਕਿਹਾ ਕਿ ਭਾਜਪਾ ਆਪਣੇ ਰਵਾਇਤੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਮਿਲ ਕੇ ਹੀ ਸੂਬੇ ਵਿਚ 2017 ਵਿਧਾਨ ਸਭਾ ਚੋਣਾਂ ਲੜੇਗੀ। ਸ਼ਾਹ ਨੇ ਕਿਹਾ ਕਿ ਪੰਜਾਬ ਵਿਚ 'ਆਪ' ਦਾ ਕੋਈ ਆਧਾਰ ਨਹੀਂ ਹੈ। ਜਿਹੜੀ ਪਾਰਟੀ ਹੇਠਲੇ ਪੱਧਰ 'ਤੇ ਲੋਕਾਂ ਨਾਲ ਜੁੜੀ ਹੋਈ ਹੈ, ਉਸੇ ਨੂੰ ਲੋਕਾਂ ਦਾ ਸਾਥ ਮਿਲੇਗਾ। ਭਾਜਪਾ ਪ੍ਰਧਾਨ ਨੇ ਕਿਹਾ, 'ਪੰਜਾਬ ਦਿਲੀ ਨਹੀਂ ਹੈ, ਜ਼ਰੂਰੀ ਗੱਲ ਇਹ ਹੈ ਕਿ ਕੀ ਪਾਰਟੀ ਦਾ ਇਥੇ ਕੋਈ ਅਧਾਰ ਹੈ।' ਪੰਜਾਬ ਵਿਚ ਪਾਰਟੀ ਦੀ ਚੋਣ ਰਣਨੀਤੀ 'ਤੇ ਬੋਲਦਿਆਂ ਸ਼ਾਹ ਨੇ ਕਿਹਾ ਕਿ ਉਹ ਗਠਜੋੜ ਦੇ ਮੁੱਖ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੀ ਚੋਣ ਰਣਨੀਤੀ ਮੁਤਾਬਕ ਹੀ ਚੱਲਣਗੇ।

## ਪੰਜਾਬ ਦੇ ਮਾੜੇ ਹਾਲਾਤ ਤੋਂ ਭਾਜਪਾ ਫਿਕਰਮੰਦ

**ਚੰਡੀਗੜ੍ਹ:** ਪੰਜਾਬ ਵਿਚ ਅਮਨ-ਕਾਨੂੰਨ ਦੀ ਲਗਾਤਾਰ ਵਿਗੜ ਰਹੀ ਸਥਿਤੀ 'ਤੇ ਭਾਜਪਾ ਦੇ ਮੱਥੇ ਉਤੇ ਵੀ ਚਿੰਤਾ ਦੀਆਂ ਲਕੀਰਾਂ ਉੱਭਰ ਆਈਆਂ ਹਨ। ਸੂਬੇ ਵਿਚ ਨਿੱਤ ਅਪਰਾਧ-ਗਿਰੋਹਾਂ ਦੀਆਂ ਖੂਨੀ ਲੜਾਈਆਂ (ਗੈਂਗਵਾਰ) ਤੇ ਹੋਰ ਘਟਨਾਵਾਂ ਭਾਜਪਾ ਕੋਰ ਕਮੇਟੀ ਦੀ ਬੈਠਕ ਵਿਚ ਗੰਭੀਰ ਚਰਚਾ ਦਾ ਵਿਸ਼ਾ ਬਣੀਆਂ। ਕੋਰ ਕਮੇਟੀ ਨੇ ਸੂਬੇ ਦੀ ਅਜੋਕੀ ਸਥਿਤੀ 'ਤੇ ਚਿੰਤਾ ਜ਼ਾਹਰ ਕਰਦੇ ਹੋਏ ਮੁੱਖ ਮੰਤਰੀ ਤੇ ਸੂਬੇ ਦੇ ਗ੍ਰਹਿ ਮੰਤਰੀ ਤੋਂ ਅਜਿਹੀਆਂ ਸਥਿਤੀਆਂ ਪੈਦਾ ਕਰਨ ਵਾਲੇ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ। ਕੋਰ ਕਮੇਟੀ ਵਿਚ ਸ਼ਾਮਲ ਸੀਨੀਅਰ ਭਾਜਪਾ ਨੇਤਾਵਾਂ ਦਾ ਇਹ ਵੀ ਕਹਿਣਾ ਸੀ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸੂਬੇ ਵਿਚ ਅਮਨ ਸ਼ਾਂਤੀ ਯਕੀਨੀ ਬਣਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਬੈਠਕ ਦੀ ਪ੍ਰਧਾਨਗੀ ਪੰਜਾਬ ਭਾਜਪਾ ਦੇ ਪ੍ਰਧਾਨ ਵਿਜੈ ਸਾਂਪਲਾ ਨੇ ਕੀਤੀ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਬੈਠਕ ਵਿਚ ਕੇਂਦਰ ਵਿਚਲੀ ਭਾਜਪਾ ਸਰਕਾਰ ਦੇ ਦੋ ਸਾਲ ਪੂਰੇ ਹੋਣ ਸਬੰਧੀ ਪੰਜਾਬ ਵਿਚ ਮਨਾਏ ਜਾਣ ਵਾਲੇ ਜਸ਼ਨਾਂ ਬਾਰੇ ਚਰਚਾ ਹੋਈ।

# ਸਵਾਤ ਘਾਟੀ ਦੀਆਂ ਔਰਤਾਂ ਦਾ ਤਾਲਿਬਾਨ ਨਾਲ ਆਢਾ




**ਅੰਮ੍ਰਿਤਸਰ:** ਤਾਲਿਬਾਨ ਤੇ ਅਤਿਵਾਦੀ ਗਤੀਵਿਧੀਆਂ ਦਾ ਗੜ੍ਹ ਬਣੀ ਪਾਕਿਸਤਾਨ ਦੀ ਸਵਾਤ ਘਾਟੀ ਵਿਚ ਤਬੱਸਮ ਅਦਨਾਨ ਨਾਮੀ ਔਰਤ ਵੱਲੋਂ ਜਿਰਗਾ ਅਦਾਲਤ ਦਾ ਗਠਨ ਕਰ ਕੇ ਤਾਲਿਬਾਨ ਸੰਗਠਨਾਂ ਨੂੰ ਖੁੱਲ੍ਹੇ ਤੌਰ 'ਤੇ ਚੁਣੌਤੀ ਦਿੱਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਜਿਰਗਾ ਇਕ ਪੁਰਾਣੀ ਤੇ ਵਿਵਾਦਤ ਵਿਵਸਥਾ ਹੈ ਜਿਸ ਵਿਚ ਸਮਾਜ ਦੇ ਬਜ਼ੁਰਗਾਂ ਤੇ ਸੂਝਵਾਨ ਵਿਅਕਤੀਆਂ ਵੱਲੋਂ ਇਕੱਠੇ ਬਹਿ ਕੇ ਹਰ ਤਰ੍ਹਾਂ ਦੇ ਮਾਮਲਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਪਾਕਿਸਤਾਨ ਸੁਪਰੀਮ ਕੋਰਟ ਵਿਚ ਇਨ੍ਹਾਂ ਜਿਰਗਾ ਅਦਾਲਤਾਂ ਨੂੰ ਗ਼ੈਰਕਾਨੂੰਨੀ ਦੱਸਦਿਆਂ ਸੂਬਾ ਸਰਕਾਰਾਂ ਨੂੰ ਇਨ੍ਹਾਂ 'ਤੇ ਪਾਬੰਦੀ ਲਗਾਉਣ ਲਈ ਆਦੇਸ਼ ਜਾਰੀ ਕੀਤੇ ਜਾ ਚੁੱਕੇ ਹਨ। ਅਦਾਲਤ ਦੀ ਰਾਇ ਹੈ ਕਿ ਜੇ ਇਨ੍ਹਾਂ ਜਿਰਗਾ ਤੇ ਨਿੱਜੀ ਅਦਾਲਤਾਂ 'ਤੇ ਜਲਦੀ ਕਾਬੂ ਨਾ ਪਾਇਆ ਗਿਆ ਤਾਂ ਪਾਕਿਸਤਾਨ ਵਿਚ ਇਨ੍ਹਾਂ ਅਦਾਲਤਾਂ ਵਾਂਗੂ ਨਿੱਜੀ ਥਾਣਿਆਂ ਦੇ ਖੁੱਲ੍ਹਣ ਵਿਚ ਬਹੁਤਾ ਸਮਾਂ ਨਹੀਂ ਲੱਗੇਗਾ।

ਜਾਣਕਾਰੀ ਅਨੁਸਾਰ ਬੀਬੀ ਤਬੱਸਮ ਅਦਨਾਨ ਵੱਲੋਂ ਜਿਰਗਾ ਅਦਾਲਤ ਸਵਾਤ ਘਾਟੀ ਦੇ ਉਸ ਮਿੰਗੋਰਾ ਸ਼ਹਿਰ ਵਿਚ ਕਾਇਮ ਕੀਤੀ ਗਈ ਹੈ ਜਿਥੇ ਔਰਤਾਂ ਦੇ ਘਰੋਂ ਬਾਹਰ ਨਿਕਲਣ ਜਾਂ ਉਨ੍ਹਾਂ ਵੱਲੋਂ ਕਿਸੇ ਵੀ ਪ੍ਰਕਾਰ ਦੇ ਪਰਿਵਾਰਕ ਜਾਂ ਬਾਹਰੀ ਫੈਸਲੇ ਲੈਣ 'ਤੇ ਮਨਾਹੀ ਹੈ।

ਤਬੱਸਮ ਵੱਲੋਂ 25 ਔਰਤਾਂ ਦੀ ਕਮੇਟੀ ਬਣਾਈ ਗਈ ਹੈ ਅਤੇ ਇਹ ਜਿਰਗਾ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਕਮੇਟੀ ਦੇ ਪੁਰਸ਼ ਮੈਂਬਰ ਵਕੀਲ ਸੁਲਤਾਨ ਅਹਿਮਦ ਦੀ ਕਾਨੂੰਨੀ ਸਲਾਹ ਲੈਂਦੀ ਹੈ। ਜਿਰਗਾ ਵੱਲੋਂ ਘਰੇਲੂ ਮਤਭੇਦ, ਤਲਾਕ, ਧਰਮ ਪਰਿਵਰਤਨ, ਜਾਇਦਾਦ ਅਤੇ ਕਤਲ ਜਿਹੇ ਮਾਮਲਿਆਂ ਦਾ ਫੈਸਲਾ ਕੀਤਾ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿਛਲੇ ਮਹੀਨੇ ਸਵਾਤ ਘਾਟੀ ਦੀ ਇਕ ਅਜਿਹੀ ਹੀ ਜਿਰਗਾ ਵੱਲੋਂ ਪੰਜ ਔਰਤਾਂ ਤੇ ਦੋ ਪੁਰਸ਼ਾਂ ਨੂੰ ਵਿਆਹ ਸਮਾਰੋਹ ਵਿਚ ਇਕ ਸਾਥ ਡਾਂਸ ਕਰ ਕੇ ਇਸਲਾਮੀ ਰਿਵਾਜ ਭੰਗ ਕਰਨ ਦੇ ਦੋਸ਼ ਵਿਚ ਕਤਲ ਕੀਤੇ ਜਾਣ ਦੀ ਸਜ਼ਾ ਸੁਣਾਈ ਗਈ ਸੀ।

# ਪੰਜ ਰਾਜਾਂ ਦੇ ਨਵੇਂ ਮੁੱਖ ਮੰਤਰੀਆਂ ਵਿਚ ਛੜਿਆਂ ਦੀ ਝੰਡੀ

**ਚੰਡੀਗੜ੍ਹ:** ਭਾਰਤ ਦੇ ਪੰਜ ਰਾਜਾਂ ਵਿਚ ਤਾਜ਼ਾ ਹੋਈਆਂ ਚੋਣਾਂ ਤੋਂ ਬਾਅਦ ਉਥੋਂ ਦੇ ਬਣਨ ਵਾਲੇ ਮੁੱਖ ਮੰਤਰੀਆਂ ਵਿਚ ਅਣਵਿਆਹਿਆਂ ਦੀ ਝੰਡੀ ਹੈ। ਦਿਲਚਸਪ ਗੱਲ ਇਹ ਹੈ ਕਿ ਕੁਆਰਿਆਂ ਦੀ ਸੂਚੀ ਵਿਚ ਦੋ ਔਰਤਾਂ ਵੀ ਸ਼ਾਮਲ ਹਨ। ਤਾਮਿਲਨਾਡੂ ਦੇ 232 ਵਿਧਾਨ ਸਭਾ ਹਲਕਿਆਂ ਵਿਚੋਂ 134 ਸੀਟਾਂ ਜਿੱਤਣ ਵਾਲੀ ਏ.ਡੀ.ਐਮ.ਕੇ. ਦੀ ਮੁਖੀ ਕੁਮਾਰੀ ਜੈਲਲਿਤਾ ਸੂਬੇ ਦੀ ਛੇਵੀਂ ਵਾਰ ਮੁੱਖ ਮੰਤਰੀ ਬਣੀ ਹੈ।

ਵਰਣਨਯੋਗ ਹੈ ਕਿ ਉਹ ਸਤੰਬਰ 2001 ਤੋਂ ਮਾਰਚ 2002 ਅਤੇ ਸਤੰਬਰ 2014 ਤੋਂ ਜੁਲਾਈ 2015 ਸਮੇਂ ਦੌਰਾਨ ਥੋੜ੍ਹੇ ਸਮੇਂ ਲਈ ਹੀ ਮੁੱਖ ਮੰਤਰੀ ਰਹੀ ਸੀ। 1948 ਵਿਚ ਮੈਸੂਰ ਵਿਚ ਜਨਮੀ ਆਪਣੇ ਸਮੇਂ ਦੀ ਪ੍ਰਸਿੱਧ ਅਦਾਕਾਰਾ ਜੈਲਲਿਤਾ ਜਿਸ ਨੇ 1991 ਵਿਚ ਤਾਮਿਲਨਾਡੂ ਦੀ ਪਹਿਲੀ ਔਰਤ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ, ਨੇ ਮੁੜ 2001 ਤੋਂ 2006, 2011 ਤੋਂ 2016 ਤੱਕ ਇਸੇ ਪਦ 'ਤੇ ਸਰਦਾਰੀ ਕੀਤੀ ਹੈ। ਜ਼ਿਕਰਯੋਗ ਹੈ ਕਿ ਇਸ ਰਾਜ ਵਿਚ ਡੀ. ਐਮ.ਕੇ. ਅਤੇ ਕਾਂਗਰਸ ਦੇ ਗਠਜੋੜ ਦੇ ਹਿੱਸੇ ਸਿਰਫ 98 ਸੀਟਾਂ ਆਈਆਂ ਹਨ।

ਪੱਛਮੀ ਬੰਗਾਲ ਦੀਆਂ 294 ਸੀਟਾਂ ਵਿਚੋਂ 211 ਸੀਟਾਂ ਜਿੱਤ ਕੇ ਦੂਸਰੀ ਵਾਰ ਮੁੱਖ ਮੰਤਰੀ ਬਣਨ ਵਾਲੀ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਵੀ ਅਣਵਿਆਹੇ ਹਨ। ਕੋਲਕਾਤਾ ਵਿਚ ਜੰਮੀ 61 ਵਰ੍ਹਿਆਂ ਦੀ ਮਮਤਾ ਨੂੰ 2011 ਵਿਚ ਪੱਛਮੀ ਬੰਗਾਲ ਦੀ ਪਹਿਲੀ ਔਰਤ ਮੁੱਖ ਮੰਤਰੀ ਬਣਨ ਦਾ ਮਾਣ ਹਾਸਲ ਹੋਇਆ ਸੀ। 1999 ਤੋਂ 2001 ਤੱਕ ਦੇਸ਼ ਦੀ ਰੇਲ ਮੰਤਰੀ ਰਹੀ ਮਮਤਾ 20 ਕਿਤਾਬਾਂ ਦੀ ਲੇਖਕਾ ਹੈ ਅਤੇ ਉਸ ਨੇ 5 ਹਜ਼ਾਰ ਦੇ ਕਰੀਬ ਤੇਲ ਚਿੱਤਰ ਵੀ ਬਣਾਏ ਹਨ। ਆਸਾਮ ਦੇ ਮੁੱਖ ਮੰਤਰੀ ਵਜੋਂ ਹਲਫ ਲੈ ਚੁੱਕੇ ਭਾਜਪਾ ਦੇ ਆਗੂ ਸਰਬਾਨੰਦ ਸੋਨੋਵਾਲ ਵੀ ਅਣਵਿਆਹੇ ਹਨ।

### ਕੁਆਰਿਆਂ ਦੀ ਸੂਚੀ ਵਿਚ ਦੋ ਔਰਤਾਂ ਵੀ ਸ਼ਾਮਲ

1962 ਵਿਚ ਧੰਨਜਨ ਡਿਬਰੂਗਰ (ਆਸਾਮ) ਵਿਚ ਜੰਮੇ 53 ਸਾਲਾ ਸੋਨੋਵਾਲ ਲਾਅ ਗ੍ਰੈਜੂਏਟ ਹਨ। ਦਿਲਚਸਪ ਗੱਲ ਇਹ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੀ ਅਣਵਿਆਹੇ ਹਨ ਜਦਕਿ ਮਰਹੂਮ ਰਾਸ਼ਟਰਪਤੀ ਡਾ: ਏ.ਪੀ.ਜੇ. ਅਬਦੁਲ ਕਲਾਮ ਵੀ ਅਣਵਿਆਹੇ ਸਨ। ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਤੇ ਪਾਰਟੀ ਵੱਲੋਂ ਭਵਿੱਖ ਦੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਰਾਹੁਲ ਗਾਂਧੀ ਵੀ ਅਜੇ ਕੁਆਰੇ ਹੀ ਹਨ। ਉਂਜ ਬਸਪਾ ਦੀ ਸੁਪਰੀਮੋ ਤੇ ਯੂ.ਪੀ. ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਵੀ ਵਿਆਹ ਨਹੀਂ ਕਰਵਾਇਆ ਹੈ।

# ਅਕਾਲੀ ਵਿਧਾਇਕ ਦੇ ਪੁੱਤਰ ਨੂੰ ਲੱਖ ਰੁਪਏ ਜੁਰਮਾਨਾ

**ਸ੍ਰੀ ਮੁਕਤਸਰ ਸਾਹਿਬ:** ਸੀਨੀਅਰ ਅਕਾਲੀ ਆਗੂ ਅਤੇ ਹਲਕਾ ਫਰੀਦਕੋਟ ਦੇ ਵਿਧਾਇਕ ਤੇ ਚੀਫ ਪਾਰਲੀਮਾਨੀ ਸਕੱਤਰ ਦੀਪ ਮਲਹੋਤਰਾ ਦੇ ਪੁੱਤਰ ਗੌਰਵ ਮਲਹੋਤਰਾ ਨੂੰ ਸ਼ਰਾਬ ਦੀ ਗੈਰਕਾਨੂੰਨੀ ਜਮ੍ਹਾਂਖੋਰੀ ਲਈ ਆਬਕਾਰੀ ਵਿਭਾਗ ਦਾ ਲੱਖ ਰੁਪਏ ਜੁਰਮਾਨਾ ਭਰਨਾ ਪਿਆ ਹੈ। ਆਬਕਾਰੀ ਵਿਭਾਗ ਨੇ 'ਗੌਰਵ ਮਲਹੋਤਰਾ ਬਰਿਜ ਲਾਲ ਐਂਡ ਕੰਪਨੀ' ਦੇ ਐਲ-1 ਲਾਇਸੈਂਸ ਦੇ ਡਿਪਟੀ ਕਮਿਸ਼ਨਰ ਦਫਤਰ ਨੇੜੇ ਸਥਿਤ ਅੰਗਰੇਜ਼ੀ ਥੋਕ ਗੋਦਾਮ 'ਤੇ 23 ਮਈ ਨੂੰ ਮੁਖ਼ਬਰੀ ਦੇ ਆਧਾਰ ਉਤੇ ਛਾਪਾ ਮਾਰ ਕੇ ਉਥੋਂ 337 ਪੇਟੀਆਂ 'ਖਾਸਾ ਦੇਸੀ ਸ਼ਰਾਬ' ਦੀਆਂ ਬਰਾਮਦ ਕੀਤੀਆਂ ਸਨ। ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਇੰਦਰਮੋਹਨ ਸਿੰਘ ਨੇ ਦੱਸਿਆ ਕਿ ਅੰਗਰੇਜ਼ੀ ਥੋਕ ਦੇ ਗੁਦਾਮ ਵਿਚ ਖਾਸਾ ਦੇਸੀ ਸ਼ਰਾਬ ਰੱਖਣ ਦਾ ਕੋਈ ਅਧਿਕਾਰ ਨਹੀਂ ਹੁੰਦਾ, ਜਿਸ ਕਰ ਕੇ ਵਿਭਾਗ ਨੇ ਇਹ ਸਾਰਾ ਮਾਮਲਾ ਉਚ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਅਤੇ ਗੌਰਵ ਮਲਹੋਤਰਾ ਨੂੰ ਇਕ ਲੱਖ ਰੁਪਏ ਜੁਰਮਾਨਾ ਕੀਤਾ। ਸ਼ਰਾਬ ਦੀਆਂ 337 ਪੇਟੀਆਂ ਅਜੇ ਤੱਕ ਵਿਭਾਗ ਦੇ ਕਬਜ਼ੇ ਵਿਚ ਹਨ।

# ਤਾਰੇ ਵੱਲੋਂ ਕੌਮੀ ਜਾਂਚ ਏਜੰਸੀ 'ਤੇ ਤੰਗ ਕਰਨ ਦੇ ਦੋਸ਼

**ਚੰਡੀਗੜ੍ਹ:** ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਜਗਤਾਰ ਸਿੰਘ ਤਾਰਾ ਨੇ ਕੌਮੀ ਜਾਂਚ ਏਜੰਸੀ 'ਤੇ ਉਸ ਨੂੰ ਜੇਲ੍ਹ ਵਿਚ ਗੈਰਕਾਨੂੰਨੀ ਤੌਰ 'ਤੇ ਤੰਗ-ਪਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ। ਉਸ ਨੇ ਅਦਾਲਤ ਦੀ ਸੁਣਵਾਈ ਦੌਰਾਨ ਯੂ.ਟੀ. ਦੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਸਬੀਰ ਸਿੰਘ ਸਿੱਧੂ ਨੂੰ ਦੱਸਿਆ ਕਿ ਏਜੰਸੀ ਦੀ ਟੀਮ 20 ਮਈ ਨੂੰ ਬੁੜੈਲ ਜੇਲ੍ਹ ਵਿਚ ਆਈ ਸੀ ਅਤੇ ਟੀਮ ਦੇ ਮੈਂਬਰਾਂ ਨੇ ਪਠਾਨਕੋਟ ਅਤਿਵਾਦੀ ਹਮਲੇ ਸਬੰਧੀ ਉਸ ਤੋਂ ਬਿਨਾਂ ਵਜ੍ਹਾ ਸਖ਼ਤੀ ਨਾਲ ਪੁੱਛ-ਪੜਤਾਲ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ ਵਿਚ ਤਾਰਾ ਬੁੜੈਲ ਜੇਲ੍ਹ ਵਿਚ ਬੰਦ ਹੈ ਅਤੇ ਕੇਸ ਦੀ ਸੁਣਵਾਈ ਜੇਲ੍ਹ ਵਿਚ ਹੁੰਦੀ ਹੈ।

ਤਾਰਾ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਜਦੋਂ ਪੰਜਾਬ ਪੁਲਿਸ ਨੇ ਥਾਈਲੈਂਡ ਤੋਂ ਗ੍ਰਿਫ਼ਤਾਰ ਕੀਤਾ ਸੀ ਤਾਂ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਵਿਚ ਇਹ ਸੰਧੀ ਹੋਈ ਸੀ ਕਿ ਉਸ 'ਤੇ ਪਹਿਲਾਂ ਚੱਲ ਰਹੇ ਛੇ ਕੇਸਾਂ ਨੂੰ ਛੱਡ ਕੇ ਕਿਸੇ ਹੋਰ ਵਿਚ ਪੁਲਿਸ ਪੁੱਛ-ਪੜਤਾਲ ਨਹੀਂ ਕਰੇਗੀ। ਉਸ ਨੇ ਕੌਮੀ ਜਾਂਚ ਏਜੰਸੀ 'ਤੇ ਸੰਧੀ ਦੀ ਉਲੰਘਣਾ ਕਰ ਕੇ ਤੰਗ ਪਰੇਸ਼ਾਨ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਜੇਲ੍ਹ ਅਧਿਕਾਰੀ ਉਸ ਨਾਲ ਪੱਖਪਾਤ ਕਰ ਰਹੇ ਹਨ। ਅਦਾਲਤ ਵੱਲੋਂ ਜੁਆਬ ਤਲਬੀ ਕਰਨ 'ਤੇ ਜੇਲ੍ਹ ਦੇ ਸੁਪਰਡੈਂਟ ਅਮਨਦੀਪ ਗਿੱਲ ਨੇ ਦੱਸਿਆ ਕਿ ਕੌਮੀ ਜਾਂਚ ਏਜੰਸੀ ਦੀ ਟੀਮ ਕੋਲ ਅਦਾਲਤ ਦੀ ਅਗਾਊਂ ਪ੍ਰਵਾਨਗੀ ਸੀ, ਪਰ ਉਸ ਦੀ ਕਾਪੀ ਤਾਰਾ ਨੂੰ ਨਹੀਂ ਦਿੱਤੀ ਗਈ ਸੀ।



ਉਸ ਨੇ ਅਦਾਲਤ ਨੂੰ ਭਰੋਸਾ ਦਿੱਤਾ ਕਿ ਇਸ ਦੀ ਕਾਪੀ ਮੁਲਜ਼ਮ ਨੂੰ ਮੁਹੱਈਆ ਕਰਵਾ ਦਿੱਤੀ ਜਾਵੇਗੀ। ਵਕੀਲ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਉਹ ਤਾਰਾ ਨਾਲ ਅਗਲੇ ਦਿਨੀਂ ਮੀਟਿੰਗ ਕਰ ਕੇ ਏਜੰਸੀ ਵੱਲੋਂ ਕੀਤੀ ਪੁੱਛ-ਪੜਤਾਲ ਬਾਰੇ ਵਧੇਰੇ ਜਾਣਕਾਰੀ ਲੈਣਗੇ। ਅਦਾਲਤ ਨੇ ਸੁਣਵਾਈ ਲਈ ਸੀ.ਬੀ.ਆਈ. ਦੇ ਡੀ.ਐਸ.ਪੀ. ਰਾਜੇਸ਼ ਸਿੰਘ ਅਤੇ ਐਸ.ਸੀ.ਐਫ.ਐਲ. ਦੇ ਮੁਲਾਜ਼ਮ ਬਘੇਲ ਨੂੰ ਸੰਮਨ ਕੀਤਾ ਸੀ। ਬਘੇਲ ਸਿੰਘ ਦੀ ਮੌਤ ਹੋ ਚੁੱਕੀ ਹੈ ਜਦੋਂਕਿ ਰਾਕੇਸ਼ ਸਿੰਘ ਦੇ ਬਿਆਨ ਅਗਲੀ ਪੇਸ਼ੀ ਮੌਕੇ ਲਏ ਜਾਣਗੇ।

# ਇਰਾਨ ਵਿਚ ਦੋ ਦਿਨਾਂ ਵਿਚ 17 ਨੂੰ ਫਾਂਸੀ

**ਤਹਿਰਾਨ:** ਈਰਾਨ ਵਿਚ ਲੰਘੇ ਦਿਨਾਂ ਵਿਚ ਹੱਤਿਆ, ਜਬਰ ਜਨਾਹ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਮੇਤ ਮਾਮਲਿਆਂ ਵਿਚ 17 ਕੈਦੀਆਂ ਨੂੰ ਫਾਂਸੀ ਦਿੱਤੀ ਗਈ।

ਇਨ੍ਹਾਂ ਕੈਦੀਆਂ ਨੂੰ ਦੋ ਵੱਖ-ਵੱਖ ਜੇਲ੍ਹਾਂ ਵਿਚ ਫਾਂਸੀ ਦਿੱਤੀ ਗਈ। ਇਕ ਰਿਪੋਰਟ ਮੁਤਾਬਕ ਇਰਾਨ ਵਿਚ ਇਸ ਮਹੀਨੇ ਫਾਂਸੀ 'ਤੇ ਲਟਕਾਏ ਕੈਦੀਆਂ ਦੀ ਗਿਣਤੀ 60 ਹੋ ਗਈ ਹੈ। ਆਈ.ਐਚ.ਆਰ. ਨੇ ਅਦਾਲਤ ਵੱਲੋਂ ਦਿੱਤੀ ਗਈ ਫਾਂਸੀ ਦੀ ਨਿੰਦਾ ਕਰਦੇ ਹੋਏ ਸਜ਼ਾ-ਏ-ਮੌਤ 'ਤੇ ਤੁਰਤ ਰੋਕ ਲਗਾਉਣ ਦੀ ਮੰਗ ਕੀਤੀ ਗਈ ਹੈ। ਪਿਛਲੇ ਸਾਲ ਇਰਾਨ ਵਿਚ 977 ਲੋਕਾਂ ਨੂੰ ਫਾਂਸੀ ਦਿੱਤੀ ਗਈ ਸੀ।

# ਪੰਜਾਬ ਵਿਚ ਸਵਰਾਜ ਲਹਿਰ ਬਾਗੀ; ਪਾਰਟੀ ਬਣਾਈ

**ਚੰਡੀਗੜ੍ਹ:** ਸਵਰਾਜ ਲਹਿਰ ਮੋਰਚੇ ਨੇ ਸਿਆਸੀ ਪਾਰਟੀ ਦਾ ਰੂਪ ਧਾਰਨ ਕਰ ਲਿਆ ਹੈ। ਸਵਰਾਜ ਪਾਰਟੀ ਦਾ ਐਲਾਨ ਚੰਡੀਗੜ੍ਹ ਵਿਚ ਮੀਟਿੰਗ ਦੌਰਾਨ ਕੀਤਾ ਗਿਆ ਹੈ। ਪਾਰਟੀ ਦਾ ਪ੍ਰਧਾਨ ਪ੍ਰੋਫੈਸਰ ਮਨਜੀਤ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਦੌਰਾਨ ਪ੍ਰੋਫੈਸਰ ਮਨਜੀਤ ਸਿੰਘ ਨੇ ਆਖਿਆ ਹੈ ਕਿ ਉਨ੍ਹਾਂ ਦੀ ਪਾਰਟੀ ਦਾ ਘੇਰਾ ਫਿਲਹਾਲ ਪੰਜਾਬ ਪੱਧਰ ਤੱਕ ਹੈ ਅਤੇ 2017 ਦੀਆਂ ਚੋਣਾਂ ਵਿਚ ਪਾਰਟੀ ਹਿੱਸਾ ਲਵੇਗੀ। ਨਾਲ ਹੀ ਉਨ੍ਹਾਂ ਸਪਸ਼ਟ ਕੀਤਾ ਕਿ ਇਸ ਪਾਰਟੀ ਨਾਲ ਯੋਗਿੰਦਰ ਯਾਦਵ ਦਾ ਫਿਲਹਾਲ ਕੋਈ ਸਬੰਧ ਨਹੀਂ ਹੈ ਅਤੇ ਪਾਰਟੀ ਪੂਰੀ ਤਰ੍ਹਾਂ ਪੰਜਾਬ ਪੱਧਰ ਦੀ ਹੈ।



ਮਨਜੀਤ ਸਿੰਘ ਨੇ ਆਖਿਆ ਹੈ ਕਿ ਪਟਿਆਲਾ ਤੋਂ ਐਮ.ਪੀ. ਡਾਕਟਰ ਧਰਮਵੀਰ ਗਾਂਧੀ ਅਤੇ ਫਤਿਹਗੜ੍ਹ ਤੋਂ ਸੰਸਦ ਮੈਂਬਰ ਹਰਿੰਦਰ ਸਿੰਘ ਖਾਲਸਾ ਦਾ ਉਨ੍ਹਾਂ ਨੂੰ ਸਮਰਥਨ ਹਾਸਲ ਹੈ। ਸਵਰਾਜ ਅਭਿਆਨ ਦੀ ਪੰਜਾਬ ਇਕਾਈ ਦੀ ਇਥੇ ਕਨਵੈਨਸ਼ਨ ਦੌਰਾਨ ਹਾਈ ਕਮਾਨ ਦੀ ਮਨਜ਼ੂਰੀ ਬਿਨਾਂ ਹੀ 'ਸਵਰਾਜ ਪਾਰਟੀ' ਬਣਾ ਕੇ ਸਾਲ 2017 ਦੀਆਂ ਚੋਣਾਂ ਲੜਨ ਦਾ ਫੈਸਲਾ ਕੀਤਾ ਗਿਆ। ਪਾਰਟੀ ਦਾ ਪ੍ਰਧਾਨ ਪ੍ਰੋ. ਮਨਜੀਤ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ। ਪ੍ਰੋ. ਸੰਤੋਖ ਸਿੰਘ ਔਜਲਾ ਨੂੰ ਸੀਨੀਅਰ ਮੀਤ ਪ੍ਰਧਾਨ, ਜੀ.ਬੀ. ਸਹੋਤਾ ਨੂੰ ਮੀਤ ਪ੍ਰਧਾਨ, ਹਰਬੰਸ ਸਿੰਘ ਢੋਲੇਵਾਲ ਨੂੰ ਜਨਰਲ ਸਕੱਤਰ, ਗੁਰਮੀਤ ਸਿੰਘ ਪ੍ਰਜਾਪਤ ਨੂੰ ਸਕੱਤਰ, ਚਰਨਜੀਤ ਸਿੰਘ ਨੂੰ ਜੁਆਇੰਟ ਸਕੱਤਰ ਅਤੇ ਪ੍ਰੀਤਮ ਸਿੰਘ ਨੂੰ ਖਜ਼ਾਨਚੀ ਚੁਣਿਆ ਗਿਆ ਹੈ।

ਮਾਨਿਕ ਗੋਇਲ, ਪ੍ਰਤੀਕ ਅਤੇ ਗਗਨਦੀਪ ਆਧਾਰਿਤ ਤਿੰਨ ਮੈਂਬਰੀ ਸੋਸ਼ਲ ਮੀਡੀਆ ਟੀਮ ਵੀ ਬਣਾਈ ਗਈ ਹੈ। ਸ਼ਮਸ਼ੇਰ ਸਿੰਘ ਭਾਰਦਵਾਜ, ਗੁਰਨਾਮ ਸਿੰਘ, ਹਰਤੇਜ ਸਿੰਘ ਅਤੇ ਕੁਲਦੀਪ ਸ਼ਰਮਾ ਨੂੰ ਤਰਜਮਾਨ ਨਿਯੁਕਤ ਕੀਤਾ ਗਿਆ ਹੈ।

ਪ੍ਰੋ. ਮਨਜੀਤ ਸਿੰਘ ਨੇ ਦੱਸਿਆ ਕਿ ਸਵਰਾਜ ਅਭਿਆਨ ਦੀ ਹਾਈ ਕਮਾਨ ਵੱਲੋਂ ਭਾਵੇਂ ਪੰਜਾਬ ਇਕਾਈ ਨੂੰ ਸਿਆਸੀ ਪਾਰਟੀ ਬਣਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਪਰ ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਆਪਣੇ ਪੱਧਰ 'ਤੇ ਹੀ ਪਾਰਟੀ ਬਣਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਵਰਾਜ ਅਭਿਆਨ ਦੇ ਮੁਖੀ ਯੋਗੇਂਦਰ ਯਾਦਵ ਤੇ ਹੋਰ ਟੀਮ ਮੈਂਬਰਾਂ ਨਾਲ ਪੰਜਾਬ ਇਕਾਈ ਦੇ ਕੋਈ ਮੱਤਭੇਦ ਨਹੀਂ ਹਨ ਅਤੇ ਸਵਰਾਜ ਅਭਿਆਨ ਦੇ ਸੰਵਿਧਾਨ ਵਿਚਲੀਆਂ ਮੱਦਾਂ ਕਾਰਨ ਹਾਈ ਕਮਾਨ ਪੰਜਾਬ ਇਕਾਈ ਨੂੰ ਸਿਆਸੀ ਪਾਰਟੀ ਬਣਾਉਣ ਦੀ ਇਜਾਜ਼ਤ ਦੇਣ ਦੇ ਸਮਰਥ ਨਹੀਂ ਸੀ।

ਉਨ੍ਹਾਂ ਕਿਹਾ ਕਿ ਫਿਲਹਾਲ ਉਹ ਸਵਰਾਜ ਅਭਿਆਨ ਦਾ ਹਿੱਸਾ ਬਣੇ ਰਹਿਣਗੇ। ਪੰਜਾਬ ਚੋਣਾਂ ਥੋੜ੍ਹੀਆਂ ਸੀਟਾਂ 'ਤੇ ਲੜਨ ਦਾ ਫੈਸਲਾ ਕੀਤਾ ਗਿਆ ਹੈ। ਜਿਹੜੇ ਹਲਕੇ ਵਿਚ ਪਾਰਟੀ ਨੂੰ ਚੰਗਾ ਆਧਾਰ ਅਤੇ ਵਧੀਆ ਉਮੀਦਵਾਰ ਮਿਲੇਗਾ ਉਥੇ ਪਾਰਟੀ ਖੁਦ ਚੋਣ ਲੜੇਗੀ ਅਤੇ ਹਮਖਿਆਲ ਪਾਰਟੀਆਂ ਨਾਲ ਚੋਣ ਸਾਂਝ ਵੀ ਪਾਈ ਜਾ ਸਕਦੀ ਹੈ। ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਉਹ ਪੰਜਾਬ ਦੇ 23 ਮੁੱਦਿਆਂ ਨੂੰ ਲੈ ਕੇ ਚੋਣ ਮੈਦਾਨ ਵਿਚ ਉਤਰਨਗੇ। ਇਨ੍ਹਾਂ ਵਿਚ ਛੇ ਲੱਖ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਡਿਗਰੀ ਪੱਧਰ ਤੱਕ ਮੁਫਤ ਪੜ੍ਹਾਈ ਕਰਵਾਉਣਾ ਵੀ ਸ਼ਾਮਲ ਹੈ। ਸਵਰਾਜ ਅਭਿਆਨ ਦੇ ਕੌਮੀ ਮੀਡੀਆ ਇੰਚਾਰਜ ਅਨੁਪਮ ਨੇ ਬਿਆਨ ਜਾਰੀ ਕੀਤਾ ਹੈ ਕਿ ਪੰਜਾਬ ਇਕਾਈ ਨੇ ਨਿਰਧਾਰਤ ਪ੍ਰਕਿਰਿਆ ਅਨੁਸਾਰ ਸਿਆਸੀ ਪਾਰਟੀ ਬਣਾਉਣ ਦਾ ਫੈਸਲਾ ਨਹੀਂ ਕੀਤਾ, ਜਿਸ ਕਾਰਨ ਹਾਈ ਕਮਾਨ ਮਾਨਤਾ ਦੇਣ ਦੇ ਸਮਰੱਥ ਨਹੀਂ ਹੈ।

## ਭਾਰਤ ਵਿਚ ਦੌੜੇਗੀ 250 ਕਿਲੋਮੀਟਰ ਦੀ ਰਫਤਾਰ ਵਾਲੀ ਰੇਲ

**ਨਵੀਂ ਦਿੱਲੀ:** ਭਾਰਤੀ ਰੇਲਵੇ ਨੇ ਬੁਲੇਟ ਟ੍ਰੇਨ ਦਾ ਸੁਪਨਾ ਪੂਰਾ ਕਰਨ ਵੱਲ ਇਕ ਹੋਰ ਕਦਮ ਵਧਾਇਆ ਹੈ। ਪਹਿਲੀ ਵਾਰ ਉੱਤਰ ਪ੍ਰਦੇਸ਼ ਦੇ ਬਰੇਲੀ ਤੇ ਮੁਰਾਦਾਬਾਦ ਵਿਚਾਲੇ ਹਾਈ ਸਪੀਡ ਟ੍ਰੇਨ ਦਾ ਟਰਾਇਲ ਕੀਤਾ ਗਿਆ। ਇਹ ਹਾਈ ਸਪੀਡ ਟ੍ਰੇਨ ਸਪੇਨ ਤੋਂ ਮੰਗਵਾਈ ਗਈ ਹੈ, ਜਿਹੜੀ 250 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਦੌੜ ਸਕਦੀ ਹੈ। ਇਹ ਟ੍ਰੇਨ 9 ਵੱਜ ਕੇ 5 ਮਿੰਟ 'ਤੇ ਬਰੇਲੀ ਤੋਂ ਚੱਲੀ ਤੇ 90 ਕਿਲੋਮੀਟਰ ਦਾ ਸਫਰ ਤੈਅ ਕਰ ਕਰੀਬ 10.30 ਵਜੇ ਮੁਰਾਦਾਬਾਦ ਸਟੇਸ਼ਨ 'ਤੇ ਜਾ ਪਹੁੰਚੀ। ਪਹਿਲਾ ਟਰਾਇਲ ਸਿਰਫ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਕੀਤਾ ਗਿਆ। ਹੁਣ ਇਸ ਟ੍ਰੇਨ ਨੂੰ ਵਾਪਸੀ ਸਮੇਂ 115 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚਲਾਉਣ ਦੀ ਤਿਆਰੀ ਹੈ। ਹਾਲਾਂਕਿ ਇਸ ਬੁਲੇਟ ਟ੍ਰੇਨ ਦੀ ਸਮਰੱਥਾ 250 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ 'ਤੇ ਦੌੜਨ ਦੀ ਹੈ ਪਰ ਭਾਰਤ ਦੇ ਮੌਜੂਦਾ ਰੇਲ ਟਰੈਕ ਉਤੇ ਟ੍ਰੇਨ 160 ਦੀ ਰਫਤਾਰ ਤੱਕ ਹੀ ਹੋ ਸਕਦੀ ਹੈ। ਬਰੇਲੀ-ਮੁਰਾਦਾਬਾਦ ਵਿਚਕਾਰ ਜੋ ਰੇਲ ਟਰੈਕ ਹੈ, ਉਸ 'ਤੇ ਟ੍ਰੇਨ ਸਿਰਫ 115 ਦੀ ਰਫਤਾਰ ਉਤੇ ਹੀ ਦੌੜ ਸਕਦੀ ਹੈ। ਪੂਰੇ ਦੇਸ਼ ਦੇ ਟਰੈਕ ਜ਼ਿਆਦਾਤਰ ਇਸੇ ਸਮਰੱਥਾ ਦੇ ਹਨ।

# ਅਧਿਆਪਕਾਂ ਦਾ ਮਾਲਤੀ ਗਿਆਨ ਪੀਠ ਪੁਰਸਕਾਰ ਨਾਲ ਸਨਮਾਨ



**ਚੰਡੀਗੜ੍ਹ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਰਾਸ਼ਟਰਪਤੀ ਭਵਨ ਵਿਚ ਪੰਜਾਬ ਦੇ 15 ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦਾ ਮਾਲਤੀ ਗਿਆਨ ਪੀਠ ਪੁਰਸਕਾਰ ਨਾਲ ਸਨਮਾਨ ਕੀਤਾ। ਸਮਾਗਮ ਦੌਰਾਨ ਪੰਜਾਬ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਅਤੇ ਐਮ.ਐਸ. ਸਿੰਗਲ ਐਜੂਕੇਸ਼ਨ ਐਂਡ ਰਿਸਰਚ ਸੁਸਾਇਟੀ ਦੇ ਸ੍ਰੀ ਮਨੋਜ ਸਿੰਗਲ ਵੀ ਹਾਜ਼ਰ ਸਨ। ਡਾਕਟਰ ਚੀਮਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਮਿਆਰੀ ਸਿੱਖਿਆ ਦੇਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਵਿਸਥਾਰ ਨਾਲ ਚਰਚਾ ਕੀਤੀ।

ਉਨ੍ਹਾਂ ਕਿਹਾ ਕਿ ਦਸਵੀਂ ਅਤੇ ਬਾਰ੍ਹਵੀਂ ਦੇ ਸਾਲਾਨਾ ਨਤੀਜੇ ਸਪਸ਼ਟ ਕਰਦੇ ਹਨ ਕਿ ਸਰਕਾਰੀ ਸਕੂਲਾਂ ਖਾਸਕਾਰ ਪੇਂਡੂ ਸਕੂਲਾਂ ਦੇ ਨਤੀਜੇ ਹੋਰ ਬਿਹਤਰ ਹੋਏ ਹਨ। ਪੰਜਾਬ ਸਰਕਾਰ ਨੇ ਹਰ ਸਾਲ ਇਕ-ਇਕ (ਪੁਰਸ਼ ਮਹਿਲਾ) ਅਧਿਆਪਕ ਨੂੰ ਇਕ-ਇਕ ਲੱਖ ਰੁਪਏ ਦੀ ਰਾਸ਼ੀ ਵਾਲਾ ਲਾਈਫ ਟਾਈਮ ਅਚੀਵਮੈਂਟ ਐਵਾਰਡ ਦੇਣ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਸਟੇਟ ਐਵਾਰਡ ਜੇਤੂ ਅਧਿਆਪਕਾਂ ਨੂੰ ਦਿੱਤੀ ਜਾਣ ਵਾਲੀ ਇਨਾਮ ਰਾਸ਼ੀ ਵਿਚ ਵੀ ਢਾਈ ਗੁਣਾ ਵਾਧਾ ਕਰਦਿਆਂ 10,000 ਤੋਂ 15,000 ਰੁਪਏ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਪੁਰਸਕਾਰ ਪਿਛਲੇ ਚਾਰ ਸਾਲਾਂ ਤੋਂ ਇਕ ਗੈਰ ਸਰਕਾਰੀ ਸੰਸਥਾ ਐਮ.ਐਸ. ਸਿੰਗਲ ਐਜੂਕੇਸ਼ਨ ਐਂਡ ਰਿਸਰਚ ਸੁਸਾਇਟੀ ਵੱਲੋਂ ਮਰਹੂਮ ਅਧਿਆਪਕਾ ਸ੍ਰੀਮਤੀ ਮਾਲਤੀ ਦੀ ਯਾਦ ਵਿਚ ਦਿੱਤੇ ਜਾਂਦੇ ਹਨ। ਐਵਾਰਡ ਵਿਚ ਹਰ ਅਧਿਆਪਕ ਨੂੰ ਇਕ ਲੱਖ ਰੁਪਏ ਦੀ ਇਨਾਮ ਰਾਸ਼ੀ ਦਿੱਤੀ ਜਾਂਦੀ ਹੈ।

# ਅੱਠ ਹਜ਼ਾਰ ਸਾਲ ਪੁਰਾਣੀ ਹੈ ਸਿੰਧੂ ਘਾਟੀ ਸਭਿਅਤਾ

**ਨਵੀਂ ਦਿੱਲੀ:** ਆਈ.ਆਈ.ਟੀ. ਖੜਗਪੁਰ ਤੇ ਭਾਰਤੀ ਪੁਰਾਤਤਵ ਸਰਵੇਖਣ (ਏ.ਐਸ.ਆਈ.) ਦੇ ਵਿਗਿਆਨਕਾਂ ਦੀ ਨਵੀਂ ਖੋਜ ਨਾਲ ਜੋ ਤੱਥ ਸਾਹਮਣੇ ਆਏ ਹਨ, ਉਸ ਤੋਂ ਪਤਾ ਲੱਗਦਾ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ 5500 ਨਹੀਂ ਸਗੋਂ 8000 ਸਾਲ ਪੁਰਾਣੀ ਹੈ ਤੇ ਇਸ ਤਰ੍ਹਾਂ ਇਹ ਮਿਸਰ ਤੇ ਮੇਸੋਪੋਟਾਮੀਆ ਦੀ ਸਭਿਅਤਾ ਤੋਂ ਵੀ ਪੁਰਾਣੀ ਸਭਿਅਤਾ ਹੈ। 'ਟਾਈਮਜ਼ ਆਫ ਇੰਡੀਆ' ਦੀ ਖਬਰ ਮੁਤਾਬਕ ਮਿਸਰ ਦੀ ਸਭਿਅਤਾ ਦੇ 3 ਤੋਂ 7 ਹਜ਼ਾਰ ਈਸਾ ਪੂਰਵ ਹੋਣ ਦੇ ਪ੍ਰਮਾਣ ਹਨ, ਜਦੋਂ ਕਿ ਮੇਸੋਪੋਟਾਮੀਆ ਦੀ ਸਭਿਅਤਾ 3,100 ਤੋਂ 6,500 ਸਾਲ ਈਸਾ ਪੂਰਵ ਮੰਨੀ ਜਾਂਦੀ ਹੈ।



ਖੋਜੀਆਂ ਨੇ ਹੜੱਪਾ ਸਭਿਅਤਾ ਤੋਂ ਵੀ ਛੇ ਹਜ਼ਾਰ ਸਾਲ ਪਹਿਲਾਂ ਦੇ ਪ੍ਰਮਾਣ ਲੱਭ ਲਏ ਹਨ ਤੇ ਇਹ ਖੋਜ ਪ੍ਰਸਿੱਧ ਰਿਸਰਚ ਮੈਗਜ਼ੀਨ 'ਨੇਚਰ' ਵਿਚ ਪ੍ਰਕਾਸ਼ਿਤ ਹੋਈ ਹੈ। ਆਈ.ਆਈ.ਟੀ. ਖੜਗਪੁਰ ਦੇ ਜਿਓਲੋਜੀ ਤੇ ਜਿਓਫਿਜ਼ਿਕਸ ਵਿਭਾਗ ਦੇ ਮੁਖੀ ਅਨਿੰਦਿਆ ਸਰਕਾਰ ਨੇ ਦੱਸਿਆ ਕਿ ਉਨ੍ਹਾਂ ਸਭਿਅਤਾ ਦੇ ਪ੍ਰਾਚੀਨ ਪਾਟਰੀ ਦੀ ਖੋਜ ਕਰ ਕੇ ਇਸ ਦੇ ਸਮੇਂ ਦਾ ਪਤਾ ਲਗਾਉਣ ਲਈ ਆਪਟੀਕਲ ਸਿਟਮਊਲੇਟਿਡ ਲੂਮਨੇਸੰਸ ਤਕਨੀਕ ਦੀ ਵਰਤੋਂ ਕੀਤੀ, ਜਿਸ ਤੋਂ ਪਤਾ ਲੱਗਾ ਕਿ ਇਹ ਪਾਟਰੀ ਹੜੱਪਾ ਕਾਲ ਤੋਂ ਲਗਭਗ 6 ਹਜ਼ਾਰ ਸਾਲ ਪਹਿਲਾਂ ਦੇ ਹਨ।

ਹੁਣ ਤੱਕ ਸਿੰਧੂ ਘਾਟੀ ਸਭਿਅਤਾ ਦੇ ਪ੍ਰਮਾਣ ਪਾਕਿਸਤਾਨ ਦੇ ਹੜੱਪਾ, ਮੋਹੰਜੋਦੜੋ ਤੇ ਭਾਰਤ ਦੇ ਲੋਥਲ, ਧੋਲਵੀਰਾ ਤੇ ਕਾਲੀਬੰਗਨ ਵਿਚ ਮਿਲੇ ਸਨ। ਹੁਣ ਹਰਿਆਣਾ ਦੇ ਫਤਿਆਬਾਦ ਜ਼ਿਲ੍ਹੇ ਦੇ ਪਿੰਡ ਭੜਿਰਾਨਾ ਤੇ ਹਿਸਾਰ ਦੇ ਰਾਖੀਗੜ੍ਹੀ ਵਿਚ ਵਿਗਿਆਨੀਆਂ ਨੂੰ ਹੱਡੀਆਂ, ਗਾਂਵਾਂ ਦੇ ਸਿੰਗ, ਬੱਕਰੀਆਂ, ਹਿਰਨਾਂ ਤੇ ਚਿਕਾਰਾ ਦੇ ਅਵਸ਼ੇਸ਼ ਮਿਲੇ ਹਨ। ਖੋਜੀਆਂ ਦਾ ਮੰਨਣਾ ਹੈ ਕਿ ਸਿੰਧੂ ਘਾਟੀ ਸਭਿਅਤਾ ਦਾ ਵਿਸਤਾਰ ਭਾਰਤ ਦੇ ਵੱਡੇ ਭੂ-ਭਾਗ 'ਤੇ ਸੀ ਜੋ ਹੁਣ ਲੁਪਤ ਹੋ ਚੁੱਕੀ ਸਰਸਵਤੀ ਨਦੀ ਦੇ ਕਿਨਾਰੇ ਤੇ ਘੱਗਰ-ਹਾਕਰਾ ਨਦੀ ਤੱਕ ਸੀ। ਵਿਗਿਆਨੀਆਂ ਨੇ ਸਿੰਧੂ ਘਾਟੀ ਸਭਿਅਤਾ ਦੇ ਲੁਪਤ ਹੋਣ ਦਾ ਮੁੱਖ ਕਾਰਨ ਮੌਸਮ ਵਿਚ ਆਏ ਬਦਲਾਅ ਨੂੰ ਮੰਨਿਆ ਹੈ।

## ਭਾਜਪਾ ਰਾਮ ਮੰਦਿਰ ਤੋਂ ਹਟੀ ਪਿਛੇ

**ਨਵੀਂ ਦਿੱਲੀ:** ਯੂ.ਪੀ. ਦੀਆਂ ਆਗਾਮੀ ਚੋਣਾਂ ਦੌਰਾਨ ਭਾਜਪਾ ਨੇ ਰਾਮ ਮੰਦਿਰ ਦੀ ਥਾਂ ਵਿਕਾਸ ਨੂੰ ਮੁੱਦਾ ਬਣਾਉਣ ਦਾ ਐਲਾਨ ਕੀਤਾ ਹੈ। ਕੇਂਦਰੀ ਮੰਤਰੀ ਮਹੇਸ਼ ਸ਼ਰਮਾ ਨੇ ਆਖਿਆ ਹੈ ਕਿ ਇਨ੍ਹਾਂ ਚੋਣਾਂ ਵਿਚ ਪਾਰਟੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਿਕਾਸ ਦੇ ਏਜੰਡੇ ਨੂੰ ਮੁੱਖ ਮੁੱਦਾ ਬਣਾਏਗੀ। ਇਸ ਤੋਂ ਇਲਾਵਾ ਉਨ੍ਹਾਂ ਆਖਿਆ ਹੈ ਕਿ ਪਾਰਟੀ ਆਪਣੇ ਦਮ ਉਤੇ ਇਹ ਚੋਣਾਂ ਲੜੇਗੀ।ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਯੂ.ਪੀ. ਦੀਆਂ 403 ਸੀਟਾਂ ਵਿਚੋਂ 265 ਸੀਟਾਂ ਉੱਤੇ ਜਿੱਤ ਹਾਸਲ ਕਰੇਗੀ। ਚੋਣਾਂ ਦੌਰਾਨ ਕੇਂਦਰ ਸਰਕਾਰ ਦੇ ਵਿਕਾਸ, ਚੰਗੀ ਸਰਕਾਰ , ਭ੍ਰਿਸ਼ਟਾਚਾਰ ਮੁਕਤ ਸ਼ਾਸਨ ਨੂੰ ਮੁੱਖ ਮੁੱਦਾ ਬਣਾਏਗੀ। ਉਨ੍ਹਾਂ ਸਪਸ਼ਟ ਕੀਤਾ ਕਿ ਰਾਮ ਮੰਦਿਰ ਲੋਕਾਂ ਦੀਆਂ ਇੱਛਾਵਾਂ ਉਤੇ ਨਿਰਭਰ ਹੈ, ਪਰ ਪਾਰਟੀ ਇਸ ਨੂੰ ਚੋਣ ਮੁੱਦਾ ਬਣਾ ਕੇ ਲੋਕਾਂ ਵਿਚ ਲੈ ਕੇ ਨਹੀਂ ਜਾਵੇਗੀ। ਇਹ ਉਨ੍ਹਾਂ ਦੀ ਪਾਰਟੀ ਦਾ ਰਾਜਨੀਤਕ ਏਜੰਡਾ ਨਹੀਂ ਹੈ।

# ਬਾਦਲਾਂ ਦੀਆਂ ਹਵਾਈ ਗੇੜੀਆਂ ਨੇ ਨਿਚੋੜਿਆ ਖਜ਼ਾਨਾ

**ਬਠਿੰਡਾ:** ਬਾਦਲਾਂ ਦਾ ਰੋਜ਼ਾਨਾ ਔਸਤਨ ਡੇਢ ਘੰਟਾ ਹਵਾਈ ਸਫਰ ਵਿਚ ਲੰਘਦਾ ਹੈ। ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਇਕੋ ਸਰਕਾਰੀ ਹੈਲੀਕਾਪਟਰ ਵਰਤਦੇ ਹਨ। ਬੀਤੇ ਤਿੰਨ ਵਰ੍ਹਿਆਂ ਦੀ ਔਸਤ ਹੈ ਕਿ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਰੋਜ਼ਾਨਾ ਡੇਢ ਘੰਟਾ ਅਸਮਾਨੀ ਚੜ੍ਹੇ ਹੁੰਦੇ ਹਨ। ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਪ੍ਰਤੀ ਮਹੀਨਾ ਔਸਤਨ 40 ਘੰਟੇ ਹਵਾ ਵਿਚ ਉਡਦੇ ਹਨ। ਸ਼ਹਿਰੀ ਹਵਾਬਾਜ਼ੀ ਵਿਭਾਗ ਤੋਂ ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਦਾ ਹੈਲੀਕਾਪਟਰ ਪਹਿਲੀ ਮਈ 2013 ਤੋਂ 31 ਮਾਰਚ 2016 ਤੱਕ 1391 ਘੰਟੇ ਉਡਿਆ ਹੈ। ਭਾਵ ਤਕਰੀਬਨ 1061 ਦਿਨਾਂ ਵਿਚ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੇ 1391 ਘੰਟੇ ਦਾ ਹਵਾਈ ਸਫਰ ਕੀਤਾ ਹੈ। ਇਹ ਉਡਾਣਾਂ ਸਿਰਫ ਸਰਕਾਰੀ ਹੈਲੀਕਾਪਟਰ ਦੀਆਂ ਹਨ। ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਉਤੇ ਪ੍ਰਾਈਵੇਟ ਹੈਲੀਕਾਪਟਰ ਵੀ ਵਰਤਿਆ ਜਾਂਦਾ ਹੈ।

ਭਾਵੇਂ ਪ੍ਰਾਈਵੇਟ ਹੈਲੀਕਾਪਟਰ ਦੇ ਉਡਣ ਘੰਟਿਆਂ ਦੀ ਸੂਚਨਾ ਨਹੀਂ ਦਿੱਤੀ ਗਈ ਹੈ, ਪਰ ਪ੍ਰਾਈਵੇਟ ਹੈਲੀਕਾਪਟਰ ਦੀ ਵਰਤੋਂ ਵੀ ਸਰਕਾਰੀ ਹੈਲੀਕਾਪਟਰ ਵਾਂਗ ਹੀ ਹੋ ਰਹੀ ਹੈ। ਪੰਜਾਬ ਸਰਕਾਰ ਨੇ ਦਸੰਬਰ 2012 ਵਿਚ ਆਪਣਾ ਬੈੱਲ-429 ਹੈਲੀਕਾਪਟਰ ਖਰੀਦ ਲਿਆ ਸੀ। ਨਵਾਂ ਹੈਲੀਕਾਪਟਰ ਖਰੀਦਣ ਦੇ ਬਾਵਜੂਦ ਸਰਕਾਰ ਦੇ ਹੈਲੀਕਾਪਟਰ ਦੇ ਖਰਚੇ ਘਟੇ ਨਹੀਂ ਹਨ। ਪ੍ਰਾਈਵੇਟ ਹੈਲੀਕਾਪਟਰ ਦਾ ਖਰਚਾ ਵੀ ਜਿਉਂ ਦਾ ਤਿਉਂ ਹੀ ਹੈ।ਵੇਰਵਿਆਂ ਅਨੁਸਾਰ ਸਰਕਾਰੀ ਹੈਲੀਕਾਪਟਰ ਦਾ ਸਾਲ 2013-14 ਤੋਂ ਫਰਵਰੀ 2016 ਤੱਕ ਦਾ ਖਰਚਾ 13.10 ਕਰੋੜ ਰੁਪਏ ਰਿਹਾ। ਇਸੇ ਦੌਰਾਨ ਭਾੜੇ ਦੇ ਹੈਲੀਕਾਪਟਰ ਦਾ ਖਰਚਾ ਕਰੀਬ 12 ਕਰੋੜ ਰੁਪਏ ਰਿਹਾ। ਦੋ ਵਰ੍ਹਿਆਂ ਦੀ ਤੁਲਨਾ ਕਰੀਏ ਤਾਂ ਸਰਕਾਰੀ ਹੈਲੀਕਾਪਟਰ ਦਾ ਖਰਚਾ 9.50 ਕਰੋੜ ਰੁਪਏ ਹੈ ਜਦਕਿ ਭਾੜੇ ਦੇ ਹੈਲੀਕਾਪਟਰ ਦਾ ਖਰਚਾ 12 ਕਰੋੜ ਹੈ। ਸਰਕਾਰੀ ਹੈਲੀਕਾਪਟਰ ਹਰ ਵਰ੍ਹੇ 480 ਘੰਟੇ ਉੱਡ ਰਿਹਾ ਹੈ। ਸੂਤਰ ਦੱਸਦੇ ਹਨ ਕਿ ਪਿਛਲੇ ਵਰ੍ਹਿਆਂ ਦੌਰਾਨ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦਾ ਸੜਕੀ ਸਫਰ ਕਾਫੀ ਘਟਿਆ ਹੈ। ਲੋਕ ਸਭਾ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਵਾਲੇ ਵਰ੍ਹਿਆਂ ਦੌਰਾਨ ਤਾਂ ਲੋਕਲ ਸਫਰ ਲਈ ਵੀ ਹੈਲੀਕਾਪਟਰ ਹੀ ਵਰਤਿਆ ਜਾਂਦਾ ਹੈ। ਇਸੇ ਲਈ ਪ੍ਰਸ਼ਾਸਨ ਨੂੰ ਪਿੰਡ ਪਿੰਡ ਨਵੇਂ ਹੈਲੀਪੈਡ ਬਣਾਉਣੇ ਪੈਂਦੇ ਹਨ।



ਬੇਰੁਜ਼ਗਾਰ ਲਾਈਨਮੈਨ ਯੂਨੀਅਨ ਦੇ ਪ੍ਰਧਾਨ ਪਿਰਮਲ ਸਿੰਘ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਨੂੰ ਹੁਣ ਧਰਤੀ ਉਤੇ ਆ ਕੇ ਪੰਜਾਬ ਦੇ ਹਾਲਾਤ ਦੇਖਣੇ ਚਾਹੀਦੇ ਹਨ। ਦੱਸਣਯੋਗ ਹੈ ਕਿ ਆਡਿਟ ਵਿਭਾਗ ਵੱਲੋਂ ਹਰ ਵਰ੍ਹੇ ਸਰਕਾਰ ਵੱਲੋਂ ਪ੍ਰਾਈਵੇਟ ਹੈਲੀਕਾਪਟਰ ਵਰਤੇ ਜਾਣ ਉਤੇ ਇਤਰਾਜ਼ ਕੀਤਾ ਜਾਂਦਾ ਹੈ।

## ਭਾਰਤੀ ਮੂਲ ਦੀ ਲੇਖਕਾ ਅਦਿਤੀ ਨੇ ਜਿੱਤਿਆ ਏਸ਼ੀਅਨ ਐਵਾਰਡ

**ਸਿੰਗਾਪੁਰ:** ਸਿੰਗਾਪੁਰ ਵਿਚ ਭਾਰਤੀ ਮੂਲ ਦੀ ਲੇਖਕਾ ਅਦਿਤੀ ਕ੍ਰਿਸ਼ਨਾਕੁਮਾਰ ਦੇ ਖਰੜੇ 'ਲਵ ਆਫ ਇੰਡੀਅਨ ਹਿਸਟਰੀ' ਬਦਲੇ 10 ਹਜ਼ਾਰ ਡਾਲਰ ਦਾ ਸਕਾਲੈਸਟਿਕ ਏਸ਼ੀਅਨ ਬੁੱਕ ਐਵਾਰਡ ਜਿੱਤਿਆ ਹੈ।

ਅਦਿਤੀ ਜਿਸ ਨੇ ਪਿਛਲੇ ਸਾਲ ਸਤੰਬਰ ਮਹੀਨੇ ਆਖਰੀ ਸਮੇਂ 'ਤੇ ਆਪਣਾ ਖਰੜਾ ਦਾਖਲ ਕਰਾਇਆ ਸੀ, ਨੇ ਕਿਹਾ ਕਿ ਉਹ ਵਿੱਤੀ ਖੇਤਰ ਵਿਚ ਆਪਣੇ ਰੁਝੇਵਿਆਂ 'ਚੋਂ ਰਾਤਾਂ ਜਾਂ ਫਿਰ ਛੁੱਟੀਆਂ ਦੇ ਦਿਨਾਂ ਵਿਚ ਸਮਾਂ ਕੱਢ ਕੇ ਲਿਖਦੀ ਰਹੀ ਸੀ। ਉਸ ਲਈ ਸਭ ਤੋਂ ਵੱਡੀ ਚੁਣੌਤੀ ਇੰਟਰਨੈੱਟ ਦੇ ਭੁਚਲਾਵੇ ਵਿਚ ਨਾ ਫਸਣਾ ਸੀ।

# ਨਿਸਾਰ: 23 ਸਾਲ ਜੇਲ੍ਹ ਵਿਚ ਰਹਿ ਕੇ ਬਰੀ

ਨਿਸਾਰ ਠੀਕ ਤਰ੍ਹਾਂ ਚੱਲ ਨਹੀਂ ਸਕਦਾ ਸੀ, ਨਾ ਹੀ ਸਹੀ ਤਰੀਕੇ ਨਾਲ ਸੌਂ ਸਕਦਾ ਸੀ। ਪਿਛਲੇ 23 ਸਾਲਾਂ ਤੋਂ ਉਹ ਜੇਲ੍ਹ ਵਿਚ ਇਹੀ ਕਰਦਾ ਰਿਹਾ ਸੀ। ਜਦੋਂ ਹੁਣ ਉਸ ਨੂੰ ਜੈਪੁਰ ਜੇਲ੍ਹ ਵਿਚੋਂ ਰਿਹਾਅ ਕੀਤਾ ਗਿਆ, ਇਹ ਸੰਤਾਪ ਉਦੋਂ ਹੀ ਮੁੱਕਿਆ। ਬਾਹਰ ਨਿਕਲਦੇ ਹੀ ਨਿਸਾਰੁਦੀਨ ਅਹਿਮਦ ਨੇ ਦੇਖਿਆ ਕਿ ਉਸ ਦਾ ਵੱਡਾ ਭਾਈ ਜ਼ਹੀਰੁਦੀਨ ਅਹਿਮਦ ਜੋ ਉਸ ਤੋਂ ਦੋ ਸਾਲ ਵੱਡਾ ਹੈ, ਉਸ ਦਾ ਇੰਤਜ਼ਾਰ ਕਰ ਰਿਹਾ ਸੀ। ਨਿਸਾਰ ਕਹਿੰਦਾ ਹੈ, "ਮੈਂ ਆਪਣੇ ਪੈਰਾਂ ਵਿਚ ਭਿਆਨਕ ਭਾਰਾਪਣ ਮਹਿਸੂਸ ਕੀਤਾ। ਮੈਂ ਬਰਫ਼ ਹੋ ਗਿਆ। ਕੁਝ ਪਲ ਲਈ ਮੈਂ ਭੁੱਲ ਹੀ ਗਿਆ ਸੀ ਕਿ ਮੈਂ ਆਜ਼ਾਦ ਹਾਂ।"

ਨਿਸਾਰ ਉਨ੍ਹਾਂ ਤਿੰਨ ਜਣਿਆਂ ਵਿਚੋਂ ਇਕ ਹੈ ਜਿਨ੍ਹਾਂ ਨੂੰ ਜੈਪੁਰ ਜੇਲ੍ਹ ਵਿਚੋਂ ਰਿਹਾਅ ਕੀਤਾ

**ਮੁਜ਼ਾਮਿਲ ਜਲੀਲ**
**ਅਨੁਵਾਦ: ਬੂਟਾ ਸਿੰਘ**

ਗਿਆ। ਉਸ ਨੂੰ ਸੁਪਰੀਮ ਕੋਰਟ ਨੇ ਸਾਰੇ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ ਹੈ। ਮੁਲਕ ਦੀ ਸਭ ਤੋਂ ਵੱਡੀ ਅਦਾਲਤ ਨੇ ਉਨ੍ਹਾਂ ਨੂੰ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਖ਼ਾਰਜ ਕਰ ਦਿੱਤੀ ਅਤੇ 11 ਮਈ ਨੂੰ ਤੁਰੰਤ ਰਿਹਾਈ ਦਾ ਆਦੇਸ਼ ਦਿੱਤਾ। ਤਿੰਨਾਂ ਨੂੰ ਬਾਬਰੀ ਮਸਜਿਦ ਢਾਹੇ ਜਾਣ ਦੀ ਪਹਿਲੀ ਬਰਸੀ ਉਪਰ ਰੇਲਾਂ ਵਿਚ ਹੋਏ ਬੰਬ ਧਮਾਕਿਆਂ ਦੇ ਸਿਲਸਿਲੇ ਵਿਚ ਚੁੱਕਿਆ ਗਿਆ ਸੀ। ਇਨ੍ਹਾਂ ਬੰਬ ਧਮਾਕਿਆਂ ਵਿਚ ਦੋ ਮੁਸਾਫ਼ਰਾਂ ਦੀ ਮੌਤ ਹੋ ਗਈ ਸੀ ਅਤੇ 8 ਜ਼ਖ਼ਮੀ ਹੋ ਗਏ ਸਨ। ਜਦ ਤਕ ਤਿੰਨਾਂ ਨੂੰ ਬਰੀ ਕੀਤਾ ਗਿਆ, ਉਨ੍ਹਾਂ ਦੇ ਪਰਿਵਾਰ ਉਨ੍ਹਾਂ ਦੀ ਬੇਗੁਨਾਹੀ ਦੀ ਲੜਾਈ ਲੜਦੇ-ਲੜਦੇ ਬੁਰੀ ਤਰ੍ਹਾਂ ਟੁੱਟ ਚੁੱਕੇ ਸਨ।

ਨਿਸਾਰ ਕਹਿੰਦਾ ਹੈ, "ਮੈਂ ਆਪਣੀ ਜ਼ਿੰਦਗੀ ਦੇ ਬਿਹਤਰੀਨ 8150 ਦਿਨ ਜੇਲ੍ਹ ਦੇ ਅੰਦਰ ਗੁਜ਼ਾਰੇ ਹਨ। ਮੇਰੇ ਲਈ ਜ਼ਿੰਦਗੀ ਖ਼ਤਮ ਹੋ ਚੁੱਕੀ ਹੈ। ਜਿਸ ਨੂੰ ਤੁਸੀਂ ਦੇਖ ਰਹੇ ਹੋ, ਉਹ ਬੱਸ ਜ਼ਿੰਦਾ ਲਾਸ਼ ਹੈ। ਮੇਰੀ ਉਮਰ 20 ਸਾਲ ਦੀ ਹੋਣ ਵਾਲੀ ਸੀ, ਜਦੋਂ ਉਨ੍ਹਾਂ ਨੇ ਮੈਨੂੰ ਜੇਲ੍ਹ ਵਿਚ ਸੁੱਟ ਦਿੱਤਾ। ਹੁਣ ਮੈਂ 43 ਸਾਲ ਦਾ ਹਾਂ। ਆਖ਼ਰੀ ਵਾਰ ਜਦੋਂ ਮੈਂ ਆਪਣੀ ਛੋਟੀ ਭੈਣ ਨੂੰ ਦੇਖਿਆ ਸੀ, ਉਦੋਂ ਉਹ 12 ਸਾਲ ਦੀ ਸੀ, ਹੁਣ ਉਸ ਦੀ 12 ਸਾਲ ਦੀ ਧੀ ਹੈ। ਮੇਰੀ ਭਾਣਜੀ ਸਿਰਫ਼ ਇਕ ਸਾਲ ਦੀ ਸੀ, ਉਸ ਦੀ ਸ਼ਾਦੀ ਹੋ ਚੁੱਕੀ ਹੈ। ਮੇਰੀ ਚਾਚੇ ਦੀ ਲੜਕੀ ਮੈਥੋਂ ਦੋ ਸਾਲ ਛੋਟੀ ਸੀ, ਹੁਣ ਉਹ ਦਾਦੀ ਬਣ ਚੁੱਕੀ ਹੈ। ਪੂਰੀ ਇਕ ਪੀੜ੍ਹੀ ਮੇਰੀ ਜ਼ਿੰਦਗੀ ਵਿਚੋਂ ਕਿਰ ਹੋ ਚੁੱਕੀ ਹੈ।"


ਨਿਸਾਰ ਨੇ ਜੇਲ੍ਹ ਵਿਚੋਂ ਬਾਹਰ ਆਉਣ ਤੋਂ ਬਾਅਦ ਆਜ਼ਾਦੀ ਦੀ ਪਹਿਲੀ ਰਾਤ ਜੈਪੁਰ ਦੇ ਇਕ ਹੋਟਲ ਵਿਚ ਗੁਜ਼ਾਰੀ। ਉਹ ਕਹਿੰਦਾ ਹੈ, "ਮੈਂ ਸੌਂ ਹੀ ਨਹੀਂ ਸਕਿਆ। ਉਥੇ ਕਮਰੇ ਵਿਚ ਬਿਸਤਰਾ ਸੀ। ਐਨੇ ਸਾਲਾਂ ਤੋਂ ਮੈਂ ਫ਼ਰਸ਼ ਉਪਰ ਪਤਲਾ ਜਿਹਾ ਕੰਬਲ ਵਿਛਾ ਕੇ ਸੌਂਦਾ ਰਿਹਾ ਸੀ। ਉਸ ਨੂੰ 15 ਜਨਵਰੀ 1994 ਦਾ ਦਿਨ ਚੇਤੇ ਹੈ, ਜਦੋਂ ਪੁਲਿਸ ਨੇ ਉਸ ਨੂੰ ਗੁਲਬਰਗਾ (ਕਰਨਾਟਕ) ਸਥਿਤ ਉਨ੍ਹਾਂ ਦੇ ਘਰੋਂ ਚੁੱਕ ਲਿਆ ਸੀ। ਉਦੋਂ ਉਹ ਫਾਰਮੇਸੀ ਦੇ ਦੂਜੇ ਸਾਲ ਵਿਚ ਪੜ੍ਹ ਰਿਹਾ ਸੀ। ਉਹ ਦੱਸਦਾ ਹੈ, "15 ਦਿਨ ਬਾਅਦ ਮੇਰਾ ਇਮਤਿਹਾਨ ਸੀ। ਮੈਂ ਕਾਲਜ ਜਾ ਰਿਹਾ ਸੀ। ਪੁਲਿਸ ਦੀ ਗੱਡੀ ਇੰਤਜ਼ਾਰ ਵਿਚ ਖੜ੍ਹੀ ਸੀ। ਇਕ ਬੰਦੇ ਨੇ ਮੈਨੂੰ ਰਿਵਾਲਵਰ ਦਿਖਾਇਆ ਅਤੇ ਧੱਕੇ ਨਾਲ ਗੱਡੀ ਵਿਚ ਬਿਠਾ ਲਿਆ। ਕਰਨਾਟਕ ਪੁਲਿਸ ਨੂੰ ਮੇਰੀ ਗ੍ਰਿਫ਼ਤਾਰੀ ਦੇ ਬਾਰੇ ਕੋਈ ਖ਼ਬਰ ਨਹੀਂ ਸੀ। ਇਹ ਟੀਮ ਹੈਦਰਾਬਾਦ ਤੋਂ ਆਈ ਸੀ, ਉਹ ਮੈਨੂੰ ਹੈਦਰਾਬਾਦ ਲੈ ਗਏ।"

ਰਿਕਾਰਡ ਅਨੁਸਾਰ, ਨਿਸਾਰ ਨੂੰ 28 ਫਰਵਰੀ 1994 ਨੂੰ ਅਦਾਲਤ ਦੇ ਅੱਗੇ ਪੇਸ਼ ਕੀਤਾ ਗਿਆ। ਇਉਂ ਉਸ ਦੇ ਪਰਿਵਾਰ ਨੂੰ ਪਤਾ ਲੱਗਿਆ ਕਿ ਉਹ ਕਿਥੇ ਸੀ। ਨਿਸਾਰ ਦੇ ਦੋ ਭਾਈ ਅਤੇ ਦੋ ਭੈਣਾਂ ਹਨ। ਉਸ ਦਾ ਵੱਡੇ ਭਾਈ ਜ਼ਹੀਰੁਦੀਨ ਮੁੰਬਈ ਵਿਚ ਸਿਵਲ ਇੰਜਨੀਅਰ ਸੀ, ਉਸ ਨੂੰ ਅਪਰੈਲ ਵਿਚ ਚੁੱਕ ਲਿਆ ਗਿਆ। ਨਿਸਾਰ ਦਾ ਭਾਈ ਜ਼ਹੀਰ ਕਹਿੰਦਾ ਹੈ, "ਸਾਡੇ ਬਾਪ ਨੂਰ-ਉਦ-ਦੀਨ ਅਹਿਮਦ ਨੇ ਸਾਨੂੰ ਬੇਗੁਨਾਹ ਸਾਬਤ ਕਰਨ ਦੀ ਲੜਾਈ ਲਈ ਸਭ ਕੁਝ ਤਿਆਗ ਦਿੱਤਾ। 2006 ਵਿਚ ਜਦੋਂ ਉਨ੍ਹਾਂ ਦੀ ਮੌਤ ਹੋ ਗਈ, ਉਦੋਂ ਵੀ ਉਨ੍ਹਾਂ ਨੂੰ ਕੋਈ ਉਮੀਦ ਨਹੀਂ ਸੀ।"

ਨਿਸਾਰ ਵਾਂਗ ਜ਼ਹੀਰ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਲੇਕਿਨ ਸਿਹਤ ਦੇ ਆਧਾਰ 'ਤੇ ਸੁਪਰੀਮ ਕੋਰਟ ਨੇ ਉਸ ਨੂੰ 9 ਮਈ 2008 ਨੂੰ ਜ਼ਮਾਨਤ ਉਪਰ ਰਿਹਾਅ ਕਰ ਦਿੱਤਾ। ਜੇਲ੍ਹ ਵਿਚ ਉਸ ਨੂੰ ਫੇਫੜਿਆਂ ਦਾ ਕੈਂਸਰ ਹੋ ਗਿਆ ਸੀ। ਜ਼ਹੀਰ ਦੱਸਦਾ ਹੈ ਕਿ ਉਸ ਨੂੰ ਕੈਂਸਰ ਨਾਲ ਲੜਨਾ ਪੈਣਾ ਸੀ, ਕਿਉਂਕਿ ਇਹੀ ਆਪਣੇ ਭਾਈ ਨੂੰ ਜੇਲ੍ਹ ਵਿਚੋਂ ਰਿਹਾ ਕਰਾਉਣ ਦਾ ਇਕੋ-ਇਕ ਰਸਤਾ ਸੀ।

ਪੁਲਿਸ ਰਿਕਾਰਡ, ਦੋਵਾਂ ਦਾ ਸਬੰਧ ਕੋਟਾ, ਹੈਦਰਾਬਾਦ, ਸੂਰਤ, ਕਾਨਪੁਰ ਅਤੇ ਮੁੰਬਈ ਵਿਚ ਰੇਲ ਗੱਡੀਆਂ ਵਿਚ ਹੋਏ ਬੰਬ ਧਮਾਕਿਆਂ ਨਾਲ ਜੋੜਦਾ ਹੈ ਜੋ 5-6 ਦਸੰਬਰ 1993 ਦੀ ਰਾਤ ਨੂੰ ਹੋਏ ਸਨ। ਬੰਗਲੌਰ-ਕੁਰਲਾ ਐਕਸਪ੍ਰੈੱਸ ਵਿਚ ਰੱਖਿਆ ਬੰਬ ਕਿਸੇ ਮੁਸਾਫ਼ਰ ਦੇ ਨਜ਼ਰੀਂ ਪੈ ਗਿਆ, ਜਦੋਂ ਰੇਲ ਗੱਡੀ ਕਾਰਜਤ ਨੇੜੇ ਜਾ ਰਹੀ ਸੀ ਜਿਸ ਨੇ ਇਹ ਬਾਹਰ ਵਗਾਹ ਮਾਰਿਆ। ਹੈਦਰਾਬਾਦ ਪੁਲਿਸ ਨੇ ਨਿਸਾਰ, ਉਸ ਦੇ ਭਾਈ ਜ਼ਹੀਰ ਅਤੇ ਗੁਲਬਰਗਾ ਵਿਚ ਉਨ੍ਹਾਂ ਦੇ ਗੁਆਂਢੀ, ਕਾਰ ਮਿਸਤਰੀ ਮੁਹੰਮਦ ਯੂਸਫ਼ ਨੂੰ ਚੁੱਕ ਲਿਆ। ਸ਼ੁਰੂ ਵਿਚ ਪੁਲਿਸ ਨੇ ਉਨ੍ਹਾਂ ਉਪਰ ਉਸ ਬੰਬ ਧਮਾਕੇ ਦਾ ਮਾਮਲਾ ਦਰਜ ਕੀਤਾ ਜੋ ਹੈਦਰਾਬਾਦ ਦੇ ਮੁਸਲਿਮ ਮੈਡੀਕਲ ਇੰਸਟੀਚਿਊਟ ਵਿਚ ਹੋਏ ਸਨ। ਇਹ ਮਾਮਲਾ ਅਬੀਦ ਰੋਡ ਥਾਣੇ ਵਿਚ ਦਰਜ ਕੀਤਾ ਗਿਆ ਸੀ। ਉਨ੍ਹਾਂ ਨੂੰ ਫਿਰ ਕੁਝ ਬੰਬ ਧਮਾਕਿਆਂ ਦੇ ਅਣਸੁਲਝੇ ਮਾਮਲਿਆਂ ਵਿਚ ਵੀ ਧਰ ਲਿਆ ਗਿਆ ਜੋ ਉਸ ਸਾਲ ਅਗਸਤ ਅਤੇ ਸਤੰਬਰ ਵਿਚ ਹੋਏ ਸਨ। ਪਿਛੋਂ ਉਨ੍ਹਾਂ ਨੂੰ ਰੇਲ ਗੱਡੀਆਂ ਵਿਚ ਹੋਏ ਲੜੀਵਾਰ ਬੰਬ ਧਮਾਕਿਆਂ ਵਿਚ ਫਾਹ ਲਿਆ।

ਪੁਲਿਸ ਨੇ ਇਸ ਦਾ ਇਕੋ-ਇਕ ਜੋ ਸਬੂਤ



ਰਿਹਾਈ ਪਿਛੋਂ ਆਪਣੀ ਅੰਮਤੀ ਨਾਲ ਨਿਸਾਰ।

***ਮੈਂ ਆਪਣੀ ਜ਼ਿੰਦਗੀ ਦੇ ਬਿਹਤਰੀਨ 8150 ਦਿਨ ਜੇਲ੍ਹ ਅੰਦਰ ਗੁਜ਼ਾਰੇ ਹਨ। ਮੇਰੇ ਲਈ ਜ਼ਿੰਦਗੀ ਖ਼ਤਮ ਹੈ। ਜਿਸ ਨੂੰ ਤੁਸੀਂ ਦੇਖ ਰਹੇ ਹੋ, ਉਹ ਬੱਸ ਜ਼ਿੰਦਾ ਲਾਸ਼ ਹੈ। ਮੇਰੀ ਉਮਰ 20 ਸਾਲ ਦੀ ਹੋਣ ਵਾਲੀ ਸੀ, ਜਦੋਂ ਉਨ੍ਹਾਂ ਨੇ ਮੈਨੂੰ ਜੇਲ੍ਹ ਵਿਚ ਸੁੱਟ ਦਿੱਤਾ। ਹੁਣ 43 ਸਾਲ ਦਾ ਹਾਂ। ਆਖ਼ਰੀ ਵਾਰ ਜਦੋਂ ਮੈਂ ਛੋਟੀ ਭੈਣ ਨੂੰ ਦੇਖਿਆ ਸੀ, ਉਦੋਂ ਉਹ 12 ਸਾਲ ਦੀ ਸੀ, ਹੁਣ ਉਸ ਦੀ 12 ਸਾਲ ਦੀ ਧੀ ਹੈ। ਮੇਰੀ ਭਾਣਜੀ ਸਿਰਫ਼ ਇਕ ਸਾਲ ਦੀ ਸੀ, ਉਸ ਦੀ ਸ਼ਾਦੀ ਹੋ ਚੁੱਕੀ ਹੈ। ਮੇਰੀ ਚਾਚੇ ਦੀ ਲੜਕੀ ਮੈਥੋਂ ਦੋ ਸਾਲ ਛੋਟੀ ਸੀ, ਹੁਣ ਉਹ ਦਾਦੀ ਬਣ ਚੁੱਕੀ ਹੈ। ਪੂਰੀ ਇਕ ਪੀੜ੍ਹੀ ਮੇਰੀ ਜ਼ਿੰਦਗੀ ਵਿਚੋਂ ਕਿਰ ਹੋ ਚੁੱਕੀ ਹੈ।***

ਪੇਸ਼ ਕੀਤਾ, ਉਹ ਰਿਹਾਸਤ ਵਿਚ ਉਨ੍ਹਾਂ ਵਲੋਂ ਕਥਿਤ ਤੌਰ 'ਤੇ ਦਿੱਤੇ ਇਕਬਾਲੀਆ ਬਿਆਨ ਸਨ। ਬਾਅਦ ਵਿਚ ਇਨ੍ਹਾਂ ਨੂੰ ਅਦਾਲਤ ਵਿਚ ਪ੍ਰਵਾਨਗੀ ਯੋਗ ਬਣਾਉਣ ਲਈ ਟਾਡਾ (ਦਹਿਸ਼ਤਵਾਦ ਅਤੇ ਭੰਨਤੋੜ ਰੋਕੂ ਕਾਰਵਾਈਆਂ ਐਕਟ) ਦੀਆਂ ਧਾਰਾਵਾਂ ਨਾਲ ਜੋੜ ਦਿੱਤੀਆਂ ਗਈਆਂ। ਪੁਲਿਸ ਦੇ ਰਿਕਾਰਡ ਅਨੁਸਾਰ ਨਿਸਾਰ, ਜ਼ਹੀਰ ਅਤੇ ਯੂਸਫ਼ ਦੇ ਕਥਿਤ ਇਕਬਾਲੀਆ ਬਿਆਨ ਹੈਦਰਾਬਾਦ ਪੁਲਿਸ ਦੇ ਅਧਿਕਾਰੀਆਂ ਵਲੋਂ ਅਬੀਦ ਥਾਣੇ ਵਿਚ ਲਏ ਗਏ ਸਨ। ਪੁਲਿਸ ਨੇ ਦਾਅਵਾ ਕੀਤਾ ਕਿ ਆਪਣੇ ਕਥਿਤ ਇਕਬਾਲੀਆ ਬਿਆਨ ਵਿਚ ਨਿਸਾਰ ਨੇ "6.12.1993 ਨੂੰ ਏ.ਪੀ. ਐਕਸਪ੍ਰੈਸ ਦੇ ਡੱਬੇ ਵਿਚ ਬੰਬ ਰੱਖਣ ਵਿਚ ਆਪਣੀ ਭੂਮਿਕਾ ਕਬੂਲ ਕੀਤੀ ਅਤੇ ਕਿ ਉਸ ਕੋਲ ਦੋ ਬੰਬ ਹੋਰ ਸਨ ਜੋ ਉਸੇ ਦਿਨ ਕੇ.ਕੇ. ਐਕਸਪ੍ਰੈਸ 'ਚ ਰੱਖੇ ਜਾਣੇ ਸਨ ਪਰ ਖ਼ਰਾਬ ਤਬੀਅਤ ਕਾਰਨ ਉਹ ਉਨ੍ਹਾਂ ਦਾ ਇਸਤੇਮਾਲ ਨਹੀਂ ਕਰ ਸਕਿਆ।" ਇਸੇ ਤਰ੍ਹਾਂ, ਬਾਕੀਆਂ ਵਲੋਂ ਰੇਲ ਗੱਡੀਆਂ ਵਿਚ ਬੰਬ ਰੱਖਣ ਵਿਚ ਆਪਣੀ ਭੂਮਿਕਾ ਦਾ ਕਥਿਤ ਤੌਰ 'ਤੇ ਇਕਬਾਲ ਕੀਤਾ ਗਿਆ ਸੀ। ਇਨ੍ਹਾਂ ਕਥਿਤ ਇਕਬਾਲੀਆ ਬਿਆਨਾਂ ਵਿਚ, ਉਸ ਮਾਮਲੇ ਦਾ ਕੋਈ ਜ਼ਿਕਰ ਨਹੀਂ ਸੀ ਜਿਸ ਵਿਚ ਨਿਸਾਰ, ਜ਼ਹੀਰ ਅਤੇ ਗੁਲਬਰਗਾ ਦੇ ਹੋਰ ਜਣਿਆਂ ਨੂੰ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਤੇ ਫਿਰ ਹੈਦਰਾਬਾਦ ਲਿਆਂਦਾ ਗਿਆ ਸੀ।

ਵੱਖੋ-ਵੱਖਰੇ ਸੂਬਿਆਂ ਦੀਆਂ ਪੁਲਿਸ ਨੇ ਭਾਵੇਂ ਹਰ ਬੰਬ ਧਮਾਕੇ ਨੂੰ ਲੈ ਕੇ ਮਾਮਲੇ ਦਰਜ ਕੀਤੇ ਸਨ, ਸਰਕਾਰ ਵਲੋਂ ਜਾਂਚ ਸੀ.ਬੀ.ਆਈ. ਦੇ ਸਪੁਰਦ ਕਰ ਦਿੱਤੀ ਗਈ। ਗੁਲਬਰਗਾ ਦੇ ਇਨ੍ਹਾਂ ਤਿੰਨ ਜਣਿਆਂ ਤੋਂ ਇਲਾਵਾ ਸੀ.ਬੀ.ਆਈ. ਵਲੋਂ 13 ਹੋਰ ਜਣਿਆਂ ਦੇ ਖ਼ਿਲਾਫ਼ ਵੀ ਦੋਸ਼ ਆਇਦ ਕੀਤੇ ਗਏ ਜਿਨ੍ਹਾਂ ਵਿਚ ਮੁੰਬਈ ਤੋਂ ਜਲੀਸ ਅੰਸਾਰੀ ਵੀ ਸੀ ਜਿਸ ਨੂੰ ਬੰਬ ਧਮਾਕਿਆਂ ਦਾ ਮੁੱਖ ਸਾਜ਼ਿਸ਼ਘਾੜਾ ਕਰਾਰ ਦਿੱਤਾ ਗਿਆ ਸੀ ਜਿਨ੍ਹਾਂ ਦਾ ਮਨੋਰਥ ਬਾਬਰੀ ਮਸਜਿਦ ਨੂੰ ਢਾਹੇ ਜਾਣ ਦਾ ਬਦਲਾ ਲੈਣਾ ਦੱਸਿਆ ਗਿਆ ਸੀ। 21 ਮਈ 1996 ਨੂੰ ਹੈਦਰਾਬਾਦ ਦੇ ਮੈਟਰੋਪੋਲੀਟਨ ਸੈਸ਼ਨਜ਼ ਜੱਜ ਨੇ ਮਾਮਲੇ ਤੋਂ ਟਾਡਾ ਦੀਆਂ ਧਾਰਾਵਾਂ ਹਟਾ ਦਿੱਤੀਆਂ ਜਿਸ ਨੂੰ ਆਂਧਰਾ ਪ੍ਰਦੇਸ਼ ਸਰਕਾਰ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ। ਜੱਜ ਨੇ ਕਿਹਾ ਕਿ ਟਾਡਾ ਦਾ ਇਸਤੇਮਾਲ "ਬਹੁਤ ਹੀ ਲਾਪ੍ਰਵਾਹੀ ਵਾਲਾ" ਸੀ ਅਤੇ ਪੁਲਿਸ ਕਮਿਸ਼ਨ ਹੈਦਰਾਬਾਦ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਕਿ "ਕਿਉਂ ਨਾ ਉਸ ਦੇ ਖ਼ਿਲਾਫ਼ ਲਿਖ ਭੇਜਿਆ ਜਾਵੇ।"

17 ਜੁਲਾਈ 2001 ਨੂੰ ਆਂਧਰਾ ਪ੍ਰਦੇਸ਼ ਸਰਕਾਰ ਨੇ ਆਪਣੀ ਅਪੀਲ ਵਾਪਸ ਲੈਣੀ ਚਾਹੀ। ਇਉਂ ਇਸ ਮਾਮਲੇ ਵਿਚ ਟਾਡਾ ਲਗਾਏ ਜਾਣ ਦੀ ਕੋਈ ਵੁੱਕਤ ਨਾ ਰਹੀ ਜਿਸ ਵਿਚ ਨਿਸਾਰ, ਜ਼ਹੀਰ ਅਤੇ ਯੂਸਫ਼ ਦਾ ਕਥਿਤ ਇਕਬਾਲੀਆ ਬਿਆਨ ਲਿਆ ਗਿਆ ਸੀ, ਇਸ ਨਾਲ ਇਕਬਾਲੀਆ ਬਿਆਨ ਅਦਾਲਤ ਵਿਚ ਮਨਜ਼ੂਰੀ ਯੋਗ ਨਾ ਰਹੇ। ਡਿਪਟੀ ਕਮਿਸ਼ਨਰ (ਪੁਲਿਸ) ਕੇ.ਵੀ. ਰੈਡੀ ਵਲੋਂ 11 ਮਾਰਚ 1994 ਨੂੰ ਰਿਕਾਰਡ ਕੀਤਾ ਗਿਆ ਬਿਆਨ ਉਸ ਦੇ ਇਕ ਹੋਰ ਕਥਿਤ ਇਕਬਾਲੀਆ ਬਿਆਨ ਦੀ ਅੱਖਰ-ਅੱਖਰ ਨਕਲ ਸੀ ਜੋ ਪੁਲਿਸ ਇੰਸਪੈਕਟਰ ਬੀ. ਸ਼ਿਆਮਾ ਰਾਓ ਵਲੋਂ 27 ਫਰਵਰੀ 1994 ਨੂੰ ਲਿਆ ਗਿਆ ਸੀ। ਇਸ ਉਪਰ ਕੋਈ ਦਸਤਖ਼ਤ ਨਹੀਂ ਸਨ। ਨਿਸਾਰ ਕਹਿੰਦਾ ਹੈ, "ਇਹ ਪੁਲਿਸ ਦਾ ਘੜਿਆ ਹੋਇਆ ਬਿਆਨ ਸੀ ਅਤੇ ਮੈਂ ਇਸ ਉਪਰ ਜ਼ੋਰ ਦਿੰਦਾ ਰਿਹਾ।" 2007 ਵਿਚ ਟਰਾਇਲ ਅਦਾਲਤ ਵਲੋਂ ਸਾਰੇ ਮੁਲਜ਼ਮਾਂ ਨੂੰ ਬਰੀ ਕਰ ਦਿਤਾ ਗਿਆ।

ਨਿਸਾਰ ਦੱਸਦਾ ਹੈ- "ਟਾਡਾ ਹਟਾਏ ਜਾਣ ਤੋਂ ਬਾਅਦ ਭਾਵੇਂ ਹੈਦਰਾਬਾਦ ਵਿਚ ਕਥਿਤ ਇਕਬਾਲੀਆ ਬਿਆਨ ਮਨਜ਼ੂਰ ਨਹੀਂ ਸੀ ਕੀਤੇ ਗਏ, ਇਹੀ ਇਕਬਾਲੀਆ ਬਿਆਨ ਅਜਮੇਰ ਵਿਚ ਸਾਡੇ ਉਪਰ ਦੋਸ਼ ਆਇਦ ਕਰਨ ਲਈ ਇਸਤੇਮਾਲ ਕੀਤੇ ਗਏ।" 1999 ਵਿਚ ਪੈਰੋਲ 'ਤੇ ਰਿਹਾਅ ਕੀਤੇ ਜਾਣ 'ਤੇ ਇਕ ਮੁਲਜ਼ਮ ਭਗੌੜਾ ਹੋ ਗਿਆ। 28 ਫਰਵਰੀ 2004 ਨੂੰ ਅਜਮੇਰ ਦੀ ਨਾਮਜ਼ਦ ਟਾਡਾ ਅਦਾਲਤ ਨੇ ਨਿਸਾਰ, ਉਸ ਦੇ ਭਾਈ ਜ਼ਹੀਰ ਅਤੇ ਯੂਸਫ਼ ਸਮੇਤ ਬਾਕੀ 15 ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦੇ ਦਿਤਾ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ। ਬਾਅਦ ਵਿਚ ਉਨ੍ਹਾਂ ਵਿਚੋਂ ਇਕ ਜੋ ਨਾਬਾਲਗ ਸੀ, ਨੂੰ 2012 ਵਿਚ ਸੁਪਰੀਮ ਕੋਰਟ ਵਲੋਂ ਰਿਹਾਅ ਕਰ ਦਿਤਾ ਗਿਆ। ਉਹ ਸੁਪਰੀਮ ਕੋਰਟ ਵਿਚ ਗਏ ਅਤੇ ਟਾਡਾ ਅਦਾਲਤ ਦੇ ਹੁਕਮ ਨੂੰ ਚੁਣੌਤੀ ਦਿੱਤੀ। ਜਸਟਿਸ ਫ਼ਕੀਰ ਮੁਹੰਮਦ ਅਤੇ ਜਸਟਿਸ ਉਮੇਸ਼ ਲਲਿਤ ਨੇ ਟਿੱਪਣੀ ਕੀਤੀ ਕਿ ਨਿਸਾਰ, ਜ਼ਹੀਰ ਅਤੇ ਯੂਸਫ਼ ਸਮੇਤ ਚਾਰਾਂ ਦੇ ਇਕਬਾਲੀਆ ਬਿਆਨ "ਬਿਨਾ ਕਿਸੇ ਕਾਨੂੰਨੀ ਮਨਜ਼ੂਰੀ ਦੇ ਸਨ ਅਤੇ ਇਨ੍ਹਾਂ ਉਪਰ ਭਰੋਸਾ ਨਹੀਂ ਕੀਤਾ ਜਾ ਸਕਦਾ।"

ਫ਼ੈਸਲੇ ਅਨੁਸਾਰ, ਨਿਸਾਰ ਦੀ "ਭੂਮਿਕਾ ਨਾ ਤਾਂ ਇਕਬਾਲੀਆ ਬਿਆਨਾਂ ਵਿਚ ਜ਼ਿਕਰ ਕੀਤੀ ਗਈ ਹੈ, ਨਾ ਰਿਕਾਰਡ ਵਿਚ ਉਸ ਦੇ ਖ਼ਿਲਾਫ਼ ਇਕਬਾਲੀਆ ਬਿਆਨ ਤੋਂ ਬਿਨਾ ਕੋਈ ਹੋਰ ਚੀਜ਼ ਮੌਜੂਦ ਹੈ।" ਉਸ ਦੇ ਭਾਈ ਜ਼ਹੀਰ ਬਾਰੇ ਫ਼ੈਸਲੇ ਵਿਚ ਕਿਹਾ ਗਿਆ: "ਇਕਬਾਲੀਆ ਬਿਆਨ (ਸਹਿ-ਮੁਲਜ਼ਮ ਦੇ) ਦੀ ਤਸਦੀਕ ਲਈ ਕੋਈ ਹੋਰ ਸਬੂਤ ਨਾ ਕਾਰਨ, ਸਾਡੇ ਲਈ ਉਸ ਦੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਉਸ ਨੂੰ ਦੋਸ਼ੀ ਠਹਿਰਾਏ ਜਾਣ ਅਤੇ ਉਸ ਦੀ ਸਜ਼ਾ ਨੂੰ ਬਰਕਰਾਰ ਰੱਖਣਾ ਮੁਸ਼ਕਲ ਹੈ।"

ਨਿਸਾਰ ਮੁਤਾਬਕ, "ਸਾਨੂੰ ਫਸਾਇਆ ਗਿਆ ਸੀ। ਇਸ ਨੂੰ ਤਕਰੀਬਨ 12 ਸਾਲ ਲੱਗ ਗਏ ਅਤੇ ਆਖ਼ਿਰਕਾਰ ਸੁਪਰੀਮ ਕੋਰਟ ਨੇ ਸਾਨੂੰ ਸਾਰੇ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ। ਮੈਂ ਸੁਪਰੀਮ ਕੋਰਟ ਦਾ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਮੇਰੀ ਆਜ਼ਾਦੀ ਮੈਨੂੰ ਵਾਪਸ ਮੋੜ ਦਿੱਤੀ, ਲੇਕਿਨ ਮੇਰੀ ਜ਼ਿੰਦਗੀ ਮੈਨੂੰ ਕੌਣ ਵਾਪਸ ਕਰੇਗਾ?" ਸੁਪਰੀਮ ਕੋਰਟ ਵਲੋਂ ਦਸ ਹੋਰਾਂ ਨੂੰ ਦੋਸ਼ੀ ਕਰਾਰ ਦੇਣ ਦਾ ਫ਼ੈਸਲਾ ਬਰਕਰਾਰ ਰੱਖਿਆ ਗਿਆ ਜਿਨ੍ਹਾਂ ਵਿਚੋਂ ਤਿੰਨ ਜਣੇ 85, 79 ਤੇ 74 ਸਾਲ ਦੇ ਹਨ।

***(ਇੰਡੀਅਨ ਐਕਸਪ੍ਰੈਸ 'ਚੋਂ ਧੰਨਵਾਦ ਸਹਿਤ)***

# ਸਿਆਸੀ ਪਾਰਟੀਆਂ ਤੇ ਆਮ ਲੋਕ

ਨਰੇਂਦਰ ਮੋਦੀ ਸਰਕਾਰ ਦੇ ਦੋ ਸਾਲ ਪੂਰੇ ਹੋਣ ਦੀ ਖ਼ੁਸ਼ੀ ਕੁਝ ਇਸ ਅੰਦਾਜ਼ ਵਿਚ ਮਨਾਈ ਜਾ ਰਹੀ ਹੈ, ਜਿਵੇਂ ਪੂਰੇ ਦੇਸ਼ ਵਿਚ ਕੋਈ ਵਿਆਹ ਸਮਾਗਮ ਚੱਲ ਰਿਹਾ ਹੋਵੇ। ਇੰਡੀਆ ਗੇਟ 'ਤੇ ਫ਼ਿਲਮੀ ਸਿਤਾਰਿਆਂ ਰਾਹੀਂ ਜਸ਼ਨ ਮਨਾਇਆ ਗਿਆ ਜਿਸ ਬਾਰੇ ਵਿਰੋਧੀ ਧਿਰ ਵਲੋਂ ਦੋਸ਼ ਲਾਇਆ ਗਿਆ ਕਿ ਫ਼ਜ਼ੂਲ ਖ਼ਰਚ ਕੀਤਾ ਜਾ ਰਿਹਾ ਹੈ, ਪਰ ਇਸ ਤੋਂ ਬੇਪ੍ਰਵਾਹ ਸਰਕਾਰ ਨੇ ਅਗਲੇ ਦੋ ਮਹੀਨਿਆਂ ਲਈ ਅਣਗਿਣਤ ਛੋਟੇ-ਵੱਡੇ ਜਸ਼ਨਾਂ

**ਅਭੈ ਕੁਮਾਰ ਦੂਬੇ**

ਦੀ ਯੋਜਨਾ ਬਣਾਈ ਹੈ ਅਤੇ ਇਸ ਦੀ ਦਲੀਲ ਇਹ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਨੂੰ ਜਸ਼ਨ ਕਹਿਣਾ ਠੀਕ ਨਹੀਂ, ਇਨ੍ਹਾਂ ਨੂੰ ਤਾਂ 'ਕੁਨੈਕਟ' ਅਤੇ 'ਕਮਿਊਨੀਕੇਸ਼ਨ' ਦੀ ਸ਼੍ਰੇਣੀ 'ਚ ਰੱਖ ਕੇ ਵੇਖਿਆ ਜਾਣਾ ਚਾਹੀਦਾ ਹੈ।

ਸੱਤਾਧਾਰੀ ਪਾਰਟੀ ਦੇ ਬੁਲਾਰਿਆਂ ਦਾ ਕਹਿਣਾ ਹੈ ਕਿ ਜੇ ਸਰਕਾਰ ਦੀਆਂ ਪ੍ਰਾਪਤੀਆਂ ਵੱਖ-ਵੱਖ ਤਰ੍ਹਾਂ ਨਾਲ ਨਹੀਂ ਦੱਸੀਆਂ ਜਾਣਗੀਆਂ ਤਾਂ ਲੋਕਾਂ ਨੂੰ ਪਤਾ ਕਿਵੇਂ ਲੱਗਣਗੀਆਂ? ਸਰਕਾਰ ਲਈ ਕੰਮ ਕਰ ਰਹੀ ਇਕ ਇਸ਼ਤਿਹਾਰ ਏਜੰਸੀ ਮੁਤਾਬਕ, ਸਰਕਾਰ ਪੇਂਡੂ ਖੇਤਰਾਂ ਵਿਚ ਕਈ ਇਸ ਤਰ੍ਹਾਂ ਦੇ ਕੰਮ ਕਰ ਰਹੀ ਹੈ ਜਿਨ੍ਹਾਂ ਦੀ ਸੂਚਨਾ ਸ਼ਹਿਰਾਂ ਤੱਕ ਨਹੀਂ ਆਉਂਦੀ। ਇਸ ਲਈ ਇਸ਼ਤਿਹਾਰਾਂ ਅਤੇ ਮੀਡੀਆ ਦੇ ਵੱਖ-ਵੱਖ ਸਰੋਤਾਂ-ਸਾਧਨਾਂ ਦਾ ਸਹਾਰਾ ਲੈਣਾ ਜਾਇਜ਼ ਹੈ। ਕੇਂਦਰ ਸਰਕਾਰ ਦੇ ਦੋ ਸਾਲ ਪੂਰੇ ਹੋਣ ਸਬੰਧੀ ਬਹਿਸ ਦੋ ਤਰ੍ਹਾਂ ਨਾਲ ਹੋ ਸਕਦੀ ਹੈ। ਸਰਕਾਰ ਦੀਆਂ ਦਾਅਵੇਦਾਰੀਆਂ ਦੀ ਸਮੀਖਿਆ ਕੀਤੀ ਜਾ ਸਕਦੀ ਹੈ ਕਿ ਇਹ ਝੂਠੀਆਂ ਹਨ ਜਾਂ ਸੱਚੀਆਂ; ਤੇ ਇਨ੍ਹਾਂ ਦਾਅਵੇਦਾਰੀਆਂ ਨੂੰ ਜਨਤਾ ਤੱਕ ਪਹੁੰਚਾਉਣ ਲਈ ਅਪਣਾਈ ਜਾ ਰਹੀ ਰਾਜਨੀਤਕ ਤਕਨੀਕ ਦੀ ਜਾਂਚ ਕੀਤੀ ਜਾ ਸਕਦੀ ਹੈ ਕਿ ਇਹ ਕਿੰਨੀ ਠੀਕ ਹੈ। ਇਸ ਲੇਖ ਵਿਚ ਦੂਜੇ ਤਰੀਕੇ 'ਤੇ ਗ਼ੌਰ ਕਰਾਂਗੇ।

ਦਰਅਸਲ ਇਸ ਘਟਨਾਕ੍ਰਮ ਤੋਂ ਕਈ ਸਵਾਲ ਪੈਦਾ ਹੁੰਦੇ ਹਨ। ਪਹਿਲਾ, ਲੋਕਤੰਤਰੀ ਰਾਜਨੀਤੀ ਨੂੰ ਪ੍ਰਚਾਰ, ਇਸ਼ਤਿਹਾਰ ਅਤੇ ਖ਼ੁਦ ਨੂੰ ਵਧਾਈ ਦੇਣ ਜਾਂ ਖ਼ੁਦ ਦੀ ਪਿੱਠ ਥਾਪਣ ਵਾਲੇ ਪ੍ਰੋਗਰਾਮਾਂ ਤੋਂ ਕੀ ਮਿਲਦਾ ਹੈ? ਦੂਜਾ, ਜੋ ਇਹ ਸਭ ਕੁਝ ਹੋ ਰਿਹਾ ਹੈ, ਉਸ ਨੂੰ ਪ੍ਰਾਪੇਗੰਡੇ ਦੀ ਸ਼੍ਰੇਣੀ ਵਿਚ ਰੱਖਿਆ ਜਾਣਾ ਚਾਹੀਦਾ ਹੈ ਜਾਂ ਜਨਤਾ ਨੂੰ ਸੂਚਨਾ ਮੁਹੱਈਆ ਕਰਵਾਉਣ ਦੇ ਅਮਲ ਵਜੋਂ ਵੇਖਿਆ ਜਾਣਾ ਚਾਹੀਦਾ ਹੈ? ਤੀਜਾ, ਇਸ ਤਰ੍ਹਾਂ ਦੇ ਇਸ਼ਤਿਹਾਰਾਂ ਅਤੇ ਪ੍ਰਚਾਰ ਪ੍ਰੋਗਰਾਮਾਂ ਵਿਚ ਸਿਰਫ਼ ਭਾਰਤੀ ਜਨਤਾ ਪਾਰਟੀ ਹੀ ਹਿੱਸਾ ਨਹੀਂ ਲੈ ਰਹੀ, ਸਗੋਂ ਹਰ ਪਾਰਟੀ ਮੌਕਾ ਆਉਣ 'ਤੇ ਸਰਕਾਰੀ ਪੈਸੇ ਨੂੰ ਬੜੀ ਬੇਰਹਿਮੀ ਨਾਲ ਆਪਣੀਆਂ ਪ੍ਰਾਪਤੀਆਂ ਗਿਣਾਉਣ ਲਈ ਖ਼ਰਚ ਕਰਦੀ ਹੈ। ਹਾਲਤ ਇਹ ਹੈ ਕਿ ਕਫ਼ਾਇਤੀ ਰਾਜਨੀਤੀ ਦਾ ਮਾਡਲ ਲੈ ਕੇ ਜਨਤਕ ਜੀਵਨ ਵਿਚ ਆਉਣ ਵਾਲੀ ਆਮ ਆਦਮੀ ਪਾਰਟੀ ਵੀ ਰਾਜਨੀਤਕ ਦੌੜ ਵਿਚ ਸ਼ਾਮਿਲ ਹੋ ਕੇ ਇਸ ਚੱਕਰ ਵਿਚ ਫਸ ਗਈ ਹੈ। ਹੋਰ ਤਾਂ ਹੋਰ ਕੇਰਲਾ ਸਰਕਾਰ ਦਾ ਪੂਰੇ ਸਫ਼ੇ ਦਾ ਇਸ਼ਤਿਹਾਰ ਦੱਸਦਾ ਹੈ ਕਿ ਮਾਰਕਸਵਾਦੀ ਕਮਿਊਨਿਸਟ ਪਾਰਟੀ ਵੀ ਪ੍ਰਚਾਰ ਦੀ ਇਸ ਸ਼ੈਲੀ ਦੇ ਮੋਹ ਵਿਚ ਫਸ ਰਹੀ ਹੈ। ਇਸ ਲਈ ਹੁਣ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਭਾਰਤੀ ਰਾਜਨੀਤੀ ਵਿਚ ਇਹ ਰੁਝਾਨ ਕਿਥੋਂ ਆਇਆ ਹੈ?

ਰਾਜਨੀਤੀ ਵਿਗਿਆਨ ਦੀ ਥੋੜ੍ਹੀ ਜਿਹੀ ਵੀ ਜਾਣਕਾਰੀ ਰੱਖਣ ਵਾਲੇ ਜਾਣਦੇ ਹਨ ਕਿ ਪ੍ਰਾਪੇਗੰਡੇ ਅਤੇ ਸੰਚਾਰ ਵਿਚਕਾਰ ਫ਼ਰਕ ਹੁੰਦਾ ਹੈ। ਪ੍ਰਾਪੇਗੰਡੇ ਰਾਹੀਂ ਝੂਠ ਨੂੰ ਸੱਚ ਵਿਚ ਬਦਲਿਆ ਜਾ ਸਕਦਾ ਹੈ। ਇਸ ਹੱਦ ਤੱਕ ਲੋਕਾਂ ਦੀ ਰਾਇ ਆਪਣੇ ਹੱਕ ਵਿਚ ਮੋੜੀ ਜਾ ਸਕਦੀ ਹੈ ਕਿ ਲੋਕ ਫ਼ਾਸ਼ੀਵਾਦ ਲਈ ਵੀ ਹਮਾਇਤ ਦੇਣ ਵਾਸਤੇ ਤਿਆਰ ਹੋ ਜਾਂਦੇ ਹਨ, ਜਦੋਂ ਕਿ ਸੰਚਾਰ ਦੀ ਵਰਤੋਂ ਕਰਨਾ ਵਾਜਬ ਤਰੀਕਾ ਹੈ, ਕਿਉਂਕਿ ਇਹ ਲੋਕਾਂ ਨੂੰ ਰਾਜਨੀਤੀ ਨਾਲ ਜੋੜ ਕੇ ਉਨ੍ਹਾਂ ਨੂੰ ਲੋਕਤੰਤਰੀ ਅਮਲ ਵਿਚ ਹਿੱਸੇਦਾਰ ਬਣਾਉਂਦਾ ਹੈ। ਮਿਸਾਲ ਵਜੋਂ ਸਿਰਫ਼ ਪ੍ਰਚਾਰ ਲਈ ਨਿਯੁਕਤ ਕੋਈ ਟੀਮ ਜਾਂ ਵਿਭਾਗ ਦਿਨ-ਰਾਤ ਪ੍ਰਚਾਰ ਦੇ ਸਾਧਨਾਂ ਦਾ ਸਹਾਰਾ ਲੈ ਕੇ ਥੋੜ੍ਹੇ ਜਿਹੇ ਸਮੇਂ ਵਿਚ ਜੇ ਕੋਈ ਭਾਵਨਾ ਫੈਲਾਉਣਾ ਚਾਹੁੰਦੀ ਹੈ ਤਾਂ ਅੰਦੇਸ਼ਾ ਹੁੰਦਾ ਹੈ ਕਿ ਕਿਤੇ ਉਹ ਪ੍ਰਾਪੇਗੰਡਾ ਤਾਂ ਨਹੀਂ ਕਰ ਰਹੀ, ਕਿਤੇ ਉਹ ਕੋਈ ਖ਼ਾਸ ਤਰ੍ਹਾਂ ਦਾ ਅਕਸ ਘੜਨ ਵਿਚ ਤਾਂ ਨਹੀਂ ਲੱਗੀ ਹੋਈ ਜਿਸ ਨੂੰ ਸਥਾਪਤ ਕਰ ਕੇ ਕੋਈ ਗੁੱਝਾ ਮਕਸਦ ਹਾਸਲ ਕੀਤਾ ਜਾਣਾ ਹੋਵੇ। ਇਸ ਦੇ ਉਲਟ ਜੇ ਕਿਸੇ ਪਾਰਟੀ ਦੇ ਰਾਜਨੀਤਕ ਕਾਰਕੁਨ ਸਮਾਜ ਦੇ ਚੱਪੇ-ਚੱਪੇ ਵਿਚ ਫੈਲੇ ਹੋਏ ਹਨ, ਆਪਣੀ ਵਿਚਾਰਧਾਰਾ ਅਤੇ ਪ੍ਰਸ਼ਾਸਨਿਕ ਪ੍ਰਾਪਤੀਆਂ ਦਾ ਪ੍ਰਚਾਰ-ਪ੍ਰਸਾਰ ਕਰ ਰਹੇ ਹਨ ਅਤੇ ਲੰਮੇ ਸਮੇਂ ਵਿਚ ਆਪਣਾ ਸਮਰਥਨ ਆਧਾਰ ਵਧਾਉਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਨ ਤਾਂ ਇਸ ਨੂੰ ਯਕੀਨੀ ਤੌਰ 'ਤੇ ਰਾਜਨੀਤਕ ਸੰਚਾਰ ਦਾ ਨਾਂ ਦੇਣ ਵਿਚ ਕੋਈ ਦਿੱਕਤ ਨਹੀਂ ਆਉਣੀ ਚਾਹੀਦੀ।

ਜਾਪਦਾ ਹੈ ਕਿ ਆਪਣੇ ਕਾਰਕੁਨਾਂ ਰਾਹੀਂ ਲੋਕਾਂ ਨਾਲ ਸੰਪਰਕ ਕਰ ਕੇ ਆਪਣੀ ਵਿਚਾਰਧਾਰਾ ਅਤੇ ਪ੍ਰਾਪਤੀਆਂ ਬਾਰੇ ਜਨਤਾ ਨੂੰ ਸੂਚਨਾ ਦੇਣ ਦੀ ਰਾਜਨੀਤਕ ਤਕਨੀਕ ਹੁਣ ਕਿਸੇ ਪਾਰਟੀ ਕੋਲ ਨਹੀਂ ਰਹਿ ਗਈ। ਕਾਰਨ ਇਹ ਹੈ ਕਿ ਆਮ ਲੋਕਾਂ ਨਾਲ ਉਨ੍ਹਾਂ ਦਾ ਸੰਪਰਕ ਦਿਨੋ-ਦਿਨ ਗੌਣ ਹੋ ਰਿਹਾ ਹੈ। ਪਾਰਟੀਆਂ, ਆਗੂਆਂ ਅਤੇ ਜਨਤਾ ਦੇ ਵਿਚਕਾਰ ਦਾ ਫ਼ਾਸਲਾ ਲਗਾਤਾਰ ਵਧ ਰਿਹਾ ਹੈ। ਨਤੀਜਾ ਇਹ ਨਿਕਲਿਆ ਹੈ ਕਿ ਪਾਰਟੀਆਂ ਅਤੇ ਆਗੂਆਂ ਵਿਚਕਾਰ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਗਈ ਹੈ ਅਤੇ ਉਹ ਬਾਹਰਲੇ ਪ੍ਰਚਾਰ ਮਾਹਿਰਾਂ ਦੇ ਮੁਹਤਾਜ ਹੁੰਦੇ ਜਾ ਰਹੇ ਹਨ। ਇਹ ਪ੍ਰਚਾਰ ਮਾਹਿਰ ਕਿਰਾਏ 'ਤੇ ਮੁਹੱਈਆ ਹਨ। ਇਨ੍ਹਾਂ ਨੂੰ ਮੋਟੀ ਫੀਸ ਦੇ ਕੇ ਖ਼ਰੀਦਿਆ ਜਾ ਸਕਦਾ ਹੈ। ਕਦੇ ਇਹ ਸੱਤਾਧਾਰੀ ਪਾਰਟੀ ਲਈ ਕੰਮ ਕਰਦੇ ਹਨ ਤਾਂ ਕਦੇ ਵਿਰੋਧੀ ਧਿਰ ਦੀਆਂ ਪਾਰਟੀਆਂ ਲਈ। ਕਿਸੇ ਪਾਰਟੀ ਪ੍ਰਤੀ ਨਿਹਚਾ ਨਾਲ ਇਨ੍ਹਾਂ ਦਾ ਕੋਈ ਵਾਹ-ਵਾਸਤਾ ਨਹੀਂ ਹੈ।

ਰਾਜਨੀਤਕ ਇਸ਼ਤਿਹਾਰਾਂ 'ਤੇ ਗੰਭੀਰਤਾ ਨਾਲ ਸੋਚਣ ਵਾਲੇ ਉਘੇ ਵਿਦਵਾਨ ਰਾਜੀਵ ਦੇਸਾਈ ਨੇ ਜਾਣਕਾਰੀ ਦਿੱਤੀ ਹੈ ਕਿ ਇਹ ਬ੍ਰਾਂਡ ਅੰਬੈਸਡਰ ਵਾਲਾ ਕੰਮ ਸਿਰਫ਼ ਭਾਰਤ ਵਿਚ ਹੀ ਹੈ। ਦੁਨੀਆ ਵਿਚ ਕਿਤੇ ਵੀ ਫ਼ਿਲਮੀ ਸਿਤਾਰੇ ਅਤੇ ਖਿਡਾਰੀ ਕਿਸੇ ਸਰਕਾਰ ਜਾਂ ਪਾਰਟੀ ਦੇ ਬ੍ਰਾਂਡ ਅੰਬੈਸਡਰ ਨਹੀਂ ਹੁੰਦੇ। ਸੋ, ਜਾਪਦਾ ਹੈ ਕਿ ਸਿਆਸੀ ਆਗੂਆਂ ਦਾ ਆਪਣੀ ਹੀ ਆਵਾਜ਼ ਦੇ ਅਸਰ ਤੋਂ ਭਰੋਸਾ ਉਠ ਗਿਆ ਹੈ। ਉਨ੍ਹਾਂ ਨੂੰ ਆਪਣੀ ਗੱਲ ਕਹਿਣ ਲਈ ਕਿਸੇ ਹੋਰ ਦੇ ਚਿਹਰੇ ਅਤੇ ਕਿਸੇ ਹੋਰ ਦੀ ਆਵਾਜ਼ ਦੀ ਲੋੜ ਪੈਣ ਲੱਗੀ ਹੈ।

ਇਹ ਅਫ਼ਸੋਸਨਾਕ ਦ੍ਰਿਸ਼ ਹੈ। ਰਾਜਨੀਤੀ ਨੂੰ ਵਿਕਾਊ ਮਾਲ ਬਣਾ ਦਿੱਤਾ ਗਿਆ ਹੈ। ਇਹ ਇਸ ਗੱਲ ਦਾ ਸਬੂਤ ਹੈ ਕਿ ਭਾਰਤ ਦੀ ਪਾਰਟੀ ਪ੍ਰਣਾਲੀ ਲੋਕ-ਮੁਖੀ ਨਹੀਂ ਰਹਿ ਗਈ। -0-

# ਯਥਾ ਰਾਜਾ ਤਥਾ ਪਰਜਾ: ਆਓ ਸ਼ਗਨ ਵਿਚਾਰੀਏ!

***'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਤੇ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਗਿਣਤੀ ਦੀਆਂ, ਪਰ ਕਣ ਵਾਲੀਆਂ ਕਹਾਣੀਆਂ ਦੀ ਰਚਨਾ ਕਰ ਕੇ ਪੰਜਾਬੀ ਸਾਹਿਤ ਜਗਤ ਵਿਚ ਨਿਵੇਕਲਾ ਥਾਂ ਮੱਲਿਆ ਹੋਇਆ ਹੈ। ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਤਾਂ ਉਨ੍ਹਾਂ ਮਾਨੋ 'ਇਕੋ ਡਗੇ ਨਾਲ ਪਿੰਡ ਲੁੱਟ' ਲਿਆ। ਪਿਛਲੇ ਅਰਸੇ ਦੌਰਾਨ ਉਹ ਵਾਰਤਕ ਰਚਨਾ ਦੀ ਧੂਣੀ ਮਘਾ ਰਹੇ ਹਨ। ਇਹ ਵਾਰਤਕ ਰਚਨਾਵਾਂ ਵੀ ਕਹਾਣੀਆਂ ਤੋਂ ਘੱਟ ਨਹੀਂ। 'ਯਥਾ ਰਾਜਾ ਤਥਾ ਪਰਜਾ: ਆਓ ਸ਼ਗਨ ਵਿਚਾਰੀਏ!' ਲੇਖ ਪੜ੍ਹ ਕੇ ਪਾਠਕਾਂ ਨੂੰ ਪਤਾ ਲੱਗੇਗਾ ਕਿ ਇਸ ਵਿਚ ਵਿਅੰਗ ਦਾ ਵਾਰ ਕਿੰਨਾ ਜ਼ੋਰਦਾਰ ਹੈ। ਸ਼ਗਨ-ਬਦਸ਼ਗਨ ਦੇ ਬਹਾਨੇ ਉਨ੍ਹਾਂ ਮੌਜੂਦਾ ਹਾਲਾਤ ਬਾਰੇ ਬੜੀਆਂ ਤਿੱਖੀਆਂ ਅਤੇ ਸਾਰਥਕ ਟਿੱਪਣੀਆਂ ਕੀਤੀ ਹਨ। -ਸੰਪਾਦਕ***

ਮੇਰੀ ਪਰਵਰਿਸ਼ ਅਜਿਹੇ ਮਾਹੌਲ ਵਿਚ ਹੋਈ, ਜਿਸ ਵਿਚ ਵਹਿਮ-ਭਰਮ, ਸ਼ਗਨ-ਬਦਸ਼ਗਨ ਲਈ ਕੋਈ ਥਾਂ ਨਹੀਂ ਸੀ। ਸਾਡਾ ਪਰਿਵਾਰ ਸਿੱਖੀ ਨਾਲ, ਹੁਣ ਵਾਲੀ ਸਿੱਖੀ ਨਹੀਂ, ਗੁਰੂ ਸਾਹਿਬਾਨ ਦੀ ਦੱਸੀ ਸਿੱਖੀ ਨਾਲ ਜੁੜਿਆ ਹੋਇਆ ਸੀ। ਮੇਰੀ ਦਾਦੀ ਤੇ ਮਾਂ ਵੀ ਪੱਕੀਆਂ ਪੰਜ-ਕਕਾਰੀ ਸਨ। ਜਦੋਂ ਸਾਡੇ ਆਲੇ-ਦੁਆਲੇ ਲੋਕ ਹਰ ਕੰਮ, ਇਥੋਂ ਤੱਕ ਕਿ ਸਫ਼ਰ ਵੀ ਪੱਤਰੀ ਵਾਲੇ ਨੂੰ ਪੁੱਛ ਕੇ ਕਰਦੇ ਸਨ, ਸਿਰ ਧੋਣ ਤੇ ਨਹੁੰ ਕੱਟਣ ਦੇ ਦਿਨ ਵੀ ਵਿਚਾਰਦੇ ਸਨ, ਮੜ੍ਹੀਆਂ-ਮਸਾਣਾਂ ਪੂਜਦੇ ਸਨ, ਸਾਡੇ ਘਰ ਦਾ ਇਨ੍ਹਾਂ ਗੱਲਾਂ ਨਾਲ ਉਕਾ ਹੀ ਕੋਈ ਵਾਸਤਾ ਨਹੀਂ ਸੀ। ਜਦੋਂ ਸੁਰਤ ਸੰਭਲੀ, ਮੇਰਾ ਵਾਹ ਵਿਦਿਆਰਥੀ ਜਥੇਬੰਦੀ ਰਾਹੀਂ ਮਾਰਕਸੀ ਵਿਚਾਰਧਾਰਾ ਨਾਲ ਅਜਿਹਾ



ਜੁੜਿਆ ਕਿ ਅੱਜ ਵੀ ਮੇਰਾ ਭਰੋਸਾ ਉਸੇ ਦੀ ਵਿਗਿਆਨਕ ਸੋਚ ਵਿਚ ਅਡੋਲ ਹੈ। ਪਰ ਅੱਜ ਮਾਂ-ਪਿਓ ਤੇ ਮਾਰਕਸ ਤੋਂ ਖਿਮਾ-ਸਹਿਤ ਮੈਂ ਸਿਆਣਿਆਂ ਦੇ

**ਗੁਰਬਚਨ ਸਿੰਘ ਭੁੱਲਰ**
**ਫੋਨ: 091-1142502364**
bhullargs@gmail.com

ਕਥਨ 'ਯਥਾ ਰਾਜਾ ਤਥਾ ਪਰਜਾ' ਦਾ ਪਾਲਣ ਕਰਦਿਆਂ ਤਰਕਸ਼ੀਲਤਾ ਤੋਂ ਹਟ ਕੇ ਸ਼ਗਨ-ਬਦਸ਼ਗਨ ਵਿਚਾਰਾਂਗਾ।

ਸ਼ਗਨ-ਬਦਸ਼ਗਨ ਦੀ ਪ੍ਰਮਾਣਿਕਤਾ ਦੇ ਪੱਖ ਵਿਚ ਮੈਂ ਇਹ ਵੀ ਦੱਸ ਦੇਵਾਂ ਕਿ ਇਸ ਉਤੇ ਤਾਂ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਵਿਧਾਨਿਕ ਪਦਵੀ ਦੀ ਮੋਹਰ-ਛਾਪ ਵੀ ਲੱਗੀ ਹੋਈ ਹੈ। ਤਾਮਿਲਨਾਡੂ ਦੇ ਨਗਰ ਹੋਸੂਰ ਵਿਚ 6 ਮਈ ਨੂੰ ਉਨ੍ਹਾਂ ਦੇ ਚੋਣ-ਭਾਸ਼ਣ ਦੌਰਾਨ ਅਚਾਨਕ ਮੀਂਹ ਵਰ੍ਹਨ ਲਗਿਆ। ਉਨ੍ਹਾਂ ਨੇ ਭਾਸ਼ਣ ਰੋਕ ਕੇ ਸ਼ਗਨ ਵਿਚਾਰਿਆ, 'ਬਰਖਾ ਜਨਤਾ ਨੂੰ ਅਸ਼ੀਰਵਾਦ ਦੇਣ ਆਈ ਹੈ। ਇਹ ਬਰਖਾ ਅਸਲ ਵਿਚ ਇਸ ਚੋਣ ਵਿਚ ਬੀ.ਜੇ.ਪੀ. (ਭਾਰਤੀ ਜਨਤਾ ਪਾਰਟੀ) ਦੀ ਜਿੱਤ ਦਾ ਸੰਦੇਸ਼ ਬਣ ਕੇ ਆਈ ਹੈ।' ਜੇ ਮਗਰੋਂ ਚੋਣਾਂ ਵਿਚ ਇੰਦਰ ਦੇਵਤਾ ਦੀ ਇਸ ਕਿਰਪਾ-ਦ੍ਰਿਸ਼ਟੀ ਦੇ ਬਾਵਜੂਦ ਤਾਮਿਲਨਾਡੂ ਵਿਚ ਬੀ.ਜੇ.ਪੀ. ਦਾ ਖਾਤਾ ਵੀ ਨਹੀਂ ਖੁੱਲ੍ਹ ਸਕਿਆ, ਮੈਂ ਇਸ ਆਧਾਰ 'ਤੇ ਸ਼ਗਨ-ਬਦਸ਼ਗਨ ਨੂੰ ਫ਼ਜ਼ੂਲ



ਨਹੀਂ ਕਹਾਂਗਾ ਸਗੋਂ 2014 ਦੇ ਮੋਦੀ ਜੀ ਦੇ ਇਕਰਾਰਾਂ ਵਾਂਗ ਸ਼ਗਨ-ਪੂਰਤੀ ਦੀ ਕਾਰਗੁਜ਼ਾਰੀ, ਭਾਵ 'ਇੰਪਲੀਮੈਂਟੇਸ਼ਨ' ਵਿਚ ਕਸਰ ਮੰਨਾਂਗਾ।

ਮੋਦੀ ਜੀ ਭਾਰਤ ਸਰਕਾਰ ਅਤੇ ਬੀ.ਜੇ.ਪੀ. ਦੇ ਸਰਬੋ-ਸਰਬਾ ਹਨ। ਕੁਦਰਤੀ ਹੈ ਕਿ ਉਨ੍ਹਾਂ ਦਾ ਇਸ਼ਾਰਾ-ਮਾਤਰ ਸਰਕਾਰ ਤੇ ਪਾਰਟੀ ਵਾਸਤੇ ਰਾਹ-ਦਿਖਾਵਾ ਬਣ ਜਾਂਦਾ ਹੈ। ਭਾਰਤ ਸਰਕਾਰ ਦੀਆਂ ਦੋ ਸਾਲ ਦੀਆਂ ਅਦਿੱਸ ਪ੍ਰਾਪਤੀਆਂ ਲੋਕਾਂ ਨੂੰ ਦਿਖਾਉਣ ਵਾਸਤੇ ਮੰਤਰੀਆਂ ਨੂੰ ਵਾਰੀ ਵਾਰੀ ਪ੍ਰੈਸ-ਕਾਨਫ਼ਰੰਸਾਂ ਕਰਨ ਲਈ ਕਿਹਾ ਗਿਆ ਹੈ। ਇਸ ਲੜੀ ਦੀ ਪਹਿਲੀ ਪ੍ਰੈਸ-ਕਾਨਫ਼ਰੰਸ 20 ਮਈ ਨੂੰ ਪਿਯੂਸ਼ ਗੋਇਲ ਨੇ ਕਰਨੀ ਸੀ। ਉਹਨੂੰ ਉਸ ਦਿਨ ਦੇ ਅਸ਼ੁਭ ਹੋਣ ਕਾਰਨ ਕੋਈ ਹੋਰ ਦਿਨ ਚੁਣਨ ਦਾ ਸੁਝਾਅ ਦਿੱਤਾ ਗਿਆ ਪਰ ਉਹ ਨਾ ਮੰਨਿਆ। ਉਹਨੇ ਅਜੇ ਪਹਿਲੀ ਪ੍ਰਾਪਤੀ ਵੀ ਨਹੀਂ ਸੀ ਦੱਸੀ ਕਿ ਬੱਤੀ ਗੁੱਲ ਹੋ ਗਈ। ਉਸ ਪਿਛੋਂ ਭਾਜਪਾ ਨੇ ਅਗਲੀਆਂ ਪ੍ਰੈਸ-ਕਾਨਫਰੰਸਾਂ ਲਈ ਪੱਕੇ ਸ਼ੁਭ ਸਮੇਂ ਪਤਾ ਕਰਨ ਦਾ ਫੈਸਲਾ ਕਰ ਲਿਆ।

ਸ਼ਗਨ-ਬਦਸ਼ਗਨ ਵਿਚਾਰਨਾ ਇਸ ਲਈ ਵੀ ਜ਼ਰੂਰੀ ਹੈ ਕਿ ਮੋਦੀ ਜੀ ਸਿਰਫ਼ ਸਾਡੇ ਪ੍ਰਧਾਨ ਮੰਤਰੀ ਹੋਣ ਤੋਂ ਬਹੁਤ ਕੁਝ ਵੱਧ ਹਨ। ਇਹ ਜਾਣਕਾਰੀ ਦੇਸ਼ ਦੀ ਰਾਖੀ ਤੇ ਸਲਾਮਤੀ ਲਈ ਜ਼ਿੰਮੇਵਾਰ ਗ੍ਰਹਿ ਰਾਜ ਮੰਤਰੀ ਕਿਰਨ ਰਿਜੀਜੂ ਨੇ 18 ਮਾਰਚ ਨੂੰ ਦਿੱਤੀ ਸੀ। ਸੋਲਵੀਂ ਸਦੀ ਵਿਚ ਫਰਾਂਸ ਵਿਚ ਜੋਤਸ਼ੀ ਨੋਸਤਰਦਾਮੁਸ ਹੋਇਆ ਹੈ ਜਿਸ ਦਾ 'ਲਿਖੇ ਈਸਾ, ਪੜ੍ਹੇ ਮੂਸਾ' ਵਾਲੀ ਸਮਝੋਂ ਬਾਹਰੀ ਭਾਸ਼ਾ ਵਿਚ ਲਿਖਿਆ ਗ੍ਰੰਥ ਸਾਡੇ ਚੰਗੇ ਭਾਗਾਂ ਨੂੰ ਬੀ.ਜੇ.ਪੀ. ਤੇ ਭਾਰਤ ਸਰਕਾਰ ਦੇ ਸਮਝ ਆ ਗਿਆ ਹੈ। ਰਿਜੀਜੂ ਦੀ ਮਨੋਹਰ ਵਾਣੀ ਅਨੁਸਾਰ ਫਰਾਂਸੀਸੀ ਪੈਗੰਬਰ ਨੋਸਤਰਦਾਮੁਸ ਨੇ ਲਿਖਿਆ ਸੀ ਕਿ 2014 ਤੋਂ 2026 ਤੱਕ ਭਾਰਤ ਦੀ ਅਗਵਾਈ ਅਜਿਹਾ ਆਦਮੀ ਕਰੇਗਾ ਜਿਸ ਨੂੰ ਪਹਿਲਾਂ ਪਹਿਲਾਂ ਲੋਕ ਨਫਰਤ ਕਰਨਗੇ ਪਰ ਮਗਰੋਂ ਏਨਾ ਪਿਆਰ ਕਰਨਗੇ ਕਿ ਉਹ ਦੇਸ਼ ਦੀ ਕਿਸਮਤ ਅਤੇ ਸੇਧ ਬਦਲਣ ਵਿਚ ਹੀ ਪੂਰੀ ਤਰ੍ਹਾਂ ਜੁਟ ਜਾਵੇਗਾ। ਇਹ ਭਵਿੱਖਵਾਣੀ ਸਾਲ 1555 ਵਿਚ ਕੀਤੀ ਗਈ ਸੀ ਕਿ ਅਧੇੜ ਉਮਰ ਦਾ ਮਹਾਂਬਲੀ ਪ੍ਰਸ਼ਾਸਕ ਸਿਰਫ਼ ਭਾਰਤ ਵਿਚ ਹੀ ਨਹੀਂ ਸਗੋਂ ਪੂਰੇ ਸੰਸਾਰ ਵਿਚ ਸੁਨਹਿਰੀ ਜੁੱਗ ਲਿਆਵੇਗਾ। ਉਹਦੀ ਛਤਰਛਾਇਆ ਹੇਠ ਭਾਰਤ ਸਿਰਫ਼ ਵਿਸ਼ਵ-ਗੁਰੂ ਹੀ ਨਹੀਂ ਬਣ ਜਾਵੇਗਾ ਸਗੋਂ ਅਨੇਕ ਦੇਸ਼ ਭਾਰਤ ਦੀ ਸ਼ਰਨ ਆ ਪੈਣਗੇ। ਰਿਜੀਜੂ ਨੇ ਇਹ ਨਹੀਂ ਦੱਸਿਆ ਕਿ ਭਾਰਤੀ ਸੰਸਦੀ ਚੋਣਾਂ ਤਾਂ 2019, 2024 ਤੇ 2029 ਵਿਚ ਹੋਣੀਆਂ ਹਨ, ਇਹ ਮੋਦੀ ਜੀ ਦੇ ਕਾਰਜ-ਕਾਲ ਦਾ ਜੋਤਸ਼ੀ ਨੋਸਤਰਦਾਮੁਸ ਨੇ 2026 ਵਿਚ ਅੱਧ-ਵਿਚਾਲੇ ਹੀ ਭੋਗ ਕਿਉਂ ਪਾ ਦਿੱਤਾ? ਸਵਾਲ ਇਹ ਵੀ ਹੈ ਕਿ ਰਿਜੀਜੂ ਨੇ ਮੋਦੀ ਜੀ ਨੂੰ ਲੋਕਾਂ ਦੀ ਨਫ਼ਰਤ ਦਾ ਪਾਤਰ ਕਹਿਣ ਵਾਸਤੇ ਕਿਤੇ ਬੁੱਢੇ ਨੋਸਤਰਦਾਮੁਸ ਨੂੰ ਓਟ ਵਜੋਂ ਤਾਂ ਨਹੀਂ ਵਰਤਿਆ!

ਇਹ ਤਾਂ ਦੇਸ਼ ਦੇ ਰਾਜੇ ਦੀ ਗੱਲ ਹੋਈ, ਰੰਕਾਂ ਦਾ ਵਿਸ਼ਵਾਸ ਤਾਂ ਪੱਕਾ ਹੈ ਹੀ। ਸਾਡੇ ਵਰਗੇ ਵਿਰਲੇ-ਟਾਂਵੇਂ ਘਰਾਂ ਨੂੰ ਛੱਡ ਕੇ ਬਾਕੀਆਂ ਦਾ ਵਿਸ਼ਵਾਸ ਅਤੀਤ ਵਿਚ ਵੀ ਸੀ, ਹੁਣ ਵੀ ਹੈ ਤੇ ਬਣ ਰਹੇ ਮਾਹੌਲ ਸਦਕਾ ਭਵਿੱਖ ਵਿਚ ਹੋਰ ਵੀ ਪੁਖ਼ਤਾ ਹੋ ਜਾਵੇਗਾ। ਸ਼ਗਨਾਂ-ਬਦਸ਼ਗਨਾਂ ਦੀ ਵਿਆਖਿਆ ਕਰਨ ਵਾਲੇ ਨਵੇਂ ਨਵੇਂ ਗੁਣੀ-ਗਿਆਨੀ ਪ੍ਰਗਟ ਹੋ ਰਹੇ ਹਨ। ਮੇਰੇ ਬਚਪਨ ਵਿਚ ਸਾਡੇ ਪਿੰਡ ਇਕ ਬ੍ਰਾਹਮਣ ਹੁੰਦਾ ਸੀ ਜਿਸ ਨੂੰ ਸਾਰਾ ਅਨਪੜ੍ਹ-ਅਗਿਆਨੀ ਪਿੰਡ 'ਨਨਤੂ ਬਾਹਮਣ' ਆਖਦਾ ਸੀ। ਜਦੋਂ ਵੱਡਾ ਹੋ ਕੇ ਥੋੜ੍ਹੀ ਜਿਹੀ ਅਕਲ ਆਈ, ਮੈਂ ਸਮਝ ਸਕਿਆ ਕਿ ਉਸ ਵਿਚਾਰੇ ਦਾ ਨਾਂ 'ਪੰਡਿਤ ਅਨੰਤ ਰਾਮ' ਸੀ। ਉਹ ਹਰ ਰੋਜ਼ ਅਸ਼ਨਾਨ ਤੇ ਪੂਜਾ ਤੋਂ ਵਿਹਲਾ ਹੋ ਮੋਢੇ ਉਤੇ ਹਰਦੁਆਰੀ ਪਰਨਾ ਰੱਖ ਕੇ ਤੇ ਹੱਥ ਵਿਚ ਕੁਰਾਲੀ ਵਾਲੇ ਪੰਡਿਤ ਦੀ ਪੱਤਰੀ ਲੈ ਕੇ ਲੋਕਾਂ ਨੂੰ ਉਨ੍ਹਾਂ ਉਤੇ ਪੈ ਰਹੇ ਸ਼ਗਨਾਂ-ਬਦਸ਼ਗਨਾਂ ਦੇ ਪਰਛਾਵੇਂ ਅਤੇ ਉਨ੍ਹਾਂ ਦੇ ਕਾਰਗਰ ਉਪਾਅ ਦੱਸਣ ਤੁਰ ਪੈਂਦਾ ਸੀ। ਪੱਤਰੇ ਫਰੋਲ ਕੇ ਉਹ ਦਸਦਾ ਸੀ ਕਿ ਨਾਨਕੀਂ ਕਿਸ ਦਿਨ ਜਾਣਾ ਠੀਕ ਰਹੇਗਾ ਤੇ ਛੱਤ ਬਰਾਬਰ ਉਚੀ ਹੋ ਗਈ ਕੁੜੀ ਵਾਸਤੇ ਵਰ ਕਦੋਂ ਤੇ ਕਿਵੇਂ ਮਿਲੇਗਾ। ਸਮਝੋ, ਸਾਰੇ ਪਿੰਡ ਨੂੰ ਬਚਾਉਣ ਦਾ ਜ਼ਿੰਮਾ ਉਸੇ ਦਾ ਸੀ।

ਇਹ ਹੈ ਉਹ ਪਿਛੋਕੜ ਜਿਸ ਨੇ ਅੱਜ ਮੈਨੂੰ ਆਪਣੇ ਦੇਸ਼ ਦੇ ਸ਼ਗਨ-ਬਦਸ਼ਗਨ ਵਿਚਾਰਨ ਵਾਸਤੇ ਪ੍ਰੇਰਿਆ ਹੈ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਔਰਤਾਂ ਦੀਆਂ ਬੇਪਤੀਆਂ, ਧਾਰਮਿਕ ਤੇ ਜਾਤਪਾਤੀ ਬਖੇੜਿਆਂ, ਬੇਰੁਜ਼ਗਾਰੀ, ਮਹਿੰਗਾਈ, ਵਿਦਿਅਕ ਤੇ ਸਿਹਤ ਸੇਵਾਵਾਂ ਦੇ ਨਿਘਾਰ ਆਦਿ ਵਿਚ ਲਗਾਤਾਰ ਵਾਧੇ ਜਿਹੀਆਂ ਅਨੇਕ ਸਮੱਸਿਆਵਾਂ ਤਾਂ ਸਾਧਾਰਨ ਗੱਲਾਂ ਬਣ ਕੇ ਰਹਿ ਗਈਆਂ ਹਨ ਜੋ ਹੁਣ ਚਰਚਾ ਦਾ ਵਿਸ਼ਾ ਵੀ ਨਹੀਂ ਬਣਦੀਆਂ। ਆਓ, ਅਸੀਂ ਵੀ ਸਿਰਫ਼ ਕੁਝ ਸੱਜਰੀਆਂ ਘਟਨਾਵਾਂ ਦੀ ਹੀ ਗੱਲ ਕਰੀਏ।



ਦੇਸ਼ ਦੇ ਤੇਰਾਂ ਰਾਜਾਂ ਵਿਚ ਅਜਿਹਾ ਸੋਕਾ ਪੈ ਗਿਆ ਜਿਹੋ ਜਿਹਾ ਪਹਿਲਾਂ ਕਦੀ ਨਹੀਂ ਸੀ ਪਿਆ। ਸਰਕਾਰ ਅਨੁਸਾਰ 33 ਫੀਸਦੀ ਵਸੋਂ ਸੋਕੇ ਦੀ ਮਾਰ ਹੇਠ ਆ ਗਈ ਪਰ ਗੈਰ-ਸਰਕਾਰੀ ਸਮਾਜ-ਸੇਵੀ ਸੰਸਥਾਵਾਂ ਇਹ ਅੰਕੜਾ 50 ਫੀਸਦੀ ਦਸਦੀਆਂ ਹਨ। ਟੋਭੇ, ਛੱਪੜ, ਤਲਾਅ ਤਾਂ ਸੁੱਕਣੇ ਹੀ ਸਨ, ਖੂਹ ਵੀ ਖਾਲੀ ਹੋ ਗਏ ਤੇ ਡੈਮਾਂ ਦਾ ਪਾਣੀ ਵੀ ਥੱਲੇ ਜਾ ਲਗਿਆ। ਲੋਕ ਪਾਣੀ ਦੀ ਭਾਲ ਵਿਚ ਘਰ-ਘਾਟ ਛੱਡ ਕੇ ਭਟਕਣ ਲੱਗੇ। ਇਹ ਨਹੀਂ ਕਿ ਮੋਦੀ ਸਰਕਾਰ ਨੇ ਕੁਝ ਨਹੀਂ ਕੀਤਾ। ਲਾਤੂਰ ਨਾਂ ਦੇ ਸ਼ਹਿਰ ਵਿਚ ਰੋਜ਼ ਪਾਣੀ ਦੀ ਭਰੀ ਰੇਲ-ਗੱਡੀ ਭੇਜੀ ਜਾਣ ਲੱਗੀ ਤਾਂ ਜੋ ਤੇਰਾਂ ਰਾਜਾਂ ਦੇ ਲੋਕ ਉਥੋਂ ਤੌੜੇ ਭਰ ਭਰ ਪਾਣੀ ਲਿਆ ਸਕਣ! ਇੰਦਰ ਦੇਵਤਾ ਦੇ ਕਰੋਧ ਵਿਚ ਜੇ ਕੋਈ ਕਸਰ ਰਹਿ ਗਈ ਸੀ, ਉਹ ਪੂਰੀ ਕਰਨ ਲਈ ਸੂਰਜ ਦੇਵਤਾ ਪੂਰੇ ਜਲੌਅ ਵਿਚ ਆ ਗਿਆ। ਤਾਪਮਾਨ ਘੁੱਗ ਵਸੋਂ ਵਾਲੇ ਇਲਾਕਿਆਂ ਵਿਚ 45 ਤੇ 50 ਦੇ ਵਿਚਕਾਰ ਤਾਂ ਜਾ ਹੀ ਟਿਕਿਆ, ਕੁਝ ਥਾਂ ਤਾਂ 50 ਦੀ ਹੱਦ ਵੀ ਪਾਰ ਕਰ ਗਿਆ। ਇਕ ਸੁਆਣੀ ਨੇ ਵਿਹੜੇ ਦੇ ਪੱਕੇ ਫਰਸ਼ ਉਤੇ ਆਮਲੇਟ ਬਣਾ ਕੇ ਦਿਖਾਇਆ ਅਤੇ ਦੋ ਬੰਦਿਆਂ ਨੇ ਰਾਜਸਥਾਨ ਦੇ ਟਿੱਬਿਆਂ ਦੇ ਕੱਕੇ ਰੇਤੇ ਉਤੇ ਪਾਪੜ ਭੁੰਨ ਕੇ ਦਿਖਾਏ। ਇੰਦਰ ਤੇ ਸੂਰਜ ਦਾ ਹੱਥ ਵਟਾਉਣ ਲਈ ਅਗਨ-ਦੇਵਤਾ ਵੀ ਨਿੱਤਰ ਪਿਆ। ਉਤਰਾਖੰਡ ਦੇ ਜੰਗਲਾਂ ਵਿਚ ਥਾਂ ਥਾਂ ਭਾਂਬੜ ਬਲਣ ਲੱਗੇ ਜੋ ਹਜ਼ਾਰਾਂ ਏਕੜਾਂ ਵਿਚ ਫੈਲ ਗਏ ਅਤੇ ਹਿਮਾਚਲ ਤੇ ਜੰਮੂ ਕਸ਼ਮੀਰ ਦੇ ਜੰਗਲਾਂ ਵਿਚ ਵੀ ਜਾ ਪੁੱਜੇ। ਸੋਕੇ, ਗਰਮੀ ਤੇ ਅੱਗਾਂ ਨਾਲ 'ਤ੍ਰਾਹੀਮਾਨ, ਤ੍ਰਾਹੀਮਾਨ' ਕਰ ਰਹੇ ਉਤਰੀ ਭਾਰਤ ਨੂੰ ਚਿੜਾਉਣ ਵਾਸਤੇ ਇੰਦਰ ਦੇਵਤਾ ਨੇ ਆਪਣੇ ਜਲ-ਭੰਡਾਰ ਦੇ ਮੂੰਹ ਦੱਖਣੀ ਤੇ ਪੂਰਬੀ ਭਾਰਤ ਦੇ ਕੁਝ ਇਲਾਕਿਆਂ ਵਿਚ ਅਜਿਹੇ ਖੋਲ੍ਹੇ ਕਿ ਲੱਕ ਲੱਕ ਪਾਣੀ ਲੋਕਾਂ ਦੇ ਘਰਾਂ ਵਿਚ ਜਾ ਪਹੁੰਚਿਆ। ਪਰਬਤਾਂ ਵਿਚ ਕਈ ਥਾਂ ਵਰ੍ਹ ਕੇ ਉਹਨੇ ਅੱਗ ਤਾਂ ਬੁਝਾ ਦਿੱਤੀ ਪਰ ਪਹਾੜੀਆਂ ਖਿਸਕ ਕੇ ਅਜਿਹਾ ਕਹਿਰ ਢਾਹੁਣ ਲਗੀਆਂ ਕਿ ਲੋਕ ਸੋਚਣ ਲੱਗੇ, ਇਸ ਨਾਲੋਂ ਤਾਂ ਅੱਗਾਂ ਹੀ ਚੰਗੀਆਂ ਸਨ!

ਅੱਗ ਨੇ ਆਪਣਾ ਬਲ ਦੇਸ਼ ਦੀ ਰਾਜਧਾਨੀ ਵਿਚ ਵੀ ਆ ਦਿਖਾਇਆ। ਇਕ ਰਾਤ ਨੂੰ ਦਿੱਲੀ ਦਾ 'ਕੁਦਰਤੀ ਇਤਿਹਾਸ ਦਾ ਕੌਮੀ ਸੰਗ੍ਰਹਿ ਭਵਨ' (ਨੈਸ਼ਨਲ ਮਿਊਜ਼ੀਅਮ ਆਫ ਨੈਚੁਰਲ ਹਿਸਟਰੀ) ਪੂਰੇ ਦਾ ਪੂਰਾ ਸੜ ਕੇ ਸੁਆਹ ਹੋ ਗਿਆ। ਇਹ ਇੰਦਰਾ ਗਾਂਧੀ ਨੇ ਆਜ਼ਾਦੀ ਦੀ 25ਵੀਂ ਵਰ੍ਹੇਗੰਢ ਸਮੇਂ 1972 ਵਿਚ ਬੜੀ ਸੋਚ-ਵਿਚਾਰ ਮਗਰੋਂ ਵਿਉਂਤਿਆ ਤੇ ਬਣਾਇਆ ਸੀ। 16 ਕਰੋੜ ਸਾਲ ਪੁਰਾਣੇ ਜੀਵ-ਪਥਰਾਟ ਤੋਂ ਲੈ ਕੇ ਬਨਸਪਤੀ, ਜੀਵਾਂ ਤੇ ਖਣਿਜਾਂ ਦੇ ਅਮੋਲ ਨਮੂਨਿਆਂ ਜਿਹੀਆਂ ਦੁਰਲੱਭ ਵਸਤਾਂ ਅਤੇ ਲਾਸਾਨੀ ਜਾਣਕਾਰੀ ਨਾਲ ਭਰਪੂਰ ਸੱਠ ਹਜ਼ਾਰ ਪੁਸਤਕਾਂ ਤੇ ਖੋਜ-ਲਿਖਤਾਂ ਅਗਨ-ਭੇਟ ਹੋ ਗਈਆਂ। ਇਹ ਪੁਸਤਕਾਂ ਹੱਥ-ਲਿਖਤ ਜਾਂ ਕਿਸੇ ਸਮੇਂ ਬਹੁਤ ਸੀਮਤ ਗਿਣਤੀ ਵਿਚ ਆਖਰੀ ਵਾਰ ਛਪੀਆਂ ਹੋਣ ਕਰਕੇ ਸਿਰਫ ਇਥੇ ਹੀ ਸਨ ਤੇ ਇਨ੍ਹਾਂ ਦਾ ਕੋਈ ਉਤਾਰਾ ਵੀ ਦੁਨੀਆਂ ਵਿਚ ਕਿਤੇ ਨਹੀਂ। ਇਸ ਗਿਆਨ-ਖੇਤਰ ਦੇ ਮਾਹਿਰਾਂ ਨੇ ਹੱਥ ਮਲਦਿਆਂ ਕਿਹਾ, 'ਇਹ ਦੁਨੀਆਂ ਦੀਆਂ ਇਸ ਭਾਂਤ ਦੀਆਂ ਸਭ ਤੋਂ ਵਧੀਆ ਲਾਇਬਰੇਰੀਆਂ ਵਿਚੋਂ ਸੀ ਜਿਸ ਵਿਚ ਮੁੱਖ ਵਿਸ਼ੇ ਤੋਂ ਇਲਾਵਾ ਸਜਾਵਟੀ ਕਲਾਵਾਂ, ਇਤਿਹਾਸ, ਸਾਹਿਤ, ਅਜਾਇਬਘਰ ਅਧਿਐਨ, ਚਿਤਰਕਲਾ, ਦਰਸ਼ਨ ਤੇ ਧਰਮ ਨਾਲ ਸਬੰਧਿਤ ਦੁਰਲੱਭ ਪੁਸਤਕਾਂ ਵੀ ਸਨ। ਇਹ ਮਿਊਜ਼ੀਅਮ ਕਿਸੇ ਵੀ ਕੀਮਤ ਤੇ ਜਤਨ ਨਾਲ ਦੁਬਾਰਾ ਬਣਾਇਆ ਹੀ ਨਹੀਂ ਜਾ ਸਕਦਾ!' ਮੈਂ ਇਕ ਇਤਿਹਾਸਕਾਰ ਮਿੱਤਰ ਨਾਲ ਦੁੱਖ ਸਾਂਝਾ ਕੀਤਾ ਤਾਂ ਉਹ ਮਿਊਜ਼ੀਅਮ ਦੇ ਵੈਣ ਪਾਉਣ ਮਗਰੋਂ ਬੋਲਿਆ, "ਅਸਲ ਵਿਚ ਕੁਦਰਤ ਨੇ ਇਸ ਬਦਸ਼ਗਨੀ ਨਾਲ ਇਹ ਇਸ਼ਾਰਾ ਕੀਤਾ ਹੈ ਕਿ ਹੁਣ ਅਜਿਹੀਆਂ ਚੀਜ਼ਾਂ ਦੀ ਕੋਈ ਲੋੜ ਨਹੀਂ ਰਹਿ ਗਈ। ਵਿਦਿਆ ਮੰਤਰਾਲੇ ਦੇ ਸਲਾਹਕਾਰਾਂ ਅਨੁਸਾਰ ਅਜਿਹੀਆਂ ਚੀਜ਼ਾਂ ਵਿਚੋਂ ਇਤਿਹਾਸ ਲੱਭਣਾ ਪੱਛਮੀ ਭਾਵ ਗਲਤ ਤਰੀਕਾ ਹੈ ਜਦੋਂ ਕਿ ਸਹੀ ਇਤਿਹਾਸ ਸਾਡੇ ਵੇਦਾਂ-ਸ਼ਾਸਤਰਾਂ, ਪੁਰਾਤਨ ਗ੍ਰੰਥਾਂ, ਰਿਸ਼ੀ-ਕਥਾਵਾਂ ਤੇ ਮਿਥਿਹਾਸ ਵਿਚ ਪਿਆ ਹੈ। ਇਸ ਕਰਕੇ ਨਵੇਂ ਵਿਦਿਅਕ ਮਾਹੌਲ ਵੱਲ ਦੇਖਦਿਆਂ ਇਹ ਸੁਆਹ ਹੋਈਆਂ ਚੀਜ਼ਾਂ ਹੁਣ ਵਾਧੂ, ਫਜ਼ੂਲ ਤੇ ਬੇਲੋੜੀਆਂ ਹੀ ਸਨ ਜਿਨ੍ਹਾਂ ਨਾਲ ਰਾਜਧਾਨੀ ਦੀ ਕੀਮਤੀ ਜ਼ਮੀਨ ਕਾਠ ਮਾਰ ਛੱਡਣ ਦੀ ਕੋਈ ਤੁਕ ਨਹੀਂ ਸੀ।"

ਇਸ ਸਭ ਕੁਝ ਦੇ ਦਰਮਿਆਨ ਇਕ ਭਾਣਾ ਅਜਿਹਾ ਵਰਤਿਆ ਜਿਸ ਨੇ ਸ਼ਗਨ-ਬਦਸ਼ਗਨ ਵਿਚਾਰਨ ਵਾਲੇ ਸਭਨਾਂ ਨੂੰ ਸੁੰਨ ਕਰ ਦਿੱਤਾ। 23 ਜਨਵਰੀ ਨੂੰ ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਰਾਂਚੀ ਦੀ ਇਕ ਉਚੀ ਪਹਾੜੀ ਦੇ ਸਿਖਰ 'ਤੇ ਦੇਸ਼ ਦਾ ਸਭ ਤੋਂ ਉਚਾ ਤੇ ਵੱਡਾ ਤਿਰੰਗਾ ਚੜ੍ਹਾਇਆ ਸੀ। ਫੌਲਾਦੀ ਤਾਰਾਂ ਦੇ ਰੱਸੇ ਦੇ ਸਹਾਰੇ ਚੜ੍ਹਦਾ-ਉਤਰਦਾ ਅਤੇ 293 ਫੁੱਟ ਉਚਾ ਝੁਲਦਾ ਇਹ ਪਵਿੱਤਰ ਝੰਡਾ 60 ਕਿਲੋਗਰਾਮ ਭਾਰਾ, 99 ਫੁੱਟ ਲੰਮਾ ਤੇ 66 ਫੁੱਟ ਚੌੜਾ ਹੈ ਅਤੇ ਵਿਸ਼ੇਸ਼ ਕੱਪੜੇ ਕਾਰਨ 85,000 ਰੁਪਏ ਵਿਚ ਬਣਦਾ ਹੈ। ਦੁਨੀਆਂ ਭਰ ਵਿਚ ਉਚੀਆਂ ਥਾਂਵਾਂ ਉਤੇ ਝੁਲਦੇ ਝੰਡੇ ਅਕਸਰ ਤੇਜ਼ ਹਵਾਵਾਂ ਨਾਲ ਪਾਟ ਜਾਂਦੇ ਹਨ ਤੇ ਬਦਲਣੇ ਪੈਂਦੇ ਹਨ। 17 ਅਪਰੈਲ ਨੂੰ ਜਦੋਂ ਪਾਟਿਆ ਹੋਇਆ ਝੰਡਾ ਬਦਲਿਆ ਜਾਣ ਲਗਿਆ, ਉਹਦਾ ਰੱਸਾ ਭੌਣੀ ਤੋਂ ਤਿਲ੍ਹਕ ਕੇ ਪਾਸੇ ਫਸ ਜਾਣ ਕਾਰਨ ਉਹ ਆਪੇ ਹੀ 260 ਫੁੱਟ ਦੀ ਮਾਤਮੀ ਹਾਲਤ ਵਿਚ ਅਟਕ ਗਿਆ ਅਤੇ ਹੇਠ ਜਾਂ ਉਤੇ ਹੋਣ ਤੋਂ ਇਨਕਾਰੀ ਹੋ ਗਿਆ। ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਕੀਤੇ ਗਏ ਸਭ ਜਤਨ ਅਸਫਲ ਰਹੇ। ਰੱਸੀ ਮੋਟਰ ਨਾਲ ਖਿੱਚੀ ਤਾਂ ਮੋਟਰ ਦਾ ਗੇਅਰ ਬਾਕਸ ਟੁੱਟ ਗਿਆ। ਟਰੈਕਟਰ ਜੋੜਿਆ ਤਾਂ ਮਾਹਿਰਾਂ ਨੇ ਕਿਹਾ ਕਿ ਜੇ ਬਹੁਤਾ ਜ਼ੋਰ ਲਾਇਆ ਤਾਂ ਰੱਸਾ ਟੁੱਟ ਕੇ ਝੰਡਾ ਇਉਂ ਟੇਢਾ ਹੋ ਸਕਦਾ ਹੈ ਕਿ ਮੁਸ਼ਕਿਲ ਹੋਰ ਵੀ ਵਧ ਜਾਵੇਗੀ। ਤਾਰ ਕੱਟਣ ਨਾਲ ਵੀ ਇਹੋ ਸਮੱਸਿਆ ਪੈਦਾ ਹੋਣ ਦਾ ਡਰ ਸੀ। ਅੰਤ ਨੂੰ ਆਖ਼ਰੀ ਸਹਾਰਾ ਫੌਜ ਬੁਲਾਈ ਗਈ। ਫੌਜੀ ਇੰਜੀਨੀਅਰਾਂ ਨੇ ਉਪਰੋਕਤ ਸਾਰੇ ਡਰ ਠੀਕ ਦਸਦਿਆਂ ਝੰਡੇ ਦੇ ਬਰਾਬਰ ਨਾਲੀਆਂ ਦੀ ਪੈੜ ਦਾ ਜੁਗਾੜ ਕੀਤਾ। ਆਖਰ ਐਨ ਦਸਵੇਂ ਦਿਨ, ਜੋ ਰਵਾਇਤੀ ਤੌਰ ਉਤੇ ਸਾਡੇ ਸਮਾਜ ਵਿਚ ਸੋਗ ਦੇ ਉਠਾਲੇ ਦਾ ਦਿਨ ਹੁੰਦਾ ਹੈ, ਝੰਡੇ ਨੇ ਸਹੀ ਟਿਕਾਣੇ ਜਾਣ ਦੀ ਹਾਮੀ ਭਰੀ!

ਜਦੋਂ ਜਗਿਆਸਾ ਜਾਗਣ ਦੀ ਉਮਰ ਆਈ, ਇਕ ਦਿਨ ਮੈਂ ਪੁੱਛਿਆ, "ਚਾਚਾ ਨਨਤੂ, ਇਹ ਜੋ ਤੂੰ ਸ਼ਗਨ-ਬਦਸ਼ਗਨ ਵਿਚਾਰਦਾ ਰਹਿੰਦਾ ਹੈਂ, ਇਨ੍ਹਾਂ ਦਾ ਗੁਣ-ਦੋਸ਼, ਲਾਭ-ਹਾਨ ਕਿਸ ਨੂੰ ਜਾਂਦਾ ਹੈ?" ਉਹ ਇਕਦਮ ਬੋਲਿਆ, "ਪਰਿਵਾਰ ਦੇ ਸ਼ਗਨਾਂ-ਬਦਸ਼ਗਨਾਂ ਦਾ ਗੁਣ-ਦੋਸ਼ ਤੇ ਲਾਭ-ਹਾਨ ਪਰਿਵਾਰ ਦੇ ਮੋਹਰੀ ਨੂੰ, ਪਿੰਡ ਦਾ ਪਿੰਡ ਦੇ ਮੁਖੀਏ ਨੂੰ ਤੇ ਦੇਸ਼ ਦਾ ਦੇਸ਼ ਦੇ ਰਾਜੇ ਨੂੰ!"

ਚਾਚੇ ਨਨਤੂ ਦਾ ਇਹ ਪ੍ਰਵਚਨ ਚੇਤੇ ਕਰ ਕੇ ਮੇਰੇ ਮੂੰਹੋਂ ਸੁਤੇਸਿਧ ਨਿਕਲਿਆ, "ਸ੍ਰੀ ਰਾਮ ਜੀ ਭਲੀ ਕਰਨ!"

## ਕਾਵਿ-ਵਿਅੰਗ

### ਚੋਣ ਸਰਵੇਖਣ

ਗੱਪੀ ਖੂਬ ਭਜਾਏ ਲੀਡਰ
ਲੋਕਾਂ ਠੋਕ ਵਜਾਏ ਲੀਡਰ।
ਸ਼ੱਰ੍ਹੇਆਮ ਜਾਂ ਰਾਤ ਬਰਾਤੇ
ਡੇਰਿਆਂ ਦੇ ਵਿਚ ਜਾਏ ਲੀਡਰ।
ਇਲੈਕਸ਼ਨ ਫੰਡ ਬਥੇਰਾ ਬਚਦਾ
ਭਾਵੇਂ ਹਾਰ ਵੀ ਜਾਏ ਲੀਡਰ।
ਚੋਣਾਂ ਵੇਲੇ ਵੋਟਾਂ ਖਾਤਰ
ਗਧੇ ਨੂੰ ਬਾਪ ਬਣਾਏ ਲੀਡਰ।
ਜਿੱਤਣ ਬਾਅਦ ਜਾਂ ਹਾਰਨ ਬਾਅਦ
ਨਿਗ੍ਹਾ ਨਾ ਫੇਰ ਮਿਲਾਏ ਲੀਡਰ।
ਕਮਲ, ਤੱਕੜੀ, ਪੰਜਾ, ਹਾਥੀ
ਝਾੜੂ ਪੜ੍ਹਨੇ ਪਾਏ ਲੀਡਰ।
'ਗਿੱਲਾ' ਖਾਸ ਨੂੰ ਵੋਟ ਵੇਚ ਕੇ
ਆਮ ਲੋਕ ਜਿਤਾਏ ਲੀਡਰ।


---

### ਕਰੋ ਅੰਦਰ

ਭਗਵਾਂ ਨੇਤਾ ਘੂਰਦਾ ਵਰਦੀਆਂ ਨੂੰ
ਭੂੰਡ ਆਸ਼ਕਾਂ ਨੂੰ ਫੜ੍ਹ ਕੇ ਕਰੋ ਅੰਦਰ।
ਚਿਹਰੇ ਸੜਨ ਨਾ
ਸੁੰਦਰੀਆਂ-ਮੁੰਦਰੀਆਂ ਦੇ
ਤੇਜ਼ਾਬ ਛਿੜਕਣੇ ਕਮਲੇ ਕਰੋ ਅੰਦਰ।
ਵਗਦੇ ਛੇਵੇਂ ਦਰਿਆ ਨੂੰ ਪੂਰ ਦੇਵੋ
ਸਿਰਫ 'ਭੋਲਾ-ਜੁੰਡਲੀ' ਕਰੋ ਅੰਦਰ।
ਅਫਸਰ ਜਿਹੜਾ ਵੀ ਮੰਥਲੀ ਨਹੀਂ ਭਰਦਾ
ਵਿਜੀਲੈਂਸ ਪਕੜਾ ਕੇ ਕਰੋ ਅੰਦਰ।
'ਭਾਰਤ ਮਾਤਾ ਦੀ ਜੈ' ਜੋ ਨਾ ਬੋਲੇ
ਪਾਕਿਸਤਾਨ ਭਜਾਉਣ ਲਈ ਕਰੋ ਅੰਦਰ।
ਗੁਰੂ ਗ੍ਰੰਥ ਬੇਅਦਬੀ 'ਦੋਸ਼ੀ-ਜਾਸੂਸ'
ਅਸਲੀ ਨਹੀਂ, ਨਕਲੀ ਨੂੰ ਕਰੋ ਅੰਦਰ।
'ਗਿੱਲ' ਚੋਣਾਂ ਦੇ ਵਿਚ ਜਦ ਦੇਸ਼ ਪਰਤੇ
ਦੇਸ਼ ਧਰੋਹੀ ਬਣਾ ਕੇ ਕਰੋ ਅੰਦਰ।

*-ਜਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

# ਪ੍ਰੋ. ਸਰੂਪ ਸਿੰਘ ਪੰਜਾਬੀ ਗਾਇਕੀ ਦਾ ਕੱਲ੍ਹ ਵੀ ਤੇ ਅੱਜ ਵੀ




**ਐਸ. ਅਸ਼ੋਕ ਭੌਰਾ**
**ਫੋਨ: 510-415-3315**

ਕਰੀਬ ਇਕ ਦਹਾਕੇ ਤੋਂ ਪੰਜਾਬੀ ਗਾਇਕੀ ਪ੍ਰਤੀ ਜਿਸ ਤਰ੍ਹਾਂ ਦਾ ਉਦਰੇਵੇਂ ਵਾਲਾ ਧੂੰਆਂ ਉਤਰਿਆ ਹੈ ਉਹਦੇ ਨਾਲ ਅੱਖਾਂ ਤਾਂ ਸਾਰਿਆਂ ਦੀਆਂ ਦੁਖ ਰਹੀਆਂ ਹਨ, ਇਕ ਦੂਜੇ ਨੂੰ ਉਲਾਂਭੇ ਵੀ ਦਿੱਤੇ ਜਾ ਰਹੇ ਹਨ, ਰਿਸ਼ਤਿਆਂ ਦਾ ਕਿਤੇ ਕਿਤੇ ਕਤਲ ਵੀ ਇਹ ਗੀਤ ਹੀ ਕਰ ਰਹੇ ਹਨ, ਹੁਣ ਗਾਇਕ ਜੰਮ ਨਹੀਂ ਰਹੇ ਬਣ ਰਹੇ ਹਨ, ਗਲੇ ਨਾਲੋਂ ਵਾਲਾਂ ਤੇ ਪਹਿਰਾਵੇ ਦਾ ਵੱਧ ਦਿਖਾਵਾ ਹੋ ਰਿਹਾ ਹੈ, ਪੈਸੇ ਦੀ ਖਾਤਰ ਸੱਭਿਆਚਾਰਕ ਕਦਰਾਂ ਕੀਮਤਾਂ ਦਾ ਨਾਸ ਮਾਰਿਆ ਜਾ ਰਿਹਾ ਹੈ ਪਰ ਕਹਿਣਾ ਪੈ ਰਿਹਾ ਹੈ ਕਿ 'ਹਾਏ ਓ ਰੱਬਾ ਕਰੀਏ ਤਾਂ ਕੀ ਕਰੀਏ?'

ਜਿਸ ਗਾਇਕ ਦੀ ਮੈਂ ਗੱਲ ਕਰਨ ਲੱਗਾ ਹਾਂ ਉਹ ਸੁਣ ਕੇ ਸਿਆਣੇ ਬੰਦੇ ਕਹਿਣਗੇ 'ਸ਼ਾਬਾਸ਼! ਇਹ ਗੱਲ ਕੀਤੀ ਹੀ ਜਾਣੀ ਚਾਹੀਦੀ ਸੀ।' ਇਹ ਗੱਲ ਪ੍ਰੋ. ਸਰੂਪ ਸਿੰਘ ਸਰੂਪ ਦੀ ਹੈ। ਕਹਿਣ ਨੂੰ ਚਿੱਤ ਤਾਂ ਨਹੀਂ ਕਰਦਾ ਪਰ ਕੁਦਰਤ ਦੇ ਵਿਧੀ ਵਿਧਾਨ ਮੁਤਾਬਿਕ ਇਹ ਕਹਿਣਾ ਪੈ ਰਿਹਾ ਹੈ ਕਿ ਪ੍ਰੋ. ਸਰੂਪ ਇਸ ਵੇਲੇ ਨਦੀ ਕਿਨਾਰੇ ਰੁੱਖੜਾ ਹੈ, ਭਾਵੇਂ ਉਹ ਸਿਹਤਮੰਦ ਹੈ, ਗਾਇਕੀ 'ਚ ਉਵੇਂ ਵਿਚਰ ਰਿਹਾ ਹੈ, ਉਹਦੇ 365 ਦਿਨਾਂ 'ਚੋਂ 280 ਪ੍ਰੋਗਰਾਮ ਹੁੰਦੇ ਨੇ, ਪੰਦਰਾਂ ਸਟੇਟਾਂ 'ਚ ਉਹਦੇ ਪ੍ਰੋਗਰਾਮ ਹੁੰਦੇ ਨੇ, ਜਦੋਂ ਉਹ ਗਾਉਂਦਾ ਹੈ ਤਾਂ ਉਸ ਇਬਾਰਤ ਨੂੰ ਸਿੱਧ ਕਰ ਦਿੰਦਾ ਹੈ ਕਿ ਕਾਂ ਚੁੱਪ ਹੋ ਜਾਂਦੇ ਨੇ ਕੋਇਲਾਂ ਹੁੰਗਾਰੇ 'ਚ ਕੂਕਦੀਆਂ ਨੇ, ਇਸ ਕਰਕੇ ਕਿ ਪੰਜਾਬ ਦੀ ਫਿਜ਼ਾ ਨੂੰ ਅਜਿਹੀਆਂ ਸੁਰਾਂ ਦੀ ਲੋੜ ਹੈ ਅਤੇ ਰੱਬ ਕਰੇ ਪ੍ਰੋ. ਸਰੂਪ ਨਾਲੋਂ ਗਾਇਕੀ 'ਚ ਮੁਹੱਬਤ ਦੀ ਤਾਣੀ ਦਾ ਤੰਦ ਕਦੇ ਨਾ ਟੁੱਟੇ। ਅਗਲੀ ਗੱਲ ਪੰਜਾਬੀ ਗਾਇਕੀ ਦੀ ਸਥਿਤੀ ਉਸ ਤਾਂਗੇ ਵਰਗੀ ਹੈ ਜਿਸ ਦਾ ਘੋੜਾ ਵੀ ਅੱਥਰਾ ਹੈ, ਚਾਲਕ ਵੀ ਅਨਾੜੀ, ਤੇ ਕਿਹਨੂੰ ਕਦੇ ਮੂਧੇ ਮੂੰਹ ਸਿੱਟ ਲਵੇ, ਪਤਾ ਨਹੀਂ। ਲੋਕ ਦੁਹਾਈਆਂ ਦੇ ਰਹੇ ਨੇ ਕਿ ਨੌਜਵਾਨ ਪੀੜ੍ਹੀ ਵਿਗੜ ਰਹੀ ਹੈ।

ਪ੍ਰੋ. ਸਰੂਪ ਸਿੰਘ ਸਰੂਪ ਨੇ ਜ਼ਿੰਦਗੀ ਦੇ ਛੇ ਦਹਾਕੇ ਸਿੱਖ ਇਤਿਹਾਸ, ਅਮੀਰ ਗਾਇਕੀ, ਪੰਜਾਬ ਦੇ ਅਮੀਰ ਸੱਭਿਆਚਾਰ ਤੇ ਇਖਲਾਕੀ ਪਰੰਪਰਾਵਾਂ ਨੂੰ ਬਚਾਉਣ ਲਈ ਲਾਏ ਹਨ ਜਿਨ੍ਹਾਂ 'ਤੇ ਪੰਜਾਬੀਆਂ ਨੂੰ ਮਾਣ ਹੈ। ਤਵੱਕੋਂ ਦਿਓ,

-ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ
ਬੇਸਮਝ ਜ਼ਮਾਨਾ ਕੀ ਜਾਣੇ।



ਪ੍ਰੋ. ਸਰੂਪ ਸਿੰਘ ਇਕ ਧਾਰਮਿਕ ਸੰਗੀਤਕ ਸਮਾਰੋਹ ਦੌਰਾਨ ਆਪਣੇ ਸਾਥੀਆਂ ਨਾਲ

ਜਿਸ ਸਭ ਜੱਗ ਆਪਣਾ ਸਮਝ ਲਿਆ
ਆਪਣਾ 'ਤੇ ਬੇਗਾਨਾ ਕੀ ਜਾਣੇ।

-ਦੇਖ ਓਏ ਸਿੰਘਾ ਦੇਖ ਸਿੱਖੀ ਦਾ ਨਜ਼ਾਰਾ
ਚੱਲਦਾ ਪਿਆ ਏ ਕਿਹਦੀ ਖੋਪਰੀ 'ਤੇ ਆਰਾ।

-ਆਂਦਰਾਂ ਅਜੀਤ ਦੀਆਂ ਖੋਪਰੀ ਜੁਝਾਰ ਦੀ
ਇਹਦੇ ਵਿਚੋਂ ਜੋਤ ਜਗੀ ਸਿੱਖੀ ਦੇ ਪਿਆਰ ਦੀ।

ਸੁਣ ਤੇ ਪੜ੍ਹ ਕੇ ਸੁਹਿਰਦ ਪੰਜਾਬੀ ਚੌਕੜੀ ਮਾਰ ਕੇ ਬੈਠੇਗਾ ਅਤੇ ਉਚੀ ਦੇਣੀ ਜੈਕਾਰਾ ਵੀ ਛੱਡੇਗਾ, ਜਿਉਂਦਾ-ਵਸਦਾ ਰਹੇ ਪ੍ਰੋ. ਸਰੂਪ ਸਿੰਘ ਸਰੂਪ। ਮੈਂ ਮਾਣ ਨਾਲ ਕਹਾਂਗਾ ਕਿ ਮੈਨੂੰ ਪ੍ਰੋ. ਸਰੂਪ ਸਿੰਘ ਸਰੂਪ ਨਾਲ ਕਰੀਬ ਪੈਂਤੀ ਸਾਲ ਵਿਚਰਨ ਦਾ ਮੌਕਾ ਮਿਲਿਆ। ਵੈਰਾਗਮਈ ਸੰਗੀਤ ਵਿਚ ਉਹਦਾ ਹਾਲੇ ਤੱਕ ਵੀ ਕੋਈ ਸਾਨੀ ਨਹੀਂ। ਪੜ੍ਹਨ ਵਾਲੇ ਨੂੰ ਭਾਵੇਂ ਇਹ ਗੱਲ ਅਜੀਬ ਲੱਗੇ ਕਿ ਲੋਕੀਂ ਤਾਂ ਦਾਅਵਾ ਕਰਦੇ ਨੇ ਸਾਡੇ ਖੁਸ਼ੀ ਦੇ ਮੌਕੇ 'ਤੇ ਫਲਾਣੇ ਨੇ ਗਾਇਆ ਸੀ, ਫਲਾਣਾ ਰਾਗੀ ਆਇਆ ਸੀ, ਫਲਾਣੇ ਨੇ ਅਖਾੜਾ ਲਾਇਆ ਸੀ ਪਰ ਮੈਂ ਕਹਾਂਗਾ ਕਿ ਸਾਡੇ ਪਰਿਵਾਰ ਤੇ ਰਿਸ਼ਤੇਦਾਰੀ ਵਿਚ ਬਹੁਤੀਆਂ ਮੌਤਾਂ 'ਤੇ ਪ੍ਰੋ. ਸਰੂਪ ਸਿੰਘ ਸਰੂਪ ਨੇ ਗਾਇਆ ਹੈ। ਅਜਿਹਾ ਵੈਰਾਗਮਈ ਗਾਇਆ ਹੈ ਕਿ ਉਹ ਲੋਕ ਵੀ ਰੋਂਦੇ ਵੇਖੇ ਨੇ ਜਿਹੜੇ ਐਵੇਂ ਦੁਨੀਆਂਦਾਰੀ ਲਈ ਅਫਸੋਸ ਕਰਨ ਆਏ ਹੁੰਦੇ ਨੇ। ਉਹ ਮੇਰੀ ਸੱਸ ਮਰੀ 'ਤੇ ਵੀ ਆਇਆ, ਉਹਨੇ ਮੇਰੇ ਜੀਜੇ ਦੇ ਆਖਰੀ ਰਸਮਾਂ ਦੇ ਭੋਗ 'ਤੇ ਵੀ ਗਾਇਆ ਤੇ ਜਿਸ ਦਿਨ ਮੇਰੀ ਮਾਂ ਦਾ ਭੋਗ ਸੀ ਉਸ ਦਿਨ ਉਹ ਅਜਿਹਾ ਕੁਝ ਕਰਕੇ ਗਿਆ ਕਿ ਪੰਡਾਲ ਵਿਚ ਹਰ ਅੱਖ ਸਿੱਲ੍ਹੀ ਹੋਈ ਤੇ ਮੈਂ ਕੁਲਦੀਪ ਮਾਣਕ ਨੂੰ ਵੀ ਬੁੱਕ ਬੁੱਕ ਅੱਥਰੂ ਸੁੱਟਦੇ ਵੇਖਿਆ। ਫਿਰ ਕਿਵੇਂ ਨਹੀਂ ਕਿਹਾ ਜਾ ਸਕਦਾ ਕਿ ਪ੍ਰੋ. ਸਰੂਪ ਸਿੰਘ ਸਰੂਪ ਆਮ ਨਹੀਂ, ਖਾਸ ਨਹੀਂ ਉਹ ਮਹਾਨ ਗਵੱਈਆ ਹੈ ਜਿਸ ਨੂੰ ਪੰਜਾਬੀ ਗਾਇਕੀ ਦੀ ਵਿਰਾਸਤ ਤਸਦੀਕ ਕਰਦੀ ਰਹੇਗੀ।

ਚੰਡੀਗੜ੍ਹ ਤੋਂ ਇਕ ਵਾਰ ਮੈਂ ਬੱਸ ਵਿਚ ਸਫਰ ਕਰ ਰਿਹਾ ਸਾਂ ਨਵਾਂਸ਼ਹਿਰ ਨੂੰ। ਜੂਨ ਮਹੀਨਾ ਸੀ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ। ਬੱਸ ਨਵਾਂਸ਼ਹਿਰ ਤੋਂ ਦੋ ਕਿਲੋਮੀਟਰ ਪਹਿਲਾਂ ਬਰਨਾਲਾ ਕਲਾਂ ਦੇ ਬਸ ਅੱਡੇ 'ਤੇ ਰੁਕੀ। ਨੱਕੋ ਨੱਕ ਭਰੀ ਬੱਸ 'ਚੋਂ ਇਕ ਅੰਮ੍ਰਿਤਧਾਰੀ ਸਿੰਘ ਉਤਰਿਆ। ਉਸ ਨੇ ਇਕ ਪਾਸੇ ਨੂੰ ਮੂੰਹ ਕਰਕੇ ਮੱਥਾ ਟੇਕਿਆ ਤਾਂ ਮੈਨੂੰ ਬਹੁਤੀ ਹੈਰਾਨੀ ਨਹੀਂ ਹੋਈ ਪਰ ਜਦੋਂ ਦੂਜੇ ਪਾਸੇ ਨੂੰ ਮੂੰਹ ਕਰਕੇ ਉਹਨੇ ਝੁਕ ਕੇ ਹੱਥ ਜੋੜੇ ਤਾਂ ਮੈਂ ਪੁੱਛਣੋਂ ਰਹਿ ਨਾ ਸਕਿਆ ਕਿ ਖਾਲਸਾ ਜੀ ਇਹ ਕੀ ਕਰ ਰਹੇ ਹੋ? ਚਲੋ ਦੂਜੇ ਪਾਸੇ ਤਾਂ ਕੁਝ ਵੀ ਨਹੀਂ ਸੀ ਪਰ ਇਧਰਲੇ ਪਾਸੇ ਗੂਗਾ ਮਾੜੀ ਹੈ ਤੇ ਇਕ ਸਿੰਘ ਗੂਗਾ ਮਾੜੀ ਨੂੰ ਸਿਜਦਾ ਕਰਦਾ ਚੰਗਾ ਨਹੀਂ ਲੱਗਦਾ। ਉਹ ਸਿੰਘ ਮੈਨੂੰ ਉਲਰ ਕੇ ਪੈ ਗਿਆ। ਪੁੱਛਣ ਲੱਗਾ, 'ਤੇਰਾ ਪਿੰਡ ਕਿਹੜਾ?' ਮੈਂ ਕਿਹਾ, 'ਇਥੋਂ ਅੱਠ ਕਿਲੋਮੀਟਰ ਦੂਰ ਹੈ ਪਿੰਡ ਭੌਰਾ।' ਉਹਨੇ ਗੁੱਸੇ ਵਿਚ ਦੂਜੀ ਵਾਰ ਜਵਾਬ ਦਿੱਤਾ, 'ਕਮਾਲ ਦੇ ਬੰਦੇ ਹੋ, ਤੁਹਾਨੂੰ ਇਹ ਵੀ ਨਹੀਂ ਪਤਾ ਕਿ ਇਹ ਧਰਤੀ ਕਿਹੜੀ ਹੈ। ਸੁਣ ਐਧਰ ਨੂੰ ਮੂੰਹ ਕਰਕੇ, ਜਿਧਰ ਤੂੰ ਕਹਿਨਾਂ ਕੁਝ ਨਹੀਂ। ਮੈਂ ਮੱਥਾ ਤਾਂ ਟੇਕਿਆ ਕਿ ਇਧਰ ਪਿੰਡ ਹੈ ਬਰਨਾਲਾ ਕਲਾਂ ਪ੍ਰੋ. ਸਰੂਪ ਸਿੰਘ ਸਰੂਪ ਦਾ, ਤੇ ਦੂਜੇ ਪਾਸੇ ਸਿਜਦਾ ਮੈਂ ਤਾਂ ਕੀਤਾ ਇਧਰ ਹੈ ਪਿੰਡ ਹੈ ਪੰਥ ਦੇ ਮਹਾਨ ਢਾਡੀ ਦਇਆ ਸਿੰਘ ਦਿਲਬਰ ਦਾ। ਮੈਂ ਗੁਗੇ ਗਾਗੇ ਅਤੇ ਮਾੜੀ ਮੜ੍ਹੀ ਨੂੰ ਕੋਈ ਮੱਥਾ ਨਹੀਂ ਟੇਕਿਆ।' ਤੇ ਪ੍ਰੋ. ਸਰੂਪ ਸਿੰਘ ਸਰੂਪ ਦੀ ਇਬਾਦਤ 'ਚੋਂ ਇਹ ਘਟਨਾਕ੍ਰਮ ਕਦੇ ਮਨਫੀ ਨਹੀਂ ਹੋਇਆ।

ਬਰਨਾਲਾ ਕਲਾਂ ਪਿੰਡ ਦਾ ਉਹ ਬੜਾ ਲੰਬਾ ਚਿਰ ਸਰਪੰਚ ਰਿਹਾ। ਫਿਰ ਉਹਨੇ ਨਵਾਂਸ਼ਹਿਰ ਕੋਠੀ ਰੋਡ 'ਤੇ ਸਰੂਪ ਸੰਗੀਤ ਵਿਦਿਆਲਿਆ ਖੋਲ੍ਹਿਆ ਜਿੱਥੇ ਹਾਲੇ ਵੀ ਹੇਠਾਂ ਸਾਜ਼ਾਂ ਦੀ ਦੁਕਾਨ ਹੈ ਅਤੇ ਉਪਰ ਚੁਬਾਰੇ ਵਿਚ ਉਹ ਬਹੁਤ ਸਾਰੇ ਮੁੰਡੇ-ਕੁੜੀਆਂ ਨੂੰ ਸੰਗੀਤ ਦੀ ਤਾਲੀਮ ਦਿੰਦਾ ਸਵੇਰੇ ਸਾਮ ਵੇਖਿਆ ਜਾ ਸਕਦਾ ਹੈ। ਇਹ ਸੰਗੀਤ ਵਿਦਿਆਲਿਆ ਉਹ ਮੱਕਾ ਹੈ ਜਿੱਥੇ ਦੀਪਕ ਜੈਤੋਈ ਵੀ ਆਉਂਦਾ ਰਿਹਾ ਹੈ, ਕੇਸਰ ਸਿੰਘ ਆਜਜ਼, ਕਰਤਾਰ ਸਿੰਘ ਬਲੱਗਣ ਵੀ ਅਤੇ ਸਿੱਖ ਇਤਿਹਾਸ ਲਿਖਣ ਵਾਲਾ ਵਧੀਆ ਤੇ ਪਿਆਰਾ ਗੀਤਕਾਰ ਚਰਨ ਸਿੰਘ ਸਫਰੀ ਵੀ। ਪਾਠਕਾਂ ਨੂੰ ਮੈਂ ਬੇਨਤੀ ਕਰਾਂਗਾ ਕਿ ਜੇ ਪੰਜਾਬੀ ਗਾਇਕੀ ਦੀਆਂ ਸੱਚੀਆਂ ਪਰੰਪਰਾਵਾਂ ਨੂੰ ਪਿਆਰ ਕਰਦੇ ਹੋ ਤੇ ਹਾਲੇ ਤੱਕ ਪ੍ਰੋ. ਸਰੂਪ ਸਿੰਘ ਸਰੂਪ ਦੇ ਦਰਸ਼ਨ ਦੀਦਾਰ ਨਹੀਂ ਕੀਤੇ ਤਾਂ ਨਵਾਂਸ਼ਹਿਰ ਕੋਠੀ ਰੋਡ 'ਤੇ ਇਕ ਵਾਰ ਉਹਦੇ ਸੰਗੀਤ ਵਿਦਿਆਲੇ ਜ਼ਰੂਰ ਜਾਇਓ। ਸੂਰਜ ਤਾਂ ਪੂਰਬ ਵਿਚੋਂ ਚੜ੍ਹਦਾ ਹੈ ਪਰ ਸੰਗੀਤ ਦਾ ਨਿੱਤ ਨਵਾਂ ਸੂਰਜ ਚੜ੍ਹਦਾ ਇਥੋਂ ਵੇਖਿਆ ਜਾ ਸਕਦਾ ਹੈ? ਕਰੀਬ ਪਚਾਸੀ ਵਰ੍ਹਿਆਂ ਦੀ ਉਮਰ ਹੰਢਾ ਚੁੱਕਾ ਪ੍ਰੋ. ਸਰੂਪ ਤੁਹਾਨੂੰ ਗਲ ਲਾ ਕੇ ਘੁੱਟ ਕੇ ਮਿਲੇਗਾ, ਚਾਹ-ਪਾਣੀ ਪੁੱਛੇਗਾ, ਦੁੱਧ ਪੁੱਛੇਗਾ ਤੇ ਸ਼ੌਕੀਨ ਹੋ ਤਾਂ ਉਹ ਵੀ ਸਲਾਹ ਮਾਰ ਲਏਗਾ ਕਿ 'ਘੁੱਟ ਦਾ ਮੂਡ ਤਾਂ ਨਹੀਂ?' ਮੈਂ ਉਸ ਦੇ ਇਕ ਸ਼ੌਕ ਨੂੰ ਕਈ ਵਾਰ ਟੋਕਿਆ ਵੀ ਪਰ ਉਹ ਕਹੇਗਾ ਅਸੀਂ ਸੰਗਤ ਚਰਨ ਸਿੰਘ ਸਫਰੀ ਦੀ ਕੀਤੀ ਹੈ ਜਿਸ ਕਰਕੇ ਮਿੱਠਾ ਕੌੜਾ ਪਾਣੀ ਹੁਣ ਘੱਟ ਤਾਂ ਹੋ ਗਿਆ ਹੈ ਪਰ ਮਨਫੀ ਨਹੀਂ ਹੋਏਗਾ।

ਜਿਸ ਦਿਨ ਚਰਨ ਸਿੰਘ ਸਫਰੀ ਦੇ ਸ਼ਰਧਾਂਜਲੀ ਸਮਾਗਮ 'ਤੇ ਪ੍ਰੋ. ਸਰੂਪ ਪਿੰਡ ਬੋਦਲਾਂ (ਹੁਸ਼ਿਆਰਪੁਰ) ਗਿਆ ਤਾਂ ਮੈਂ ਕਿਸੇ ਮਜਬੂਰੀ ਕਾਰਨ ਨਾ ਜਾ ਸਕਿਆ। ਉਹਨੇ ਮੇਰੇ



ਪ੍ਰੋ. ਸਰੂਪ ਸਿੰਘ ਸਰੂਪ

ਤੇ ਆਪਣੇ ਵਲੋਂ ਜੋ ਸ਼ਰਧਾਂਜਲੀ ਸਾਂਝੇ ਰੂਪ ਵਿਚ ਸਫਰੀ ਸਾਹਿਬ ਨੂੰ ਭੇਟ ਕੀਤੀ, ਤਰਸੇਮ ਸਫਰੀ ਦੱਸਦਾ ਸੀ ਕਿ ਕੱਚੀਆਂ ਕੰਧਾਂ ਤਾਂ ਕੀ ਉਸ ਨੇ ਪੱਕੀਆਂ ਕੰਧਾਂ ਵੀ ਰੋਣ ਲਾ ਦਿੱਤੀਆਂ ਸਨ। ਸਰੂਪ ਮਸਤ ਬੰਦਾ ਹੈ। ਇਹ ਮਸਤੀ ਉਹਨੂੰ ਸੰਗੀਤ ਤੇ ਗਾਇਕੀ ਦੀ ਚੜ੍ਹੀ ਰਹੀ ਹੈ। ਉਹਨੇ ਰੱਜ ਕੇ ਆਲ ਇੰਡੀਆ ਰੇਡੀਓ ਸਟੇਸ਼ਨ ਤੋਂ ਗਾਇਆ, ਦੂਰਦਰਸ਼ਨ 'ਤੇ ਉਹਨੂੰ ਪੇਸ਼ ਕਰਨ ਦਾ ਮਾਣ ਵੀ ਮੈਂ ਹਾਸਲ ਕਰ ਸਕਿਆ ਹਾਂ। ਕਿਸੇ ਵੇਲੇ ਉਹ ਕਹਿੰਦਾ ਹੁੰਦਾ ਸੀ ਕਿ ਸਾਡੇ ਵਰਗੇ ਗਵੱਈਆਂ ਲਈ ਦੂਰਦਰਸ਼ਨ ਦੇ ਬੂਹੇ ਖੁੱਲ੍ਹ ਨਹੀਂ ਸਕਦੇ। ਮਾਣ ਨਾਲ ਕਹਾਂਗਾ ਕਿ ਡਾ. ਲਖਵਿੰਦਰ ਜੌਹਲ ਨੇ ਉਹਨੂੰ ਜਦੋਂ ਲਿਸ਼ਕਾਰਾ ਪ੍ਰੋਗਰਾਮ ਵਿਚ ਪੇਸ਼ ਕੀਤਾ ਸੀ ਤਾਂ ਉਥੇ ਹਾਜ਼ਰ ਹੋਰ ਗਾਇਕਾਂ ਨੂੰ ਕਾਫੀ ਸ਼ਰਮਿੰਦਗੀ ਮਹਿਸੂਸ ਹੋਣ ਲੱਗ ਪਈ ਸੀ ਕਿ ਅਸੀਂ ਤਾਂ ਕੁਝ ਵੀ ਨਹੀਂ ਕਰ ਰਹੇ। ਅਸੀਂ ਸਰੂਪ ਦੇ ਪੈਰਾਂ ਵਰਗੇ ਤਾਂ ਕੀ ਉਹਦੇ ਪੈਰਾਂ ਦੀ ਮਿੱਟੀ ਵਰਗੇ ਵੀ ਨਹੀਂ। ਕਿਤੇ ਸੁਣ ਕੇ ਤਾਂ ਵੇਖਿਓ।

ਇਕ ਵਾਰੀ ਲੁਧਿਆਣੇ ਪ੍ਰੋਗਰਾਮ ਹੋ ਰਿਹਾ ਸੀ। ਭਾਈ ਗੋਪਾਲ ਸਿੰਘ ਹੁਰੀਂ ਵੀ ਹਾਜ਼ਰ ਸਨ, ਮੋਹਣੀ ਨਰੂਲਾ ਵੀ ਆਈ ਹੋਈ ਸੀ, ਕਰਮਜੀਤ ਧੂਰੀ ਨੇ ਵੀ ਗਾਉਣਾ ਸੀ ਤੇ ਸਭ ਤੋਂ ਸੁਰੀਲਾ ਗਾਇਕ ਕਰਨੈਲ ਗਿੱਲ ਵੀ ਪਹੁੰਚਿਆ ਹੋਇਆ ਸੀ ਪਰ ਪ੍ਰੋ. ਸਰੂਪ ਤੋਂ ਬਾਅਦ ਜੇ ਕਿਸੇ ਨੇ ਗਾਉਣ ਦਾ ਹੀਆ ਕੀਤਾ ਤਾਂ ਉਹ ਸਿਰਫ ਕੁਲਦੀਪ ਮਾਣਕ ਸੀ। ਇਸੇ ਕਰਕੇ ਉਹ ਆਮ ਨਹੀਂ ਖਾਸ ਸਟੇਜਾਂ 'ਤੇ ਇਹ ਕਹਿੰਦਾ ਰਿਹਾ ਹੈ ਕਿ ਕੁਲਦੀਪ ਮਾਣਕ ਨੇ ਪੰਜਾਬੀ ਗਾਇਕੀ ਨੂੰ ਬਚਾਉਣ ਵਿਚ ਤੇ ਮਾਣ ਦੁਆਉਣ ਵਿਚ ਸਭ ਤੋਂ ਵੱਡਾ ਯੋਗਦਾਨ ਪਾਇਆ ਹੈ। ਮਾਣਕ 'ਤੇ ਆ ਕੇ ਉਹਦੀ ਇਸ ਧਾਰਨਾ ਨੂੰ ਬੂਰ ਪੈਂਦਾ ਰਿਹਾ ਹੈ ਕਿ ਕਲਾਕਾਰ ਤੇ ਗਵੱਈਏ ਸਿਰਫ ਜੰਮਦੇ ਹਨ ਜਦੋਂ ਕਿ ਹੁਣ ਬਹੁਤੇ ਬਣਨ ਦੇ ਚੱਕਰ ਵਿਚ ਦੌੜ ਭੱਜ ਕਰਕੇ ਸਾਨ੍ਹਾਂ ਦੇ ਭੇੜ ਵਾਂਗੂ ਪੰਜਾਬੀ ਗਾਇਕੀ ਦਾ ਨਾਸ ਕਰ ਰਹੇ ਹਨ।

ਸਰੂਪ ਇਹ ਕਹਿੰਦਾ ਰਿਹਾ ਕਿ ਸਫਰੀ ਵਰਗਾ ਕੋਈ ਗੀਤਕਾਰ ਨਹੀਂ ਬਣ ਸਕਦਾ। ਕੌਡੇ ਰਾਖਸ਼ ਤੇ ਬਾਬੇ ਮਰਦਾਨੇ ਦੀ ਮੁਲਾਕਾਤ ਦੇ ਪ੍ਰਸੰਗ ਨੂੰ ਪੇਸ਼ ਕਰਨ ਵੇਲੇ ਉਹ ਕਿਆ ਕਮਾਲ ਕਰ ਦਿੰਦਾ ਸੀ, ਵੇਖੋ ਜ਼ਰਾ! ਜਦੋਂ ਕੌਡੇ ਰਾਖਸ਼ ਨੇ ਮਰਦਾਨੇ ਨੂੰ ਕਿਹਾ ਕਿ ਮੈਂ ਤੈਨੂੰ ਭੁੰਨ ਕੇ ਖਾਵਾਂਗਾ, ਤੇਲ ਦਾ ਕੜਾਹਾ ਉਬਲ ਰਿਹਾ ਹੈ ਤਾਂ ਭੁੱਖ ਦਾ ਮਾਰਿਆ ਬਾਬਾ ਮਰਦਾਨਾ ਗੁਰੂ ਨਾਨਕ ਪਾਤਸ਼ਾਹ ਦਾ ਸਾਥ ਛੱਡ ਕੇ ਆਉਣ ਦਾ ਰੋਣਾ ਰੋਣ ਦੇ ਨਾਲ ਕੌਡੇ ਰਾਖਸ਼ ਅੱਗੇ ਤਰਲਾ ਕਰਨ ਲੱਗਾ,

ਹੱਥ ਜੋੜ ਮਰਦਾਨੇ ਕਿਹਾ ਅੱਗੋਂ
ਕੌਡੇ ਬਾਦਸ਼ਾਹ ਕਿਉਂ ਜ਼ੁਲਮ ਕਮਾ ਰਹੇ ਹੋ।
ਮੈਂ ਤਾਂ ਆਪ ਭੁੱਖਾ ਕਈ ਦਿਨਾਂ ਦਾ
ਤੁਸੀਂ ਭੁੱਖੇ ਨੂੰ ਭੁੰਨ ਕੇ ਖਾ ਰਹੇ ਹੋ।

ਤੇ ਜੋ ਕੌਡੇ ਰਾਖਸ਼ ਨੇ ਅੱਗੋਂ ਜੁਆਬ ਦਿੱਤਾ ਸੀ ਉਹ ਅੱਜ ਦੇ ਭਗਵਿਆਂ 'ਚ ਲੁਕੇ ਰਾਖਸ਼ਾਂ 'ਤੇ ਵੀ ਪੂਰਾ ਢੁਕਦਾ ਹੈ। ਕੌਡੇ ਦਾ ਜਵਾਬ ਸੀ,

ਕੌਡਾ ਬੋਲਿਆ ਇਹ ਦਸਤੂਰ ਜਗ ਦਾ,
ਮਰਦਾਨਿਆ ਜਿਹਦੀ ਚੱਲ ਜਾਏ
ਉਹੀ ਚਲਾ ਜਾਂਦਾ।
ਇੱਥੇ ਹਰ ਭੁੱਖਾ ਭੁੱਖੇ ਆਦਮੀ ਨੂੰ
ਜਦੋਂ ਦਾਅ ਲੱਗਾ ਉਦੋਂ ਖਾ ਜਾਂਦਾ।

ਕੌਡੇ ਰਾਖਸ਼ ਨੇ ਮਰਦਾਨੇ ਨੂੰ ਚੁੱਕ ਕੇ ਉਬਲਦੇ ਤੇਲ ਦੇ ਕੜਾਹੇ ਵਿਚ ਸੁੱਟ ਦਿੱਤਾ। ਇਹ ਗੁਰੂ ਨਾਨਕ ਪਾਤਸ਼ਾਹ ਦੀ ਮਿਹਰ ਸੀ ਕਿ ਮਰਦਾਨਾ ਭੁੱਜਣ ਦੀ ਬਜਾਏ ਇਸ ਸੀਤ ਹੋਏ ਤੇਲ ਵਿਚ ਤਾਰੀਆਂ ਲਾਉਣ ਲੱਗ ਪਿਆ ਸੀ। ਯੂ ਪੀ ਬਿਹਾਰ ਦੀਆਂ ਗੈਰ ਸਿੱਖ ਸੰਗਤਾਂ 'ਚ ਰੌਂਗਟੇ ਖੜ੍ਹੇ ਕਰਨ ਦੀ ਮੁਹਾਰਤ ਸਿਰਫ ਤੇ ਸਿਰਫ ਪ੍ਰੋ. ਸਰੂਪ ਸਿੰਘ ਸਰੂਪ ਕੋਲ ਹੀ ਹੈ।

ਪ੍ਰੋ. ਮੋਹਣ ਸਿੰਘ ਮੇਲੇ 'ਤੇ ਉਹਨੂੰ ਸਨਮਾਨਿਤ ਕਰਨ ਦੀ ਦੱਸ ਮੈਂ ਜਗਦੇਵ ਸਿੰਘ ਜੱਸੋਵਾਲ ਕੋਲ ਪਾਈ। ਸ਼ੌਂਕੀ ਮੇਲੇ 'ਤੇ ਮਾਹਿਲਪੁਰ ਉਹਨੂੰ ਆਪ ਸਨਮਾਨਿਤ ਕੀਤਾ। ਇਸ ਸੰਤ ਸੁਭਾਅ ਗਾਇਕ ਦੀ ਖੁੱਲ੍ਹਦਿਲੀ ਵੇਖੋ ਕਿ ਉਹਨੇ ਮੋਹਣ ਸਿੰਘ ਮੇਲੇ 'ਤੇ ਮਦਦ ਲਈ ਗਿਆਰਾਂ ਹਜ਼ਾਰ ਰੁਪਏ ਦਿੱਤੇ ਤੇ ਸ਼ੌਂਕੀ ਮੇਲੇ ਲਈ ਇਕਵੰਜਾ ਸੌ, ਇਹ ਕਹਿ ਕੇ ਕਿ ਇਨ੍ਹਾਂ ਦੋ ਮੇਲਿਆਂ 'ਤੇ ਮੇਰਾ ਮਾਣ ਹਜ਼ਾਰਾਂ ਨਹੀਂ ਲੱਖਾਂ ਦਾ ਹੋਇਆ ਹੈ। ਊਸ਼ਾ ਕਿਰਨ ਨਾਲ ਸਭ ਤੋਂ ਵੱਧ ਪ੍ਰੋ. ਸਰੂਪ ਨੇ ਗਾਇਆ। ਇਹ ਪਿਆਰ ਦੀ ਜੋੜੀ ਹਾਲੇ ਵੀ ਪ੍ਰਵਾਨ ਚੜ੍ਹੀ ਹੋਈ ਹੈ। ਉਹਨੂੰ ਸਭ ਤੋਂ ਵੱਧ ਐਚ ਐਮ ਵੀ ਨੇ ਰਿਕਾਰਡ ਕੀਤਾ ਫਿਰ ਇਨਰੀਕੋ ਨੇ ਵੀ, ਫਿਰ ਪੌਲੀਡੋਰ ਨੇ ਵੀ ਤੇ ਪਿਛਲੇ ਇਕ ਦਹਾਕੇ ਵਿਚ ਪੰਜਾਬ ਦੀਆਂ ਸਥਾਨਕ ਕੰਪਨੀਆਂ ਨੇ ਵੀ ਕੁਝ ਐਲਬਮਾਂ ਸੰਭਾਲ ਕੇ ਰੱਖੀਆਂ ਹਨ।

ਨਰਿੰਦਰ ਬੀਬਾ ਨਾਲ ਸਭ ਤੋਂ ਵੱਧ ਸਟੇਜਾਂ ਕਰਨ ਵਾਲਾ ਵੀ ਪ੍ਰੋ. ਸਰੂਪ ਸਿੰਘ ਸਰੂਪ ਹੀ ਹੈ। ਮੇਰੇ ਨਾਲ ਉਹਦੀਆਂ ਹਜ਼ਾਰਾਂ ਮੁਲਾਕਾਤਾਂ ਨੇ। ਉਹ ਮੇਰੇ ਬਾਪ ਸਮਾਨ ਵੀ ਹੈ ਅਤੇ ਕਹਿਣ ਨੂੰ ਹੌਸਲਾ ਤਾਂ ਨਹੀਂ ਪੈਂਦਾ ਪਰ ਕਹਿ ਹੀ ਦਿਆਂਗਾ ਕਿ ਉਹ ਮੇਰਾ ਮਿੱਤਰ ਵੀ ਹੈ ਤੇ ਯਾਰ ਵੀ। ਅਸੀਂ ਇਕ ਵਾਰ ਨਹੀਂ ਅਨੇਕਾਂ ਵਾਰ ਗਲਾਸੀਆਂ ਵੀ ਖੜਕਾਈਆਂ। ਉਹ ਅਕਸਰ ਕਹੇਗਾ ਕਿ 'ਜੁਆਨੀ ਵਿਚ ਲੋਕੀਂ ਹੋਰ ਤਰ੍ਹਾਂ ਦੀਆਂ ਗਲਤੀਆਂ ਕਰਦੇ ਨੇ ਪਰ ਮੈਂ ਸ਼ਾਇਦ ਸੰਗੀਤਕ ਗੁਨਾਹ ਕੀਤਾ ਹੈ।' ਜੁਆਨੀ ਦੇ ਦਿਨੀਂ ਉਹਨੇ ਇਹ ਵੀ ਗਾਇਆ,

ਦੇ ਭਾਬੀ ਦੁੱਧ ਦਾ ਕਟੋਰਾ ਛੋਟੇ ਦਿਓਰ ਨੂੰ
ਪੰਜ ਪਾਂਜੇ ਪੂਰੇ ਬਿਨਾਂ ਹੋਏ ਨਸੀਬ ਕੁਰੇ
ਲੱਕ ਟੁੱਟ ਗਿਆ ਕਮਾਈਆਂ ਕਰਦੇ ਦਾ।

ਇਹ ਗੀਤ ਵੀ ਕਿਸੇ ਵਕਤ ਬਨੇਰਿਆਂ 'ਤੇ ਬੜੇ ਖੜਕੇ ਸਨ। ਮੇਰੇ ਜੰਮਣ ਤੋਂ ਪਹਿਲਾਂ ਹੀ 1955 ਵਿਚ ਉਹਨੇ ਸੰਗੀਤ ਦੀ ਐਮ ਏ ਕਰ ਲਈ ਸੀ। ਇਸੇ ਸਾਲ ਹੀ ਐਚ ਐਮ ਵੀ ਨੇ ਉਹਨੂੰ ਰਿਕਾਰਡ ਵੀ ਕਰ ਲਿਆ ਸੀ ਤੇ 1956 ਤੋਂ ਉਹ ਆਲ ਇੰਡੀਆ ਰੇਡੀਓ ਜਲੰਧਰ ਸਟੇਸ਼ਨ ਤੋਂ ਪ੍ਰਵਾਨਿਤ ਗਵੱਈਆ ਬਣ ਗਿਆ ਸੀ। ਪੰਜਾਬੀ ਗਾਇਕੀ ਦਾ ਇਕ ਅੰਕੜਾ ਸ਼ਾਇਦ ਕਿਸੇ ਤੋਂ ਵੀ ਨਾ ਟੁੱਟੇ ਕਿ ਦੁਆਬੇ ਦੇ ਨੱਬੇ ਫੀਸਦੀ ਲੋਕ ਆਪਣੀਆਂ ਧੀਆਂ ਦੇ ਅਨੰਦ ਕਾਰਜ ਪ੍ਰੋ. ਸਰੂਪ ਸਿੰਘ ਸਰੂਪ ਬਿਨਾਂ ਨਹੀਂ ਕਰਦੇ। ਨਵਾਂਸ਼ਹਿਰ ਦੇ ਲਾਗਲੇ ਪਿੰਡ ਬਰਨਾਲਾ ਕਲਾਂ 'ਚ ਉਹਨੇ ਪਿਤਾ ਹਰਨਾਮ ਸਿੰਘ ਦੇ ਘਰ ਅੱਖ ਪੱਟੀ, ਹਦੀਆਬਾਦੀ ਮਾਸਟਰ ਰਤਨ ਤੋਂ ਬਾਕਾਇਦਾ ਸੰਗੀਤ ਦੀ ਤਾਲੀਮ ਹਾਸਲ ਕੀਤੀ। ਮਹਿੰਦਰ ਕੌਰ ਨਾਲ ਵਿਆਹ ਕਰਵਾਇਆ, ਚਾਰ ਉਹਦੇ ਪੁੱਤਰ ਨੇ, ਇਕ ਖੇਤੀ ਕਰਦਾ, ਇਕ ਲੋਕ ਸਾਜ਼ਾਂ ਦੀ ਦੁਕਾਨ 'ਤੇ ਹੈ ਅਤੇ ਦੋ ਵਿਦੇਸ਼ਾਂ 'ਚ ਹਨ। ਇੰਗਲੈਂਡ 'ਚ ਉਹਨੇ ਸਭ ਤੋਂ ਵੱਧ ਪ੍ਰੋਗਰਾਮ ਕੀਤੇ, ਦੁਬਈ 'ਚ ਵੀ, ਸਿੰਘਾਪੁਰ ਤੇ ਮਲੇਸ਼ੀਆ 'ਚ ਵੀ, ਤੇ ਅਮਰੀਕਾ-ਕਨੇਡਾ ਵਿਚ ਵੀ। ਇਸ ਤੋਂ ਵੱਡੀ ਇਕ ਗਾਇਕ ਦੀ ਪ੍ਰਾਪਤੀ ਕੀ ਹੋ ਸਕਦੀ ਹੈ ਕਿ ਸੁਰੀਲੇ ਕੀਰਤਨੀਏ ਭਾਈ ਦਿਲਬਾਗ ਸਿੰਘ ਤੇ ਗੁਲਬਾਗ ਸਿੰਘ ਉਹਦੇ ਸ਼ਾਗਿਰਦ ਹਨ ਅਤੇ ਸ਼ੁਗਲ 'ਚ ਉਹ ਇਹ ਵੀ ਕਹਿੰਦਾ ਹੈ ਕਿ ਮੋਹਣ ਸਿੰਘ ਚਰਖਾ ਵੀ ਉਹਦਾ ਹੀ ਸ਼ਾਗਿਰਦ ਹੈ।

ਉਹ ਹੱਥ ਜੋੜਦਾ ਹੈ ਕਿ ਗਾਉਣ ਵਾਲਿਓ ਰੱਬ ਦੇ ਵਾਸਤੇ ਪੰਜਾਬੀ ਗਾਇਕੀ ਨੂੰ ਨਿਰਵਸਤਰ ਨਾ ਕਰੋ। ਝੱਗ ਦੇ ਬੁਲਬੁਲਿਆਂ ਦੀਆਂ ਉਮਰਾਂ ਲੰਮੀਆਂ ਕਦੋਂ ਹੁੰਦੀਆਂ ਨੇ? ਵਖਤ ਠੀਕ ਹੈ ਬਦਲਦਾ ਹੈ ਪਰ, ਕਲਾਸੀਕਲ ਬਿਨਾਂ ਕੋਈ ਗਵੱਈਆ ਨਹੀਂ ਹੋ ਸਕਦਾ ਤੇ ਸੰਗੀਤ ਦੀ ਸੂਝ ਬਿਨਾਂ ਗਾਉਣ ਵਾਲਾ ਉਸੇ ਤਰ੍ਹਾਂ ਦਾ ਹੀ ਹੈ ਜਿਵੇਂ ਕੋਈ ਬੰਸਰੀ ਦੇ ਭੁਲੇਖੇ ਕੂਕਾਂ ਮਾਰਨ ਵਾਲੇ ਭੂਕਨੇ 'ਚੋਂ ਬੰਸਰੀ ਵਜਾਉਣ ਦਾ ਯਤਨ ਕਰ ਰਿਹਾ ਹੋਵੇ। ਸਿੱਖ ਪੰਥ ਦੀ ਦੁਬਿਧਾ ਤੋਂ ਉਹ ਵੀ ਦੁਬਿਧਾ 'ਚ ਹੈ। ਇਸ ਦੁਬਿਧਾ ਦਾ ਦੁੱਖ ਉਹ ਆਪਣੇ ਗੀਤ ਦੀਆਂ ਇਹ ਸਤਰਾਂ ਕਹਿ ਕੇ ਪ੍ਰਗਟ ਕਰ ਦਿੰਦਾ ਹੈ,

ਆਂਦਰਾ ਅਜੀਤ ਦੀਆਂ
ਖੋਪਰੀ ਜੁਝਾਰ ਦੀ।
ਇਹਦੇ ਵਿਚੋਂ ਜੋਤ ਜਗੀ
ਸਿੱਖੀ ਦੇ ਪਿਆਰ ਦੀ।

ਮੈਂ ਮਾਣ ਨਾਲ ਕਹਾਂਗਾ ਕਿ ਪ੍ਰੋ. ਸਰੂਪ ਸਾਡੇ ਸਮਿਆਂ ਦਾ ਗਾਇਕ ਹੈ ਤੇ ਸੀ ਜਾਂ ਇਓਂ ਕਿ ਅਸੀਂ ਉਹਦੇ ਸਮੇਂ 'ਚ ਜਨਮ ਲਿਆ ਹੈ। ਉਹ ਪੰਜਾਬੀ ਗਾਇਕੀ ਦਾ ਉਹ ਮੱਕਾ ਹੈ ਜਿਹਦਾ ਹੱਜ ਕਰਨਾ ਹੀ ਚਾਹੀਦਾ ਹੈ।

#

## ਗੱਲ ਬਣੀ ਕਿ ਨਹੀਂ


-ਐਸ. ਅਸ਼ੋਕ ਭੌਰਾ

### ਅੰਦਰੋਂ ਬੰਦਾ ਕਾਣਾ

ਟੁੱਟ ਗਏ ਲੋਕੀਂ, ਟੁੱਟ ਗਈ ਦੁਨੀਆਂ, ਟੁੱਟਿਆ ਤਾਣਾ-ਬਾਣਾ।
ਯੁੱਗ ਨਵੇਂ ਵਿਚ ਬਣਦਾ ਜਾਵੇ ਹਰ ਕੋਈ ਸੰਦ ਪੁਰਾਣਾ।
ਬਿਨ ਮਤਲਬ ਕੋਈ ਖਾਜ ਕਰੇ ਨਾ, ਸੱਟ ਕੱਢ ਕੇ ਲਾਂਭੇ,
ਇੱਕੋ ਰਾਗ 'ਚ ਗਾਈ ਜਾਂਦੇ ਬਿਨਾਂ ਸਾਜ਼ ਤੋਂ ਗਾਣਾ।
ਚੁੱਪ ਕਰ ਕੇ ਤੂੰ ਬਹਿ ਜਾ ਬੁੜ੍ਹਿਆ, ਨਹੀਂ ਵਕਤ ਦਾ ਹਾਣੀ,
ਘਰ ਘਰ ਅੱਜ-ਕੱਲ ਨਸ਼ੇ 'ਚ ਭੰਨਿਆ ਏਦਾਂ ਆਖੇ ਲਾਣਾ
ਬੇਇਤਫਾਕੀ ਦੇ ਵਿਚ ਖਿਲੱਰੇ, ਪੱਤਿਆਂ ਵਾਂਗੂ ਲੋਕੀਂ,
ਬਚਦੀ-ਖੁਚਦੀ ਰਾਜਨੀਤੀ ਵਿਚ ਕੱਢ ਗਿਆ ਕਸਰ ਘਰਾਣਾ।
ਭੋਇੰ ਵੇਚ ਕੇ ਪੁੱਤ ਪੜ੍ਹਾਇਆ, ਉਹ ਨਿਕਲਿਆ ਵੈਲੀ,
ਕਾਲਾ ਰੰਗ ਸੀ ਚਿੱਟਾ ਪੀਵੇ, ਕੀ ਵਰਤਿਆ ਭਾਣਾ,
ਫਿਕਰਾਂ ਦੇ ਵਿਚ ਰੁਲ ਗਈ ਬੇਬੇ, ਉਮਰੋਂ ਪਹਿਲਾਂ ਬੁੱਢੀ,
ਸਿਰ ਨਾਲੋਂ ਹੁਣ ਪੈਰਾਂ ਥੱਲੇ ਰੱਖਦੀ ਰੋਜ਼ ਸਿਰਹਾਣਾ।
ਉਂਜ ਤਾਂ ਸਾਰੇ ਚੰਦ 'ਤੇ ਚੜ੍ਹ ਗਏ, ਕਰ ਗਈ ਸਾਇੰਸ ਤਰੱਕੀ,
ਪਰ ਨਾ ਪੁਲਿਸ ਦੀ ਵਰਦੀ ਬਦਲੀ ਨਾ ਸਾਧ ਦਾ ਬਾਣਾ।
ਐਵੇਂ ਭਰਮ-ਭੁਲੇਖੇ ਦੇ ਵਿਚ ਦੁਨੀਆਂ 'ਭੌਰੇ' ਭੱਜੀ,
ਅੱਖਾਂ ਦੋ ਦੋ ਲਾਈ ਫਿਰਦੇ ਨੇ, ਅੰਦਰੋਂ ਬੰਦਾ ਕਾਣਾ।

# 'ਮਅ' ਦਾ ਘਚੋਲਾ


ਸ਼ਬਦ ਝਰੋਖਾ



ਬਲਜੀਤ ਬਾਸੀ


ਫੋਨ: 734-259-9353


'ਮਅ' ਸਬੰਧੀ ਜਸਬੀਰ ਸਿੰਘ ਲੰਗੜੋਆ ਦੀ ਧਾਰਨਾ ਬਾਰੇ ਮੇਰੇ ਇਤਰਾਜ਼ਾਂ ਪ੍ਰਤੀ ਉਨ੍ਹਾਂ ਦਾ ਪ੍ਰਤੀਕਰਮ ਪੜ੍ਹਿਆ। ਕਿਸੇ ਵੀ ਲਿਖਤ ਨੂੰ ਇਸ ਦੇ ਸਮੁੱਚ ਵਿਚ ਅਤੇ ਸਹੀ ਪਰਿਪੇਖ ਵਿਚ ਗ੍ਰਹਿਣ ਕੀਤਾ ਜਾਣਾ ਚਾਹੀਦਾ ਹੈ ਪਰ ਅਫਸੋਸ ਉਨ੍ਹਾਂ ਅਜਿਹਾ ਨਹੀਂ ਕੀਤਾ। ਸ਼ੁਰੂ ਵਿਚ ਹੀ ਮੇਰੇ 'ਤੇ ਪ੍ਰਸ਼ਨ ਕੀਤਾ ਹੈ ਕਿ 'ਮਅ' ਸ਼ਬਦ ਅਰਬੀ/ਫਾਰਸੀ ਭਾਸ਼ਾਵਾਂ ਵਿਚ ਦਰਜ ਹੈ ਤਾਂ ਇਹ ਖਿਆਲੀ ਪੁਲਾਉ ਕਿਵੇਂ ਹੋਇਆ? ਗ਼ੌਰ ਕਰੋ, ਮੇਰੀ ਲਿਖਤ ਦਾ ਸਿਰਲੇਖ ਹੈ-ਮਅ ਧੁਨੀ-ਇਕ ਖਿਆਲੀ ਪੁਲਾਉ। ਇਥੇ ਮੈਂ 'ਸੰਸਕ੍ਰਿਤ ਦੇ ਪਿਛੇਤਰ ਮਯ, ਅਰਬੀ ਸ਼ਬਦ 'ਮਅ' ਅਤੇ (ਉਨ੍ਹਾਂ ਅਨੁਸਾਰ) ਉਰਦੂ-ਫਾਰਸੀ ਅਗੇਤਰ ਮਅ (ਮੀਮ ਐਨ), ਸਭਨਾਂ ਪਿਛੇ ਬੋਲਦੀ ਇਕੋ ਧੁਨੀ 'ਮਅ' ਦੇ ਪ੍ਰਸਤਾਵ ਨੂੰ ਖਿਆਲੀ ਪੁਲਾਉ ਕਿਹਾ ਹੈ। ਬਾਕੀ ਸਾਰੀ ਲਿਖਤ ਵਿਚ ਇਸੇ ਨੁਕਤੇ ਨੂੰ ਅੱਗੇ ਜਾ ਕੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। 'ਮਅ' ਸ਼ਬਦ ਬਾਰੇ ਮੈਂ ਆਪ ਹੀ ਦੱਸਿਆ ਸੀ ਕਿ ਇਹ ਅਰਬੀ ਮੂਲ ਦਾ ਹੈ ਜਦ ਕਿ ਉਹ ਇਸ ਨੂੰ ਉਰਦੂ-ਫਾਰਸੀ ਦਾ ਕਹੀ ਜਾ ਰਹੇ ਹਨ। ਕਥਿਤ 'ਮਅ' ਅਗੇਤਰ ਨੂੰ ਅਰਬੀ ਦਾ ਕਹਿਣ ਜਾਂ ਫਾਰਸੀ ਦਾ ਕਹਿਣ ਨਾਲ ਦੋ ਵੱਖੋ ਵੱਖਰੇ ਨਤੀਜੇ ਨਿਕਲਦੇ ਹਨ ਤੇ ਦੋਵਾਂ ਨਾਲ ਲੰਗੜੋਆ ਸਾਹਿਬ ਗੰਭੀਰ ਸੰਕਟ ਵਿਚ ਪੈਂਦੇ ਹਨ। ਜੇ ਇਹ ਅਰਬੀ ਪਿਛੋਕੜ ਦਾ ਹੈ ਤਾਂ ਇਸ ਦਾ ਸੰਸਕ੍ਰਿਤ ਮਯ ਨਾਲ ਜੋੜ ਕਿਵੇਂ ਬੈਠਦਾ ਹੈ? ਜੇ ਫਾਰਸੀ ਪਿਛੋਕੜ ਦਾ ਹੈ ਤਾਂ ਕੁਝ ਇਕ ਸ਼ੁਧ ਫਾਰਸੀ ਲਫਜ਼ਾਂ ਦੀਆਂ ਮਿਸਾਲਾਂ ਉਹ ਦਿੰਦੇ ਜਿਨ੍ਹਾਂ ਵਿਚ ਇਹ ਅਗੇਤਰ ਵਰਤਿਆ ਗਿਆ ਹੋਵੇ।

ਜਾਪਦਾ ਹੈ, ਉਨ੍ਹਾਂ ਨੂੰ ਕਿਸੇ ਲਿਖਤ ਨੂੰ ਸਮਝਣ ਦੀ ਡਾਢੀ ਸਮੱਸਿਆ ਤਾਂ ਹੈ ਹੀ, ਹੋਰ ਜਾਣਨ/ਸਮਝਣ ਤੋਂ ਵੀ ਉਹ ਇਨਕਾਰੀ ਹਨ। ਇਹ ਵਤੀਰਾ ਖੋਜੀ ਬਿਰਤੀ ਲਈ ਘਾਤਕ ਹੈ। ਇਸ ਲਈ ਗੱਲ ਮੁੜ ਸਮਝਾਉਣ ਦੀ ਕੋਸ਼ਿਸ਼ ਵਜੋਂ ਮੈਂ ਸਾਰਾ ਮੁੱਦਾ ਸਰਲ ਤੇ ਸੰਖੇਪ ਸ਼ਬਦਾਂ 'ਚ ਬਿਆਨ ਕਰਦਾ ਹਾਂ ਤਾਂ ਕਿ ਕੋਈ ਅਸਪੱਸ਼ਟਤਾ ਨਾ ਜਾਪੇ।

ਕੋਈ ਤਿੰਨ ਦਰਜਨ ਸ਼ਬਦਾਂ ਵਿਚ ਦਰਸਾਇਆ ਗਿਆ ਅਗੇਤਰ ਅਸਲੋਂ ਅਰਬੀ ਭਾਸ਼ਾ ਦੀ ਸ਼ਬਦ-ਰਚਨਾ ਵਿਉਂਤ ਦੀ ਇਕਾਈ ਹੈ ਜੋ 'ਮਅ' ਦਾ ਵਿਕ੍ਰਿਤ ਰੂਪ ਨਹੀਂ ਹੈ ਅਰਥਾਤ ਇਥੇ 'ਐਨ' ਅੱਖਰ ਰਾਹੀਂ ਪ੍ਰਗਟਾਈ ਜਾਂਦੀ ਧੁਨੀ ਹੋਰ ਧੁਨੀਆਂ ਵਿਚ ਨਹੀਂ ਵਟੀ। ਇਸ ਦਾ ਅਰਬੀ ਹਿੰਦ-ਯੂਰਪੀ ਭਾਸ਼ਾ ਪਰਿਵਾਰ ਨਾਲ ਸਬੰਧ ਨਹੀਂ ਹੈ ਬਲਕਿ ਸਾਮੀ ਸ਼ਾਖਾ ਦੀ ਜ਼ਬਾਨ ਹੈ। ਦੂਜੇ ਪਾਸੇ ਫਾਰਸੀ, ਪੰਜਾਬੀ ਤੇ ਸੰਸਕ੍ਰਿਤ ਹਿੰਦ-ਯੂਰਪੀ ਪਰਿਵਾਰ ਦੀਆਂ ਭਾਸ਼ਾਵਾਂ ਹਨ। ਫਿਰ 'ਮਅ' ਹਿੰਦ-ਯੂਰਪੀ ਭਾਸ਼ਾ ਪਰਿਵਾਰ ਤੋਂ ਸਾਮੀ ਭਾਸ਼ਾ ਪਰਿਵਾਰ ਵਿਚ ਕਿਵੇਂ ਵੜ ਗਿਆ? ਫਾਰਸੀ ਵਿਚ ਇਸ ਅਗੇਤਰ ਨਾਲ ਸ਼ੁਰੂ ਹੁੰਦੇ ਸਾਰੇ ਸ਼ਬਦ ਅਰਬੀ ਅਸਲੇ ਦੇ ਹਨ, ਫਾਰਸੀ ਦਾ ਆਪਣਾ ਕੋਈ ਸ਼ਬਦ ਇਸ ਅਗੇਤਰ ਨਾਲ ਨਹੀਂ ਬਣਿਆ, ਜੇ ਹੋਵੇ ਵੀ ਤਾਂ ਇਹ ਅਰਬੀ ਦਾ ਅਸਰ ਹੀ ਹੋਵੇਗਾ। ਲੰਗੜੋਆ ਸਾਹਿਬ ਨੇ ਕਿਹਾ ਹੈ ਕਿ ਉਹ ਸਿਰਫ ਪੰਜਾਬੀ ਧੁਨੀਆਂ ਦੀ ਹੀ ਗੱਲ ਕਰਦੇ ਹਨ, ਦੁਨੀਆਂ ਦੀਆਂ ਬੇਸ਼ੁਮਾਰ ਭਾਸ਼ਾਵਾਂ ਦੀਆਂ ਧੁਨੀਆਂ ਬਾਰੇ ਕੌਣ ਜਾਣ ਸਕਦਾ ਹੈ। ਫਿਰ ਨਾ ਸਿਰਫ ਗ਼ੈਰ-ਪੰਜਾਬੀ ਬਲਕਿ ਗ਼ੈਰ-ਹਿੰਦ ਆਰਿਆਈ ਭਾਸ਼ਾ ਅਰਬੀ ਨਾਲ ਇਸ ਧੁਨੀ ਨੂੰ ਕਿਵੇਂ ਨਰੜ ਦਿੱਤਾ ਗਿਆ? ਅਰਬੀ ਭਾਸ਼ਾ ਵਿਗਿਆਨ, ਵਿਆਕਰਣ ਅਤੇ ਇਸ ਬਾਰੇ ਅਰਬੀ ਵਿਦਵਾਨਾਂ ਦੇ ਵਿਚਾਰ ਜਾਣੇ ਬਿਨਾਂ ਇਸ ਭਾਸ਼ਾ ਦੇ ਅਗੇਤਰ/ਧੁਨੀ ਬਾਰੇ ਫੈਸਲਾਕੁਨ ਬਿਆਨ ਕਿਵੇਂ ਦੇ ਦਿੱਤਾ? ਟਿੰਡ ਵਿਚ ਕਾਨਾ ਇਸੇ ਲਈ ਫਸਾਇਆ ਗਿਆ ਹੈ, ਉਰਦੂ-ਫਾਰਸੀ ਦੇ ਕਹਿ ਕੇ। ਅਰਬੀ ਮੂਲ ਦੇ ਸ਼ਬਦਾਂ ਦੀ ਦਿੱਤੀ ਫਹਿਰਿਸਤ 'ਤੇ ਕੋਈ ਖਾਸ ਇਤਰਾਜ਼ ਨਹੀਂ ਕੀਤਾ, ਇਨ੍ਹਾਂ ਵਿਚ ਕੋਈ ਖੋਜ ਵਾਲੀ ਨਵੀਂ ਗੱਲ ਹੈ ਹੀ ਨਹੀਂ।

ਸਾਰੇ ਲੇਖ ਵਿਚ 'ਮਅ' ਨੂੰ ਉਰਦੂ-ਫਾਰਸੀ ਦਾ ਬਿਆਨਿਆ ਗਿਆ ਹੈ, ਪਰ ਇਤਰਾਜ਼ ਉਠਾਉਣ ਤੇ ਜੁੱਟ ਵਿਚੋਂ ਉਰਦੂ ਕੱਢ ਕੇ ਅਰਬੀ ਘੁਸੇੜਦਿਆਂ 'ਅਰਬੀ-ਫਾਰਸੀ' ਬਣਾ ਲਿਆ ਤਾਂ ਕਿ ਗਲਤੀ ਦਾ ਪੱਧਰ ਘਟ ਜਾਪੇ। 'ਉਰਦੂ-ਫਾਰਸੀ' ਜਾਂ 'ਅਰਬੀ-ਫਾਰਸੀ' ਸ਼ਬਦ-ਜੁੱਟ ਬੋਲ ਚਾਲ ਦੇ ਲਕਬ ਹਨ ਜਿਨ੍ਹਾਂ ਵਿਚ ਪੱਛਮ ਤੋਂ ਇਸਲਾਮ ਦੇ ਨਾਲ ਆਈ ਜ਼ਬਾਨ ਤੋਂ ਮੁਰਾਦ ਹੈ। ਸ਼ਬਦ ਖੋਜੀ ਇਸ ਨੂੰ ਢਿਲੇ-ਢਾਲੇ ਰੂਪ ਵਿਚ ਨਹੀਂ ਵਰਤ ਸਕਦੇ। ਇਨ੍ਹਾਂ ਸ਼ਬਦ ਜੁੱਟਾਂ ਵਿਚ ਦੋ ਅੱਡੋ ਅੱਡ ਭਾਸ਼ਾਵਾਂ ਹਨ, ਖਾਸ ਤੌਰ 'ਤੇ ਅਰਬੀ ਤੇ ਫਾਰਸੀ ਤਾਂ ਸਕੀਆਂ ਵੀ ਨਹੀਂ ਹਨ। ਫਾਰਸੀ ਵਿਚ ਅਰਬੀ ਸ਼ਬਦਾਂ ਦੀ ਭਰਮਾਰ ਹੋਣ ਕਾਰਨ ਕਈ ਵਾਰੀ ਇਹ ਸ਼ਬਦ ਜੁੱਟ ਗੈਰ-ਤਕਨੀਕੀ ਸੰਦਰਭ ਵਿਚ ਵੀ ਵਰਤ ਲਿਆ ਜਾਂਦਾ ਹੈ। ਜਿਵੇਂ ਮੈਂ ਪਹਿਲਾਂ ਹੀ ਲਿਖ ਚੁੱਕਾ ਹਾਂ, ਜਦ ਸ਼ਬਦਾਂ ਦੀ ਵਿਆਖਿਆ ਵਿਉਤਪਤੀ ਦੀ ਦ੍ਰਿਸ਼ਟੀ ਤੋਂ ਕਰਨੀ ਹੋਵੇ ਤਾਂ ਸੁਨਿਸਚਿਤ ਹੋਣ ਲਈ ਚਰਚਿਤ ਸ਼ਬਦ ਦੇ ਭਾਸ਼ਾਈ ਪਿਛੋਕੜ ਦਾ ਨਿਖੇੜਾ ਅਤੇ ਨਿਬੇੜਾ ਕਰਨਾ ਮੁਢਲੀ ਸ਼ਰਤ ਹੈ। ਐਵੇਂ ਸਰਸਰੀ ਤੌਰ 'ਤੇ ਕਹਿਣਾ ਕਿ ਆਮ ਲੋਕ ਕਿਉਂਕਿ ਉਰਦੂ-ਫਾਰਸੀ ਨੂੰ ਇਕੋ ਸਮਝਦੇ ਹਨ, ਇਸ ਲਈ ਇਹ ਸ਼ਬਦ ਜੁੱਟ ਵਰਤਿਆ ਗਿਆ ਹੈ, ਮਸਲੇ ਤੋਂ ਪੱਲਾ ਛੁਡਾਉਣ ਵਾਲੀ ਗੱਲ ਹੈ। ਫਿਰ ਅਖੀਰ ਵਿਚ ਇਹ ਕਹਿ ਕੇ ਕਿ ਮੈਂ ਗਿਣਤੀਆਂ-ਮਿਣਤੀਆਂ ਵਿਚ ਨਹੀਂ ਪਿਆ, ਆਪ ਹੀ ਆਪਣੀ ਸਾਰੀ ਸਥਾਪਨਾ 'ਤੇ ਮਿੱਟੀ ਫੇਰ ਦਿੱਤੀ। ਜੇ ਗਿਣਤੀਆਂ-ਮਿਣਤੀਆਂ ਵਿਚ ਨਹੀਂ ਸੀ ਪੈਣਾ ਫਿਰ ਫਹਿਰਿਸਤ ਤੋਂ ਪਹਿਲਾਂ ਮਅ-ਮਅ ਕਰਨ ਦੀ ਕੀ ਲੋੜ ਸੀ?


ਮਕਬੂਜ਼ਾ (ਅ مقبوض ਮਕ਼ਬੂਜ਼, مقبوضہ ਮਕਬੂਜ਼ਾ = ਕਬਜ਼ਾ ਕੀਤਾ ਗਿਆ, ਕਬਜ਼ਾ ਕੀਤਾ ਹੋਇਆ) ਉਹ ਚੀਜ਼ ਜਿਸ ਉੱਤੇ ਕਬਜ਼ਾ ਕੀਤਾ ਜਾਵੇ।

ਸੱਚੀ ਗੱਲ ਤਾਂ ਇਹ ਹੈ ਕਿ ਲੰਗੜੋਆ ਸਾਹਿਬ ਨੂੰ ਪਹਿਲਾਂ ਇਸ ਗੱਲ ਦਾ ਪਤਾ ਹੀ ਨਹੀਂ ਸੀ ਕਿ ਕਥਿਤ 'ਮਅ' ਅਗੇਤਰ ਨਾਲ ਸ਼ੁਰੂ ਹੋਣ ਵਾਲੇ ਗਿਣਾਏ ਗਏ ਸਾਰੇ ਸ਼ਬਦ ਅਰਬੀ ਦੇ ਹਨ ਕਿਉਂਕਿ ਉਨ੍ਹਾਂ ਦੇ ਗਿਆਨ ਦਾ ਆਧਾਰ ਜੀਤ ਸਿੰਘ ਸੀਤਲ ਦਾ 'ਫਾਰਸੀ-ਪੰਜਾਬੀ ਕੋਸ਼' ਹੈ ਜਿਸ ਵਿਚ ਕਿਸੇ ਵੀ ਸ਼ਬਦ ਦੇ ਭਾਸ਼ਾਈ ਪਿਛੋਕੜ ਬਾਰੇ ਸੰਕੇਤ ਨਹੀਂ ਹੈ। ਉਨ੍ਹਾਂ ਦੇ ਫਾਰਸੀ ਗਿਆਨ ਦਾ ਦੂਜਾ ਸਰੋਤ ਅਮਰਵੰਤ ਸਿੰਘ ਦਾ 'ਅਰਬੀ-ਫਾਰਸੀ ਤੋਂ ਉਤਪੰਨ ਪੰਜਾਬੀ ਸ਼ਬਦਾਵਲੀ' ਜਾਪਦਾ ਹੈ। ਜੇ ਉਹ ਘੱਟੋ ਘੱਟ ਇਸ ਸ਼ਬਦਾਵਲੀ ਨੂੰ ਹੀ ਧਿਆਨ ਨਾਲ ਪੜ੍ਹ ਲੈਂਦੇ ਤਾਂ ਉਨ੍ਹਾਂ ਦੀ ਸਮਝ ਵਿਚ ਆ ਜਾਣਾ ਸੀ ਕਿ ਉਨ੍ਹਾਂ ਵਲੋਂ ਪੇਸ਼ ਕੀਤੇ ਗਏ ਸਾਰੇ ਸ਼ਬਦ ਅਰਬੀ ਪਿਛੋਕੜ ਦੇ ਹਨ ਕਿਉਂਕਿ ਇਸ ਕੋਸ਼ ਵਿਚ ਸਪੱਸ਼ਟ ਸੰਕੇਤ ਹਨ। ਸ਼ਾਇਦ ਉਨ੍ਹਾਂ ਨੇ ਇਨ੍ਹਾਂ ਸੰਕੇਤਾਂ ਨੂੰ ਧਿਆਨ ਗੋਚਰੇ ਹੀ ਨਹੀਂ ਲਿਆਂਦਾ ਜਾਂ ਇਹ ਸਮਝਣ ਵਿਚ ਮੁਸ਼ਕਿਲ ਲੱਗੇ ਹਨ।

ਪਾਠਕਾਂ ਦੀ ਸਹੂਲਤ ਲਈ ਮੈਂ ਸਿਰਫ ਇਕ ਸ਼ਬਦ ਦਾ ਇੰਦਰਾਜ ਲੈ ਕੇ ਮਿਸਾਲ ਦਿੰਦਾ ਹਾਂ, ਜਿਸ ਨੂੰ ਲੰਗੜੋਆ ਸਾਹਿਬ ਨੇ ਵੀ ਹੂ-ਬਹੂ ਦੇਣ ਦਾ ਇਕਰਾਰ ਕਰਕੇ ਵਿਚੋਂ ਟੁੱਟਵਾਂ ਪੇਸ਼ ਕੀਤਾ ਹੈ: "ਮਕਬੂਜ਼ਾ (ਅ ਮਕਬੂਜ਼, ਮਕਬੂਜ਼ਾ= ਕਬਜ਼ਾ ਕੀਤਾ ਗਿਆ, ਕਬਜ਼ਾ ਕੀਤਾ ਹੋਇਆ) ਉਹ ਚੀਜ਼ ਜਿਸ 'ਤੇ ਕਬਜ਼ਾ ਕੀਤਾ ਜਾਵੇ।" (ਦੇਖੋ ਚਿੱਤਰ) ਬਰੈਕਟ ਵਿਚਲਾ ਪਹਿਲਾ ਸੰਕੇਤ 'ਅ' ਦਰਸਾਉਂਦਾ ਹੈ ਕਿ ਇਹ ਅਰਬੀ ਪਿਛੋਕੜ ਦਾ ਹੈ। ਦਿਲਚਸਪ ਗੱਲ ਹੈ ਕਿ ਲੇਖਕ ਨੇ ਆਪਣੇ ਵਲੋਂ ਦਿੱਤੀ ਮਿਸਾਲ ਵਿਚ 'ਅ' ਸੰਕੇਤ ਦਰਸਾਇਆ ਹੀ ਨਹੀਂ।

ਸਾਰੇ ਮਸਲੇ ਦੇ ਇਕ ਹੋਰ ਪਹਿਲੂ 'ਤੇ ਜ਼ੋਰ ਦੇਣਾ ਚਾਹਾਂਗਾ। ਅਰਬੀ (ਨਾ ਕਿ ਉਰਦੂ-ਫਾਰਸੀ) ਅਗੇਤਰ ਜਿਸ ਨੂੰ ਉਹ ਮਅ (ਮੀਮ+ਐਨ) ਆਖਦੇ ਹਨ, ਦਾ ਨਾ ਅਰਬੀ ਸ਼ਬਦ 'ਮਅ' (ਜਿਸ ਦਾ ਅਰਥ ਨਾਲ, ਸਾਥ ਹੈ) ਨਾਲ ਕੋਈ ਸਬੰਧ ਹੈ ਤੇ ਨਾ ਹੀ ਸੰਸਕ੍ਰਿਤ ਪਿਛੇਤਰ ਮਯ ਨਾਲ। ਲੰਗੜੋਆ ਸਾਹਿਬ ਦਾ ਇਹ ਵਹਿਮ ਹੈ ਜਾਂ ਉਨ੍ਹਾਂ ਦੀ ਅੰਤਰਮੁਖੀ ਸੋਚ ਹੈ ਕਿ ਤਿੰਨੇ ਇਕਾਈਆਂ ਮੂਲੋਂ ਇਕ ਹਨ। ਸ਼ਬਦਾਂ ਦਾ ਪਿਛੋਕੜ ਲੱਭਣ ਵਿਚ ਪਏ ਕਈ ਲੋਕ ਥੋੜੀ ਬਹੁਤੀ ਧੁਨੀ ਅਤੇ ਅਰਥ ਦੀ ਸਾਂਝ ਦੇਖ ਕੇ ਅਕਸਰ ਇਸ ਵਹਿਮ ਦਾ ਸ਼ਿਕਾਰ ਹੋ ਜਾਂਦੇ ਹਨ। ਭਿੰਨ ਭਿੰਨ ਅਰਬੀ ਸ਼ਬਦਾਂ ਦੇ ਅਗੇਤਰ ਵਜੋਂ ਇਸ ਦੇ ਉਚਾਰਣ ਗੁਰਮੁਖੀ ਅੱਖਰਾਂ ਵਿਚ ਮ, ਮਿ, ਮੁ ਨਾਲ ਦਰਸਾਏ ਜਾ ਸਕਦੇ ਹਨ। ਅਰਬੀ ਲਿਪੀ ਵਿਚ ਇਨ੍ਹਾਂ ਲਈ ਵਰਤੇ ਜਾਂਦੇ ਚਿੰਨਾਂ ਨੂੰ ਤਕਸ਼ੀਲ (ਪੰਜਾਬੀ ਮਾਤਰਾਵਾਂ) ਕਿਹਾ ਜਾਂਦਾ ਹੈ। ਮੀਮ ਦੇ ਨਾਲ 'ਅ' ਧੁਨੀ ਪ੍ਰਗਟ ਕਰਨ ਲਈ ਵਰਤੇ ਜਾਂਦੇ ਤਕਸ਼ੀਲ ਨੂੰ ਫਤਹ ਆਖਦੇ ਹਨ ਜੋ ਮੀਮ ਦੇ ਉਪਰ ਲੱਗੇਗੀ (ਗੁਰਮੁਖੀ ਵਿਚ ਮੁਕਤਾ); ਮੀਮ ਦੇ ਨਾਲ 'ਇ' ਧੁਨੀ ਪ੍ਰਗਟ ਕਰਨ ਲਈ ਵਰਤੀ ਜਾਂਦੀ ਤਕਸ਼ੀਲ ਕਸਰਹ ਅਖਵਾਉਂਦੀ ਹੈ ਜੋ ਹੇਠਾਂ ਲਗਦੀ ਹੈ (ਗੁਰਮੁਖੀ ਸਿਹਾਰੀ) ਅਤੇ 'ਉ' ਧੁਨੀ ਪ੍ਰਗਟ ਕਰਨ ਵਾਲੀ ਤਕਸ਼ੀਲ ਹੈ ਜ਼ਮਹ (ਗੁਰਮੁਖੀ ਔਂਕੜ) ਕੌਮੇ ਦੀ ਸ਼ਕਲ ਜਿਹੀ ਇਹ ਮੀਮ ਦੇ ਉਪਰ ਲਗਦੀ ਹੈ।

ਲੰਗੜੋਆ ਸਾਹਿਬ ਪੁਛਦੇ ਹਨ ਕਿ ਇਨ੍ਹਾਂ ਚਿੰਨਾਂ ਵਾਲਾ ਅਗੇਤਰ 'ਮ' ਜੀਤ ਸਿੰਘ ਸੀਤਲ ਦੇ ਕੋਸ਼ ਵਿਚ ਨਹੀਂ ਹੈ। ਹੋ ਹੀ ਨਹੀਂ ਸੀ ਸਕਦਾ, ਸੀਤਲ ਦਾ ਕੋਸ਼ ਫਾਰਸੀ ਦਾ ਹੈ, ਅਰਬੀ ਦਾ ਨਹੀਂ, ਇਥੋਂ ਤਾਂ ਸਗੋਂ ਇਹ ਸਾਬਤ ਹੁੰਦਾ ਹੈ ਕਿ ਇਹ ਅਗੇਤਰ ਫਾਰਸੀ ਦਾ ਨਹੀਂ ਹੈ, ਇਸ ਅਗੇਤਰ ਨਾਲ ਫਾਰਸੀ ਦਾ ਕੋਈ ਸ਼ਬਦ ਨਹੀਂ ਬਣਦਾ। ਚਰਚਿਤ ਅਗੇਤਰ ਨਾਲ ਬਣਨ ਵਾਲੇ ਅਰਬੀ ਸ਼ਬਦ ਕਈ ਤਰ੍ਹਾਂ ਦੀਆਂ ਜਟਿਲ ਤਬਦੀਲੀਆਂ ਲਿਆਉਂਦੇ ਹਨ ਜਿਨ੍ਹਾਂ ਦੇ ਵਿਸਥਾਰ ਵਿਚ ਪੈਣ ਦੀ ਇਥੇ ਗੁੰਜਾਇਸ਼ ਨਹੀਂ। ਮੋਟੇ ਤੌਰ 'ਤੇ ਅਰਬੀ ਵਿਆਕਰਣ ਅਨੁਸਾਰ ਇਹ ਅਗੇਤਰ ਲੱਗ ਕੇ ਕਿਸੇ ਕਾਰਜ ਹੋਣ ਵਾਲੇ ਸਥੱਲ ਜਾਂ ਕਿਸੇ ਕਾਰਜ ਦੇ ਕਾਰਕ ਸੂਚਕ ਸ਼ਬਦ ਬਣਦੇ ਹਨ। ਮ, ਮਿ, ਮੁ ਆਦਿ ਅਗੇਤਰ ਲੰਗੜੋਆ ਸਾਹਿਬ ਦੇ ਦਾਅਵੇ ਦੇ ਬਾਵਜੂਦ, ਨਾਲ, ਸਾਥ ਦੇ ਅਰਥਾਂ ਵਾਲੇ 'ਮਅ' ਸ਼ਬਦ ਦਾ ਰੁਪਾਂਤਰ ਨਹੀਂ ਹਨ ਤੇ ਨਾ ਹੀ ਇਨ੍ਹਾਂ ਤੋਂ ਬਣੇ ਢੇਰ ਸਾਰੇ ਸ਼ਬਦਾਂ ਵਿਚ ਇਹ ਅਰਥ ਪ੍ਰਗਟ ਹੁੰਦੇ ਹਨ। ਇਕ ਅਰਬੀ ਅਗੇਤਰ 'ਤ' ਹੈ ਜਿਸ ਦੇ ਲੱਗਣ ਨਾਲ ਭਾਵਵਾਚਕ ਨਾਂਵ ਬਣਦੇ ਹਨ ਜਿਵੇਂ ਤਕਸੀਮ, ਤਕਰੀਬਨ, ਤਸਕੀਨ, ਤਫਸੀਲ ਆਦਿ। ਕਲ੍ਹ ਨੂੰ ਲੰਗੜੋਆ ਸਾਹਿਬ ਆਖ ਸਕਦੇ ਹਨ ਕਿ ਇਸ ਦੀ ਵੀ ਸੰਸਕ੍ਰਿਤ ਪਿਛੇਤਰ 'ਤਾ' ਨਾਲ ਸਾਂਝ ਹੈ ਕਿਉਂਕਿ ਇਹ ਵੀ ਭਾਵਵਾਚਕ ਨਾਂਵ ਬਣਾਉਂਦਾ ਹੈ ਜਿਵੇਂ ਨਿਮਰਤਾ, ਸਮਾਨਤਾ, ਸੁੰਦਰਤਾ, ਵਿਲੱਖਣਤਾ। ਉਨ੍ਹਾਂ ਲਿਖਿਆ ਸੀ, 'ਬਮੈ' ਸ਼ਬਦ ਵਿਚ 'ਮਅ' ਸ਼ਬਦ ਦੀ ਵਰਤੋਂ ਭਾਵੇਂ ਪਿਛੇਤਰ ਦੇ ਤੌਰ 'ਤੇ ਕੀਤੀ ਗਈ ਹੈ ਪਰ ਆਮ ਤੌਰ 'ਤੇ ਇਹ ਸ਼ਬਦ ਅਗੇਤਰ ਵਜੋਂ ਹੀ ਵਰਤਿਆ ਜਾਂਦਾ ਹੈ। ਬੜਾ ਬਹੁਰੂਪੀਆ ਹੈ ਇਹ ਮਅ! ਇਸ ਕਥਨ ਦੇ ਪ੍ਰਸੰਗ ਵਿਚ ਮੇਰੇ ਵਲੋਂ ਕੀਤੀ ਟਿੱਪਣੀ ਦੀ ਵੀ ਉਨ੍ਹਾਂ ਨੂੰ ਸਮਝ ਨਹੀਂ ਆਈ ਕਿ ਅਗੇਤਰ ਨਾਲ ਅਗੇਤਰ ਜਾਂ ਪਿਛੇਤਰ ਲੱਗ ਕੇ ਘਟ ਹੀ ਕਦੇ ਕੋਈ ਸ਼ਬਦ ਬਣਦਾ ਹੈ ਜਿਸ ਦੇ ਜਵਾਬ ਵਜੋਂ ਉਨ੍ਹਾਂ ਅਗੇਤਰ ਨਾਲ ਹੋਰ ਸ਼ਬਦ ਲੱਗ ਕੇ ਬਣਦੇ ਸੰਯੁਕਤ ਸ਼ਬਦਾਂ ਦੀਆਂ ਮਿਸਾਲਾਂ ਦੇ ਦਿੱਤੀਆਂ ਹਨ। ਚੁੱਪ ਹੀ ਭਲੀ ਹੈ।

# ਦੁਨੀਆਂ ਦਾ ਪਹਿਲਾ ਮਨੁੱਖੀ ਬੰਬ: ਬੱਬਰ ਧੰਨਾ ਸਿੰਘ

ਆਜ਼ਾਦੀ ਦੇ ਪਰਵਾਨੇ


ਵਾਸਦੇਵ ਸਿੰਘ ਪਰਹਾਰ
ਫੋਨ: 206-434-1155


ਪਿੰਡ ਬਹਿਬਲਪੁਰ ਹੁਸ਼ਿਆਰਪੁਰ ਜ਼ਿਲ੍ਹੇ ਦੀ ਹੱਦ ਬਸਤ ਨੰਬਰ 95 ਅਤੇ ਰਕਬਾ ਜ਼ਮੀਨ 682 ਏਕੜ ਹੈ। ਇਹ ਪਿੰਡ ਕੋਟ ਫਤੂਹੀ ਤੋਂ ਮੀਲ ਕੁ ਚੜ੍ਹਦੇ ਪਾਸੇ ਹੈ। ਇਹ ਨਾਗਰਾ ਗੋਤ ਦੇ ਜੱਟਾਂ ਦੀ ਮਾਲਕੀ ਵਾਲਾ ਪਿੰਡ ਹੈ। ਨਾਗਰਾ ਗੋਤ ਚੀਮਾ ਗੋਤ ਦੀ ਹੀ ਸ਼ਾਖਾ ਹੈ ਅਤੇ ਚੀਮਾ ਗੋਤ ਰਾਜਪੂਤਾਂ ਦੇ ਚੌਹਾਨ ਗੋਤ ਵਿਚੋਂ ਚੌਹਾਨਾਂ ਦੇ ਰਾਜਪੂਤਾਂ ਦੀ ਥਾਂ ਜੱਟਾਂ ਨਾਲ ਆਪਣੇ ਲੜਕੇ ਲੜਕੀਆਂ ਦੇ ਰਿਸ਼ਤੇ ਕਰਨ ਤੋਂ ਬਾਅਦ ਉਪਜਿਆ। ਚੌਹਾਨ ਗੋਤ ਵਿਚੋਂ ਜੱਟਾਂ ਦੇ ਚਾਰ ਗੋਤ-ਚਾਹਲ, ਚੀਮੇ, ਨਾਗਰਾ ਤੇ ਚੱਠੇ ਉਪਜੇ। ਕਹਾਵਤ ਪ੍ਰਚਲਤ ਹੋਈ-ਚਾਹਲ, ਚੀਮੇ, ਚੱਠੇ; ਖਾਣ ਪੀਣ ਨੂੰ 'ਕੱਲੇ 'ਕੱਲੇ, ਲੜਨ-ਭਿੜਨ ਨੂੰ 'ਕੱਠੇ।

ਇਸ ਪਿੰਡ ਦੇ ਇੰਦਰ ਸਿੰਘ ਦਾ ਪੁੱਤਰ ਧੰਨਾ ਸਿੰਘ (1888-1923) ਅੰਗਰੇਜ਼ ਸਰਕਾਰ ਦੀਆਂ ਵਧੀਕੀਆਂ ਅਤੇ ਅਤਿਆਚਾਰਾਂ ਦੀਆਂ ਖਬਰਾਂ ਸੁਣ ਕੇ ਕੁਰਲਾ ਉਠਿਆ। ਉਹ ਚੰਗਾ ਪੜ੍ਹਿਆ ਲਿਖਿਆ ਸੀ ਅਤੇ ਭਾਸ਼ਨ ਕਲਾ ਦੀ ਉਸ ਨੂੰ ਰੱਬੀ ਦਾਤ ਮਿਲੀ ਹੋਈ ਸੀ। ਉਹ ਧਾਰਮਿਕ ਦੀਵਾਨਾਂ ਵਿਚ ਬੋਲਦਾ, ਤਾਂ ਉਸ ਦੇ ਭਾਸ਼ਨਾਂ ਦੀ ਸੂਈ ਅੰਗਰੇਜ਼ ਸਰਕਾਰ ਦੇ ਪਿੱਠੂਆਂ ਦੇ ਸੁਧਾਰ ਵੱਲ ਚਲੇ ਜਾਂਦੀ। ਉਹ ਮਿਸਾਲੀ ਉਚੇ ਆਚਰਨ ਵਾਲਾ, ਗਰੀਬ-ਗੁਰਬੇ ਦੀ ਮਦਦ ਕਰਨ ਵਾਲਾ ਅਤੇ ਧੀਆਂ-ਭੈਣਾਂ ਦੀ ਇੱਜ਼ਤ ਦਾ ਮੱਦਾਹ ਸੀ। ਚੋਟੀ ਦੇ ਬੱਬਰਾਂ ਵਿਚ ਉਸ ਦਾ ਸ਼ੁਮਾਰ ਸੀ ਅਤੇ ਬੱਬਰਾਂ ਦੀ ਸੁਪਰੀਮ ਕਮੇਟੀ ਵਿਚ ਵੀ ਉਸ ਦੀ ਰਾਏ ਨੂੰ ਸਭ ਮੰਨਦੇ ਸਨ। ਉਸ ਨੇ 16 ਤੇ 23 ਜਨਵਰੀ 1923 ਨੂੰ ਅਰਜਨ ਸਿੰਘ ਪਟਵਾਰੀ ਹਰੀਪੁਰ ਨੂੰ ਸੋਧਣ ਦੀ ਕੋਸ਼ਿਸ਼ ਕਰਨ ਵਾਲਿਆਂ ਵਿਚ ਭਾਗ ਲਿਆ, ਪਰ ਪਟਵਾਰੀ ਦੋਨੋਂ ਵਾਰ ਬਚ ਗਿਆ। 10 ਫਰਵਰੀ 1923 ਨੂੰ ਬਿਸ਼ਨ ਸਿੰਘ ਜ਼ੈਲਦਾਰ ਰਾਣੀ ਥੂਹਾ ਦੇ ਕਤਲ ਸਮੇਂ ਬਾਬੂ ਸੰਤਾ ਸਿੰਘ ਹਰੀਓਂ ਨਾਲ ਰਿਹਾ। 12 ਮਾਰਚ 1923 ਨੂੰ ਬੂਟਾ ਬੱਬਰ ਦੇ ਪਿੰਡ ਨੰਗਲ ਸ਼ਾਮਾ (ਨੇੜੇ ਜਲੰਧਰ) ਦੇ ਕਤਲ ਵਿਚ ਭਾਗ ਲਿਆ। 17 ਮਾਰਚ 1923 ਨੂੰ ਲਾਭ ਸਿੰਘ ਮਿਸਤਰੀ ਗੜ੍ਹਸ਼ੰਕਰ ਦੇ ਕਤਲ ਵਿਚ ਸ਼ਾਮਲ ਸੀ। ਅਪਰੈਲ 1923 ਵਿਚ ਪੰਡੋਰੀ ਨਿੱਝਰਾਂ ਦੇ ਨੰਬਰਦਾਰ ਅਤੇ ਚੌਕੀਦਾਰ ਨੂੰ ਧਮਕਾਇਆ ਸੀ। 21 ਮਈ 1923 ਨੂੰ ਪਿੰਡ ਕੌਲਗੜ੍ਹ ਦੇ ਨੰਬਰਦਾਰ ਰਲਾ ਅਤੇ ਉਸ ਦੇ ਭਰਾ ਦਿੱਤੂ ਦੇ ਕਤਲ ਵਿਚ ਭਾਗ ਲਿਆ।

ਬੰਬੇਲੀ ਵਾਲੇ ਪੁਲਿਸ ਮੁਕਾਬਲੇ ਵਿਚ ਆਪਣੇ ਸਾਥੀਆਂ ਨਾਲ ਨਾਰਾਜ਼ ਹੋ ਕੇ ਉਹ ਅਤੇ ਦਲੀਪਾ ਧਾਮੀਆਂ ਉਸ ਪਿੰਡ ਨਾ ਗਏ ਅਤੇ ਬਚ ਗਏ। ਬੱਬਰ ਧੰਨਾ ਸਿੰਘ ਨੇ ਐਲਾਨ ਕੀਤਾ ਹੋਇਆ ਸੀ ਕਿ ਉਹ ਜਿਉਂਦੇ ਜੀਅ ਪੁਲਿਸ ਦੇ ਹੱਥ ਨਹੀਂ ਆਵੇਗਾ ਅਤੇ ਉਸ ਨੇ ਇਹ ਕਰ ਕੇ ਵੀ ਦਿਖਾ ਦਿੱਤਾ। ਜਿਆਣ ਪਿੰਡ ਦਾ ਬੇਲਾ ਸਿੰਘ ਗਦਰੀ ਬਾਬਿਆਂ ਨਾਲ ਗੱਦਾਰੀ ਕਰ ਕੇ ਆਪਣੇ ਪਿੰਡ ਆ ਚੁੱਕਾ ਸੀ। ਉਸ ਨੇ ਆਪਣੇ ਭਰਾ ਜਵਾਲਾ ਸਿੰਘ ਨੂੰ ਵੀ ਬੱਬਰਾਂ ਨੂੰ ਫੜਾ ਕੇ ਜ਼ਮੀਨ ਦੇ ਮੁਰੱਬੇ ਇਨਾਮ ਲੈਣ ਲਈ ਪ੍ਰੇਰਿਆ। ਕਰਤਾਰ ਸਿੰਘ ਬੂੜੋਵਾੜੀਆਂ ਪਿੰਡ ਵਲਾ ਬੱਬਰ ਧੰਨਾ ਸਿੰਘ ਨਾਲ ਬਿਸ਼ਨ ਸਿੰਘ ਜ਼ੈਲਦਾਰ ਰਾਣੀ ਥੂਹਾ ਦੇ ਕਤਲ ਸਮੇਂ ਨਾਲ ਸੀ। ਉਸ ਨੇ ਜਵਾਲਾ ਸਿੰਘ ਦੇ ਕਹਿਣ 'ਤੇ ਬੱਬਰ ਧੰਨਾ ਸਿੰਘ ਅਤੇ ਬੱਬਰ ਦਲੀਪੇ ਨੂੰ ਉਸ ਨਾਲ ਮਿਲਾਇਆ। ਕਰਤਾਰ ਸਿੰਘ ਨੇ ਬੱਬਰ ਧੰਨਾ ਸਿੰਘ ਨੂੰ ਕਿਹਾ ਸੀ ਕਿ ਉਹ ਅਤੇ ਜਿਆਣ ਵਾਲੇ ਜਵਾਲਾ ਸਿੰਘ, ਮਾਮੇ ਭੂਆ ਦੇ ਪੁੱਤ ਹਨ ਅਤੇ ਜਵਾਲਾ ਸਿੰਘ ਬੱਬਰ ਧੰਨਾ ਸਿੰਘ ਦੇ ਵਾਰੰਟ ਗ੍ਰਿਫਤਾਰੀ ਪੁਲਿਸ ਕਪਤਾਨ ਤੱਕ ਪਹੁੰਚ ਕਰ ਕੇ ਵਾਪਸ ਕਰਵਾ ਦੇਵੇਗਾ। ਜਵਾਲਾ ਸਿੰਘ, ਬੱਬਰ ਧੰਨਾ ਸਿੰਘ ਨੂੰ ਨਾਲ ਲੈ ਕੇ ਪਿੰਡ ਦੇ ਗੁਰਦੁਆਰੇ ਗਿਆ ਅਤੇ ਸੰਤ ਹਰੀ ਸਿੰਘ ਪਾਸੋਂ ਪੰਜ ਰੁਪਏ ਦਾ ਪ੍ਰਸ਼ਾਦ ਕਰਵਾ ਕੇ ਅਰਦਾਸ ਕਰਵਾਈ ਕਿ ਉਸ ਦਾ ਭਰਾ ਬੇਲਾ ਸਿੰਘ ਕੈਨੇਡਾ ਵਿਖੇ ਗਦਰੀ ਯੋਧਿਆਂ ਨਾਲ ਜੋ ਗਦਾਰੀ ਕਰ ਆਇਆ ਹੈ, ਉਸ ਦੀ ਮੁਆਫੀ ਲਈ ਉਹ ਅੱਗੇ ਤੋਂ ਬੱਬਰਾਂ ਦੀ ਮਦਦ ਕਰਨਗੇ। ਬਹਿਬਲਪੁਰ ਦੇ ਨੰਬਰਦਾਰ ਹਜ਼ਾਰਾ ਸਿੰਘ ਨੇ ਪੁਲਿਸ ਕੋਲ ਝੂਠੀ ਸ਼ਿਕਾਇਤ ਕਰ ਕੇ ਬੱਬਰ ਧੰਨਾ ਸਿੰਘ ਦੇ ਵਾਰੰਟ ਗ੍ਰਿਫਤਾਰੀ ਜਾਰੀ ਕਰਵਾ ਦਿੱਤੇ ਸਨ ਅਤੇ ਉਹ ਭਗੌੜਾ ਹੋ ਗਿਆ। ਉਸ ਨੇ 27 ਮਾਰਚ 1923 ਨੂੰ ਆਪਣੇ ਬੱਬਰ ਸਾਥੀਆਂ ਨਾਲ ਮਿਲ ਕੇ ਹਜ਼ਾਰਾ ਸਿੰਘ ਦਾ ਕਤਲ ਕਰ ਦਿਤਾ।


ਬੱਬਰ ਧੰਨਾ ਸਿੰਘ

ਇਹ ਖਬਰ ਬੱਬਰ ਅਕਾਲੀ ਦੁਆਬਾ ਅਖਬਾਰ ਵਿਚ ਵੱਡੀ ਸੁਰਖੀ ਨਾਲ ਪ੍ਰਕਾਸ਼ਿਤ ਕੀਤੀ ਕਿ ਅੰਗਰੇਜ਼ ਸਰਕਾਰ ਦੇ ਮੁਖਬਰ ਨੂੰ ਤਿੰਨ ਮੁਰੱਬੇ ਜ਼ਮੀਨ (ਭਾਵ ਤਿੰਨ ਗੋਲੀਆਂ) ਇਨਾਮ ਦਿੱਤਾ ਗਿਆ ਹੈ। ਗੱਦਾਰ ਕਰਤਾਰ ਸਿੰਘ ਕਿਸੇ ਬਹਾਨੇ ਬੱਬਰ ਧੰਨਾ ਸਿੰਘ ਨੂੰ ਆਪਣੇ ਸਾਲੇ ਕਰਮ ਸਿੰਘ ਪਾਸ ਪਿੰਡ ਮੰਨਣਹਾਨੇ ਲੈ ਗਿਆ। ਇਸ ਗੱਲ ਦਾ ਗੱਦਾਰ ਜਵਾਲਾ ਸਿੰਘ ਨੂੰ ਪਤਾ ਸੀ ਅਤੇ ਉਸ ਨੇ ਜਾ ਕੇ ਪੁਲਿਸ ਕਪਤਾਨ ਮਿਸਟਰ ਹਾਰਟਨ ਨੂੰ ਜਾ ਦੱਸਿਆ। ਪੁਲਿਸ ਕਪਤਾਨ ਆਪਣੇ ਨਾਲ ਉਪ ਪੁਲਿਸ ਕਪਤਾਨ ਮਿਸਟਰ ਡੈਨਕਿਨ ਨੂੰ ਲੈ ਕੇ ਮਾਹਲਪੁਰ ਥਾਣੇ ਪੁੱਜਾ ਅਤੇ ਥਾਣੇਦਾਰ ਗੁਲਜ਼ਾਰਾ ਸਿੰਘ ਅਤੇ ਹੋਰ ਪੁਲਿਸ ਫੋਰਸ ਲੈ ਕੇ ਘੋੜਿਆਂ 'ਤੇ ਅੱਧੀ ਰਾਤ ਪਿੰਡ ਮੰਨਣਹਾਨਾ ਪਹੁੰਚ ਗਏ। ਬੱਬਰ ਧੰਨਾ ਸਿੰਘ ਦੇ ਉਤਰ ਵੱਲ ਬਾਹਰਵਾਰ, ਕਰਮ ਸਿੰਘ ਪਸ਼ੂਆਂ ਦੇ ਵਾੜੇ ਵਿਚ ਸੁੱਤਾ ਪਿਆ ਸੀ। ਪੁਲਿਸ ਦੀ ਪੈੜਚਲ ਸੁਣ ਕੇ ਕਰਮ ਸਿੰਘ ਪਿੰਡ ਵੱਲ ਦੌੜ ਪਿਆ। ਮਗਰੇ ਹੀ ਬੱਬਰ ਧੰਨਾ ਸਿੰਘ ਦੌੜਿਆ ਤਾਂ ਉਸ 'ਤੇ ਥਾਣੇਦਾਰ ਗੁਲਜ਼ਾਰਾ ਸਿੰਘ ਨੇ ਲਾਠੀ ਦਾ ਜ਼ੋਰਦਾਰ ਵਾਰ ਕੀਤਾ ਤੇ ਉਹ ਡਿੱਗ ਪਿਆ। ਸਿਪਾਹੀਆਂ ਨੇ ਤੁਰੰਤ ਉਸ ਦੇ ਹੱਥਕੜੀ ਲਾ ਲਈ ਅਤੇ ਉਸ ਦਾ ਰਿਵਾਲਵਰ ਵੀ ਉਸ ਦੇ ਗਲੋਂ ਲਾਹ ਲਿਆ। ਪੁਲਿਸ ਕਪਤਾਨ ਮਿਸਟਰ ਹਾਰਟਨ ਬੱਬਰ ਨੂੰ ਕਹਿਣ ਲੱਗਾ-"ਟੁਮ ਤੋ ਬੋਲਤੇ ਥੇ ਕਿ ਜਿੰਦਾ ਪੁਲਿਸ ਕੇ ਹਾਥ ਨਹੀਂ ਆਏਗਾ, ਅਬ ਬੋਲੋ।" ਇਹ ਸੁਣ ਕੇ ਬੱਬਰ ਨੇ ਜ਼ੋਰ ਨਾਲ ਹੁਝਕਾ ਮਾਰ ਕੇ ਹਥਕੜੀ ਸਿਪਾਹੀਆਂ ਤੋਂ ਛੁਡਾ ਕੇ ਆਪਣੀ ਬਾਂਹ ਵਿਚ ਲਟਕ ਰਹੇ ਧਾਗੇ ਨੂੰ ਖਿੱਚਿਆ ਜਿਸ ਨਾਲ ਕੁੜਤੇ ਵਿਚ ਖਾਸ ਤੌਰ 'ਤੇ ਬਣਾਈ ਜੇਬ ਵਿਚੋਂ ਬੰਬ ਫਟ ਗਿਆ। ਜ਼ਬਰਦਸਤ ਧਮਾਕਾ ਹੋਇਆ ਜਿਸ ਨਾਲ ਬੱਬਰ ਦਾ ਸਰੀਰ ਉਡ ਗਿਆ, ਨਾਲ ਹੀ ਪੰਜ ਪੁਲਿਸ ਵਾਲੇ ਜੋ ਨੇੜੇ ਸਨ, ਉਹ ਵੀ ਥਾਂਏਂ ਮਾਰੇ ਗਏ। ਮਿਸਟਰ ਹਾਰਟਨ ਅਤੇ ਮਿਸਟਰ ਡੈਨਕਿਨ ਸਖਤ ਜ਼ਖ਼ਮੀ ਹੋਏ। ਥਾਣੇਦਾਰ ਗੁਲਜ਼ਾਰਾ ਸਿੰਘ ਵੀ ਜ਼ਖ਼ਮੀ ਹੋਇਆ। ਤਿੰਨਾਂ ਨੂੰ ਗੱਡਿਆਂ 'ਤੇ ਪਾ ਕੇ ਮਾਹਲਪੁਰ ਦੇ ਹਸਪਤਾਲ ਪਹੁੰਚਾਇਆ ਗਿਆ। ਪਹਿਲਾਂ ਹੀ ਮਿਸਟਰ ਹਾਰਟਨ ਦੀ ਕਾਰ 'ਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਇਤਲਾਹ ਭੇਜ ਦਿਤੀ ਗਈ ਸੀ ਅਤੇ ਉਹ ਦਿਨ ਚੜ੍ਹਦੇ ਨੂੰ ਸਿਵਲ ਸਰਜਨ ਤੇ ਜ਼ਰੂਰੀ ਦਵਾਈਆਂ ਲੈ ਕੇ ਮਾਹਲਪੁਰ ਹਪਸਤਾਲ ਪਹੁੰਚ ਗਏ। ਤਿੰਨਾਂ ਜ਼ਖ਼ਮੀਆਂ ਨੂੰ ਜਲੰਧਰ ਦੇ ਮਿਲਟਰੀ ਹਸਪਤਾਲ ਭੇਜਿਆ ਗਿਆ।

ਕੁਝ ਚਿਰ ਇਲਾਜ ਤੋਂ ਬਾਅਦ ਮਿਸਟਰ ਹਾਰਟਨ ਅਤੇ ਥਾਣੇਦਾਰ ਗੁਲਜ਼ਾਰਾ ਸਿੰਘ ਚਲਾਣਾ ਕਰ ਗਏ। ਮਿਸਟਰ ਡੈਨਕਿਨ ਦੀਆਂ ਦੋਵੇਂ ਲੱਤਾਂ ਪੱਟਾਂ ਤੋਂ ਕੱਟੀਆਂ ਗਈਆਂ। ਹੱਥਾਂ ਵਿਚ ਫਹੁੜੀਆਂ ਆਸਰੇ ਅੱਗੇ-ਪਿਛੇ ਹੋ ਸਕਦਾ ਸੀ। ਦੋ ਸਿਪਾਹੀ ਵ੍ਹੀਲ ਚੇਅਰ 'ਤੇ ਬਿਠਾ ਕੇ ਲਈ ਫਿਰਦੇ। ਪੁਲਿਸ ਦੇ ਡਾਇਰੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹੋ ਕੇ ਇੰਗਲੈਂਡ ਗਿਆ। ਦੁਨੀਆਂ ਦੇ ਇਤਿਹਾਸ ਵਿਚ ਆਪਣੇ ਸਰੀਰ ਨਾਲ ਬੰਬ ਬੰਨ੍ਹ ਕੇ ਦੁਸ਼ਮਣ ਦਾ ਨੁਕਸਾਨ ਕਰਨ ਅਤੇ ਆਪਣੇ-ਆਪ ਨੂੰ ਖਤਮ ਕਰਨ ਦੀ ਇਹ ਪਹਿਲੀ ਘਟਨਾ ਹੈ।

## ਜੰਗਲਨਾਮਾ-4

### ਬਸਤਰ ਦੇ ਜੰਗਲਾਂ ਵਿਚ

ਸਤਨਾਮ



**ਤੁਸੀਂ ਪੜ੍ਹ ਚੁੱਕੇ ਹੋ...**

*ਗਾਈਡ ਦੀ ਮਦਦ ਨਾਲ ਲੇਖਕ ਤੇ ਉਸ ਦੇ ਸਾਥੀ ਜੰਗਲ ਵੱਲ ਵਧਣਾ ਅਰੰਭ ਕਰਦੇ ਹਨ। ਸਫਰ ਰਾਤ ਦਾ ਹੈ, ਗੁਆਚਣ ਦਾ ਖਦਸ਼ਾ ਵੀ ਹੈ, ਪਰ ਉਹ ਸਾਰੀ ਰਾਤ ਪੈਰਾਂ ਥਾਣੀਂ ਲੰਘਾ ਕੇ ਆਪਣੇ ਪਹਿਲੇ ਪੜਾਅ 'ਤੇ ਅੱਪੜ ਜਾਂਦੇ ਹਨ। ਐਤਕੀਂ ਕੈਂਪ ਦੇ ਅੰਦਰ ਦਾ ਬਿਰਤਾਂਤ ਖਿੱਚਣ ਦੌਰਾਨ, ਜੰਗਲ ਵਿਚ ਪੂਰੇ ਜਹਾਨ ਨਾਲ ਰਾਬਤੇ ਦੀਆਂ ਬਾਤਾਂ ਬਾਰੇ ਚਰਚਾ ਹੈ। ...*

# ਜੰਗਲ ਤੇ ਜੱਗ-ਜਹਾਨ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਸਤਨਾਮ (ਅਸਲ ਨਾਂ ਗੁਰਮੀਤ) ਨੇ ਇਸ ਯਾਤਰਾ ਰਾਹੀਂ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਂਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਵੀ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

ਕੈਂਪ ਵਿਚ ਹਰ ਕੋਈ ਆਪੋ-ਆਪਣੇ ਕੰਮੀਂ ਜੁੱਟਿਆ ਹੋਇਆ ਸੀ। ਮੇਰਾ ਕੰਮ ਇਹ ਸੀ ਕਿ ਜਿਸ ਨੂੰ ਵੀ ਵਿਹਲਾ ਬੈਠਾ ਦੇਖਾਂ, ਉਸ ਨੂੰ ਜਾ ਫੜ੍ਹਾਂ ਅਤੇ ਗੱਲੀਂ ਲਾ ਲਵਾਂ। ਕਿਹਾ ਜਾਵੇ ਤਾਂ ਮੇਰਾ ਇਹ ਕੰਮ ਸਭ ਤੋਂ ਮੁਸ਼ਕਲ ਸੀ। ਆਪਣੀ ਵਿਹਲ ਖ਼ਤਮ ਕਰਨ ਵਾਸਤੇ ਮੈਨੂੰ ਦੂਸਰਿਆਂ ਦੇ ਵਿਹਲੇ ਹੋਣ ਦਾ ਇੰਤਜ਼ਾਰ ਕਰਨਾ ਪੈਂਦਾ। ਇੰਤਜ਼ਾਰ ਸਭ ਤੋਂ ਭਿਆਨਕ ਚੀਜ਼ਾਂ ਵਿਚੋਂ ਇਕ ਹੈ, ਸੋ ਇਸ ਤੋਂ ਬਚਣ ਵਾਸਤੇ ਮੈਂ ਸਾਰੇ ਖ਼ੇਮੇ ਦਾ ਬਾਹਰ ਦਾ ਚੱਕਰ ਲਗਾਉਣ ਦੀ ਇੱਛਾ ਜ਼ਾਹਰ ਕੀਤੀ। ਕੈਂਪ ਵਿਚਲੇ ਮੁੰਡੇ-ਕੁੜੀਆਂ ਮੈਨੂੰ ਕੁਝ ਜ਼ਿਆਦਾ ਹੀ ਬੇਫਿਕਰ ਪ੍ਰਤੀਤ ਹੋਏ ਸਨ। ਮੈਂ ਹਿਫਾਜ਼ਤੀ ਦਸਤਿਆਂ ਅਤੇ ਮੋਰਚਿਆਂ ਦਾ ਚੱਕਰ ਲਾ ਕੇ ਸਾਰੇ ਬੰਦੋਬਸਤ ਦਾ ਜਾਇਜ਼ਾ ਲੈਣਾ ਚਾਹੁੰਦਾ ਸਾਂ। ਮੈਂ ਭਾਵੇਂ ਜਾਣਦਾ ਸਾਂ ਕਿ ਜਦੋਂ ਖ਼ਤਰਾ ਹੋਇਆ, ਤਾਂ ਸਾਰੇ ਹੀ ਇਕੋ ਸੀਟੀ ਦੀ ਆਵਾਜ਼ ਨਾਲ ਆਪਣੇ-ਆਪਣੇ ਮੋਰਚੇ ਮੱਲ ਲੈਣਗੇ।

ਇਸ ਦਾ ਇਕ ਕਾਰਨ ਇਹ ਵੀ ਸੀ ਕਿ ਬੈਠੇ ਰਹਿਣ ਨਾਲ ਮੇਰਾ ਧਿਆਨ ਪੈਰ ਦੀ ਦਰਦ ਉਤੇ ਕੇਂਦਰਤ ਹੋ ਜਾਂਦਾ ਸੀ ਜਦਕਿ ਚੱਲਦੇ ਰਹਿਣ ਨਾਲ ਰਾਹਤ ਮਹਿਸੂਸ ਹੁੰਦੀ ਸੀ। ਗਾਰਡ ਨੂੰ ਨਾਲ ਲੈ ਕੇ ਮੈਂ ਬੇਵਜ੍ਹਾ ਹੀ ਇਧਰ-ਉਧਰ ਘੁੰਮਦਾ ਨਹੀਂ ਸੀ ਰਹਿ ਸਕਦਾ। ਸੋ ਸਾਰੇ ਖ਼ੇਮੇ ਦਾ ਚੱਕਰ ਲਾਉਣ ਨਾਲ ਮੇਰੇ ਤਿੰਨ ਕਾਜ ਨਾਲੋ ਨਾਲ ਪੂਰੇ ਹੁੰਦੇ ਸਨ। ਮੈਨੂੰ ਦੱਸਿਆ ਗਿਆ ਕਿ ਦੁਪਹਿਰ ਦੇ ਖਾਣੇ ਤੋਂ ਬਾਅਦ ਇਸ ਦੀ ਇਜਾਜ਼ਤ ਹੋਵੇਗੀ।

ਦੁਪਹਿਰ ਦੇ ਖਾਣੇ ਤੋਂ ਪਹਿਲਾਂ ਮੈਨੂੰ ਬੰਗਾਲ ਤੋਂ ਪਹੁੰਚੇ ਇਕ ਸਾਥੀ ਨਾਲ ਗੱਲਬਾਤ ਕਰਨ ਦਾ ਮੌਕਾ ਮਿਲ ਗਿਆ। ਬਹੁਤੇ ਬੰਗਾਲੀ ਹਿੰਦੀ ਸਮਝਣ ਤੇ ਬੋਲਣ ਦੇ ਯੋਗ ਹੁੰਦੇ ਹਨ, ਸੋ ਉਸ ਨਾਲ ਗੱਲ ਕਰਦੇ ਹੋਏ ਜ਼ਿਆਦਾ ਦਿੱਕਤ ਨਹੀਂ ਆਵੇਗੀ, ਸੋਚ ਕੇ ਮੈਂ ਉਸ ਵੱਲ ਰੁਖ਼ ਕੀਤਾ।

"ਤੁਸੀਂ ਲਹਿਰ ਦੀ ਜਨਮ ਭੋਇੰ ਤੋਂ ਹੋ। ਦੂਹਰਾ ਤਜਰਬਾ ਹੈ। ਕੀ ਇਸ ਜੰਗਲ ਵਿਚੋਂ ਯੁੱਧ ਜਿੱਤ ਲਵੋਗੇ?"

"ਹਿੰਦੋਸਤਾਨ ਬਹੁਤ ਵਿਸ਼ਾਲ ਹੈ।" ਕਹਿ ਕੇ ਉਹ ਥੋੜ੍ਹੀ ਦੇਰ ਲਈ ਰੁਕ ਗਿਆ। ਮੈਂ ਆਪਣੀ ਫਾਈਲ ਤੋਂ ਨਜ਼ਰਾਂ ਚੁੱਕੀਆਂ ਤੇ ਉਸ ਵੱਲ ਦੇਖਿਆ। ਉਹ ਅਹਿੱਲ ਬੈਠਾ ਸੀ ਤੇ ਉਸ ਦਾ ਹੱਥ ਬਾਂਸ ਦੀ ਬਣੀ ਮੇਜ਼ ਉਤੇ ਪਈ ਰਾਈਫਲ ਉਤੇ ਟਿਕਿਆ ਹੋਇਆ ਸੀ। ਬਿਨਾਂ ਮੇਰੇ ਵੱਲ ਵੇਖੇ ਉਸ ਨੇ ਅੱਗੇ ਕਹਿਣਾ ਸ਼ੁਰੂ ਕੀਤਾ, "ਕਰੋੜਾਂ ਕਰੋੜਾਂ ਦੇ ਸ਼ਹਿਰ ਹੋਂਦ ਵਿਚ ਆ ਚੁੱਕੇ ਹਨ। ਸੰਚਾਰ ਸਾਧਨਾਂ ਦਾ ਜਾਲ ਪਹਿਲਾਂ ਨਾਲੋਂ ਕਿਤੇ ਸੰਘਣਾ ਹੋ ਗਿਆ ਹੈ। ਹਕੂਮਤ ਵੀ ਅਥਾਹ ਫੌਜੀ ਤਾਕਤ ਦੀ ਮਾਲਕ ਬਣ ਚੁੱਕੀ ਹੈ। ਮਜ਼ਦੂਰ ਜਮਾਤ ਵਿਚ ਤੇ ਸ਼ਹਿਰੀ ਨਿੱਕ-ਬੁਰਜੂਆ ਤਬਕਿਆਂ ਵਿਚ ਇਨਕਲਾਬੀ ਸਿਆਸਤ ਦੇ ਪ੍ਰਭਾਵ ਤੇ ਪਸਾਰ ਵਿਚ ਅਸੀਂ ਬਹੁਤ ਪਿਛੇ ਹਾਂ। ਦੁਨੀਆਂ ਭਰ ਵਿਚ ਹੀ ਕਮਿਊਨਿਸਟ ਤਾਕਤਾਂ ਦੀ ਗਿਣਤੀ ਸੰਕਟ ਦੇ ਮੁਕਾਬਲੇ ਬਹੁਤ ਥੋੜ੍ਹੀ ਹੈ। ਕਈ ਸਾਲਾਂ ਦੇ ਵਕਫੇ ਪਿਛੋਂ ਵਿਕਸਿਤ ਦੇਸ਼ਾਂ ਵਿਚ ਲੋਕ ਹਰਕਤ ਵਿਚ ਆਉਣ ਲੱਗੇ ਹਨ ਜਿਸ ਨੂੰ ਜੀ ਆਇਆਂ ਕਹਿਣਾ ਚਾਹੀਦਾ ਹੈ। ਦੇਸ਼ ਅੰਦਰਲੇ ਸੰਕਟ ਵਿਚ ਜੇ ਅਸੀਂ ਸਿਆਸੀ ਦਖ਼ਲਅੰਦਾਜ਼ੀ ਕਰਨ ਵਿਚ ਨਾਕਾਮ ਰਹਿ ਜਾਵਾਂਗੇ ਤਾਂ ਇਕੱਲਾ ਜੰਗਲ ਹੀ ਇਨਕਲਾਬ ਕਿਵੇਂ ਲੈ ਆਵੇਗਾ। ਸਾਨੂੰ ਜ਼ਰੂਰਤ ਹੈ, ਅਸੀਂ ਵਿਸ਼ਾਲ ਹਿੱਸਿਆਂ ਨੂੰ ਗੋਲਬੰਦ ਕਰੀਏ, ਇਸ ਡੂੰਘੇ ਸੰਕਟ ਦਾ ਫਾਇਦਾ ਉਠਾਈਏ। ਲਹਿਰ ਦਾ ਜੰਗਲ ਤੋਂ ਬਾਹਰ ਹੋਰ ਹਿੱਸਿਆਂ ਤੇ ਮੈਦਾਨੀ ਇਲਾਕਿਆਂ ਵਿਚ ਫੈਲਣਾ ਜ਼ਰੂਰੀ ਹੈ, ਤੇ ਨਾਲ ਹੀ ਜ਼ਰੂਰੀ ਹੈ ਸ਼ਹਿਰਾਂ ਵਿਚ ਇਨਕਲਾਬੀ ਕੰਮ ਦਾ ਪਸਾਰਾ।"

"ਸੋ, ਲੋਕ ਯੁੱਧ?"

"ਮੈਂ ਸ਼ਹਿਰਾਂ ਵਿਚਲੇ ਕੰਮ ਦੇ ਮਹੱਤਵ ਦਾ ਜ਼ਿਕਰ ਕਰ ਰਿਹਾ ਹਾਂ। ਲੋਕ ਯੁੱਧ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਦਾ। ਅਸੀਂ ਖ਼ੁਦ ਨੂੰ ਇਥੋਂ ਤਕ ਹੀ ਸੀਮਤ ਨਹੀਂ ਰੱਖ ਸਕਦੇ। ਇਹ ਨਹੀਂ ਹੋ ਸਕਦਾ ਕਿ ਸ਼ਹਿਰ ਸਾਡੇ ਅਸਰ ਤੋਂ ਮੁਕਤ ਰਹਿਣ ਦਿੱਤੇ ਜਾਣ। ਉਹ ਸਥਿਤੀ ਅਜੀਬ ਹੋਵੇਗੀ ਕਿ ਪਿੰਡਾਂ ਵਿਚ ਸਾਡਾ ਵਿਸ਼ਾਲ ਆਧਾਰ ਹੋਵੇ ਤੇ ਸ਼ਹਿਰ ਬਹੁਤ ਪੱਛੜੇ ਹੋਏ ਰਹਿ ਜਾਣ। ਦੋਵਾਂ ਦਰਮਿਆਨ ਦਾ ਵੱਡਾ ਪਾੜਾ ਗ਼ੈਰ-ਕੁਦਰਤੀ ਗੱਲ ਹੋਵੇਗੀ। ਅਸੀਂ ਚਾਹਾਂਗੇ ਕਿ ਅੱਤ ਸੰਕਟ ਦੀ ਘੜੀ ਵਿਚ ਮੌਕੇ ਨੂੰ ਸੰਭਾਲ ਸਕੀਏ ਅਤੇ ਉਸ ਨੂੰ ਇਨਕਲਾਬੀ ਸੰਕਟ ਵਿਚ ਤਬਦੀਲ ਕਰ ਦੇਈਏ।"

ਬੰਗਾਲੀ ਗੁਰੀਲੇ ਨੇ ਅਨੇਕਾਂ ਹੋਰ ਗੱਲਾਂ ਕਹੀਆਂ। ਇਨਕਲਾਬੀ ਸਿਆਸਤ ਦੇ ਪ੍ਰਚਾਰ ਨੂੰ ਵਿਸ਼ਾਲ ਬਣਾਏ ਜਾਣ ਦੇ ਮਾਮਲੇ ਸਬੰਧੀ ਉਸ ਨੂੰ ਕਾਫੀ ਫਿਕਰ ਸੀ।

"ਇਸ ਕੈਂਪ ਦਾ ਕੀ ਮਕਸਦ ਹੈ?" ਮੈਂ ਤੀਸਰਾ ਸਵਾਲ ਕੀਤਾ।

"ਅਜਿਹੇ ਕੈਂਪ ਅਸੀਂ ਅਕਸਰ ਲਾਉਂਦੇ ਰਹਿੰਦੇ ਹਾਂ ਜਿਥੇ ਵੱਖ-ਵੱਖ ਇਲਾਕਿਆਂ ਦੇ ਗੁਰੀਲੇ ਤਜਰਬੇ ਸਾਂਝੇ ਕਰਦੇ ਹਨ। ਇਕ ਦੂਸਰੇ ਤੋਂ ਸਿੱਖਦੇ-ਸਿਖਾਉਂਦੇ ਹਨ। ਇਨ੍ਹੀਂ ਦਿਨੀਂ ਉਹ ਦੁਸ਼ਮਣ ਦੇ ਛੋਟੇ ਟਿਕਾਣਿਆਂ ਉਤੇ ਅਚਾਨਕ ਧਾਵਾ ਬੋਲ ਕੇ ਉਨ੍ਹਾਂ ਉਤੇ ਕਬਜ਼ਾ ਕਰਨ ਦੀਆਂ ਤਕਨੀਕਾਂ ਦਾ ਅਧਿਐਨ ਤੇ ਰਿਹਰਸਲ ਕਰ ਰਹੇ ਹਨ।"

ਅਜਿਹੀਆਂ ਰਿਹਰਸਲਾਂ ਉਹ ਕਰ ਹੀ ਰਹੇ ਸਨ, ਇਹ ਮੈਂ ਕੱਲ੍ਹ ਦੇਖ ਚੁੱਕਾ ਸਾਂ। ਉਹ ਗਤੀਸ਼ੀਲ ਨਿਸ਼ਾਨੇ ਵੀ ਫੁੰਡ ਰਹੇ ਸਨ। ਦੁਸ਼ਮਣ ਨੂੰ ਇਕ ਬਾਹੀ ਉਤੇ ਉਲਝਾਅ ਕੇ ਦੂਸਰੀ ਬਾਹੀ ਤੋਂ ਵੱਡਾ ਹਮਲਾ ਕਰ ਕੇ ਘੇਰਨ ਦੀ ਟਰੇਨਿੰਗ ਲੈ ਰਹੇ ਸਨ। ਸੁਰੱਖਿਆ ਨੂੰ ਸਰਗਰਮ ਹਮਲੇ ਰਾਹੀਂ ਕਿਵੇਂ ਯਕੀਨੀ ਬਣਾਉਣਾ ਹੈ, ਸਬੰਧੀ ਵਿਸ਼ੇ ਉਤੇ ਉਹ ਵਿਚਾਰਾਂ ਵੀ ਕਰ ਰਹੇ ਸਨ।

ਬਹੁਤੇ ਫੌਜੀ ਮਾਮਲੇ ਮੇਰੀ ਸਮਝ ਤੋਂ ਬਾਹਰ ਦੀ ਗੱਲ ਹਨ। ਸੋ ਜੋ ਕੁਝ ਮੈਂ ਦੇਖਿਆ ਤੇ ਸੁਣਿਆ, ਉਸ ਨੂੰ ਹੀ ਬਿਆਨ ਕਰ ਦੇਵਾਂ, ਇੰਨਾ ਹੀ ਕਾਫੀ ਹੈ। ਵੈਸੇ ਵੀ ਮੈਂ ਕੈਂਪ ਦੇ ਤੌਰ ਤਰੀਕਿਆਂ ਨੂੰ ਦੇਖਣ ਦੀ ਸੋਚ ਕੇ ਉਥੇ ਨਹੀਂ ਸੀ ਗਿਆ। ਕੈਂਪ ਤਾਂ ਸਬੱਬੀਂ ਲੱਗਾ ਲਗਾਇਆ ਮਿਲ ਗਿਆ।

ਮੈਂ ਸੁਣਿਆ ਸੀ ਕਿ ਹਿੰਦੋਸਤਾਨ ਵਿਚ ਅਜੇ ਵੀ ਅਜਿਹੇ ਕਬੀਲੇ ਹਨ ਜਿਥੋਂ ਦੇ ਲੋਕ "ਸਭਿਅਤਾ" ਦੀ ਛੋਹ ਤੋਂ ਪਰੇ ਹਨ ਅਤੇ ਉਥੇ ਅਜੇ ਵੀ 'ਇਕ ਰੱਬ' ਦੇ ਸੰਕਲਪ ਦੀ ਕੋਈ ਥਾਂ ਨਹੀਂ ਹੈ; ਉਥੇ ਨਾ ਲੋਕ ਹਿੰਦੂ ਹਨ, ਨਾ ਮੁਸਲਮਾਨ ਅਤੇ ਨਾ ਹੀ ਈਸਾਈ। ਰਾਮ, ਮੁਹੰਮਦ ਅਤੇ ਈਸਾ ਬਾਰੇ ਉਨ੍ਹਾਂ ਨੇ ਸੁਣਿਆ ਵੀ ਨਹੀਂ ਹੋਇਆ। ਗਾਂ ਦਾ ਮਾਸ ਖਾਂਦੇ ਹਨ, ਸੂਰ ਦਾ ਸ਼ਿਕਾਰ ਕਰਦੇ ਹਨ ਅਤੇ ਕੀੜੇ-ਮਕੌੜੇ ਤੱਕ ਖਾ ਜਾਂਦੇ ਹਨ। ਕੱਪੜੇ ਉਹ ਅਜੇ ਵੀ ਸਾਰੇ ਲੋਕ ਪਾਉਣ ਨਹੀਂ ਲੱਗੇ। ਪਾਪ, ਪੁੰਨ, ਦਇਆ, ਦਰਿੰਦਗੀ, ਮਾਨਸਿਕ ਰੋਗ ਤੇ ਜ਼ਿਹਨੀ ਅੱਯਾਸ਼ੀ ਵਗ਼ੈਰਾ ਵਗ਼ੈਰਾ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਨਹੀਂ ਹਨ। ਇਹੀ ਦੇਖਣ ਵਾਸਤੇ ਮੈਂ ਉਥੇ ਪਹੁੰਚਿਆ ਸਾਂ ਅਤੇ ਇਹ ਸਾਰਾ ਕੁਝ ਹੀ ਮੈਂ ਉਥੇ ਦੇਖਿਆ। ਇਹ ਸਾਰਾ ਕੁਝ, ਤੇ ਹੋਰ ਵੀ ਕਈ ਕੁਝ ਜੋ ਉਹ ਲੋਕ ਕਰਦੇ ਹਨ, ਅਸੀਂ ਅਗਾਂਹ ਚੱਲ ਕੇ ਦੇਖਾਂਗੇ ਜਦੋਂ ਅਸੀਂ ਜੰਗਲ ਵਿਚ ਘੁੰਮਾਂਗੇ।

ਫਿਲਹਾਲ ਅਸੀਂ ਖ਼ੇਮੇ ਦੁਆਲੇ ਚੱਕਰ ਲਗਾਉਣਾ ਹੈ ਜਿਸ ਬਾਰੇ ਸਾਨੂੰ ਦੁਪਹਿਰ ਤੋਂ ਬਾਅਦ ਜਾਣ ਦੀ ਇਜਾਜ਼ਤ ਮਿਲੀ ਹੈ।

ਖ਼ੇਮੇ ਦਾ ਚੱਕਰ ਲਗਾਉਣ ਲਈ ਤਿੰਨ ਜਣੇ ਸਾਡੇ ਨਾਲ ਹੋਰ ਤੋਰ ਦਿੱਤੇ ਗਏ। ਇਕ ਲੜਕਾ ਤੇ ਦੋ ਲੜਕੀਆਂ। ਤਿੰਨੇ ਹੀ ਗੋਂਡ ਕਬੀਲੇ ਦੇ ਹਨ। ਨਵਾਂ ਆਇਆ ਲੜਕਾ ਥੋੜ੍ਹੀ ਹਿੰਦੀ ਬੋਲ ਸਕਦਾ ਹੈ। ਉਹ ਮੇਰੀ ਮੁਸ਼ਕਲ ਆਸਾਨ ਕਰਨ ਵਾਸਤੇ ਹੀ ਸਾਡੇ ਨਾਲ ਤੋਰਿਆ ਗਿਆ ਹੈ। ਦੋਵੇਂ ਕੁੜੀਆਂ ਹਿੰਦੀ ਦਾ ਕੋਈ ਸ਼ਬਦ ਤੱਕ ਨਹੀਂ ਜਾਣਦੀਆਂ, ਉਹ ਸਿਰਫ ਸੁਰੱਖਿਆ ਕਾਰਨਾਂ ਕਰ ਕੇ ਸਾਡੇ ਨਾਲ ਆਈਆਂ ਹਨ।

ਜਿਸ ਰਸਤੇ ਤੋਂ ਅਸੀਂ ਦੋ ਦਿਨ ਪਹਿਲਾਂ ਕੈਂਪ ਵਿਚ ਦਾਖ਼ਲ ਹੋਏ ਸਾਂ, ਉਸੇ ਰਸਤੇ ਬਾਹਰ ਵੱਲ ਨਿਕਲਦੇ ਹਾਂ। ਜਿਸ ਪਹਾੜੀ ਉਤੇ ਅਸੀਂ ਚੜ੍ਹਨ ਲਗਦੇ ਹਾਂ, ਉਹ ਬਾਂਸ ਦੇ ਘਣੇ ਜੰਗਲ ਨਾਲ ਘਿਰੀ ਹੋਈ ਹੈ। ਪਹਾੜੀ ਦੇ ਸਿਖ਼ਰ ਉਤੇ ਉਚੀ ਮਚਾਨ ਬਣੀ ਹੋਈ ਹੈ ਜਿਸ ਉਤੇ ਚੜ੍ਹੀ ਗੁਰੀਲਾ ਕੁੜੀ ਪਹਿਰਾ ਦੇ ਰਹੀ ਹੈ। ਹੇਠਾਂ ਦੋ ਜਣੇ ਹੋਰ ਹਨ ਜਿਨ੍ਹਾਂ ਵਿਚੋਂ ਇਕ ਜਣਾ ਬਾਂਸ ਦੇ ਟੁਕੜੇ ਜੋੜ-ਜੋੜ, ਕੁਰਸੀ ਤਿਆਰ ਕਰ ਰਿਹਾ ਹੈ। ਇਕ ਮੇਜ਼ ਪਹਿਲਾਂ ਹੀ ਤਿਆਰ ਕਰ ਕੇ ਗੱਡ ਦਿੱਤਾ ਗਿਆ ਹੈ। ਉਹ ਦੋਵੇਂ ਜਣੇ ਗਰਮਜੋਸ਼ੀ ਨਾਲ ਸਾਡੇ ਨਾਲ ਹੱਥ ਮਿਲਾਉਂਦੇ ਹਨ। ਮਚਾਨ ਉਤੇ ਚੜ੍ਹੀ ਹੋਈ ਕੁੜੀ ਉਪਰੋਂ ਹੀ ਤਣੇ ਹੋਏ ਮੁੱਕੇ ਦਾ ਸਲਾਮ ਕਹਿੰਦੀ ਹੈ ਅਤੇ ਫਿਰ ਆਪਣੀਆਂ ਨਜ਼ਰਾਂ ਆਲੇ-ਦੁਆਲੇ ਦੀ ਪੜਤਾਲ ਉਤੇ ਟਿਕਾ ਲੈਂਦੀ ਹੈ।

ਪਰ ਸੈਂਟਰੀ ਪੋਸਟ ਉਪਰ ਮੇਜ਼ ਕੁਰਸੀ ਦਾ ਕੀ ਕੰਮ? ਦੁਭਾਸ਼ੀਆ ਦੱਸਦਾ ਹੈ ਕਿ ਇਹ ਪੜ੍ਹਨ ਤੇ ਆਰਾਮ ਕਰਨ ਲਈ ਬਣਾਏ ਜਾ ਰਹੇ ਹਨ। ਇਕ ਜਣਾ ਉਪਰ ਪਹਿਰਾ ਦੇਵੇਗਾ ਤੇ ਚਾਰੇ ਪਾਸੇ ਨਜ਼ਰ ਰੱਖੇਗਾ, ਇਕ ਜਣਾ ਹੇਠਾਂ ਪਹਿਰੇ ਉਤੇ ਖੜ੍ਹਾ ਰਹੇਗਾ ਜਦਕਿ ਬਾਕੀ ਦੇ ਦੋ ਜਣੇ ਆਪਣੀ ਗਸ਼ਤ ਮੁਕਾਉਣ ਤੋਂ ਬਾਅਦ ਮੇਜ਼ ਕੁਰਸੀ ਉਤੇ ਆਰਾਮ ਕਰ ਸਕਦੇ ਹਨ ਅਤੇ ਪੜ੍ਹ ਸਕਦੇ ਹਨ। ਸੁਰੱਖਿਆ ਦੇ ਮੋਰਚੇ ਉਤੇ ਉਨ੍ਹਾਂ ਦੀਆਂ ਕਿੱਟਾਂ ਉਨ੍ਹਾਂ ਦੇ ਕੋਲ ਹੀ ਸਨ ਅਤੇ ਕਿਤਾਬਾਂ ਵੀ।

ਮੇਜ਼ ਕੁਰਸੀ ਬਣਾ ਰਿਹਾ ਨੌਜਵਾਨ ਆਪਣੇ ਹੁਨਰ ਵਿਚ ਮਾਹਰ ਦਿਖਾਈ ਦਿੰਦਾ ਹੈ। ਦਾਤੀ ਅਤੇ ਸਿਰੇ ਤੋਂ ਮੁੜਿਆ ਹੋਇਆ ਚਾਕੂ ਹੀ ਉਸ ਦੇ ਸੰਦ ਹਨ। ਚਾਕੂ ਦੀ ਮਦਦ ਨਾਲ ਉਹ ਐਨ ਸੇਧ ਵਿਚ ਬਾਂਸ ਦੇ ਲੰਬੇ ਲੰਬੇ ਟੁਕੜੇ ਕੱਟਦਾ ਹੈ। ਇਨ੍ਹਾਂ ਟੁਕੜਿਆਂ ਨੂੰ ਜੋੜਨ ਵਾਸਤੇ ਉਸ ਕੋਲ ਰੇਸ਼ੇਦਾਰ ਦਰੱਖ਼ਤ ਤੋਂ ਹਾਸਲ ਕੀਤੇ ਗਏ ਰੇਸ਼ੇ ਹਨ। ਇਨ੍ਹਾਂ ਤੋਂ ਉਹ ਬੰਨ੍ਹਣ ਦਾ ਕੰਮ ਲੈਂਦਾ ਹੈ। ਇਹ ਨੌਜਵਾਨ ਦਸਦਾ ਹੈ ਕਿ ਉਹ ਦਰਵਾਜ਼ੇ, ਖਿੜਕੀਆਂ ਅਤੇ ਹੋਰ ਕਈ ਤਰ੍ਹਾਂ ਦਾ ਫਰਨੀਚਰ ਬਣਾ ਸਕਦਾ ਹੈ। ਇਹ ਕੰਮ ਉਸ ਨੇ ਲਾਗਲੇ ਕਸਬੇ ਤੋਂ ਸਿੱਖਿਆ ਸੀ, ਪਰ ਹੁਣ ਉਹ ਗੁਰੀਲਾ ਦਸਤੇ ਦਾ ਮੈਂਬਰ ਹੈ ਅਤੇ ਆਪਣੇ ਹੁਨਰ ਨੂੰ ਇਨਕਲਾਬ ਵਾਸਤੇ ਵਰਤ ਰਿਹਾ ਹੈ। ਉਹ ਬੰਦੂਕਾਂ ਦੇ ਬੱਟ ਵੀ ਸੁਹਣੇ ਘੜ ਲੈਂਦਾ ਹੈ। ਆਪਣੇ ਦਸਤੇ ਵਿਚ ਉਹ ਗੁਰੀਲਾ ਵੀ ਹੈ ਅਤੇ ਮਿਸਤਰੀ ਵੀ।

ਪਹਾੜੀਆਂ ਤੇ ਛੋਟੇ-ਛੋਟੇ ਨਾਲਿਆਂ ਨੂੰ ਲੰਘਦੇ ਹੋਏ ਅਸੀਂ ਦੂਸਰੀ ਸੁਰੱਖਿਆ ਚੌਕੀ ਵੱਲ ਹੋ ਤੁਰੇ। ਸਾਡਾ ਤੁਰਨਾ ਇਥੇ ਵੀ ਫੌਜੀ ਫਾਰਮੇਸ਼ਨ ਵਿਚ ਹੈ, ਪਾਲ ਬੰਨ੍ਹ ਕੇ, ਸੈਰ-ਸਪਾਟੇ ਵਾਂਗ ਨਹੀਂ। ਗੁਰੀਲਾ-ਜੀਵਨ ਜ਼ਾਬਤਾ-ਬੱਧ ਹੈ। ਇਸ ਜ਼ਾਬਤੇ ਰਾਹੀਂ ਉਹ ਆਪਣੇ ਆਪ-ਮੁਹਾਰੇਪਣ ਨੂੰ ਵੱਸ ਵਿਚ ਕਰਨਾ ਸਿੱਖਦਾ ਹੈ। ਜੰਗਲ ਦੇ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿਚ ਪਲਣ ਵਾਲੇ ਅਤੇ ਇਧਰ-ਉਧਰ ਘੁੰਮ ਕੇ ਜੰਗਲ-ਉਪਜ ਦੀ ਤਲਾਸ਼ ਕਰਨ ਵਾਲੇ ਇਨਸਾਨਾਂ ਵੱਲੋਂ ਸਖਤ ਫੌਜੀ ਜ਼ਾਬਤੇ ਵਾਸਤੇ ਆਪਣੇ ਆਪ ਨੂੰ ਢਾਲ ਲੈਣਾ ਆਸਾਨ ਨਹੀਂ ਹੈ। ਹੁਣ ਵੀ ਜਦ ਉਨ੍ਹਾਂ ਨੂੰ 'ਮਨ ਆਈ' ਕਰਨ ਦਾ ਮੌਕਾ ਮਿਲਦਾ ਹੈ ਤਾਂ ਉਹ ਬਹੁਤ ਖ਼ੁਸ਼ ਹੁੰਦੇ ਹਨ। ਮਿਸਾਲ ਵਜੋਂ ਲੱਕੜੀਆਂ ਚੁਗਣ, ਕੰਦ ਮੂਲ ਲੱਭਣ ਜਾਂ ਬਾਂਸ ਦੀਆਂ ਕੱਚੀਆਂ ਗੁੱਲੀਆਂ ਤੋੜਨ ਲਈ ਜਾਣ ਵੇਲੇ। ਉਦੋਂ ਉਹ ਖ਼ਰਮਸਤੀਆਂ ਕਰਦੇ ਅਤੇ ਖੁੱਲ੍ਹਾਂ ਮਾਣਦੇ ਹਨ, ਪਰ ਇਸ ਖੋਜ-ਭਾਲ ਵਾਸਤੇ ਤੈਅ-ਸ਼ੁਦਾ ਸਮਾਂ ਹੁੰਦਾ ਹੈ ਜਿਸ ਦੇ ਅੰਦਰ ਅੰਦਰ ਉਨ੍ਹਾਂ ਨੇ ਵਾਪਸ ਮੁੜਨਾ ਹੁੰਦਾ ਹੈ। ਇਸ ਕਾਰਨ ਭਾਵੇਂ ਉਹ ਜ਼ਿਆਦਾ ਦੂਰ ਨਹੀਂ ਨਿਕਲ ਸਕਦੇ, ਫਿਰ ਵੀ ਜਦੋਂ ਕਿਸੇ ਦੀ ਅਜਿਹੀ ਜ਼ਿੰਮੇਵਾਰੀ ਲਗਦੀ ਹੈ ਤਾਂ ਉਸ ਨੂੰ ਚਾਅ ਚੜ੍ਹ ਜਾਂਦਾ ਹੈ। ਨਿਰਸੰਦੇਹ, ਇਨ੍ਹਾਂ ਕੰਮਾਂ ਲਈ ਨਿਕਲਣ ਵੇਲੇ ਵੀ ਉਹ ਆਪਣਾ ਹਥਿਆਰ ਨਾਲ ਹੀ ਰੱਖਦੇ ਹਨ।

ਰਸਤੇ ਵਿਚ ਇਕ ਛੋਟੇ ਨਾਲੇ ਨੂੰ ਪਾਰ ਕਰਦੇ ਸਮੇਂ ਪਾਣੀ ਅੰਦਰ ਲਾਲ ਰੰਗ ਦੇ ਢੇਰ ਜਿਹੇ ਨੇ ਮੇਰਾ ਧਿਆਨ ਖਿੱਚਿਆ। ਮੈਂ ਪਤਾ ਲਗਾਉਣਾ ਚਾਹਿਆ ਕਿ ਇਹ ਕੀ ਹੈ, ਕਿਉਂਕਿ ਉਸ ਲਾਲ ਢੇਰ ਉੱਪਰੋਂ ਵਗ ਰਿਹਾ ਪਾਣੀ ਸਾਫ ਸੀ।

"ਚੁੰਬਕ ਹੈ।" ਮੇਰੇ ਦੁਭਾਸ਼ੀਏ ਨੇ ਦੱਸਿਆ।

ਮੈਂ ਸੋਚਿਆ ਚਕਮਾਕ ਪੱਥਰ ਹੋਵੇਗਾ, ਪਰ ਉਹ ਜਿਲ੍ਹਬ ਵਰਗਾ ਮੁਲਾਇਮ ਅਤੇ ਰੂੰ ਵਾਂਗ ਨਰਮ ਸੀ ਅਤੇ ਹੱਥਾਂ ਦੀ ਪਕੜ ਵਿਚ ਨਹੀਂ ਸੀ ਆਉਂਦਾ। ਹਿਲਾਏ ਜਾਣ ਉਤੇ ਉਹ ਥੋੜ੍ਹਾ ਵਹਿ ਗਿਆ, ਬਾਕੀ ਦਾ ਫਿਰ ਉਸੇ ਤਰ੍ਹਾਂ ਢੇਰ ਵਿਚ ਇਕੱਠਾ ਹੋ ਗਿਆ। ਮੈਂ ਨਹੀਂ ਜਾਣਦਾ ਕਿ ਉਹ ਚੁੰਬਕ ਸੀ ਜਾਂ ਲੋਹੇ ਦਾ ਜੰਗਾਲ, ਪਰ ਬਸਤਰ ਵਿਚ ਲੋਹਾ ਇਸ ਦੀ ਮਿੱਟੀ ਵਿਚ ਦੂਰ ਦੂਰ ਤਕ ਫੈਲਿਆ ਹੋਇਆ ਹੈ।


ਬੈਲਾਡਿਲਾ ਦੀਆਂ ਲੋਹੇ ਦੀਆਂ ਖਾਣਾਂ ਦੁਨੀਆਂ ਭਰ ਵਿਚ ਮਸ਼ਹੂਰ ਹਨ। ਬਸਤਰ ਦੇ ਇਸੇ ਲੋਹੇ ਦੀ ਬਦੌਲਤ ਜਪਾਨ ਆਪਣੇ ਕਾਰਖ਼ਾਨੇ ਚਲਾਉਂਦਾ ਹੈ ਤੇ ਉਸ ਦੀ ਆਟੋ ਸਨਅਤ ਦੁਨੀਆਂ ਭਰ ਵਿਚ ਛਾਈ ਹੋਈ ਹੈ। ਇਨ੍ਹਾਂ ਲੋਹੇ ਦੀਆਂ ਖਾਣਾਂ ਨੇ ਕਬਾਇਲੀ ਲੋਕਾਂ ਦੀ ਜ਼ਿੰਦਗੀ ਨਾਲ ਜਿਹੋ ਜਿਹਾ ਖਿਲਵਾੜ ਕੀਤਾ ਹੈ, ਉਸ ਨੂੰ ਸੁਣ ਕੇ ਰੂਹ ਕੰਬ ਜਾਂਦੀ ਹੈ। ਮੀਲਾਂ ਵਿਚ ਫੈਲੀਆਂ ਹੋਈਆਂ ਬੈਲਾਡਿਲਾ ਦੀਆਂ ਖਾਣਾਂ ਵਿਚੋਂ ਹਰ ਰੋਜ਼ ਦੋ ਮਾਲ ਗੱਡੀਆਂ ਭਰ ਕੇ ਵਿਸ਼ਾਖਾਪਟਨਮ ਦੀ ਬੰਦਰਗਾਹ ਉਤੇ ਪਹੁੰਚਦੀਆਂ ਹਨ ਜਿਥੋਂ ਇਹ ਲੋਹਾ ਜਪਾਨ ਵਾਸਤੇ ਸਮੁੰਦਰੀ ਜਹਾਜ਼ਾਂ ਵਿਚ ਲੱਦਿਆ ਜਾਂਦਾ ਹੈ। ਬੈਲਾਡਿਲਾ ਦਾ ਸਾਰਾ ਹੀ ਲੋਹਾ ਜਪਾਨ ਨੂੰ ਬਰਾਮਦ ਹੁੰਦਾ ਹੈ। ਕੁਦਰਤ ਦੇ ਇਸ ਅਥਾਹ ਖਜ਼ਾਨੇ ਦੇ ਮਾਲਕ ਕਬਾਇਲੀਆਂ ਨੂੰ ਤੀਰ, ਦਾਤੀ ਅਤੇ ਕੁਹਾੜੀ ਤੋਂ ਬਿਨਾਂ ਇਹ ਪਤਾ ਨਹੀਂ ਹੈ ਕਿ ਲੋਹਾ ਕੀ ਕੀ ਕ੍ਰਿਸ਼ਮੇ ਕਰਦਾ ਹੈ ਅਤੇ ਕਿਵੇਂ ਇਹ ਅਜੋਕੀ ਸਭਿਅਤਾ ਦਾ ਮੂਲ ਆਧਾਰ ਹੈ। ਬੈਲਾਡਿਲਾ ਦੀਆਂ ਖਾਣਾਂ ਵਿਚ ਬਸਤਰ ਦੇ ਕਬਾਇਲੀ ਕੰਮ ਨਹੀਂ ਕਰਦੇ। ਉਨ੍ਹਾਂ ਨੂੰ ਅਜਿਹੇ "ਜਾਹਲ" ਗਿਣਿਆ ਜਾਂਦਾ ਹੈ ਜਿਹੜੇ ਮਸ਼ੀਨਾਂ ਦੀਆਂ ਕਲਾਵਾਂ ਨਹੀਂ ਘੁਮਾ ਸਕਦੇ ਅਤੇ ਕਿਸੇ ਵੀ ਗੁੰਝਲਦਾਰ ਕੰਮ ਨੂੰ ਨਹੀਂ ਸਮਝ ਸਕਦੇ। ਉਨ੍ਹਾਂ ਦੇ ਆਦਮੀਆਂ ਤੋਂ ਮਿੱਟੀ ਪੁੱਟਣ ਅਤੇ ਭਾਰ ਢੋਣ ਦਾ ਕੰਮ ਲਿਆ ਜਾਂਦਾ ਹੈ ਜਾਂ ਫਿਰ 'ਜਾਹਲ' ਕਬਾਇਲੀ ਔਰਤ ਨੂੰ "ਗੁੰਝਲਦਾਰ ਮਸ਼ੀਨਰੀ" ਚਲਾਉਣ ਦਾ ਮਾਹਰ 'ਸਭਿਅਕ' ਸਮਾਜ ਜਿਣਸੀ ਹਿਰਸ ਵਾਸਤੇ ਇਸਤੇਮਾਲ ਕਰਦਾ ਹੈ। ਬੈਲਾਡਿਲਾ ਅਤੇ ਵਿਸ਼ਾਖਾਪਟਨਮ ਵਿਚ ਸਭਿਅਕ ਗੰਦਗੀ ਦੇ ਅਜਿਹੇ ਨਰਕ ਕੁੰਡ ਦੇਸ਼ ਦੀ "ਸਨਅਤੀ ਤਰੱਕੀ" ਵਿਚ ਜਪਾਨੀ ਦੇਣ ਹੀ ਕਹੇ ਜਾਣੇ ਚਾਹੀਦੇ ਹਨ।

"ਸ਼ਾਇਦ ਅਸੀਂ ਦੂਰ ਨਿਕਲ ਆਏ ਹਾਂ।" ਮੈਂ ਦੁਭਾਸ਼ੀਏ ਨੂੰ ਕਿਹਾ।

ਸਾਨੂੰ ਚੱਲਦਿਆਂ ਪੌਣਾ ਘੰਟਾ ਬੀਤ ਚੁੱਕਾ ਸੀ। ਮੈਂ ਮਹਿਸੂਸ ਕੀਤਾ ਕਿ ਅਸੀਂ ਕਾਫੀ ਪੰਧ ਮੁਕਾ ਲਿਆ ਹੈ। ਖ਼ੇਮੇ ਦੁਆਲੇ ਦੀਆਂ ਹਿਫਾਜ਼ਤੀ ਚੌਕੀਆਂ ਦਰਮਿਆਨ ਇਹ ਫਾਸਲਾ ਮੈਨੂੰ ਜ਼ਿਆਦਾ ਲੱਗਾ। ਸਾਰਾ ਰਸਤਾ ਜੰਗਲ ਕਾਫੀ ਸੰਘਣਾ ਸੀ। ਰਸਤਾ ਵੀ ਕਠਿਨ ਸੀ, ਪਰ ਉਸ ਨੇ ਦੱਸਿਆ ਕਿ ਅਸੀਂ ਜ਼ਿਆਦਾ ਦੂਰ ਨਹੀਂ ਨਿਕਲੇ ਹਾਂ ਅਤੇ ਦੂਸਰੀ ਚੌਕੀ ਆਉਣ ਹੀ ਵਾਲੀ ਹੈ। ਅਸੀਂ ਦੂਸਰੀ ਚੌਕੀ ਦੀ ਨਜ਼ਰ ਵਿਚ ਸਾਂ, ਪਰ ਚੌਕੀ ਸਾਨੂੰ ਦਿਖਾਈ ਨਹੀਂ ਸੀ ਦੇ ਰਹੀ। ਪਹਾੜ ਦੇ ਟੇਢੇ-ਮੇਢੇ ਰਸਤੇ ਉਤੇ ਅਸੀਂ ਵਾਰ ਵਾਰ ਉਨ੍ਹਾਂ ਨੂੰ ਦਿਖਾਈ ਦਿਤੇ ਹੋਵਾਂਗੇ। ਜਦ ਅਸੀਂ ਚੌਕੀ ਦੇ ਨਜ਼ਦੀਕ ਚਲੇ ਗਏ ਤਾਂ ਸਾਡੇ ਵਿਚੋਂ ਗਾਰਡ ਨੇ ਉਚੀ ਆਵਾਜ਼ ਵਿਚ ਇਕ ਸ਼ਬਦ ਬੋਲਿਆ, "ਥਾਕਾ।"

ਦੂਸਰੇ ਪਾਸਿਓਂ ਜਵਾਬ ਆਇਆ, "ਮਰਕਾ।"

ਇਹ ਸ਼ਨਾਖ਼ਤੀ ਸ਼ਬਦ ਸਨ ਜਿਸ ਨੂੰ ਪਹਿਲਾਂ ਉਹ ਬੰਦਾ ਬੋਲਦਾ ਹੈ ਜਿਹੜਾ ਪਹੁੰਚ ਰਿਹਾ ਹੋਵੇ। ਜੇ ਸ਼ਨਾਖ਼ਤੀ ਸ਼ਬਦ ਤੁਹਾਡੇ ਕੋਲ ਨਹੀਂ ਹੈ ਤਾਂ ਉਸ ਪਾਸਿਓਂ ਜਿਹੜਾ ਸ਼ਬਦ ਆਵੇਗਾ ਉਹ ਗੋਲੀ ਦੀ ਆਵਾਜ਼ ਹੀ ਹੋਵੇਗਾ। ਹਰ ਕੈਂਪ ਅਤੇ ਚੌਕੀ ਦੇ ਆਪਣੇ-ਆਪਣੇ ਸ਼ਨਾਖ਼ਤੀ ਸ਼ਬਦ ਹੋ ਸਕਦੇ ਹਨ। 'ਥਾਕਾ' ਗੋਂਡ ਬੋਲੀ ਵਿਚ ਹਰੜ ਨੂੰ ਕਹਿੰਦੇ ਹਨ ਅਤੇ 'ਮਰਕਾ' ਅੰਬ ਨੂੰ। ਕੋਡ ਸ਼ਬਦ ਛੋਟੇ, ਤਾੜ ਕਰ ਕੇ ਵੱਜਣ ਵਾਲੇ, ਯਾਨਿ ਠੋਸ ਅਤੇ ਭੁਲੇਖੇ ਦੀ ਗੁੰਜਾਇਸ਼ ਤੋਂ ਮੁਕਤ ਚੁਣੇ ਜਾਂਦੇ ਹਨ। ਇਨ੍ਹਾਂ ਦੇ ਜੋੜ ਕਈ ਤਰ੍ਹਾਂ ਦੇ ਹੋ ਸਕਦੇ ਹਨ। ਦਰੱਖ਼ਤਾਂ,



*ਬੈਲਾਡਿਲਾ ਦੀਆਂ ਲੋਹੇ ਦੀਆਂ ਖਾਣਾਂ ਦੀ ਝਲਕ।*

***ਬੈਲਾਡਿਲਾ ਦੀਆਂ ਲੋਹੇ ਦੀਆਂ ਖਾਣਾਂ ਦੁਨੀਆਂ ਭਰ ਵਿਚ ਮਸ਼ਹੂਰ ਹਨ। ਬਸਤਰ ਦੇ ਇਸੇ ਲੋਹੇ ਦੀ ਬਦੌਲਤ ਜਪਾਨ ਆਪਣੇ ਕਾਰਖ਼ਾਨੇ ਚਲਾਉਂਦਾ ਹੈ ਤੇ ਉਸ ਦੀ ਆਟੋ ਸਨਅਤ ਦੁਨੀਆਂ ਭਰ ਵਿਚ ਛਾਈ ਹੋਈ ਹੈ। ਇਨ੍ਹਾਂ ਲੋਹੇ ਦੀਆਂ ਖਾਣਾਂ ਨੇ ਕਬਾਇਲੀ ਲੋਕਾਂ ਦੀ ਜ਼ਿੰਦਗੀ ਨਾਲ ਜਿਹੋ ਜਿਹਾ ਖਿਲਵਾੜ ਕੀਤਾ ਹੈ, ਉਸ ਨੂੰ ਸੁਣ ਕੇ ਰੂਹ ਕੰਬ ਜਾਂਦੀ ਹੈ। ਮੀਲਾਂ ਵਿਚ ਫੈਲੀਆਂ ਹੋਈਆਂ ਬੈਲਾਡਿਲਾ ਦੀਆਂ ਖਾਣਾਂ ਵਿਚੋਂ ਹਰ ਰੋਜ਼ ਦੋ ਮਾਲ ਗੱਡੀਆਂ ਭਰ ਕੇ ਵਿਸ਼ਾਖਾਪਟਨਮ ਦੀ ਬੰਦਰਗਾਹ ਉਤੇ ਪਹੁੰਚਦੀਆਂ ਹਨ ਜਿਥੋਂ ਇਹ ਲੋਹਾ ਜਪਾਨ ਵਾਸਤੇ ਸਮੁੰਦਰੀ ਜਹਾਜ਼ਾਂ ਵਿਚ ਲੱਦਿਆ ਜਾਂਦਾ ਹੈ।***

(ਬਾਕੀ ਅਗਲੇ ਸਫੇ 'ਤੇ)

ਫਲਾਂ, ਨਦੀਆਂ, ਮੱਛੀਆਂ, ਬੀਜਾਂ, ਪੰਛੀਆਂ, ਵਗ਼ੈਰਾ, ਵਗ਼ੈਰਾ ਦੇ ਨਾਂਵਾਂ ਦੇ। ਕਿਸੇ ਦਰੱਖ਼ਤ ਦੇ ਮੁਕਾਬਲੇ ਕਿਸੇ ਮੱਛੀ, ਨਦੀ ਜਾਂ ਪੱਥਰ ਦੀ ਕਿਸੇ ਕਿਸਮ ਦਾ ਨਾਮ ਹੋ ਸਕਦਾ ਹੈ। ਤੀਰ-ਤੁੱਕੇ ਦੀ ਗੁੰਜਾਇਸ਼ ਨਹੀਂ ਹੈ; ਨਹੀਂ ਤਾਂ ਦੂਸਰਾ ਸ਼ਬਦ ਤਾ...ਅ...ੜ ਕਰਦਾ ਹਿੱਕ ਵਿਚ ਆਣ ਵੱਜੇਗਾ ਤੇ ਸਾਰੇ ਪਾਸੇ ਹਰ ਕੋਈ ਪੁਜ਼ੀਸ਼ਨ ਸੰਭਾਲ ਲਵੇਗਾ।

ਸ਼ਨਾਖ਼ਤ ਵਾਸਤੇ ਦੂਰੀ ਦੀ ਖ਼ਾਸ ਵਿਥ ਤੈਅ ਕੀਤੀ ਜਾਂਦੀ ਹੈ ਜੋ ਆਲੇ-ਦੁਆਲੇ ਦੀ ਹਾਲਤ ਮੁਤਾਬਕ ਤੈਅ ਹੁੰਦੀ ਹੈ। ਉਸ ਵਿਥ ਨੂੰ ਆਵਾਜ਼ ਦਿਤੇ ਬਿਨਾਂ ਘਟਾਇਆ ਨਹੀਂ ਜਾ ਸਕਦਾ। ਮੈਂ ਸਮਝਦਾ ਸਾਂ ਕਿ ਸਾਡੇ ਪਹੁੰਚਣ ਦੇ ਪ੍ਰੋਗਰਾਮ ਦੀ ਪਹਿਰੇਦਾਰ ਚੌਕੀਆਂ ਨੂੰ ਪਹਿਲਾਂ ਤੋਂ ਜਾਣਕਾਰੀ ਮਿਲ ਗਈ ਹੋਵੇਗੀ, ਪਰ ਬਾਅਦ 'ਚ ਪਤਾ ਲੱਗਾ ਕਿ ਇਸ ਦੀ ਜ਼ਰੂਰਤ ਨਹੀਂ ਸੀ। ਗੁਪਤ ਸੰਕੇਤ-ਸ਼ਬਦ ਇਸ ਜ਼ਰੂਰਤ ਨੂੰ ਖ਼ਤਮ ਕਰ ਦਿੰਦੇ ਹਨ।

ਚੌਕੀ ਵਿਚਲੇ ਪੰਜੇ ਗੁਰੀਲੇ ਮੇਰੇ ਲਈ ਨਵੇਂ ਸਨ। ਅਸੀਂ ਹੱਥ ਮਿਲਾਏ ਤੇ ਸਲਾਮ ਕਹੀ। ਹੱਥ ਮਿਲਾਉਣ ਤੋਂ ਪਤਾ ਲੱਗ ਜਾਂਦਾ ਹੈ ਕਿ ਕਿਹੜਾ ਗੁਰੀਲਾ ਗੌਂਡ ਹੈ ਅਤੇ ਕਿਹੜਾ ਗ਼ੈਰ-ਕਬਾਇਲੀ। ਗੌਂਡ ਲੜਕੇ-ਲੜਕੀਆਂ ਜਦ ਹੱਥ ਮਿਲਾਉਂਦੇ ਹਨ ਤਾਂ ਇੰਜ ਲਗਦਾ ਹੈ ਜਿਵੇਂ ਕਿਸੇ ਨੇ ਤੁਹਾਨੂੰ ਕੋਈ ਚੀਜ਼ ਫੜਾ ਦਿਤੀ ਹੋਵੇ। ਗ਼ੈਰ-ਕਬਾਇਲੀ ਜ਼ੋਰ ਨਾਲ ਹੱਥ ਨੂੰ ਘੁੱਟਦੇ ਹਨ।

"ਕੈਂਪ ਦਾ ਚੱਕਰ ਲਾ ਰਹੇ ਓ? ਕਿਵੇਂ ਲਗਦਾ ਹੈ?" ਚੌਕੀ ਦੇ ਕਮਾਂਡਰ ਨੇ ਸਪਸ਼ਟ ਹਿੰਦੀ ਵਿਚ ਪੁੱਛਿਆ। ਉਹ ਗੌਂਡੀ ਸੀ, ਪਰ ਹਿੰਦੀ ਚੰਗੀ ਤਰ੍ਹਾਂ ਬੋਲ ਸਕਦਾ ਸੀ।

"ਤੂੰ ਤਾਂ ਚੰਗੀ ਹਿੰਦੀ ਜਾਣਦਾ ਹੈਂ। ਤੈਨੂੰ ਕਿਵੇਂ ਪਤਾ ਲੱਗਾ ਕਿ ਅਸੀਂ ਕੈਂਪ ਦਾ ਚੱਕਰ ਲਗਾ ਰਹੇ ਆਂ?"

ਮੇਰੀ ਗੱਲ ਦਾ ਜਵਾਬ ਉਹ ਅੰਤਾਂ ਦੀ ਮਿਠਾਸ ਭਰੀ ਮੁਸਕਰਾਹਟ ਨਾਲ ਦਿੰਦਾ ਹੈ। ਬਾਹਰ ਤੋਂ ਆਏ ਕਿਸੇ ਬੰਦਾ ਦਾ ਕੈਂਪ ਦੇਖਣ ਵਾਸਤੇ ਨਿਕਲਣਾ ਸੁਭਾਵਕ ਜਿਹੀ ਗੱਲ ਸੀ। ਉਹ ਹੰਢਿਆ ਵਰਤਿਆ ਪ੍ਰਤੀਤ ਹੁੰਦਾ ਸੀ। ਪੰਜ ਸਾਲ ਤੋਂ ਉਹ ਦਸਤੇ ਦਾ ਮੈਂਬਰ ਸੀ। ਬੰਦੂਕ ਉਸ ਦੀ ਇੰਜ ਲਿਸ਼ਕਦੀ ਸੀ ਜਿਵੇਂ ਹੁਣੇ ਉਸ ਨੂੰ ਮਾਲਸ਼ ਕਰ ਕੇ ਹਟਿਆ ਹੋਵੇ।

ਪਹਿਰੇਦਾਰ ਚੌਕੀਆਂ ਵਿਚ ਇਹ ਕੇਂਦਰੀ ਅਤੇ ਸਭ ਤੋਂ ਮਹੱਤਵਪੂਰਨ ਚੌਕੀ ਸੀ। ਇਸ ਦੇ ਪੰਜੇ ਹਿਫਾਜ਼ਤੀ (ਤਿੰਨ ਲੜਕੀਆਂ ਤੇ ਦੋ ਲੜਕੇ) ਚੰਗੇ ਸਿਹਤਮੰਦ ਸਨ। ਉਹ ਦੇਰ ਤੋਂ ਜਾਣਦੇ ਸਨ ਕਿ ਅਸੀਂ ਉਨ੍ਹਾਂ ਵੱਲ ਪਹੁੰਚ ਰਹੇ ਸਾਂ। ਉਨ੍ਹਾਂ ਨੇ ਆਪਣੇ ਲਈ ਅਲੱਗ ਤੰਬੂ ਗੱਡਿਆ ਹੋਇਆ ਸੀ। ਪੜ੍ਹਨ ਲਈ ਬੈਂਚ ਤੇ ਡੈਸਕ ਇਥੇ ਵੀ ਗੱਡੇ ਹੋਏ ਸਨ। ਇਨ੍ਹਾਂ ਵਿਚੋਂ ਕੋਈ ਵੀ ਦੋਵੇਂ ਦਿਨ ਕਸਰਤ ਮੈਦਾਨ ਵਿਚ ਮੌਜੂਦ ਨਹੀਂ ਸੀ। ਉਨ੍ਹਾਂ ਕੋਲ ਚਾਹ ਦਾ ਅਲੱਗ ਪ੍ਰਬੰਧ ਵੀ ਸੀ।

"ਇਥੋਂ ਤੁਸੀਂ ਕਿੰਨੀ ਦੂਰ ਤਕ ਦੇਖ ਲੈਂਦੇ ਹੋ? ਦਰੱਖ਼ਤ ਰੁਕਾਵਟ ਪਾਉਂਦੇ ਹੋਣਗੇ?"

"ਕੋਈ ਖ਼ਾਸ ਰੁਕਾਵਟ ਨਹੀਂ ਪੈਂਦੀ। ਇਹ ਬਹੁਤ ਨਿਵੇਕਲੀ ਥਾਂ ਹੈ।" ਉਹ ਬੋਲਿਆ।

"ਜਾਨਵਰ ਤੇ ਆਦਮੀ ਜਦ ਤੁਰਦੇ ਹਨ ਤਾਂ ਉਹ ਅਲੱਗ ਅਲੱਗ ਤਰ੍ਹਾਂ ਦੀ ਆਵਾਜ਼ ਤੇ ਸਰਸਰਾਹਟ ਪੈਦਾ ਕਰਦੇ ਹਨ। ਅੱਖਾਂ ਨਾਲ ਦੇਖਣ ਦੇ ਨਾਲ ਨਾਲ ਅਸੀਂ ਕੰਨ ਵੀ ਉਨੀ ਹੀ ਚੌਕਸੀ ਨਾਲ ਵਰਤਦੇ ਹਾਂ।"

ਪਹਾੜੀ ਉਪਰ ਦੋ ਹੀ ਜਣੇ ਮੌਜੂਦ ਰਹਿੰਦੇ ਸਨ। ਬਾਕੀ ਤਿੰਨੋਂ ਗਸ਼ਤ ਉਤੇ ਰਹਿੰਦੇ ਸਨ ਤੇ ਦੂਰ ਜੰਗਲ ਵਿਚ ਜਾਂਦੇ ਸਨ। ਹੋਰ ਵੀ ਹੋਣਗੇ, ਪਰ ਉਸ ਸਮੇਂ ਉਥੇ ਪੰਜ ਹੀ ਹਾਜ਼ਰ ਸਨ। ਕਮਾਂਡਰ ਨੇ ਦੱਸਿਆ ਕਿ ਸਿਰਫ ਡਿਫੈਂਸ ਉਪਰ ਬੈਠਣਾ ਮੁਸ਼ਕਲ ਹੁੰਦਾ ਹੈ, ਕਿਸੇ ਲਈ ਵੀ। ਡੇਰਾ ਲਾ ਕੇ ਬੈਠਣ ਵਾਲੇ ਨੂੰ ਚੌਕਸ ਵੀ ਜ਼ਿਆਦਾ ਰਹਿਣਾ ਪੈਂਦਾ ਹੈ। ਕਦੇ ਕੋਈ ਪੱਤਾ ਫਟਕ ਜਾਏ ਤਾਂ ਉਨ੍ਹਾਂ ਨੂੰ ਗੋਲੀ ਜ਼ਾਇਆ ਕਰਨੀ ਪੈ ਜਾਂਦੀ ਹੈ।

ਸਾਡੇ ਗੱਲਾਂ ਕਰਨ ਦੌਰਾਨ ਤਿੰਨ ਜਣੇ, ਜਿਹੜੇ ਪਹਾੜੀ ਤੋਂ ਹੇਠਾਂ ਗਸ਼ਤ ਉਤੇ ਸਨ, ਵਾਪਸ ਚਲੇ ਗਏ। ਪਹਿਰੇਦਾਰੀ ਦੀ ਜ਼ਿੰਮੇਵਾਰੀ ਨਿਭਾਉਂਦੇ ਸਮੇਂ ਗੁਰੀਲੇ ਕਿਸੇ ਚੀਜ਼ ਦਾ ਵਸਾਹ ਨਹੀਂ ਖਾਂਦੇ। ਅਸੀਂ ਵੀ ਉਥੇ ਟਿਕੇ ਨਹੀਂ, ਵਾਪਸ ਤੁਰ ਪਏ।

ਤੀਸਰੀ ਚੌਕੀ ਉਤੇ ਜਾਣ ਦੀ ਯੋਜਨਾ ਅਸੀਂ ਤਿਆਗ ਦਿਤੀ। ਦੂਸਰੀ ਅਤੇ ਤੀਸਰੀ ਚੌਕੀ ਦੇ ਦਰਮਿਆਨ ਵਗਦੇ ਇਕ ਨਾਲੇ ਦੇ ਨਾਲ ਨਾਲ ਅਸੀਂ ਵਾਪਸੀ ਦਾ ਰਸਤਾ ਲਿਆ। ਇਹ ਉਹੀ ਨਾਲਾ ਸੀ ਜਿਸ ਉਤੇ ਅਸੀਂ ਕੱਲ੍ਹ ਨਹਾਤੇ ਸਾਂ, ਪਰ ਅਸੀਂ ਐਨੀ ਦੂਰ ਤੱਕ ਨਹੀਂ ਸੀ ਆਏ।

ਇਸ ਵਿਚ ਪਾਣੀ ਜ਼ਿਆਦਾ ਨਹੀਂ ਸੀ। ਕਿਤੇ ਮਸਾਂ ਗਿੱਟਾ ਡੁੱਬਦਾ ਸੀ ਅਤੇ ਕਿਤੇ ਕਿਤੇ ਗੋਡੇ ਤੱਕ ਆ ਜਾਂਦਾ ਸੀ। ਇਹ ਨਾਲਾ ਕੋਈ ਜ਼ਿਆਦਾ ਦੂਰੋਂ ਨਹੀਂ ਸੀ ਆਉਂਦਾ। ਇਕ ਮਹੀਨਾ ਪਹਿਲਾਂ, ਬਰਸਾਤ ਦੇ ਦਿਨਾਂ ਵਿਚ, ਇਹ ਬਹੁਤ ਤੇਜ਼ ਵਗਦਾ ਰਿਹਾ ਸੀ ਅਤੇ ਕਹਿੰਦੇ ਹਨ ਕਿ ਇਸ ਵਿਚੋਂ ਗੁਜ਼ਰਨਾ ਮੁਸ਼ਕਲ ਹੁੰਦਾ ਹੈ। ਹੋਰ ਡੇਢ ਦੋ ਮਹੀਨੇ ਦੇ ਅੰਦਰ ਅੰਦਰ ਇਹ ਨਾਲਾ ਪੂਰੀ ਤਰ੍ਹਾਂ ਸੁੱਕ ਜਾਵੇਗਾ। ਬਸਤਰ ਦੇ ਨਦੀਆਂ-ਨਾਲੇ ਗਰਮੀਆਂ ਵਿਚ ਜ਼ਿਆਦਾਤਰ ਸੁੱਕ ਜਾਂਦੇ ਹਨ। ਦੂਰ ਦੂਰ ਤਕ ਜੰਗਲ ਦੀ ਅੰਨ੍ਹੀ ਕਟਾਈ ਨੇ ਪਾਣੀ ਦੇ ਅਨੇਕਾਂ ਸਰੋਤ ਸੁਕਾ ਦਿਤੇ ਹਨ।

ਖ਼ੇਮੇ 'ਚ ਵਾਪਸ ਪਹੁੰਚਣ ਤਕ ਡੂੰਘੀ ਸ਼ਾਮ ਹੋ ਚੁੱਕੀ ਸੀ। ਉਂਜ ਵੀ, ਪਹਾੜਾਂ ਤੇ ਜੰਗਲਾਂ ਵਿਚ ਜਲਦੀ ਹੀ ਹਨੇਰਾ ਹੋਣ ਲੱਗਦਾ ਹੈ। ਲੰਬੇ ਉਚੇ ਦਰੱਖ਼ਤ ਕਿਰਨਾਂ ਨੂੰ ਉਪਰ ਹੀ ਰੋਕ ਲੈਂਦੇ ਹਨ। ਸਾਢੇ ਪੰਜ ਵਜੇ ਹੀ ਇੰਜ ਲਗਦਾ ਹੈ ਜਿਵੇਂ ਸੱਤ ਵੱਜ ਗਏ ਹੋਣ।

---

ਅੱਜ ਹਵਾ ਠੰਢੀ ਸੀ। ਤੰਬੂ ਦੇ ਅੰਦਰ ਹੀ ਥੋੜ੍ਹੀ ਜਿਹੀ ਅੱਗ ਜਲਾ ਲਈ ਗਈ। ਇਕ ਮੋਟੀ ਲੱਕੜ ਜਿਹੜੀ ਤੰਬੂ ਦੇ ਬਾਹਰ ਵੀ ਕਈ ਫੁੱਟ ਤੱਕ ਜਾਂਦੀ ਸੀ, ਇਸ ਵਿਚ ਡਾਹ ਦਿਤੀ ਗਈ। ਇਸ ਨੇ ਸਾਰੀ ਰਾਤ ਸੁਲਗਦੇ ਬਲਦੇ ਰਹਿ ਕੇ ਵੀ ਨਹੀਂ ਸੀ ਮੁੱਕਣਾ। ਪਿਛਲੀ ਰਾਤ ਦੋ ਘੰਟੇ ਹੀ ਅੱਗ ਬਲੀ ਸੀ ਤੇ ਬਾਅਦ ਵਿਚ ਅੱਧੀ ਰਾਤ ਤੋਂ ਬਾਅਦ ਠੰਢ ਲਗਦੀ ਰਹੀ ਸੀ। ਕੱਲ੍ਹ ਦੀ ਠੰਢ ਤੋਂ ਪ੍ਰੇਸ਼ਾਨ ਹੋ ਕੇ ਅੱਜ ਕੋਈ ਇਸ ਨੂੰ ਚੁੱਕ ਲਿਆਇਆ ਸੀ।

ਖ਼ੇਮੇ ਵਿਚ ਚਾਰੇ ਪਾਸੇ ਕਈਆਂ ਕੋਲ ਰੇਡਿਓ ਟਰਾਂਜ਼ਿਸਟਰ ਸਨ। ਕਦੇ ਤੈਲਗੂ ਖ਼ਬਰਾਂ, ਕਦੇ ਬੰਗਲਾ ਤੇ ਕਦੇ ਅੰਗਰੇਜ਼ੀ। ਕਦੇ ਕੋਈ ਗੌਂਡੀ ਗੀਤ ਵੱਜ ਉਠਦਾ ਤੇ ਕਦੇ ਆਲ ਇੰਡੀਆ ਤੋਂ ਹਿੰਦੀ ਨਿਊਜ਼ ਰੀਲ ਚੱਲਣ ਲੱਗ ਪੈਂਦੀ।

ਸਾਢੇ ਸੱਤ ਵੱਜ ਗਏ। ਕਿਸੇ ਨੇ ਰੇਡੀਓ ਦਾ ਸਵਿਚ ਨੱਪ ਦਿੱਤਾ ਤੇ ਬੀ. ਬੀ. ਸੀ. ਸ਼ੁਰੂ ਹੋ ਗਿਆ। ਬੀ. ਬੀ. ਸੀ. ਭਾਵੇਂ ਸਾਮਰਾਜੀ ਪੱਖਪਾਤ ਵਾਲੇ ਰੇਡਿਓ ਦੇ ਤੌਰ 'ਤੇ ਬਦਨਾਮ ਹੈ, ਪਰ ਆਲ ਇੰਡੀਆ ਦੀਆਂ ਖ਼ਬਰਾਂ ਦੇ ਮੁਕਾਬਲੇ ਇਸ ਨੂੰ ਸੁਣਨ ਨੂੰ ਗੁਰੀਲੇ ਤਰਜੀਹ ਦਿੰਦੇ ਹਨ। ਬੀ. ਬੀ. ਸੀ. ਉਤੇ ਭਾਰਤੀ ਨੇਤਾਵਾਂ ਦੀਆਂ ਲਿਲਕੜੀਆਂ ਵਧੇਰੇ ਰੌਚਿਕਤਾ ਨਾਲ ਪੇਸ਼ ਹੁੰਦੀਆਂ ਸਨ। ਮੈਂ ਆਪਣਾ ਟਰਾਂਜ਼ਿਸਟਰ ਉਠਾਇਆ ਤੇ ਬਾਹਰ ਬੈਂਚ ਉਤੇ ਜਾ ਬੈਠਾ। ਤਹਿਰਾਨ ਤੋਂ ਤਬਸਰਾ ਸ਼ੁਰੂ ਹੋ ਚੁੱਕਾ ਸੀ।

"ਪਰ ਇਹ ਤਾਂ ਬੀ. ਬੀ. ਸੀ. ਨਹੀਂ ਹੈ।" ਕਿਸੇ ਨੇ ਮੇਰੇ ਪਿਛਿਓਂ ਕਿਹਾ।

"ਤਹਿਰਾਨ ਹੈ, ਉਰਦੂ ਵਿਚ।"

"ਭਾਰਤੀ ਲੀਡਰਾਂ ਦੇ ਬਿਆਨ ਅਕਾਅ ਦਿੰਦੇ ਹੋਣਗੇ?" ਕਹਿ ਕੇ ਉਹ ਹੱਸ ਪਿਆ।

ਹਰ ਕਿਸੇ ਨੂੰ ਹੀ ਅਕਾਉਂਦੇ ਹਨ ਤੇ ਬੁਰੇ ਲਗਦੇ ਸਨ। ਰੋਜ਼ ਇਕੋ ਰੌਲਾ ਚੱਲਦਾ ਸੀ: "ਅਮਰੀਕਾ ਅਤਿਵਾਦ ਬਾਰੇ ਦੂਹਰੇ ਮਿਆਰ ਅਪਨਾਉਂਦਾ ਹੈ", "ਅਸੀਂ ਅਮਰੀਕਾ ਨੂੰ ਜੰਗ ਵਿਚ ਹਰ ਮਦਦ ਦੇਣ ਲਈ ਤਿਆਰ ਹਾਂ", "ਅਮਰੀਕਾ ਨੂੰ ਪਾਕਿਸਤਾਨ ਦੀ ਦੋਗਲੀ ਨੀਤੀ ਤੋਂ ਚੌਕਸ ਰਹਿਣਾ ਚਾਹੀਦਾ ਹੈ", "ਸਾਡੇ ਤੋਂ ਅਜੇ ਤੱਕ ਮਦਦ ਮੰਗੀ ਹੀ ਨਹੀਂ ਗਈ" ਵਗ਼ੈਰਾ, ਵਗ਼ੈਰਾ।

ਭਾਰਤੀ ਹਕੂਮਤ ਤਾਂ ਵਿਛੀ ਹੀ ਪਈ ਸੀ। ਜੇ ਪਾਕਿਸਤਾਨੀ ਹਕੂਮਤ ਡਰ ਦੇ ਮਾਰੇ ਲੱਤਾਂ 'ਚ ਪੂਛ ਲਈ ਬੈਠੀ ਸੀ ਤਾਂ ਭਾਰਤੀ ਹਕੂਮਤ ਇਸ ਨੂੰ ਪੂਰੇ ਜ਼ੋਰ ਨਾਲ ਹਿਲਾ ਰਹੀ ਸੀ। ਉਧਰ ਅਮਰੀਕਾ ਨੂੰ ਘੁਰਕੀ ਦੇਣੀ ਪਈ, ਇਧਰ ਪੁਚਕਾਰਨਾ ਵੀ ਨਹੀਂ ਪਿਆ। ਕਾਰਗਿਲ ਸਬੰਧੀ ਪੱਟਾਂ 'ਤੇ ਥਾਪੀ ਮਾਰਨ ਵਾਲੇ ਕੌਮਵਾਦ ਦਾ ਦੋਵੇਂ ਦੇਸ਼ਾਂ ਵਿਚ ਜੋ ਬੁਰਾ ਹਸ਼ਰ ਦੇਖਣ ਨੂੰ ਮਿਲਿਆ, ਉਹ 1947 ਤੋਂ ਬਾਅਦ ਦੀ ਸ਼ਾਇਦ ਸਭ ਤੋਂ ਵੱਡੀ ਕੌਮੀ ਜ਼ਲਾਲਤ ਸੀ। ਬੁਸ਼ ਦੇ ਦਰਬਾਰ ਵਿਚ ਉਸ ਦੇ ਅਹਿਲਕਾਰਾਂ ਨੇ ਕਈ ਵਾਰ ਦੁਹਰਾਇਆ ਹੋਵੇਗਾ: 'ਸਾਡੀਆਂ ਕੁੱਤੀਆਂ ਦੇ ਪੁੱਤਰ।'

ਇਹ ਲਕਬ ਉਨ੍ਹਾਂ ਨੇ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਰਾਜਿਆਂ, ਮਹਾਰਾਜਿਆਂ, ਪ੍ਰਧਾਨਾਂ ਤੇ ਪ੍ਰਧਾਨ ਮੰਤਰੀਆਂ ਵਾਸਤੇ ਰਾਖਵਾਂ ਰੱਖਿਆ ਹੋਇਆ ਹੈ। ਰੀਗਨ ਵੇਲੇ ਇਹ ਖੁੱਲ੍ਹ ਕੇ ਬੋਲਿਆ ਜਾਂਦਾ ਸੀ। ਤਾਕਤ ਦੇ ਨਸ਼ੇ 'ਚ ਚੂਰ ਅਮਰੀਕਾ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਪ੍ਰਤੀ ਕਿੰਨੀ ਹਕਾਰਤ ਵਾਲਾ ਵਤੀਰਾ ਅਪਨਾਉਂਦਾ ਹੈ, ਪਰ ਇਹ ਹਾਕਮ ਜ਼ਿਲਤ ਨੂੰ ਪੀ ਜਾਂਦੇ ਹਨ ਤੇ ਤਰਲੇ ਕੱਢਦੇ ਰਹਿੰਦੇ ਹਨ। ਉਹ ਇੰਜ ਪੇਸ਼ ਆਉਂਦੇ ਹਨ ਜਿਵੇਂ ਆਪਣੇ ਦੇਸ਼ ਦੇ ਨੇਤਾ ਨਾ ਹੋ ਕੇ ਅਮਰੀਕਾ ਵੱਲੋਂ ਥਾਪੇ ਹੋਏ "ਬਿਹਤਰ ਜਨਾਬ" ਕਹਿਣ ਵਾਲੇ ਗਵਰਨਰ ਹੋਣ।

ਜਿਹੜਾ ਕੰਮ ਪਾਕਿਸਤਾਨ ਨੂੰ ਅਮਰੀਕੀ ਬੰਦੂਕ ਦੀ ਨਾਲ ਸਾਹਮਣੇ ਮਜਬੂਰ ਹੋ ਕੇ ਕਰਨਾ ਪਿਆ, ਉਹਦੇ ਵਾਸਤੇ ਭਾਰਤ ਸਵਯਮ ਸੇਵਕਾਂ ਵਾਂਗ ਕਰਨ ਲਈ ਹਾੜ੍ਹੇ ਕੱਢਦਾ ਰਿਹਾ। ਸੋ ਕੋਈ ਕਿੰਨੀ ਕੁ ਵਾਰ ਸੁਣਦਾ।

ਖ਼ਬਰਾਂ ਤੋਂ ਬਾਅਦ ਤੰਬੂ ਅੰਦਰ ਇਸ ਤਰ੍ਹਾਂ ਦੇ ਤਬਸਰੇ ਅਤੇ ਟਿੱਪਣੀਆਂ ਸੁਣਾਈ ਦਿੱਤੀਆਂ: "ਲਗਦਾ ਹੈ, ਤਾਲਿਬਾਨ ਸੋਚੀ ਸਮਝੀ ਸਕੀਮ ਮੁਤਾਬਕ ਪਿਛੇ ਹਟਦਾ ਜਾ ਰਿਹਾ ਹੈ, ਬਾਅਦ 'ਚ ਲੜੇਗਾ।" "ਇਹ ਵੀ ਹੋ ਸਕਦਾ ਹੈ ਕਿ ਪੇਸ਼ ਹੀ ਨਾ ਜਾ ਰਹੀ ਹੋਵੇ, ਬੰਬਾਰੀ ਬਹੁਤ ਭਿਆਨਕ ਰੂਪ 'ਚ ਹੋ ਰਹੀ ਹੈ।" "ਤਾਲਿਬਾਨ ਨੇ ਲੋਕਾਂ ਨਾਲ ਵੀ ਬਹੁਤ ਬੁਰੀ ਕੀਤੀ ਹੈ। ਲੋਕਾਂ ਦੇ ਸਾਥ ਤੋਂ ਬਿਨਾਂ ਐਨੇ ਵੱਡੇ ਦੁਸ਼ਮਣ ਵਿਰੁਧ ਲੜਿਆ ਵੀ ਨਹੀਂ ਜਾ ਸਕਦਾ।"

ਅਲੱਗ ਅਲੱਗ ਜਣੇ ਅਲੱਗ ਅਲੱਗ ਵਿਚਾਰਾਂ ਨਾਲ ਗੁੱਥਮਗੁੱਥਾ ਸਨ। ਹਰ ਕੋਈ ਜੰਗ ਦੀ ਸਥਿਤੀ ਦੇ ਵੱਧ ਸਪਸ਼ਟ ਹੋਣ ਦੀ ਉਡੀਕ ਕਰ ਰਿਹਾ ਸੀ। ਇਕ ਗੱਲ ਹਰ ਕੋਈ ਕਹਿ ਰਿਹਾ ਸੀ ਕਿ ਜੰਗ ਤਾਲਿਬਾਨ ਤੇ ਉਸਾਮਾ (ਬਿਨ-ਲਾਦਿਨ) ਤੱਕ ਹੀ ਸੀਮਤ ਨਹੀਂ ਰਹਿਣੀ, ਅਮਰੀਕਾ ਕੇਂਦਰੀ ਏਸ਼ੀਆ ਵਿਚ ਘੁਸ ਰਿਹਾ ਹੈ ਤੇ ਤੇਲ ਨੂੰ ਜੱਫਾ ਮਾਰਨਾ ਚਾਹੁੰਦਾ ਹੈ। ਆਖਰ ਕਈ ਮਹੀਨਿਆਂ ਪਿਛੋਂ ਜੰਗ ਦਾ ਮੁਹਾਂਦਰਾ ਸਪਸ਼ਟ ਹੋ ਗਿਆ। ਪਿਛਾਂਹ ਹਟ ਕੇ ਫਿਰ ਲੜਨ ਵਾਸਤੇ ਨੈਤਿਕ ਤਾਕਤ ਅਤੇ ਲੋਕਾਂ ਦਾ ਸਾਥ ਜ਼ਰੂਰੀ ਸੀ। ਵੀਅਤਨਾਮ ਦੀ ਜੰਗ ਜਿਹੀ ਲੋਕ-ਜੰਗ ਹੀ ਅਜਿਹਾ ਕ੍ਰਿਸ਼ਮਾ ਕਰ ਸਕਦੀ ਸੀ, ਅਫਗਾਨਿਸਤਾਨ ਨਹੀਂ। ਕੇਂਦਰੀ ਏਸ਼ੀਆ ਦੇ ਤੇਲ ਭੰਡਾਰਾਂ ਉਪਰ ਕਬਜ਼ੇ ਵਾਸਤੇ ਅਫਗਾਨਿਸਤਾਨ ਵਿਚ ਅਮਰੀਕਾ ਦਾ ਸਿਆਸੀ ਮਕਸਦ ਪ੍ਰਚਾਰੇ ਗਏ ਨਿਸ਼ਾਨਿਆਂ ਤੋਂ ਪਾਰ ਜਾਂਦਾ ਸੀ, ਇਹ ਸਾਬਤ ਹੋ ਗਿਆ। ਤੇਲ ਦੀ ਪਾਈਪ ਵਿਛਾਉਣ ਵਾਸਤੇ ਮਾਮਲਾ ਜੰਗ ਨਾਲ ਤੈਅ ਕਰ ਦਿੱਤਾ ਗਿਆ।

ਬਹਰਹਾਲ, ਟਰਾਂਜ਼ਿਸਟਰ ਕਿਸੇ ਵੀ ਗੁਰੀਲਾ ਟੁਕੜੀ ਦਾ ਜ਼ਰੂਰੀ ਹਿੱਸਾ ਹੈ। ਇਹ ਬਾਹਰ ਦੀ ਦੁਨੀਆਂ ਨਾਲ ਰਾਬਤੇ ਦਾ ਜ਼ਰੀਆ ਹੈ। ਇਸ ਤੋਂ ਮਿਲੀ ਸਮੱਗਰੀ ਸਿਆਸੀ ਵਿਚਾਰ-ਵਟਾਂਦਰੇ ਅਤੇ ਉਨ੍ਹਾਂ ਵਿਚ ਸੰਜੀਦਾ ਸੋਚ-ਵਿਚਾਰ ਨੂੰ ਅਗਾਂਹ ਵਧਾਉਣ ਵਿਚ ਸਹਾਈ ਹੁੰਦੀ ਹੈ। ਅਖਬਾਰ ਉਥੋਂ ਦੇ ਹਜ਼ਾਰਾਂ ਪਿੰਡਾਂ ਵਿਚ ਕਦੇ ਵੀ ਨਹੀਂ ਪਹੁੰਚੇ। ਰੇਡੀਓ ਕਿਤੇ ਟਾਵਾਂ ਟੱਲਾ ਹੋਵੇਗਾ। ਟੈਲੀਵਿਜ਼ਨ ਦਾ ਨਾਮੋ-ਨਿਸ਼ਾਨ ਨਹੀਂ। ਰੇਡੀਓ ਤੋਂ ਬਿਨਾਂ ਤੁਸੀਂ ਉਥੇ ਕੁਝ ਦਿਨ ਬਿਤਾਓ ਤਾਂ ਨਾ ਸਿਰਫ ਤਾਰੀਖ਼ਾਂ ਅਤੇ ਵਾਰ ਹੀ ਭੁੱਲ ਜਾਓਗੇ, ਸਗੋਂ ਇਕ ਸਮੇਂ ਬਾਅਦ ਮਹੀਨੇ ਵੀ ਭੁੱਲ ਜਾਓਗੇ, ਸਿਰਫ ਰੁੱਤਾਂ ਯਾਦ ਰਹਿਣਗੀਆਂ। ਉਥੇ ਜ਼ਿੰਦਗੀ ਦੇ ਕੰਮ ਰੁੱਤਾਂ ਅਨੁਸਾਰ ਤੈਅ ਹੁੰਦੇ ਹਨ, ਤਾਰੀਖਾਂ ਅਤੇ ਦਿਨਾਂ ਅਨੁਸਾਰ ਨਹੀਂ। ਉਥੇ ਰਹਿ ਕੇ ਤੁਸੀਂ ਉਹੋ ਜਿਹੇ ਹੀ ਹੋ ਜਾਓਗੇ।

ਬਸਤਰ ਦੇ ਜੰਗਲਾਂ ਵਿਚ ਜੀਵਨ ਕੁਦਰਤ ਨਾਲ ਡੂੰਘੇ ਸਬੰਧ ਵਿਚ ਬੱਝਾ ਹੋਇਆ ਹੈ। ਜੰਗਲ, ਜਲ ਅਤੇ ਧਰਤੀ ਦੇ ਮੁਹਾਂਦਰੇ ਨਾਲ ਇਸ ਦਾ ਗਹਿਰਾ ਰਿਸ਼ਤਾ ਹੈ। ਇਸੇ ਕਾਰਨ ਕਬਾਇਲੀ ਲੋਕਾਂ ਵਿਚ ਇਹ ਨਾਅਰਾ ਕੁਦਰਤੀ ਚੀਜ਼ ਹੈ: "ਜਲ, ਜੰਗਲ ਤੇ ਜ਼ਮੀਨ ਸਾਡੇ ਹਨ।" ਇਹ ਨਾਅਰਾ ਉਨ੍ਹਾਂ ਦੀ ਹਕੀਕਤ ਤੇ ਉਨ੍ਹਾਂ ਦੇ ਸਮੁੱਚੇ ਜੀਵਨ ਨੂੰ ਪ੍ਰਤੀਬਿੰਬਤ ਕਰਦਾ ਹੈ।

*(ਚਲਦਾ)*



*ਜੰਗਲ ਵਿਚ ਮਾਓਵਾਦੀਆਂ ਦਾ ਕੈਂਪ।*

***ਚੌਕੀ ਵਿਚਲੇ ਪੰਜੇ ਗੁਰੀਲੇ ਮੇਰੇ ਲਈ ਨਵੇਂ ਸਨ। ਅਸੀਂ ਹੱਥ ਮਿਲਾਏ ਤੇ ਸਲਾਮ ਕਹੀ। ਹੱਥ ਮਿਲਾਉਣ ਤੋਂ ਪਤਾ ਲੱਗ ਜਾਂਦਾ ਹੈ ਕਿ ਕਿਹੜਾ ਗੁਰੀਲਾ ਗੌਂਡ ਹੈ ਅਤੇ ਕਿਹੜਾ ਗ਼ੈਰ-ਕਬਾਇਲੀ। ਗੌਂਡ ਲੜਕੇ ਲੜਕੀਆਂ ਜਦ ਹੱਥ ਮਿਲਾਉਂਦੇ ਹਨ ਤਾਂ ਇੰਜ ਲਗਦਾ ਹੈ ਜਿਵੇਂ ਕਿਸੇ ਨੇ ਤੁਹਾਨੂੰ ਕੋਈ ਚੀਜ਼ ਫੜਾ ਦਿਤੀ ਹੋਵੇ। ਗ਼ੈਰ-ਕਬਾਇਲੀ ਜ਼ੋਰ ਨਾਲ ਹੱਥ ਨੂੰ ਘੁੱਟਦੇ ਹਨ।***

# ਨਾਨੋ ਮਾਰਕੋ

**ਰਵੇਲ ਸਿੰਘ ਇਟਲੀ**
**ਫੋਨ: 0039-327-238-2827**

ਖਿੱਚ ਧੂ ਕੇ ਮਸਾਂ ਚਾਰ ਕੁ ਫੁੱਟ ਕੱਦ ਦਾ ਇੱਕ ਇਟਾਲਵੀ ਬੱਚਾ ਹੀ ਲੱਗਦਾ ਸੀ ਜਿਸ ਨੂੰ ਮੈਂ ਕਦੀ ਵੀ ਆਪਣੇ ਹਮ ਉਮਰਾਂ ਨਾਲ ਮੌਜ ਮਸਤੀ ਕਰਦਿਆਂ ਜਾਂ ਸਕੂਲ ਤੋਂ ਵਾਪਸੀ ਵੇਲੇ ਬੱਚਿਆਂ ਵਾਂਗ ਹੱਸਦੇ-ਖੇਡਦੇ, ਛਾਲਾਂ ਮਾਰਦੇ, ਨੱਚਦੇ ਟੱਪਦੇ ਆਉਂਦੇ-ਜਾਂਦੇ ਨਹੀਂ ਵੇਖਿਆ ਸੀ। ਪਰ ਕੈਪਰੀ ਨਾਲ ਅੱਧੀਆਂ ਬਾਹਵਾਂ ਵਾਲੀ ਟੀ-ਸ਼ਰਟ ਪਾਈ, ਸਿਰ 'ਤੇ ਕੈਪ ਪਾਈ ਅਤੇ ਲਾਲ ਐਨਕਾਂ ਲਾਈ ਉਹ ਜਦ ਕਦੇ ਆਪਣੇ ਮੇਚ ਦੇ ਸਾਈਕਲ 'ਤੇ ਪੂਰੇ ਟੌਹਰ ਨਾਲ ਸਾਹਮਣਿਓਂ ਲੰਘਦਾ ਤਾਂ ਮੈਨੂੰ ਉਸ ਦੀ ਚੁਸਤੀ-ਫੁਰਤੀ ਵੇਖ ਕੇ ਬੜੀ ਹੈਰਾਨੀ ਹੁੰਦੀ। ਜਦ ਕਦੇ ਉਸ ਨੂੰ ਬੜੀ ਫੁਰਤੀਲੀ ਚਾਲ ਚਲਦੇ ਹੋਏ ਸਿਗਰਟ ਦੇ ਧੂਏਂ ਦੇ ਫੱਰਾਟੇ ਛੱਡਦੇ ਨੂੰ ਮੈਂ ਵੇਖਦਾ ਤਾਂ ਸੋਚਦਾ ਕਿ ਇਹ ਯੂਰਪ ਦੇ ਲੋਕ ਬੇਸ਼ਕ ਬਿਨਾ ਕਿਸੇ ਰੋਕ-ਟੋਕ ਤੰਬਾਕੂਨੋਸ਼ੀ ਕਰਦੇ ਹਨ। ਰਾਹ ਜਾਂਦੇ ਜਾਂ ਗੱਡੀਆਂ ਚਲਾਉਂਦੇ ਵੀ ਲੋਕ ਸਿਗਰਟ ਸੁਲਗਾਈ ਰੱਖਦੇ ਹਨ। ਸਿਗਰਟਾਂ ਦੇ ਟੋਟੇ ਵੀ ਬੜੀ ਲਾਪਰਵਾਹੀ ਨਾਲ ਜਿੱਥੇ ਮਰਜੀ ਸੁੱਟ ਦਿੰਦੇ ਹਨ। ਕੋਈ ਨਹੀਂ ਪੁੱਛਦਾ ਇਨ੍ਹਾਂ ਨੂੰ, ਤੇ ਨਾ ਹੀ ਕੋਈ ਇਨ੍ਹਾਂ 'ਤੇ ਕੋਈ ਪਾਬੰਦੀ ਜਾਪਦੀ ਹੈ।

ਬੇਸ਼ੱਕ ਨਾਬਾਲਗ ਬੱਚਿਆਂ ਲਈ ਤੰਬਾਕੂ ਪੀਣ ਦੀ ਤੇ ਖਰੀਦਣ ਦੀ ਮਨਾਹੀ ਹੈ ਪਰ ਇਹ ਛੋਟਾ ਜਿਹਾ ਬੱਚਾ ਜਦੋਂ ਵੀ ਵੇਖੀਏ, ਬਿਨਾਂ ਕਿਸੇ ਝਿਜਕ ਦੇ, ਸਿਗਰਟ ਮੂੰਹ ਵਿਚ ਫਸਾਈ ਰੱਖਦੈ। ਇਸ ਨੂੰ ਕਾਨੂੰਨ ਦੀ ਅਣਗੌਲੀ ਕਰਨ 'ਤੇ ਕੋਈ ਰੋਕਦਾ ਨਹੀਂ। ਇਸੇ ਤਰ੍ਹਾਂ ਹੀ ਉਸ ਨੂੰ ਪਾਰਕ ਵਿਚ ਬੈਠਿਆਂ ਤੇ ਗੱਡੀ ਚਲਾਉਂਦਿਆਂ ਵੀ ਵੇਖਿਆ, ਲੋਕਲ ਪੁਲਿਸ ਵਾਲੇ ਵੀ ਉਸ ਕੋਲੋਂ ਇਹ ਸਭ ਦੇਖਦਿਆਂ ਚੁੱਪ-ਚੁਪੀਤੇ ਲੰਘ ਜਾਂਦੇ।

ਮੇਰੇ ਘਰ ਦੇ ਹੇਠਾਂ ਸੜਕ ਦੇ ਨਾਲ ਹੀ ਇੱਕ ਕਲਾਊਦੀਆ ਨਾਂ ਦੀ ਔਰਤ ਜੋ ਆਪਣੇ ਕੰਮ ਵਿਚ ਪੂਰੀ ਤੇਜ ਤਰਾਰ ਤੀਵੀਂ ਹੈ। ਉਹ 'ਸਿੰਪਲੀ' ਨਾਂ ਦੀ ਇੱਕ ਬਾਰ ਚਲਾਉਂਦੀ ਹੈ। ਮੈਂ ਆਪਣੇ ਘਰ ਦੀ ਖਿੜਕੀ ਵਿਚੋਂ ਇਸ ਬੱਚੇ ਨੂੰ ਇਸ ਬਾਰ ਵਿਚ ਜਦ ਕਦੇ ਕੌਫੀ ਆਦਿ ਪੀਂਦੇ ਵੇਖਦਾ ਹਾਂ ਤਾਂ ਕੁਰਸੀ 'ਤੇ ਬੈਠੇ ਹੋਏ ਦੇ ਉਸ ਦੇ ਪੈਰ ਧਰਤੀ ਤੋਂ ਗਿੱਠ ਭਰ ਹੀ ਉਚੇ ਹੁੰਦੇ ਹਨ। ਕੋਲ ਬੈਠੇ ਹੋਰ ਲੋਕਾਂ ਨਾਲ ਉਹ ਸਿਆਣਿਆਂ ਵਾਂਗ ਗੱਲਾਂ ਕਰਦਾ ਬੱਚਾ ਨਹੀਂ ਲੱਗਦਾ। ਮੈਂ ਉਸ ਦੀ ਨਿੱਕੀ ਉਮਰੇ ਉਸ ਦੀਆਂ ਵੱਡੀ ਉਮਰ ਵਾਲੀਆਂ ਆਦਤਾਂ ਤੇ ਸਿਆਣੀ ਉਮਰ ਦੇ ਬੰਦਿਆਂ ਨਾਲ ਗੱਲਾਂ ਵੇਖ ਕੇ ਹੈਰਾਨ ਵੀ ਹੁੰਦਾ ਹਾਂ। ਕਈ ਵਾਰ ਦੁਕਾਨ ਦੀ ਮਾਲਕਣ ਵੀ ਉਸ ਨਾਲ ਹਾਸਾ-ਠੱਠਾ ਕਰਦੀ ਨੂੰ ਮੈਂ ਵੇਖਦਾ ਹਾਂ ਤਾਂ ਮੈਨੂੰ ਉਸ ਬਾਰੇ ਕੁਝ ਜਾਣਕਾਰੀ ਲੈਣ ਦੀ ਇੱਛਾ ਜਰੂਰ ਹੁੰਦੀ ਹੈ। ਪਰ ਪੂਰੀ ਤਰ੍ਹਾਂ ਇਟਾਲੀਅਨ ਬੋਲੀ ਨਾ ਆਉਣ ਕਰਕੇ ਉਸ ਨਾਲ ਗੱਲ ਕਰਨ ਤੋਂ ਰਹਿ ਜਾਂਦਾ ਹਾਂ।

ਇੱਥੇ ਲਗਭਗ ਹਰ ਦੇਸ਼ ਦੇ ਕਾਮੇ ਆਪੋ ਆਪਣੀ ਵੇਸਭੂਸ਼ਾ ਵਿਚ ਵੇਖਣ ਨੂੰ ਮਿਲਦੇ ਹਨ। ਕੀ ਮਜਾਲ ਕੋਈ ਰਾਹ ਜਾਂਦਾ ਆਪਣਾ ਧਿਆਨ ਕਿਸੇ ਹੋਰ ਪਾਸੇ ਕਰੇ। ਪਰ ਮੇਰੀ ਨਜ਼ਰ ਜਦ ਵੀ ਉਹ ਪੈ ਜਾਂਦਾ, ਪਤਾ ਨਹੀਂ ਕਿਉਂ ਮੇਰਾ ਧਿਆਨ ਬਦੋਬਦੀ ਉਸ ਵੱਲ ਖਿੱਚਿਆ ਜਾਂਦਾ।

ਬੇਸ਼ੱਕ ਇੱਥੇ ਹਰ ਬੰਦੇ ਕੋਲ ਆਪਣੀ ਗੱਡੀ ਹੈ। ਫਿਰ ਵੀ ਇਹ ਲੋਕ ਵਧੀਆ ਕਿਸਮ ਦੇ ਸਾਈਕਲ ਰੱਖਣ ਦੇ ਵੀ ਸ਼ੌਕੀਨ ਹਨ। ਹੁਣ ਮੈਂ ਵੀ ਸਾਈਕਲ ਚਲਾਉਣਾ ਸ਼ੁਰੂ ਕਰ ਦਿੱਤਾ ਹੈ। ਇੱਕ ਦਿਨ ਮੇਰਾ ਸਾਈਕਲ ਖਰਾਬ ਹੋ ਗਿਆ, ਬੱਚੇ ਕੰਮ ਤੋਂ ਸ਼ਾਮ ਨੂੰ ਮੁੜਦੇ ਹਨ। ਮੇਰਾ ਗੁਆਂਢੀ ਮਨਜਿੰਦਰ ਹੈਪੀ ਇਟਾਲੀਅਨ ਵਾਹਵਾ ਬੋਲ ਲੈਂਦਾ ਹੈ। ਉਸ ਨਾਲ ਮੈਂ ਆਪਣਾ ਸਾਈਕਲ ਠੀਕ ਕਰਵਾਉਣ ਦੀ ਗੱਲ ਕੀਤੀ। ਉਹ ਕਹਿਣ ਲੱਗਾ, ਕੋਈ ਗੱਲ ਨਹੀਂ ਅੰਕਲ ਮੈਨੂੰ ਸਾਈਕਲ ਠੀਕ ਕਰਨ ਵਾਲੀ ਇਕ ਦੁਕਾਨ ਦਾ ਪਤਾ ਹੈ। ਇੱਕ ਦਿਨ ਮੈਂ ਹੈਪੀ ਨਾਲ ਸਾਈਕਲ ਲੈ ਕੇ ਵਰਕਸ਼ਾਪ 'ਤੇ ਗਿਆ ਤਾਂ ਮੈਨੂੰ ਵੇਖ ਕੇ ਹੈਰਾਨੀ ਹੋਈ ਕਿ ਉਹੀ ਬੱਚਾ ਉਸ ਵਰਕਸ਼ਾਪ ਵਿਚ ਬੜੀ ਫੁਰਤੀ ਨਾਲ ਸਾਈਕਲ ਮੁਰੰਮਤ ਦਾ ਕੰਮ ਕਰ ਰਿਹਾ ਸੀ। ਇੱਥੇ ਇੰਨੀ ਛੋਟੀ ਉਮਰ ਵਿਚ ਕੰਮ ਕਰਨਾ ਕਾਨੂੰਨਨ ਜੁਰਮ ਹੋਣ ਦੇ ਬਾਵਜੂਦ ਇਹ ਛੋਟੀ ਉਮਰ ਵਿਚ ਕੰਮ ਕਰਦਾ ਕੋਈ ਅਫਲਾਤੂਨ ਹੀ ਜਾਪਦਾ ਸੀ।


ਜਦੋਂ ਮੈਂ ਹੈਪੀ ਨੂੰ ਇਸ ਬਾਰੇ ਪੁੱਛਿਆ ਤਾਂ ਉਹ ਹੱਸਦਿਆਂ ਕਹਿਣ ਲੱਗਾ, ਅੰਕਲ ਇਹ ਬੱਚਾ ਨਹੀਂ, ਬੜੀ ਚੀਜ਼ ਹੈ। ਪਰ ਰੱਬ ਦੇ ਰੰਗ ਵੇਖੋ ਇਸ ਨੂੰ ਅਕਲ ਸ਼ਕਲ, ਹੁਨਰ ਤਾਂ ਸਭ ਕੁਝ ਖੁਲ੍ਹੇ ਦਿਲ ਨਾਲ ਦਿੱਤਾ ਪਰ ਕੱਦ ਦੇਣ ਲੱਗਿਆਂ ਪਤਾ ਨਹੀਂ ਕਿਉਂ ਕੰਜੂਸੀ ਕਰ ਗਿਆ। ਸਾਡੇ ਕਸਬੇ ਵਿਚ ਸਾਈਕਲ ਕੀ, ਮੋਟਰੀਨਾ (ਸਕੂਟਰੀਆਂ) ਦਾ ਇਹ ਬੜਾ ਐਕਸਪਰਟ ਮਕੈਨਿਕ ਹੈ। ਲੋਕ ਇਸ ਨੂੰ ਕਾਪੋ ਕਹਿੰਦੇ ਹਨ। ਇੱਥੋਂ ਦੀ ਬੋਲੀ ਵਿਚ ਕਾਪੋ ਬੌਸ ਨੂੰ ਕਹਿੰਦੇ ਹਨ। ਇਹ ਬੜਾ ਮਖੌਲੀਆ ਬੰਦਾ ਹੈ। ਜਿੱਥੇ ਵੀ ਜਰਾ ਜਿੰਨੀ ਵਿਹਲੇ ਮਿਲੇ, ਰੌਣਕਾਂ ਹੀ ਲਾਈ ਰੱਖਦਾ ਹੈ। ਨਾਂ ਮਾਰਕੋ ਹੈ ਪਰ ਕੱਦ ਛੋਟਾ ਹੋਣ ਕਰਕੇ ਸਾਰੇ ਨਾਨੋ ਮਾਰਕੋ ਕਹਿੰਦੇ ਹਨ। ਨਾਨੋ ਇਟਾਲੀਅਨ ਵਿਚ ਬੌਣੇ ਨੂੰ ਕਹਿੰਦੇ ਹਨ। ਕੱਦ ਦਾ ਬੌਣਾ ਜ਼ਰੂਰ ਹੈ ਪਰ ਆਪਣੇ ਕੰਮ ਵਿਚ ਮੁਹਾਰਤ ਦਾ ਕੱਦ ਬਹੁਤ ਉਚਾ ਹੈ। ਕੀ ਮਜਾਲ ਜੋ ਇਸ ਦੇ ਕੀਤੇ ਕੰਮ ਦਾ ਕੋਈ ਉਲਾਂਭਾ ਆਵੇ।

ਹੈਪੀ ਕੁਝ ਵਿਹਲ ਵੇਖ ਕੇ ਉਸ ਨੂੰ ਪੁੱਛਣ ਲੱਗਾ, ਪਰੋਂਤੋ ਚਾਓ ਕਾਪੋ ਕੋਮੇ ਸਤਾਈ (ਹੈਲੋ ਬੌਸ ਨਮਸਤੇ ਕੀ ਹਾਲ ਏ)? ਕਿੰਨੀ ਉਮਰ ਹੈ ਤੇਰੀ? ਹੈਪੀ ਵੱਲ ਹਾਸੇ ਵਾਲਾ ਮੂੰਹ ਬਣਾ ਕੇ ਜਦ ਪੁੱਛਦਾ ਹੈ ਤਾਂ ਉਹ ਕਹਿੰਦਾ ਹੈ, "ਵੈਂਤੀ ਦੁਏ ਆਨੀ (ਬਾਈ ਸਾਲ)।" ਹੈਪੀ ਨੇ ਫਿਰ ਪੁੱਛਿਆ, ਕੋਈ ਰਗਾਸਾ (ਗਰਲ ਫ੍ਰੈਂਡ) ਵੀ ਹੈ? ਮਾਰਕੋ ਹੱਸਦਿਆਂ ਕਹਿਣ ਲੱਗਾ, ਕੀ ਕਰਾਂ ਕੋਈ ਮੇਰੇ ਹਾਣ ਮੇਚ ਦੀ ਮਿਲੀ ਹੀ ਨਹੀਂ। ਜੇ ਕੋਈ ਲੱਭੇ ਤਾਂ ਤੂੰ ਮੈਨੂੰ ਦੱਸ ਪਾਂਈਂ, ਮੈਂ ਤੈਨੂੰ ਬੀਅਰ ਪਿਆਵਾਂਗਾ, ਨਾਲੇ ਪੀਜ਼ਾ ਵੀ ਖੁਆਂਵਾਂਗਾ। ਹੈਪੀ ਹੱਸਦਿਆਂ ਕਹਿਣ ਲੱਗਾ, "ਜੇ ਤੂੰ ਮੇਰੀ ਮੰਨੇਂ ਤਾਂ ਤੂੰ ਇਹ ਕੰਮ ਛੱਡ ਕੇ ਕਿਸੇ ਚੀਰਕੋ (ਸਰਕਸ) ਵਿਚ ਚਲਾ ਜਾਹ, ਓਥੇ ਤੈਨੂੰ ਕੋਈ ਨਾ ਕੋਈ ਤੇਰੇ ਹਾਣ ਦੀ ਮਿਲ ਹੀ ਜਾਏਗੀ।"

ਸੁਣ ਕੇ ਮਾਰਕੋ ਹੱਥ ਵਿਚ ਫੜੇ ਪੇਚ ਕੱਸ ਨੂੰ ਉਪਰ ਨੂੰ ਕਰਦਿਆਂ ਬੋਲਿਆ, "ਨੋ। ਸਰਕਸ ਵਿਚ ਲੋਕਾਂ ਦਾ ਤਮਾਸ਼ਾ ਬਣਨ ਦੀ ਥਾਂ ਮੈਂ ਇੱਥੇ ਹੀ ਠੀਕ ਹਾਂ।" ਆਰੀਵੀ ਦੇਰਚੀ (ਚੰਗਾ ਫਿਰ ਮਿਲਾਂਗੇ) ਕਹਿੰਦਾ ਉਹ ਆਪਣ ਕੰਮ ਵਿਚ ਰੁੱਝ ਗਿਆ। ਸਾਈਕਲ ਠੀਕ ਕਰਵਾ ਕੇ ਘਰ ਆ ਕੇ ਹੈਪੀ ਨੇ ਨਾਨੋ ਮਾਰਕੋ ਬਾਰੇ ਕਈ ਹਾਸੇ ਵਾਲੀਆਂ ਗੱਲਾਂ ਸੁਣਾਈਆਂ।

ਨਾਨੋ ਮਾਰਕੋ ਨੂੰ ਵੀ ਹੋਰ ਇਟਾਲੀਅਨਾਂ ਵਾਂਗ ਵਿਆਹ ਦੀ ਕੋਈ ਚਿੰਤਾ ਨਹੀਂ, ਪਰ ਉਹ ਆਪਣੇ ਵਰਗੀ ਕਿਸੇ ਨਾਨਾ ਰਗਾਸਾ (ਬੌਣੀ ਗਰਲ ਫ੍ਰੈਂਡ) ਦੀ ਭਾਲ ਵਿਚ ਜ਼ਰੂਰ ਰਹਿੰਦਾ ਹੈ, ਕਿਉਂਕਿ ਵਿਆਹ ਦੇ ਝੰਜਟ ਵਿਚ ਪੈਣ ਦੀ ਬਜਾਏ ਇਹ ਲੋਕ ਦੋਸਤੀ ਵਿਚ ਹੀ ਜਿੰਦਗੀ ਬਿਤਾਉਣ ਨੂੰ ਪਹਿਲ ਦਿੰਦੇ ਹਨ। ਹੁਣ ਜਦੋਂ ਵੀ ਕਾਪੋ ਨਾਨੋ ਮਾਰਕੋ ਆਪਣੇ ਵਰਗੇ ਛੋਟੇ ਜਿਹੇ ਕੱਦ ਵਾਲੇ ਕੁੱਤੇ ਨੂੰ ਸੰਗਲੀ ਪਾਈ ਫੜੀ ਮੇਰੇ ਕੋਲੋਂ ਦੀ ਲੰਘਦਾ ਹੈ ਤਾਂ ਮੁਸਕਰਾਉਂਦਿਆਂ ਮੈਨੂੰ "ਸਾਲਵੇ।" (ਰੱਬ ਤੁਹਾਨੂੰ ਤੰਦਰੁਸਤ ਰੱਖੇ) ਕਹਿੰਦਾ ਹੈ।

## ਮੇਰਾ ਦੇਸ਼ਧ੍ਰੋਹੀ ਦਿਲ-2



### ਅੱਜ ਦੇ ਵਕਤ ਦਾ ਅਮੁੱਕ ਰੋਜ਼ਨਾਮਚਾ

ਅਰੁੰਧਤੀ ਰਾਏ

ਤਰਜਮਾ: ਬੂਟਾ ਸਿੰਘ

# ਹਿੰਦੂਤਵ-ਵਾਦੀਆਂ ਦੀ ਚੜ੍ਹਤ

***ਅਨਿਆਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲੀ ਮਸ਼ਹੂਰ ਲਿਖਾਰੀ ਅਰੁੰਧਤੀ ਰਾਏ ਨੇ ਆਪਣੇ ਲੰਮੇ ਲੇਖ 'ਮੇਰਾ ਦੇਸ਼ਧ੍ਰੋਹੀ ਦਿਲ' ਵਿਚ ਹਿੰਦੂ ਰਾਸ਼ਟਰ ਦੀ ਪੀਪਨੀ ਵਜਾਉਣ ਵਾਲਿਆਂ ਨੂੰ ਕਰਾਰੇ ਹੱਥੀਂ ਲਿਆ ਹੈ। ਪਹਿਲਾਂ ਵੀ ਬਹੁਤ ਸਾਰੇ ਮੌਕਿਆਂ 'ਤੇ ਉਸ ਨੇ ਆਪਣੀਆਂ ਜਾਨਦਾਰ ਲਿਖਤਾਂ ਰਾਹੀਂ ਸਥਾਪਤੀ ਨੂੰ ਇੰਜ ਹੀ ਲਲਕਾਰਿਆ ਹੈ। ਇਨ੍ਹਾਂ ਲਿਖਤਾਂ ਦੀ ਖੂਬਸੂਰਤੀ ਇਹੀ ਹੁੰਦੀ ਹੈ ਕਿ ਇਨ੍ਹਾਂ ਵਿਚ ਸਥਾਪਤੀ ਵੱਲੋਂ ਹਰ ਪੱਧਰ ਉਤੇ ਵਰਤਾਏ ਜਾ ਰਹੇ ਕਹਿਰ ਬਾਰੇ ਬਹੁਤ ਗਹਿਰਾਈ ਅਤੇ ਸੂਖਮ ਢੰਗ ਨਾਲ ਪੁਣ-ਛਾਣ ਕੀਤੀ ਹੁੰਦੀ ਹੈ। ਇੰਝ ਕਰਦਿਆਂ ਉਹ ਅਸਲ ਸਮੱਸਿਆ ਉਤੇ ਉਂਗਲ ਰੱਖਦੀ ਹੈ ਅਤੇ ਅਵਾਮ ਨੂੰ ਜਾਗਣ ਦਾ ਸੁਨੇਹਾ ਦਿੰਦੀ ਹੈ। ਇਸ ਲੰਮੇ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ 'ਪੰਜਾਬ ਟਾਈਮਜ਼' ਲਈ ਉਚੇਚੇ ਤੌਰ 'ਤੇ ਭੇਜਿਆ ਹੈ। ਲੇਖ ਦੀ ਪਹਿਲੀ ਕਿਸ਼ਤ ਵਿਚ ਆਰ.ਐਸ.ਐਸ. ਮਾਰਕਾ ਸਿਆਸਤ ਦਾ ਪਿਛੋਕੜ ਫਰੋਲਿਆ ਗਿਆ ਸੀ, ਐਤਕੀਂ ਇਸ ਸਿਆਸਤ ਦੀ ਚੜ੍ਹਤ ਬਾਰੇ ਵਿਸਥਾਰ ਸਹਿਤ ਖੁਲਾਸਾ ਕੀਤਾ ਗਿਆ ਹੈ। -ਸੰਪਾਦਕ***

ਭਾਜਪਾ ਦਾ ਸੱਤਾ 'ਤੇ ਪਹੁੰਚਣ ਦਾ ਸਫ਼ਰ ਰਾਮ ਜਨਮ ਭੂਮੀ ਅੰਦੋਲਨ ਤੋਂ ਸ਼ੁਰੂ ਹੋਇਆ। 1990 'ਚ ਭਾਜਪਾ ਦੇ ਆਗੂ ਅਤੇ ਆਰ.ਐਸ.ਐਸ. ਦੇ ਮੈਂਬਰ ਐਲ.ਕੇ. ਅਡਵਾਨੀ ਨੇ ਹਿੰਦੂਆਂ ਨੂੰ ਜਾਗਣ ਅਤੇ ਭਗਵਾਨ ਰਾਮ ਦੇ ਪਵਿੱਤਰ ਜਨਮ ਸਥਾਨ ਉਪਰ ਮੰਦਰ ਬਣਾਉਣ ਦਾ ਹੋਕਾ ਦਿੰਦੇ ਹੋਏ ਏਅਰਕੰਡੀਸ਼ਨਡ ਰੱਥ ਵਿਚ ਪੂਰੇ ਮੁਲਕ ਦਾ ਚੱਕਰ ਲਗਾਇਆ। ਲੋਕਾਂ ਨੂੰ ਦੱਸਿਆ ਗਿਆ, ਜਨਮ ਦਾ ਸਥਾਨ ਐਨ ਉਹੀ ਹੈ ਜਿਥੇ ਅਯੁੱਧਿਆ ਕਸਬੇ ਵਿਚ ਸੋਲਵੀਂ ਸਦੀ ਦੀ ਮਸਜਿਦ ਖੜ੍ਹੀ ਹੈ। 1992 ਵਿਚ, ਰੱਥ ਯਾਤਰਾ ਤੋਂ ਮਹਿਜ਼ ਦੋ ਸਾਲ ਬਾਅਦ, ਜਦੋਂ ਇਕ ਜਥੇਬੰਦ ਹਜੂਮ ਵਲੋਂ ਬਾਬਰੀ ਮਸਜਿਦ ਢਾਹੀ ਗਈ ਤਾਂ ਅਡਵਾਨੀ ਉਥੇ ਕੋਲ ਖੜ੍ਹਾ ਨਿਗਰਾਨੀ ਕਰ ਰਿਹਾ ਸੀ। ਇਸ ਤੋਂ ਬਾਅਦ ਫ਼ਸਾਦ, ਕਤਲੋਗ਼ਾਰਤ ਅਤੇ ਬੰਬ ਧਮਾਕਿਆਂ ਦਾ ਸਿਲਸਿਲਾ ਚਲਿਆ। ਮੁਲਕ ਦੀ ਵੰਡ ਤੋਂ ਬਾਅਦ ਪਹਿਲੀ ਵਾਰ ਇਸ ਤਰ੍ਹਾਂ ਦੀ ਸਫ਼ਬੰਦੀ ਹੋਈ ਸੀ। ਜਿਸ ਭਾਜਪਾ ਕੋਲ 1984 ਵਿਚ ਪਾਰਲੀਮੈਂਟ ਦੀਆਂ ਮਹਿਜ਼ ਦੋ ਸੀਟਾਂ ਸਨ, ਉਸ ਨੇ 1998 ਵਿਚ ਕੇਂਦਰ ਵਿਚ ਸਰਕਾਰ ਬਣਾ ਲਈ।

ਭਾਜਪਾ ਨੇ ਜੋ ਪਹਿਲਾ ਕੰਮ ਕੀਤਾ, ਉਹ ਸੀ ਪਰਮਾਣੂ ਤਜਰਬੇ ਕਰ ਕੇ ਆਰ.ਐਸ.ਐਸ. ਦੀ ਚਿਰੋਕਣੀ ਇੱਛਾ ਦੀ ਪੂਰਤੀ ਕਰਨਾ। ਤਿੰਨ ਵਾਰ ਪਾਬੰਦੀਸ਼ੁਦਾ ਕਰਾਰ ਦਿਤੀ ਜਥੇਬੰਦੀ (ਗਾਂਧੀ ਦੇ ਕਤਲ ਤੋਂ ਬਾਅਦ, ਐਮਰਜੈਂਸੀ ਦੌਰਾਨ ਅਤੇ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ) ਤੋਂ ਆਰ.ਐਸ.ਐਸ. ਆਖ਼ਿਰਕਾਰ ਸਰਕਾਰ ਦੀਆਂ ਨੀਤੀਆਂ ਦੇ ਦਿਸ਼ਾ-ਨਿਰਦੇਸ਼ ਦੇਣ ਦੇ ਰੁਤਬੇ ਤਕ ਜਾ ਪਹੁੰਚੀ। ਅਸੀਂ ਇਸ ਨੂੰ ਚੜ੍ਹਾਈ ਦਾ ਸਾਲ ਕਹਿ ਸਕਦੇ ਹਾਂ।

ਹਿੰਦੁਸਤਾਨ ਨੇ ਪਹਿਲੀ ਦਫ਼ਾ ਪਰਮਾਣੂ ਤਜਰਬੇ ਨਹੀਂ ਸੀ ਕੀਤੇ, ਪਰ 1998 ਵਾਲਾ ਨੁਮਾਇਸ਼ਵਾਦ ਨਿਆਰਾ ਹੀ ਸੀ। ਇਹ ਪ੍ਰਵਾਨਗੀ ਦੀ ਰਸਮ ਵਾਂਗ ਸੀ। "ਹਿੰਦੂ ਬੰਬ" ਦਾ ਭਾਵ ਸੀ, ਹਿੰਦੂ ਰਾਸ਼ਟਰ ਦੀ ਆਮਦ ਦਾ ਐਲਾਨ। ਥੋੜ੍ਹੇ ਦਿਨਾਂ ਵਿਚ ਹੀ, ਪਾਕਿਸਤਾਨ (ਜਿਸ ਵਲੋਂ 1956 ਵਿਚ ਖ਼ੁਦ ਨੂੰ ਇਸਲਾਮਿਕ ਗਣਰਾਜ ਐਲਾਨ ਕੀਤੇ ਜਾਣ ਕਰ ਕੇ ਉਸ ਦਾ ਪਹਿਲਾਂ ਹੀ ਇਸ ਪਾਸੇ ਝੁਕਾਅ ਸੀ) ਨੇ ਆਪਣੇ "ਮੁਸਲਿਮ ਬੰਬ" ਦੀ ਨੁਮਾਇਸ਼ ਲਾਈ। ਤੇ ਹੁਣ ਅਸੀਂ ਪਰਮਾਣੂ ਅਸਲੇ ਨਾਲ ਲੈਸ ਇਨ੍ਹਾਂ ਦੋ ਆਕੜਖ਼ੋਰ ਮੁਰਗ਼ਿਆਂ ਵਿਚ ਘਿਰ ਚੁੱਕੇ ਹਾਂ ਜਿਨ੍ਹਾਂ ਦੀ ਸਿਖਲਾਈ ਹੀ ਇਕ ਦੂਜੇ ਨੂੰ ਘ੍ਰਿਣਾ ਕਰਨ ਦੀ ਹੈ, ਉਹ ਬਹੁਗਿਣਤੀਵਾਦ ਅਤੇ ਧਾਰਮਿਕ ਹੰਕਾਰਵਾਦ ਦੀ ਭਿਆਨਕ ਨੁਮਾਇਸ਼ ਲਾਉਣ ਦੀ ਮੁਕਾਬਲੇਬਾਜ਼ੀ ਵਿਚ ਇਕ ਦੂਜੇ ਦੀ ਸਾਂਗ ਲਾਉਂਦੇ ਹੋਏ ਆਪੋ-ਆਪਣੀਆਂ ਘੱਟਗਿਣਤੀ ਆਬਾਦੀਆਂ ਨੂੰ ਬੰਧਕ ਬਣਾ ਕੇ ਰੱਖਦੇ ਹਨ। ਤੇ ਉਨ੍ਹਾਂ ਕੋਲ ਕਸ਼ਮੀਰ ਹੈ ਜਿਸ ਉਪਰ ਲੜਾਈ ਲੜੀ ਜਾ ਸਕਦੀ ਹੈ।

ਪਰਮਾਣੂ ਤਜਰਬਿਆਂ ਨੇ ਹਿੰਦੁਸਤਾਨ ਵਿਚ ਜਨਤਕ ਸੰਵਾਦ ਦੀ ਸੁਰ ਹੀ ਬਦਲ ਦਿੱਤੀ। ਉਨ੍ਹਾਂ ਨੇ ਇਸ ਨੂੰ ਹਮਲਾਵਰ ਬਣਾ ਦਿੱਤਾ ਅਤੇ, ਤੁਸੀਂ ਕਹਿ ਸਕਦੇ ਹੋ, ਇਸ ਨੂੰ ਹਥਿਆਰ ਵਾਂਗ ਵਰਤਣ ਦੇ ਯੋਗ ਬਣਾ ਦਿੱਤਾ। ਫਿਰ ਇਸ ਤੋਂ ਅਗਲੇ ਮਹੀਨਿਆਂ ਵਿਚ ਸਾਨੂੰ ਧੱਕੇ ਨਾਲ ਹਿੰਦੂ ਰਾਸ਼ਟਰਵਾਦ ਪਰੋਸਿਆ ਗਿਆ। ਫਿਰ, ਜਿਵੇਂ ਹੁਣ ਹੋ ਰਿਹਾ ਹੈ, ਇਹ ਪੇਸ਼ੀਨਗੋਈ ਕਰਦੇ ਲੇਖ ਪੜ੍ਹਾਏ ਗਏ ਕਿ ਤਾਕਤਵਰ, ਸਾਰਿਆਂ ਨੂੰ ਹਰਾਉਣ ਵਾਲਾ ਹਿੰਦੂ ਰਾਸ਼ਟਰ ਉਭਰਨ ਵਾਲਾ ਹੈ; ਕਿ ਮੁੜ-ਸੁਰਜੀਤ ਹੋਇਆ ਹਿੰਦੁਸਤਾਨ "ਆਪਣੇ ਸਾਬਕਾ ਜਾਬਰਾਂ ਉਪਰ ਝਪਟੇਗਾ ਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਫ਼ਨਾਹ ਕਰ ਦੇਵੇਗਾ।" ਇਹ ਸਾਰਾ ਕੁਝ ਵੈਸੇ ਹੀ ਬਹੁਤ ਬੇਤੁਕਾ ਸੀ, ਜਦੋਂ ਇਸ ਕੋਲ ਪਰਮਾਣੂ ਹਥਿਆਰ ਆ ਗਏ ਤਾਂ ਇਸ ਤਰ੍ਹਾਂ ਦੀ ਸੋਚ ਸੰਭਵ ਜਾਪਣ ਲੱਗੀ। ਇਸ ਨੇ ਇਸ ਤਰ੍ਹਾਂ ਦੀਆਂ ਸੋਚਾਂ ਪੈਦਾ ਕਰ ਦਿੱਤੀਆਂ।

ਜੋ ਕੁਝ ਹੋਣ ਵਾਲਾ ਸੀ, ਉਸ ਨੂੰ ਦੇਖਣ ਲਈ ਇਹ ਜ਼ਰੂਰੀ ਨਹੀਂ ਤੁਸੀਂ ਸੁਪਨਸਾਜ਼ ਹੋਵੋ।

ਚੜ੍ਹਤ ਦੇ ਸਾਲ, 1998 ਵਿਚ ਈਸਾਈਆਂ (ਲਾਜ਼ਮੀ ਤੌਰ 'ਤੇ ਦਲਿਤਾਂ ਅਤੇ ਆਦਿਵਾਸੀਆਂ) ਉਪਰ ਘਿਨਾਉਣੇ ਹਮਲੇ ਕੀਤੇ ਗਏ ਜੋ ਹਿੰਦੂਤਵ ਦੇ ਸਭ ਤੋਂ ਨਿਤਾਣੇ ਦੁਸ਼ਮਣ ਸਨ। ਆਰ.ਐਸ.ਐਸ. ਨਾਲ ਸਬੰਧਤ ਵਣਵਾਸੀ ਕਲਿਆਣ ਆਸ਼ਰਮ ਦੇ ਧਾਰਮਿਕ ਵਿੰਗ ਦੇ ਮੁਖੀ ਸਵਾਮੀ ਅਸੀਮਾਨੰਦ (ਜੋ 2007 ਦੇ ਸਮਝੌਤਾ ਐਕਸਪ੍ਰੈੱਸ ਬੰਬ ਧਮਾਕਿਆਂ ਦੇ ਮੁੱਖ ਦੋਸ਼ੀ ਵਜੋਂ ਅਖ਼ਬਾਰਾਂ ਦੀ ਕੌਮੀ ਸੁਰਖ਼ੀ ਬਣੇਗਾ) ਨੂੰ ਪੱਛਮੀ ਗੁਜਰਾਤ ਦੇ ਦੂਰ-ਦਰਾਜ, ਵਣਵਾਸੀ ਜ਼ਿਲ੍ਹੇ ਡਾਂਗ ਵਿਚ ਸਦਰ-ਮੁਕਾਮ ਬਣਾਉਣ ਲਈ ਭੇਜਿਆ ਗਿਆ। ਕ੍ਰਿਸਮਸ ਦੇ ਮੌਕੇ ਹਿੰਸਾ ਸ਼ੁਰੂ ਹੋ ਗਈ। ਇਕ ਹਫ਼ਤੇ ਵਿਚ ਹੀ, ਹਿੰਦੂ ਧਰਮ ਜਾਗਰਣ ਮੰਚ ਦੀ ਅਗਵਾਈ ਹੇਠ ਹਜ਼ਾਰਾਂ ਦੇ ਹਜੂਮ ਵਲੋਂ 20 ਤੋਂ ਵੱਧ ਚਰਚ ਸਾੜ ਦਿੱਤੇ ਗਏ ਜਾਂ ਉਂਜ ਨਸ਼ਟ ਕਰ ਦਿੱਤੇ ਗਏ। ਇਹ ਜਥੇਬੰਦੀ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨਾਲ ਸਬੰਧਤ ਹੈ। ਡਾਂਗ ਜ਼ਿਲ੍ਹਾ ਘਰ-ਵਾਪਸੀ ਦਾ ਵੱਡਾ ਕੇਂਦਰ ਬਣ ਗਿਆ। ਦਹਿ-ਹਜ਼ਾਰਾਂ ਆਦਿਵਾਸੀ ਦੁਬਾਰਾ ਹਿੰਦੂਵਾਦ ਦੀ "ਬੁੱਕਲ ਵਿਚ ਪਰਤ ਆਏ"। ਹਿੰਸਾ ਹੋਰ ਸੂਬਿਆਂ ਵਿਚ ਵੀ ਫੈਲ ਗਈ।

ਉੜੀਸਾ ਦੇ ਕਿਓਂਝਾਰ ਜ਼ਿਲ੍ਹੇ ਵਿਚ ਆਸਟਰੇਲੀਆਈ ਈਸਾਈ ਮਿਸ਼ਨਰੀ ਗ੍ਰਾਹਮ ਸਟੇਨਜ਼ ਜੋ 35 ਸਾਲ ਤੋਂ ਹਿੰਦੁਸਤਾਨ ਵਿਚ ਕੰਮ ਕਰ ਰਿਹਾ ਸੀ, ਨੂੰ ਉਸ ਦੇ 6 ਅਤੇ 10 ਸਾਲ ਦੇ ਪੁੱਤਰਾਂ ਸਮੇਤ ਜਿਉਂਦਾ ਸਾੜ ਦਿੱਤਾ ਗਿਆ। ਹਮਲੇ ਦੀ ਅਗਵਾਈ ਕਰਨ ਵਾਲਾ ਬੰਦਾ ਦਾਰਾ ਸਿੰਘ ਬਜਰੰਗ ਦਲ ਦਾ ਕਾਰਕੁਨ ਸੀ।

ਅਪਰੈਲ 2000 ਵਿਚ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਪਾਕਿਸਤਾਨ ਦੇ ਸਰਕਾਰੀ ਦੌਰ 'ਤੇ ਸੀ, ਇਸ ਤੋਂ ਬਾਅਦ ਉਸ ਨੇ ਦਿੱਲੀ ਆਉਣਾ ਸੀ। ਇਕ ਸਾਲ ਤੋਂ ਥੋੜ੍ਹਾ ਪਹਿਲਾਂ ਲਦਾਖ਼ ਦੇ ਕਾਰਗਿਲ ਜ਼ਿਲ੍ਹੇ ਵਿਚ ਜੰਗ ਲੜੀ ਗਈ ਸੀ ਜਿਸ ਵਿਚ ਪਾਕਿਸਤਾਨ ਵਲੋਂ ਹਮਲਾਵਰ, ਭੜਕਾਊ ਮੁਹਿੰਮ ਤਹਿਤ ਕੰਟਰੋਲ ਰੇਖਾ ਉਲੰਘ ਕੇ ਯੁੱਧਨੀਤਕ ਚੌਕੀ 'ਤੇ ਕਬਜ਼ਾ ਕਰਨ ਲਈ ਜੋ ਫ਼ੌਜ ਭੇਜੀ ਗਈ ਸੀ, ਉਸ ਨੂੰ ਹਿੰਦੁਸਤਾਨ ਨੇ ਪਿੱਛੇ ਧੱਕ ਦਿੱਤਾ ਸੀ। ਹਿੰਦੁਸਤਾਨ ਸਰਕਾਰ ਉਤਸੁਕ ਸੀ ਕਿ ਕੌਮਾਂਤਰੀ ਭਾਈਚਾਰਾ ਪਾਕਿਸਤਾਨ ਨੂੰ "ਦਹਿਸ਼ਤਗਰਦ ਰਾਜ" ਮੰਨ ਲਵੇ। 20 ਅਪਰੈਲ ਨੂੰ ਕਲਿੰਟਨ ਦੇ ਦੌਰੇ ਤੋਂ ਇਕ ਰਾਤ ਪਹਿਲਾਂ, ਦੱਖਣੀ ਕਸ਼ਮੀਰ ਦੇ ਪਿੰਡ ਚਿੱਟੀ ਸਿੰਘਪੁਰਾ ਵਿਚ 35 ਸਿੱਖਾਂ ਨੂੰ ਬੇਰਹਿਮੀ ਨਾਲ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਕਿਹਾ ਗਿਆ ਕਿ ਹੱਤਿਆਰੇ ਪਾਕਿਸਤਾਨ ਆਧਾਰਤ ਖਾੜਕੂ ਸਨ ਜਿਨ੍ਹਾਂ ਨੇ ਹਿੰਦੁਸਤਾਨੀ ਫ਼ੌਜ ਦੀਆਂ ਵਰਦੀਆਂ ਨਾਲ ਭੇਖ ਵਟਾ ਰੱਖਿਆ ਸੀ। ਇਹ ਪਹਿਲੀ ਵਾਰ ਹੋਇਆ ਸੀ ਕਿ ਕਸ਼ਮੀਰ ਵਿਚ ਖਾੜਕੂਆਂ ਵਲੋਂ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਪੰਜ ਦਿਨ ਬਾਅਦ, ਸਪੈਸ਼ਲ ਓਪਰੇਸ਼ਨ ਗਰੁੱਪ ਅਤੇ ਰਾਸ਼ਟਰੀ ਰਾਈਫ਼ਲਜ਼ ਨੇ ਦਾਅਵਾ ਕੀਤਾ ਕਿ ਇਸ ਨੇ ਖਾੜਕੂਆਂ ਦਾ ਖ਼ੁਰਾ ਨੱਪ ਕੇ ਪੰਜ ਜਣਿਆਂ ਨੂੰ ਮਾਰ ਮੁਕਾਇਆ ਹੈ। ਮ੍ਰਿਤਕਾਂ ਦੀਆਂ ਬੁਰੀ ਤਰ੍ਹਾਂ ਸੜੀਆਂ, ਬੇਪਛਾਣ ਲਾਸ਼ਾਂ ਨੂੰ ਫ਼ੌਜ ਦੀਆਂ ਨਵੀਆਂ-ਨਕੋਰ, ਅਣਜਲੀਆਂ ਵਰਦੀਆਂ ਪਹਿਨਾਈਆਂ ਹੋਈਆਂ ਸਨ। ਬਾਅਦ ਵਿਚ ਇਹ ਤੱਥ ਸਾਹਮਣੇ ਆਇਆ ਕਿ ਇਹ ਸਾਰੇ ਸਥਾਨਕ ਪਿੰਡਾਂ ਦੇ ਕਸ਼ਮੀਰੀ ਸਨ ਜਿਨ੍ਹਾਂ ਨੂੰ ਫ਼ੌਜ ਨੇ ਅਗਵਾ ਕਰ ਕੇ ਫਰਜ਼ੀ ਮੁਕਾਬਲੇ ਵਿਚ ਮਾਰ ਦਿੱਤਾ ਸੀ।



*ਵਲਸਾਦ (ਗੁਜਰਾਤ) ਵਿਚ ਈਸਾਈਆਂ ਦੀ 'ਘਰ ਵਾਪਸੀ' ਦੀ ਝਲਕ।*

ਅਕਤੂਬਰ 2001 ਵਿਚ, ਅਮਰੀਕਾ ਵਿਚ 11 ਸਤੰਬਰ ਦੇ ਹਮਲਿਆਂ ਤੋਂ ਹਫ਼ਤੇ ਬਾਅਦ ਹੀ, ਭਾਜਪਾ ਵਲੋਂ ਨਰੇਂਦਰ ਮੋਦੀ ਨੂੰ ਗੁਜਰਾਤ ਦਾ ਮੁੱਖ ਮੰਤਰੀ ਥਾਪ ਦਿੱਤਾ ਗਿਆ। ਉਦੋਂ ਮੋਦੀ ਤਕਰੀਬਨ ਬੇਪਛਾਣ ਸੀ। ਉਸ ਦਾ ਸਿਆਸੀ ਸ਼ਨਾਖ਼ਤਨਾਮਾ ਉਸ ਦਾ ਲੰਮੇ ਸਮੇਂ ਤੋਂ ਆਰ.ਐਸ.ਐਸ. ਦਾ ਵਫ਼ਾਦਾਰ ਮੈਂਬਰ ਹੋਣਾ ਸੀ।

13 ਦਸੰਬਰ ਦੀ ਸਵੇਰ ਨੂੰ ਜਦੋਂ ਦਿੱਲੀ ਵਿਚ ਹਿੰਦੁਸਤਾਨੀ ਪਾਰਲੀਮੈਂਟ ਦਾ ਸਰਦ ਰੁੱਤ ਵਾਲਾ ਸੈਸ਼ਨ ਚਲ ਰਿਹਾ ਸੀ, ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਇਸ ਨਾਲ ਲੈਸ ਚਿੱਟੀ ਅੰਬੈਸਡਰ ਕਾਰ ਉਪਰ ਸਵਾਰ ਪੰਜ ਹਥਿਆਰਬੰਦ ਬੰਦੇ ਇਸ ਦੇ ਮੁੱਖ ਦੁਆਰ ਤੋਂ ਅੰਦਰ ਆ ਗਏ। ਜ਼ਾਹਿਰ ਹੈ, ਸੁਰੱਖਿਆ ਇੰਤਜ਼ਾਮ ਨੇ ਉਨ੍ਹਾਂ ਨੂੰ ਇਸ ਕਾਰਨ ਲੰਘ ਜਾਣ ਦਿੱਤਾ, ਕਿਉਂਕਿ ਉਨ੍ਹਾਂ ਦੀ ਗੱਡੀ ਉਪਰ ਗ੍ਰਿਹ ਮੰਤਰਾਲੇ ਦਾ ਨਕਲੀ ਸਟਿੱਕਰ ਲੱਗਿਆ ਹੋਇਆ ਸੀ ਜਿਸ ਉਪਰ ਇਹ ਇਬਾਰਤ ਲਿਖੀ ਹੋਈ ਸੀ:

ਹਿੰਦੁਸਤਾਨ ਬਹੁਤ ਭੈੜਾ ਮੁਲਕ ਹੈ ਅਤੇ ਅਸੀਂ ਹਿੰਦੁਸਤਾਨ ਨੂੰ ਨਫ਼ਰਤ ਕਰਦੇ ਹਾਂ, ਅਸੀਂ ਹਿੰਦੁਸਤਾਨ ਨੂੰ ਤਬਾਹ ਕਰਨਾ ਚਾਹੁੰਦੇ ਹਾਂ ਅਤੇ ਅੱਲ੍ਹਾ ਦੀ ਕਸਮ ਨਾਲ ਅਸੀਂ ਅਜਿਹਾ ਕਰ ਕੇ ਰਹਾਂਗੇ। ਅੱਲ੍ਹਾ ਸਾਡੇ ਨਾਲ ਹੈ ਅਤੇ ਅਸੀਂ ਭਰਪੂਰ ਯਤਨ ਕਰਾਂਗੇ। ਇਸ ਮੂਰਖ ਵਾਜਪਾਈ ਅਤੇ ਅਡਵਾਨੀ ਨੂੰ ਮਾਰ ਮੁਕਾਵਾਂਗੇ। ਇਨ੍ਹਾਂ ਨੇ ਬਹੁਤ ਮਾਸੂਮ ਲੋਕਾਂ ਦੀਆਂ ਜਾਨਾਂ ਲਈਆਂ ਹਨ ਅਤੇ ਇਹ ਬੇਇੰਤਹਾ ਭੈੜੇ ਬੰਦੇ ਹਨ। ਉਨ੍ਹਾਂ ਦਾ ਭਰਾ ਬੁਸ਼ ਵੀ ਬਹੁਤ ਭੈੜਾ ਬੰਦਾ ਹੈ, ਉਹ ਅਗਲਾ ਨਿਸ਼ਾਨਾ ਹੋਵੇਗਾ। ਉਹ ਵੀ ਬੇਕਸੂਰ ਲੋਕਾਂ ਦਾ ਕਾਤਲ ਹੈ, ਉਸ ਨੂੰ ਵੀ ਮਾਰਨਾ ਹੈ ਅਤੇ ਅਸੀਂ ਇਹ ਕਰ ਕੇ ਰਹਾਂਗੇ।

ਆਖ਼ਿਰਕਾਰ ਜਦੋਂ ਉਨ੍ਹਾਂ ਨੂੰ ਲਲਕਾਰਿਆ ਗਿਆ, ਉਹ ਛਾਲ ਮਾਰ ਕੇ ਬਾਹਰ ਆ ਗਏ ਅਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਬਾਰੀ ਵਿਚ ਸਾਰੇ ਹਮਲਾਵਰ, ਅੱਠ ਸੁਰੱਖਿਆ ਮੁਲਾਜ਼ਮ ਅਤੇ ਇਕ ਮਾਲੀ ਮਾਰੇ ਗਏ। ਤਤਕਾਲੀ ਪ੍ਰਧਾਨ ਮੰਤਰੀ (ਜੋ ਆਰ.ਐਸ.ਐਸ. ਦਾ ਮੈਂਬਰ ਵੀ ਸੀ) ਨੇ ਸਿਰਫ਼ ਇਕ ਦਿਨ ਪਹਿਲਾਂ ਹੀ ਚਿੰਤਾ ਜ਼ਾਹਿਰ ਕੀਤੀ ਸੀ ਕਿ ਪਾਰਲੀਮੈਂਟ ਉਪਰ ਹਮਲਾ ਹੋ ਸਕਦਾ ਹੈ। ਐਲ.ਕੇ. ਅਡਵਾਨੀ ਜੋ ਉਦੋਂ ਗ੍ਰਿਹ ਮੰਤਰੀ ਸੀ, ਨੇ ਉਦੋਂ ਇਸ ਹਮਲੇ ਦਾ ਮੁਕਾਬਲਾ 11 ਸਤੰਬਰ ਦੇ ਹਮਲਿਆਂ ਨਾਲ ਕੀਤਾ। ਉਸ ਨੇ ਕਿਹਾ- ਬੰਦੇ "ਪਾਕਿਸਤਾਨੀ ਜਾਪਦੇ ਸਨ।" ਚੌਦਾਂ ਸਾਲ ਬਾਅਦ ਵੀ, ਅਸੀਂ ਇਹ ਨਹੀਂ ਜਾਣਦੇ, ਉਹ ਦਰਅਸਲ ਕੌਣ ਲੋਕ ਸਨ। ਅਜੇ ਉਨ੍ਹਾਂ ਦੀ ਸਹੀ ਪਛਾਣ ਕੀਤੀ ਜਾਣੀ ਬਾਕੀ ਹੈ।

ਕੁਝ ਦਿਨਾਂ ਦੇ ਅੰਦਰ 16 ਦਸੰਬਰ ਨੂੰ ਦਿੱਲੀ ਪੁਲਿਸ ਨੇ ਸਪੈਸ਼ਲ ਸੈਲ ਨੇ ਐਲਾਨ ਕੀਤਾ ਕਿ ਮਾਮਲਾ ਸੁਲਝਾ ਲਿਆ ਹੈ। ਇਸ ਨੇ ਕਿਹਾ ਕਿ ਹਮਲਾ ਪਾਕਿਸਤਾਨ ਆਧਾਰਤ ਦੋ ਦਹਿਸ਼ਤਗਰਦ ਧੜਿਆਂ- ਲਸ਼ਕਰ-ਏ-ਤੋਇਬਾ ਤੇ ਜੈਸ਼-ਏ-ਮੁਹੰਮਦ, ਦੀ ਸਾਂਝੀ ਕਾਰਵਾਈ ਸੀ। ਤਿੰਨ ਕਸ਼ਮੀਰੀ- ਐਸ.ਏ.ਆਰ. ਗਿਲਾਨੀ, ਸ਼ੌਕਤ ਹੁਸੈਨ ਗੁਰੂ ਅਤੇ ਮੁਹੰਮਦ ਅਫ਼ਜ਼ਲ ਗੁਰੂ ਗ੍ਰਿਫ਼ਤਾਰ ਕਰ ਲਏ ਗਏ। ਸ਼ੌਕਤ ਦੀ ਪਤਨੀ ਅਫਸਾਂ ਗੁਰੂ ਨੂੰ ਵੀ ਫੜ ਲਿਆ ਗਿਆ। ਸਪੈਸ਼ਲ ਸੈਲ ਨੇ ਮੀਡੀਆ ਨੂੰ ਖ਼ੁਲਾਸਾ ਕੀਤਾ ਕਿ ਹਿੰਦੁਸਤਾਨ ਵਾਲੇ ਪਾਸੇ ਦਾ ਮਾਸਟਰਮਾਈਂਡ ਦਿੱਲੀ ਯੂਨੀਵਰਸਿਟੀ ਵਿਖੇ ਅਰਬੀ ਦਾ ਨੌਜਵਾਨ ਪ੍ਰੋਫੈਸਰ ਗਿਲਾਨੀ ਸੀ (ਬਾਅਦ ਵਿਚ ਅਦਾਲਤ ਵਲੋਂ ਉਸ ਨੂੰ ਬਰੀ ਕਰ ਦਿੱਤਾ ਗਿਆ)। 21 ਦਸੰਬਰ ਨੂੰ ਇਸ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ, ਹਿੰਦੁਸਤਾਨ ਦੀ ਸਰਕਾਰ ਨੇ ਪਾਕਿਸਤਾਨ ਨਾਲ ਹਵਾਈ, ਰੇਲ ਅਤੇ ਬੱਸ ਦੁਆਰਾ ਆਵਾਜਾਈ ਬੰਦ ਕਰ ਦਿੱਤੀ ਅਤੇ ਆਪਣਾ ਸਫ਼ੀਰ ਵਾਪਸ ਬੁਲਾ ਲਿਆ। ਸਾਢੇ ਪੰਜ ਲੱਖ ਫ਼ੌਜੀ ਸਰਹੱਦ ਉਪਰ ਭੇਜ ਦਿੱਤੇ ਗਏ ਜਿਥੇ ਉਨ੍ਹਾਂ ਨੇ ਕਈ ਮਹੀਨੇ ਅਤਿਅੰਤ ਚੌਕਸੀ ਬਣਾਈ ਰੱਖੀ। ਬਦੇਸ਼ੀ ਸਫ਼ਾਰਤਖ਼ਾਨਿਆਂ ਵਲੋਂ ਆਪਣੇ ਸ਼ਹਿਰੀਆਂ ਨੂੰ ਉਥੇ ਨਾ ਜਾਣ ਦੇ ਮਸ਼ਵਰੇ ਦਿਤੇ ਗਏ ਅਤੇ ਜੰਗ ਨੂੰ ਲੈ ਕੇ ਉਨ੍ਹਾਂ ਇਸ ਖ਼ਦਸ਼ੇ ਨਾਲ ਆਪਣਾ ਸਫ਼ਾਰਤਖ਼ਾਨੇ ਖਾਲੀ ਕਰ ਦਿੱਤੇ ਕਿ ਜੰਗ ਪਰਮਾਣੂ ਜੰਗ ਬਣ ਸਕਦੀ ਹੈ।

27 ਫਰਵਰੀ 2002 ਨੂੰ ਜਦੋਂ ਹਿੰਦੁਸਤਾਨੀ ਅਤੇ ਪਾਕਿਸਤਾਨੀ ਫ਼ੌਜੀ ਇਕ ਦੂਜੇ ਉਪਰ ਨਜ਼ਰਾਂ ਗੱਡੀ ਤਾਇਨਾਤ ਸਨ ਅਤੇ ਫ਼ਿਰਕੂ ਸਫ਼ਬੰਦੀ ਪੂਰੇ ਜ਼ੋਰਾਂ 'ਤੇ ਸੀ, ਅਯੁੱਧਿਆ ਤੋਂ ਵਾਪਸ ਆਪਣੇ ਘਰਾਂ ਨੂੰ ਜਾ ਰਹੇ 58 ਕਾਰ ਸੇਵਕਾਂ ਨੂੰ ਗੁਜਰਾਤ ਦੇ ਗੋਧਰਾ ਕਸਬੇ ਦੇ ਰੇਲਵੇ ਸਟੇਸ਼ਨ ਦੇ ਬਾਹਰਵਾਰ ਡੱਬੇ ਦੇ ਅੰਦਰ ਜਿਉਂਦੇ ਸਾੜ ਦਿੱਤਾ ਗਿਆ। ਗੁਜਰਾਤ ਪੁਲਿਸ ਨੇ ਕਿਹਾ ਕਿ ਡੱਬੇ ਉਪਰ ਸਥਾਨਕ ਮੁਸਲਮਾਨਾਂ ਦੇ ਕ੍ਰੋਧ ਨਾਲ ਭੜਕੇ ਹਜੂਮ ਵਲੋਂ ਬੰਬ ਸੁੱਟੇ ਗਏ ਸਨ (ਬਾਅਦ ਵਿਚ ਸੂਬਾਈ ਫੋਰੈਂਸਕ ਲੈਬ ਦੀ ਰਿਪੋਰਟ ਨੇ ਦੱਸਿਆ ਕਿ ਇਉਂ ਨਹੀਂ ਹੋਇਆ ਸੀ)। ਐਲ.ਕੇ. ਅਡਵਾਨੀ ਨੇ ਕਿਹਾ ਕਿ ਹੋ ਸਕਦਾ ਹੈ, ਇਸ ਵਿਚ "ਬਾਹਰਲੇ ਅਨਸਰ" ਵੀ ਸ਼ਾਮਲ ਹੋਣ। 'ਕਾਰਸੇਵਕਾਂ' ਦੀਆਂ ਸੜੀਆਂ ਹੋਈਆਂ ਬੇਪਛਾਣ ਲਾਸ਼ਾਂ ਨੂੰ ਸਤਿਕਾਰ ਭੇਂਟ ਕਰਨ ਲਈ ਅਹਿਮਦਾਬਾਦ ਲਿਜਾਇਆ ਗਿਆ।

ਇਸ ਤੋਂ ਅੱਗੇ ਜੋ ਹੋਇਆ, ਸਾਰਿਆਂ ਨੂੰ ਪਤਾ ਹੈ (ਤੇ ਇਹ ਪੂਰੀ ਤਰ੍ਹਾਂ ਭੁਲਾਇਆ ਵੀ ਗਿਆ ਹੈ, ਕਿਉਂਕਿ ਕੱਲ੍ਹ ਦੇ ਕੱਟੜਪੰਥੀਆਂ ਨੂੰ ਅੱਜ ਦੇ ਨਰਮਖ਼ਿਆਲ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ)। ਲਿਹਾਜ਼ਾ, ਸੰਖੇਪ 'ਚ ਗੱਲ ਕਰੀਏ: ਫਰਵਰੀ ਅਤੇ ਮਾਰਚ 2002 ਵਿਚ, ਜਦੋਂ ਪੁਲਿਸ ਤਮਾਸ਼ਬੀਨ ਬਣੀ ਰਹੀ, ਗੁਜਰਾਤ ਸੜਦਾ ਰਿਹਾ। ਸ਼ਹਿਰਾਂ ਅਤੇ ਪਿੰਡਾਂ ਵਿਚ, ਜਥੇਬੰਦ ਹਿੰਦੂਤਵੀ ਹਜੂਮਾਂ ਨੇ ਦਿਨ-ਦਿਹਾੜੇ ਮੁਸਲਮਾਨਾਂ ਦੀ ਕਤਲੋਗ਼ਾਰਤ ਕੀਤੀ। ਔਰਤਾਂ ਨਾਲ ਜਬਰ-ਜਨਾਹ ਕੀਤੇ ਗਏ ਅਤੇ ਉਨ੍ਹਾਂ ਨੂੰ ਜਿਉਂਦੀਆਂ ਨੂੰ ਜਲਾ ਦਿੱਤਾ ਗਿਆ। ਮਾਸੂਮ ਬਾਲਾਂ ਨੂੰ ਤਲਵਾਰਾਂ ਦੀ ਨੋਕ ਉਪਰ ਟੰਗਿਆ ਗਿਆ। ਮਰਦਾਂ ਦੇ ਟੋਟੇ-ਟੋਟੇ ਕਰ ਦਿੱਤੇ ਗਏ। ਸਾਲਮ ਮੁਹੱਲੇ ਸਾੜ ਕੇ ਸੁਆਹ ਕਰ ਦਿੱਤੇ ਗਏ। ਦਹਿ-ਹਜ਼ਾਰਾਂ ਮੁਸਲਮਾਨਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਉਜਾੜ ਕੇ ਸ਼ਰਨਾਰਥੀ ਕੈਂਪਾਂ ਵਿਚ ਧੱਕ ਦਿੱਤਾ ਗਿਆ। ਕਤਲੋਗ਼ਾਰਤ ਕਈ ਹਫ਼ਤੇ ਚਲਦੀ ਰਹੀ।

ਹਿੰਦੁਸਤਾਨ ਵਿਚ ਨਸਲੀ ਕਤਲੇਆਮ ਪਹਿਲਾਂ ਵੀ ਹੋਏ ਹਨ, ਇੰਨੇ ਹੀ ਘਿਨਾਉਣੇ, ਇੰਨੇ ਹੀ ਗ਼ੈਰਕਾਬਲੇ-ਮੁਆਫ਼ੀ, ਜਿਨ੍ਹਾਂ ਵਿਚ ਮਾਰੇ ਗਏ ਲੋਕਾਂ ਦੀ ਤਾਦਾਦ ਇਸ ਤੋਂ ਵੀ ਵਧੇਰੇ ਰਹੀ ਹੈ: 1983 'ਚ ਕਾਂਗਰਸ ਦੀ ਸਰਕਾਰ ਅਧੀਨ ਨੇਲੀ, ਅਸਾਮ ਵਿਚ ਕਤਲੇਆਮ (ਮਾਰੇ ਜਾਣ ਵਾਲਿਆਂ ਦੀ ਗਿਣਤੀ ਦਾ ਅੰਦਾਜ਼ਾ ਸਰਕਾਰੀ ਤੌਰ 'ਤੇ 2000 ਤੇ ਗ਼ੈਰਸਰਕਾਰੀ ਤੌਰ 'ਤੇ ਇਸ ਤੋਂ ਦੁੱਗਣੇ ਤੋਂ ਵੀ ਵਧੇਰੇ ਹੈ); 1984 ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਵਿਚ ਕਾਂਗਰਸ ਦੇ ਅਗਵਾਈ ਵਾਲੇ ਹਜੂਮਾਂ ਵਲੋਂ 3000 ਦੇ ਕਰੀਬ

*(ਬਾਕੀ ਅਗਲੇ ਸਫੇ 'ਤੇ)*

***ਚੜ੍ਹਤ ਦੇ ਸਾਲ, 1998 ਵਿਚ ਈਸਾਈਆਂ (ਲਾਜ਼ਮੀ ਤੌਰ 'ਤੇ ਦਲਿਤਾਂ ਅਤੇ ਆਦਿਵਾਸੀਆਂ) ਉਪਰ ਘਿਨਾਉਣੇ ਹਮਲੇ ਕੀਤੇ ਗਏ ਜੋ ਹਿੰਦੂਤਵ ਦੇ ਸਭ ਤੋਂ ਨਿਤਾਣੇ ਦੁਸ਼ਮਣ ਸਨ। ਆਰ.ਐਸ.ਐਸ. ਨਾਲ ਸਬੰਧਤ ਵਣਵਾਸੀ ਕਲਿਆਣ ਆਸ਼ਰਮ ਦੇ ਧਾਰਮਿਕ ਵਿੰਗ ਦੇ ਮੁਖੀ ਸਵਾਮੀ ਅਸੀਮਾਨੰਦ (ਜੋ 2007 ਦੇ ਸਮਝੌਤਾ ਐਕਸਪ੍ਰੈੱਸ ਬੰਬ ਧਮਾਕਿਆਂ ਦੇ ਮੁੱਖ ਦੋਸ਼ੀ ਵਜੋਂ ਅਖ਼ਬਾਰਾਂ ਦੀ ਕੌਮੀ ਸੁਰਖ਼ੀ ਬਣੇਗਾ) ਨੂੰ ਪੱਛਮੀ ਗੁਜਰਾਤ ਦੇ ਦੂਰ-ਦਰਾਜ, ਵਣਵਾਸੀ ਜ਼ਿਲ੍ਹੇ ਡਾਂਗ ਵਿਚ ਸਦਰ-ਮੁਕਾਮ ਬਣਾਉਣ ਲਈ ਭੇਜਿਆ ਗਿਆ। ਕ੍ਰਿਸਮਸ ਦੇ ਮੌਕੇ ਹਿੰਸਾ ਸ਼ੁਰੂ ਹੋ ਗਈ। ਇਕ ਹਫ਼ਤੇ ਵਿਚ ਹੀ, ਹਿੰਦੂ ਧਰਮ ਜਾਗਰਣ ਮੰਚ ਦੀ ਅਗਵਾਈ ਹੇਠ ਹਜ਼ਾਰਾਂ ਦੇ ਹਜੂਮ ਵਲੋਂ 20 ਤੋਂ ਵੱਧ ਚਰਚ ਸਾੜ ਦਿੱਤੇ ਗਏ ਜਾਂ ਉਂਜ ਨਸ਼ਟ ਕਰ ਦਿੱਤੇ ਗਏ। ਇਹ ਜਥੇਬੰਦੀ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਨਾਲ ਸਬੰਧਤ ਹੈ। ਡਾਂਗ ਜ਼ਿਲ੍ਹਾ ਘਰ-ਵਾਪਸੀ ਦਾ ਵੱਡਾ ਕੇਂਦਰ ਬਣ ਗਿਆ। ਦਹਿ-ਹਜ਼ਾਰਾਂ ਆਦਿਵਾਸੀ ਦੁਬਾਰਾ ਹਿੰਦੂਵਾਦ ਦੀ "ਬੁੱਕਲ ਵਿਚ ਪਰਤ ਆਏ"। ਹਿੰਸਾ ਹੋਰ ਸੂਬਿਆਂ ਵਿਚ ਵੀ ਫੈਲ ਗਈ।***

ਸਿੱਖਾਂ ਦਾ ਕਤਲੇਆਮ (ਜਿਸ ਨੂੰ ਰਾਜੀਵ ਗਾਂਧੀ ਨੇ ਇਹ ਕਹਿ ਕੇ ਜਾਇਜ਼ ਠਹਿਰਾਇਆ- "ਜਦੋਂ ਵੱਡਾ ਦਰਖ਼ਤ ਡਿਗਦਾ ਹੈ, ਤਾਂ ਧਰਤੀ ਹਿੱਲਦੀ ਹੀ ਹੈ", ਉਹ ਬਾਅਦ ਵਿਚ ਪ੍ਰਧਾਨ ਮੰਤਰੀ ਬਣਿਆ); ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ 1993 'ਚ ਮੁੰਬਈ ਵਿਚ ਸ਼ਿਵ ਸੈਨਾ ਵਲੋਂ ਸੈਂਕੜੇ ਮੁਸਲਮਾਨਾਂ ਦਾ ਕਤਲੇਆਮ। ਇਨ੍ਹਾਂ ਸਾਰੇ ਕਤਲੇਆਮਾਂ ਵਿਚ ਵੀ ਹਤਿਆਰਿਆਂ ਦੀ ਹਿਫ਼ਾਜ਼ਤ ਕੀਤੀ ਗਈ ਅਤੇ ਉਨ੍ਹਾਂ ਨੂੰ ਪੂਰੀ ਖੁੱਲ੍ਹ ਦਿੱਤੀ ਗਈ।

ਪਰ ਗੁਜਰਾਤ ਕਤਲੇਆਮ-2002 ਮਾਸ ਮੀਡੀਆ ਦੇ ਜ਼ਮਾਨੇ ਵਿਚ ਹੋਇਆ ਸੀ। ਇਸ ਦੀ ਵਿਚਾਰਧਾਰਕ ਟੇਕ ਦੀ ਨੁਮਾਇਸ਼ ਜੰਗੀ ਜਨੂੰਨ ਨਾਲ ਲਗਾਈ ਗਈ, ਤੇ ਕਤਲੋਗ਼ਾਰਤ ਨੂੰ ਜਿਸ ਤਰੀਕੇ ਨਾਲ ਜਾਇਜ਼ ਠਹਿਰਾਇਆ ਗਿਆ, ਉਹ ਬੀਤੇ ਤੋਂ ਵੱਖਰਾ ਸੀ। ਇਹ ਜੁਰਮ ਨੂੰ ਅੰਜਾਮ ਦੇਣਾ ਅਤੇ ਆਗਾਜ਼, ਦੋਵੇਂ ਸੀ। ਸਾਨੂੰ, ਅਵਾਮ ਨੂੰ, ਸਾਫ਼-ਸਾਫ਼ ਨੋਟਿਸ ਦਿੱਤਾ ਜਾ ਰਿਹਾ ਸੀ। ਲੁਕ-ਛਿਪ ਕੇ ਅੰਜਾਮ ਦੇਣ ਦਾ ਦੌਰ ਹੁਣ ਖ਼ਤਮ ਹੋ ਚੁੱਕਾ ਸੀ।

ਗੁਜਰਾਤ ਕਤਲੋਗ਼ਾਰਤ ਇਸਲਾਮ-ਹਊਏ ਦੇ ਕੌਮਾਂਤਰੀ ਮਾਹੌਲ ਨਾਲ ਬਾਖ਼ੂਬੀ ਜੁੜੀ ਹੋਈ ਸੀ। ਦਹਿਸ਼ਤਵਾਦ ਵਿਰੁੱਧ ਜੰਗ ਦਾ ਐਲਾਨ ਕੀਤਾ ਜਾ ਚੁੱਕਾ ਸੀ। ਅਫ਼ਗਾਨਿਸਤਾਨ ਉਪਰ ਬੰਬਾਰੀ ਕੀਤੀ ਜਾ ਰਹੀ ਸੀ। ਇਰਾਕ ਪਹਿਲਾਂ ਹੀ ਨਿਸ਼ਾਨੇ 'ਤੇ ਸੀ। ਕਤਲੋਗ਼ਾਰਤ ਤੋਂ ਥੋੜ੍ਹੇ ਮਹੀਨਿਆਂ ਦੇ ਵਿਚ ਹੀ ਗੁਜਰਾਤ ਵਿਚ ਨਵੀਆਂ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ। ਮੋਦੀ ਆਸਾਨੀ ਨਾਲ ਜਿੱਤ ਗਿਆ। ਉਸ ਦੇ ਪਹਿਲੇ ਕਾਰਜਕਾਲ ਦੇ ਕੁਝ ਸਾਲਾਂ ਵਿਚ ਹੀ ਜੋ ਬੰਦੇ 2002 ਦੀ ਕਤਲੋਗ਼ਾਰਤ ਵਿਚ ਸ਼ਾਮਲ ਸਨ, ਉਨ੍ਹਾਂ ਨੇ ਕੈਮਰਿਆਂ ਅੱਗੇ ਸ਼ੇਖੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਉਨ੍ਹਾਂ ਨੇ ਲੋਕਾਂ ਨੂੰ ਕਿਵੇਂ ਟੋਟੇ ਕਰ ਕੇ ਮਾਰਿਆ, ਕਿਵੇਂ ਜਿਉਂਦੇ ਸਾੜਿਆ ਅਤੇ ਕਿਵੇਂ ਮੌਤ ਦੇ ਘਾਟ ਉਤਾਰਿਆ। ਇਸ ਦੀ ਰਿਕਾਰਡਿੰਗ ਕੌਮੀ ਨਿਊਜ਼ ਚੈਨਲਾਂ ਉਪਰ ਪ੍ਰਸਾਰਤ ਕੀਤੀ ਗਈ। ਇਉਂ ਜਾਪਦਾ ਸੀ ਕਿ ਇਸ ਨੇ ਸੂਬੇ ਵਿਚ ਮੋਦੀ ਦੀ ਹਰਮਨਪਿਆਰਤਾ ਹੀ ਵਧਾਈ, ਜਿਥੇ ਉਸ ਨੇ ਅਗਲੀਆਂ ਦੋ ਚੋਣਾਂ ਵੀ ਇਸੇ ਤਰ੍ਹਾਂ ਜਿੱਤੀਆਂ, ਉਸ ਨੂੰ ਕਈ ਵੱਡੀਆਂ ਕਾਰਪੋਰੇਸ਼ਨਾਂ ਦੇ ਮੁਖੀਆਂ ਦੀ ਹਮਾਇਤ ਵੀ ਮਿਲ ਗਈ ਅਤੇ ਉਹ 12 ਸਾਲ ਮੁੱਖ ਮੰਤਰੀ ਰਿਹਾ।

ਮੋਦੀ ਹੋਰ ਤਾਕਤਵਰ ਹੋ ਰਿਹਾ ਸੀ, ਕੇਂਦਰ ਵਿਚ ਉਸ ਦੀ ਪਾਰਟੀ ਲੜਖੜਾ ਰਹੀ ਸੀ। 2004 ਦੀਆਂ ਆਮ ਚੋਣਾਂ ਵਿਚ ਇਸ ਦੀ "ਭਾਰਤ ਉਦੈ" ਮੁਹਿੰਮ ਨੂੰ ਲੋਕਾਂ ਨੇ ਜ਼ਾਲਮ ਮਖੌਲ ਵਜੋਂ ਲਿਆ, ਤੇ ਕਾਂਗਰਸ ਹੈਰਾਨੀਜਨਕ ਤਰੀਕੇ ਨਾਲ ਸੱਤਾ ਵਿਚ ਵਾਪਸ ਆ ਗਈ। ਅਗਲੇ ਦਸ ਸਾਲ ਭਾਜਪਾ ਸੱਤਾ ਤੋਂ ਬਾਹਰ ਰਹੀ।

ਆਰ.ਐਸ.ਐਸ. ਨੇ ਸਾਬਤ ਕਰ ਦਿਖਾਇਆ ਕਿ ਇਹ ਐਸੀ ਜਥੇਬੰਦੀ ਹੈ ਜੋ ਬੁਰੇ ਦਿਨਾਂ ਵਿਚ ਵਧਦੀ-ਫੁਲਦੀ ਹੈ। ਇਹ ਮਾਹੌਲ "ਜ਼ਹਿਰੀਲੇ" ਮਾਹੌਲ ਵਜੋਂ ਮਸ਼ਹੂਰ ਹੈ। 2003 ਅਤੇ 2009 ਦਰਮਿਆਨ ਰੇਲ ਗੱਡੀਆਂ, ਬੱਸਾਂ, ਬਜ਼ਾਰਾਂ, ਮਸਜਿਦਾਂ ਅਤੇ ਮੰਦਰਾਂ ਵਿਚ ਬੰਬ ਧਮਾਕਿਆਂ ਅਤੇ ਦਹਿਸ਼ਤਵਾਦੀ ਹਮਲਿਆਂ ਨਾਲ ਸੈਂਕੜੇ ਬੇਕਸੂਰ ਲੋਕ ਮਾਰੇ ਗਏ, ਇਸ ਬਾਰੇ ਸਮਝਿਆ ਗਿਆ ਕਿ ਇਹ ਇਸਲਾਮੀ ਦਹਿਸ਼ਤੀ ਗਰੁੱਪਾਂ ਦਾ ਕਾਰਾ ਸੀ। ਇਨ੍ਹਾਂ ਵਿਚੋਂ ਸਭ ਤੋਂ ਭੈੜੇ 2008 ਦੇ ਮੁੰਬਈ ਹਮਲੇ ਸਨ ਜਿਨ੍ਹਾਂ ਵਿਚ ਪਾਕਿਸਤਾਨ ਦੇ ਲਸ਼ਕਰ-ਏ-ਤੋਇਬਾ ਦੇ ਖਾੜਕੂਆਂ ਨੇ 164 ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਅਤੇ 300 ਤੋਂ ਵੱਧ ਜ਼ਖ਼ਮੀ ਹੋ ਗਏ।

ਸਾਰੇ ਹਮਲੇ ਉਸ ਤਰ੍ਹਾਂ ਨਹੀਂ ਜਿਵੇਂ ਉਨ੍ਹਾਂ ਬਾਰੇ ਸਮਝਿਆ ਗਿਆ ਸੀ। ਜੋ ਸਾਹਮਣੇ ਆਇਆ, ਉਹ ਮਹਿਜ਼ ਨਮੂਨਾ ਸਨ, ਉਨ੍ਹਾਂ ਕੁਝ ਘਟਨਾਵਾਂ ਦੀ ਅਧੂਰੀ ਸੂਚੀ ਹੈ: 15 ਜੂਨ 2004 ਨੂੰ ਮੁਸਲਿਮ ਮੁਟਿਆਰ ਇਸ਼ਰਤ ਜਹਾਂ ਤੇ ਤਿੰਨ ਮੁਸਲਮਾਨਾਂ ਨੂੰ ਗੁਜਰਾਤ ਪੁਲਿਸ ਵਲੋਂ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਦਾਅਵਾ ਕੀਤਾ ਗਿਆ ਕਿ ਲਸ਼ਕਰ-ਏ-ਤੋਇਬਾ ਦੇ ਇਹ ਕਾਰਿੰਦੇ ਮੋਦੀ ਨੂੰ ਕਤਲ ਕਰਨ ਦੇ ਮਿਸ਼ਨ 'ਤੇ ਸਨ। ਸੀ.ਬੀ.ਆਈ. ਉਦੋਂ ਤੋਂ ਕਹਿ ਰਹੀ ਹੈ ਕਿ "ਮੁਕਾਬਲਾ" ਫਰਜ਼ੀ ਸੀ, ਤੇ ਚਾਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਫਿਰ ਮਾਰ ਦਿੱਤਾ ਗਿਆ ਸੀ। 23 ਨਵੰਬਰ 2005 ਨੂੰ ਇਕ ਮੁਸਲਿਮ ਜੋੜੇ ਸੋਹਰਾਬੂਦੀਨ ਸ਼ੇਖ਼ ਤੇ ਉਸ ਦੀ ਪਤਨੀ ਕੌਸਰ ਬੀ, ਨੂੰ ਗੁਜਰਾਤ ਪੁਲਿਸ ਵਲੋਂ ਬੱਸ ਵਿਚੋਂ ਲਾਹ ਲਿਆ ਗਿਆ। ਤਿੰਨ ਦਿਨ ਬਾਅਦ ਸ਼ੇਖ਼ ਦੇ ਅਹਿਮਦਾਬਾਦ ਵਿਚ "ਮੁਕਾਬਲੇ" ਵਿਚ ਮਾਰੇ ਜਾਣ ਦੀ ਖ਼ਬਰ ਆਈ। ਪੁਲਿਸ ਨੇ ਕਿਹਾ ਕਿ ਉਹ ਲਸ਼ਕਰ-ਏ-ਤੋਇਬਾ ਲਈ ਕੰਮ ਕਰਦਾ ਸੀ ਅਤੇ ਉਨ੍ਹਾਂ ਨੂੰ ਸ਼ੱਕ ਸੀ ਕਿ ਉਹ ਮੋਦੀ ਦਾ ਕਤਲ ਕਰਨ ਦੇ ਮਿਸ਼ਨ 'ਤੇ ਸੀ। ਕੌਸਰ ਬੀ ਨੂੰ ਦੋ ਦਿਨ ਬਾਅਦ ਮਾਰ ਦਿੱਤਾ ਗਿਆ। ਸ਼ੇਖ਼ ਦੀ ਹੱਤਿਆ ਦੇ ਗਵਾਹ ਤੁਲਸੀਰਾਮ ਪਰਜਾਪਤੀ ਨੂੰ ਸਾਲ ਬਾਅਦ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਗੁਜਰਾਤ ਪੁਲਿਸ ਦੇ ਬਹੁਤ ਸਾਰੇ ਸੀਨੀਅਰ ਅਫ਼ਸਰ ਇਨ੍ਹਾਂ ਕਤਲਾਂ ਦੇ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ (ਉਨ੍ਹਾਂ ਵਿਚੋਂ ਇਕ ਪੀ.ਪੀ. ਪਾਂਡੇ ਨੂੰ ਹੁਣੇ ਜਿਹੇ ਗੁਜਰਾਤ ਪੁਲਿਸ ਦਾ ਡਾਇਰੈਕਟਰ ਜਨਰਲ ਲਗਾਇਆ ਗਿਆ ਹੈ)। 18 ਫਰਵਰੀ 2007 ਨੂੰ ਸਮਝੌਤਾ ਐਕਸਪ੍ਰੈੱਸ ਜੋ ਹਫ਼ਤੇ ਵਿਚ ਦੋ ਵਾਰ ਦਿੱਲੀ ਅਤੇ ਲਾਹੌਰ ਦਰਮਿਆਨ ਚਲਦੀ ਸੀ, ਵਿਚ ਹੋਏ ਬੰਬ ਧਮਾਕਿਆਂ ਵਿਚ 68 ਲੋਕ ਮਾਰੇ ਗਏ, ਉਨ੍ਹਾਂ ਵਿਚੋਂ ਜ਼ਿਆਦਾਤਰ ਪਾਕਿਸਤਾਨੀ ਸਨ। ਸਤੰਬਰ 2008 ਵਿਚ ਮਾਲੇਗਾਓਂ ਅਤੇ ਮੋਦਾਸਾ ਕਸਬਿਆਂ ਵਿਚ ਤਿੰਨ ਬੰਬ ਧਮਾਕੇ ਹੋਏ। ਇਨ੍ਹਾਂ ਮਾਮਲਿਆਂ ਵਿਚ ਵਣਵਾਸੀ ਕਲਿਆਣ ਆਸ਼ਰਮ ਦੇ ਸਵਾਮੀ ਅਸੀਮਾਨੰਦ ਸਮੇਤ ਗ੍ਰਿਫ਼ਤਾਰ ਕੀਤੇ ਬਹੁਤ ਸਾਰੇ ਲੋਕ ਆਰ.ਐਸ.ਐਸ. ਦੇ ਮੈਂਬਰ ਸਨ (ਪੁਲਿਸ ਅਫ਼ਸਰ ਹੇਮੰਤ ਕਰਕਰੇ ਜੋ ਮਹਾਰਾਸ਼ਟਰ ਐਂਟੀ-ਟੈਰਰਿਸਟ ਸੁਕਐਡ ਦਾ ਮੁਖੀ ਸੀ ਤੇ ਜਿਸ ਦੀ ਅਗਵਾਈ ਵਿਚ ਤਫ਼ਤੀਸ਼ ਕੀਤੀ ਗਈ, 2008 ਵਿਚ ਮੁੰਬਈ ਹਮਲਿਆਂ ਦੌਰਾਨ ਗੋਲੀਆਂ ਨਾਲ ਮਾਰਿਆ ਗਿਆ। ਕਹਾਣੀ ਵਿਚਲੀ ਕਹਾਣੀ ਨੂੰ ਜਾਣਨ ਲਈ ਮਹਾਰਾਸ਼ਟਰ ਪੁਲਿਸ ਦੇ ਸੇਵਾ-ਮੁਕਤ ਇੰਸਪੈਕਟਰ ਜਨਰਲ ਐਸ.ਐਮ. ਮੁਸ਼ਰਿਫ਼ ਦੀ ਲਿਖੀ ਕਿਤਾਬ 'ਕਰਕਰੇ ਨੂੰ ਕਿਸ ਨੇ ਮਾਰਿਆ' ਪੜ੍ਹੋ)।

ਈਸਾਈਆਂ ਉਪਰ ਹਮਲੇ ਵੀ ਜਾਰੀ ਰਹੇ। ਇਨ੍ਹਾਂ ਵਿਚੋਂ ਸਭ ਤੋਂ ਵਹਿਸ਼ੀ 2008 ਵਿਚ ਕੰਧਮਾਲ, ਉੜੀਸਾ ਦਾ ਹਮਲਾ ਸੀ। ਨੱਬੇ ਈਸਾਈ (ਸਾਰੇ ਦਲਿਤ) ਕਤਲ ਕਰ ਦਿੱਤੇ ਗਏ, ਤੇ ਪੰਜਾਹ ਹਜ਼ਾਰ ਤੋਂ ਵੱਧ ਲੋਕ ਉਜਾੜ ਦਿੱਤੇ ਗਏ। ਤ੍ਰਾਸਦੀ ਦੇਖੋ, ਹਮਲੇ ਕਰਨ ਵਾਲੇ ਹਜੂਮ ਨਵੇਂ ਨਵੇਂ "ਹਿੰਦੂ ਬਣਾਏ" ਆਦਿਵਾਸੀਆਂ ਨੂੰ ਲੈ ਕੇ ਬਣਾਏ ਗਏ ਸਨ ਜਿਨ੍ਹਾਂ ਨੂੰ ਸੰਘ ਪਰਿਵਾਰ ਦੇ ਚੌਕਸੀ ਗਰੋਹਾਂ ਵਿਚ ਤਾਜ਼ਾ-ਤਾਜ਼ਾ ਸ਼ਾਮਲ ਕੀਤਾ ਗਿਆ ਸੀ। ਕੰਧਮਾਲ ਦੇ ਈਸਾਈ ਲਗਾਤਾਰ ਧਮਕੀਆਂ ਹੇਠ ਦਿਨ ਕੱਟ ਰਹੇ ਹਨ, ਤੇ ਉਨ੍ਹਾਂ 'ਚੋਂ ਜ਼ਿਆਦਾਤਰ ਆਪਣੇ ਘਰਾਂ ਨੂੰ ਵਾਪਸ ਨਹੀਂ ਜਾ ਸਕਦੇ। ਹੋਰ ਸੂਬਿਆਂ, ਛੱਤੀਸਗੜ੍ਹ ਅਤੇ ਝਾਰਖੰਡ ਵਿਚ ਵੀ ਈਸਾਈ ਲਗਾਤਾਰ ਖ਼ਤਰੇ ਹੇਠ ਜੀਅ ਰਹੇ ਹਨ।

2013 'ਚ ਭਾਜਪਾ ਨੇ ਐਲਾਨ ਕੀਤਾ ਕਿ 2014 ਦੀਆਂ ਆਮ ਚੋਣਾਂ ਵਿਚ ਇਸ ਦਾ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਮੋਦੀ ਹੋਵੇਗਾ। ਚੋਣ ਮੁਹਿੰਮ ਦੌਰਾਨ ਉਸ ਨੂੰ ਪੁੱਛਿਆ ਗਿਆ, ਕੀ ਉਸ ਨੂੰ ਉਸ ਦਾ ਕੋਈ ਪਛਤਾਵਾ ਹੈ ਜੋ 2002 'ਚ ਉਸ ਦੀ ਨਿਗਰਾਨੀ ਹੇਠ ਗੁਜਰਾਤ ਵਿਚ ਹੋਇਆ ਸੀ। "ਕੋਈ ਵੀ ਬੰਦਾ ਹੋਵੇ, ਜੇ ਅਸੀਂ ਕਾਰ ਵਿਚ ਜਾ ਰਹੇ ਹਾਂ, ਅਸੀਂ ਇਕ ਡਰਾਈਵਰ ਹਾਂ, ਤੇ ਕੋਈ ਹੋਰ ਕਾਰ ਚਲਾ ਰਿਹਾ ਹੈ ਅਤੇ ਅਸੀਂ ਪਿਛੇ ਬੈਠੇ ਹਾਂ", ਉਸ ਨੇ ਰਾਈਟਰ ਦੇ ਇਕ ਪੱਤਰਕਾਰ ਨੂੰ ਕਿਹਾ, "ਫਿਰ ਜੇ ਕੋਈ ਕਤੂਰਾ ਇਸ ਦੇ ਪਹੀਏ ਹੇਠ ਆ ਜਾਂਦਾ ਹੈ, ਕੀ ਇਹ ਦੁਖਦਾਈ ਹੋਵੇਗਾ ਜਾਂ ਨਹੀਂ? ਨਿਸ਼ਚੇ ਹੀ ਇਹ ਹੋਵੇਗਾ। ਮੈਂ ਮੁੱਖ ਮੰਤਰੀ ਹਾਂ ਜਾਂ ਨਹੀਂ, ਮੈਂ ਮਨੁੱਖੀ ਪ੍ਰਾਣੀ ਹਾਂ। ਜੇ ਕਿਤੇ ਕੁਝ ਦੁਖਦਾਈ ਵਾਪਰਦਾ ਹੈ, ਸੁਭਾਵਿਕ ਤੌਰ 'ਤੇ ਇਹ ਦੁਖਦਾਈ ਹੈ।"

ਮੀਡੀਆ ਨੇ ਆਪਣਾ ਫਰਜ਼ ਸਮਝ ਕੇ ਗੁਜਰਾਤ ਕਤਲੋਗ਼ਾਰਤ ਨੂੰ ਪੁਰਾਣੀਆਂ ਖ਼ਬਰਾਂ ਕਹਿ ਕੇ ਪਾਸੇ ਧਰ ਦਿੱਤਾ। ਮੁਹਿੰਮ ਕਾਮਯਾਬੀ ਨਾਲ ਚਲਾਈ ਗਈ। ਮੋਦੀ ਨੂੰ "ਗੁਜਰਾਤ ਮਾਡਲ" ਦੇ ਘਾੜੇ ਵਜੋਂ ਆਪਣੀ ਕਹਾਣੀ ਨਵੇਂ ਸਿਰਿਓਂ ਪੇਸ਼ ਕਰਨ ਦੀ ਇਜਾਜ਼ਤ ਦਿੱਤੀ ਗਈ- ਗਤੀਸ਼ੀਲ ਆਰਥਕ ਵਿਕਾਸ ਦੀ ਮਿਸਾਲ ਮੰਨ ਕੇ। ਉਹ ਕਾਰਪੋਰੇਟ ਇੰਡੀਆ ਦਾ ਸਭ ਤੋਂ ਚਹੇਤਾ ਉਮੀਦਵਾਰ ਬਣ ਗਿਆ- ਨਵੇਂ ਇੰਡੀਆ ਦੀਆਂ ਰੀਝਾਂ ਦਾ ਸਾਖਿਆਤ ਰੂਪ, ਵਾਪਰਨ ਦੀ ਇੰਤਜ਼ਾਰ ਕਰ ਰਹੇ ਆਰਥਿਕ ਚਮਤਕਾਰ ਦਾ ਘਾੜਾ। ਚੋਣ ਕਮਿਸ਼ਨ ਅਨੁਸਾਰ, ਉਸ ਦੀ ਚੋਣ ਲਾਗਤ ਰਿਕਾਰਡ ਤੋੜ ਸੀ ਜਿਸ ਉਪਰ 700 ਕਰੋੜ ਰੁਪਏ ਖ਼ਰਚੇ ਗਏ।

ਪਰ ਇਸ਼ਤਿਹਾਰਬਾਜ਼ੀ, 3-ਡੀ ਤੇ ਵਿਸ਼ਾਲ ਚਿੱਤਰਾਂ ਦੀ ਚਕਾਚੌਂਧ ਦੇ ਪਿਛੇ, ਦਰਅਸਲ ਬਹੁਤਾ ਕੁਝ ਬਦਲਿਆ ਨਹੀਂ ਸੀ। ਉਤਰ ਪ੍ਰਦੇਸ਼ ਦੇ ਮੁਜ਼ੱਫ਼ਰਨਗਰ ਜ਼ਿਲ੍ਹੇ ਵਿਚ, ਗੁਜਰਾਤ ਦੇ ਅਸਲ ਮਾਡਲ ਦੇ ਪਰਖੇ-ਪਰਤਿਆਏ ਰੂਪ ਨੂੰ ਚੋਣ ਯੁੱਧਨੀਤੀ ਦੇ ਤੌਰ 'ਤੇ ਮੁੜ-ਸੁਰਜੀਤ ਕੀਤਾ ਗਿਆ। ਤਕਨਾਲੋਜੀ ਨੇ ਆਪਣੀ ਭੂਮਿਕਾ ਨਿਭਾਈ (ਇਹ ਵਾਰ-ਵਾਰ ਵਾਪਰਨ ਵਾਲਾ ਵਿਸ਼ਾ-ਵਸਤੂ ਬਣ ਜਾਵੇਗਾ)। ਇਹ ਉਸ ਨੂੰ ਲੈ ਕੇ ਤਕਰਾਰਬਾਜ਼ੀ ਤੋਂ ਸ਼ੁਰੂ ਹੋਇਆ ਜਿਸ ਨੂੰ ਉਦੋਂ "ਲਵ ਜਹਾਦ" ਕਿਹਾ ਜਾ ਰਿਹਾ ਸੀ- ਇਕ ਧਾਰਨਾ ਜੋ ਵਸੋਂ-ਬਣਤਰ ਬਾਰੇ ਬੇਝਿਜਕ ਉਸੇ ਪੁਰਾਣੀ ਚਿੰਤਾ ਵਿਚ ਗ੍ਰਸੀ ਹੋਈ ਸੀ। ਹਿੰਦੂਆਂ ਨੂੰ ਕਿਹਾ ਗਿਆ, ਮੁਸਲਿਮ "ਲਵ ਜਹਾਦ" ਮੁਹਿੰਮ ਵਿਚ ਹਿੰਦੂ ਕੁੜੀਆਂ ਨੂੰ ਪ੍ਰੇਮ ਦੇ ਨਾਂ ਹੇਠ ਵਰਗਲਾ ਕੇ ਫਾਹੁਣਾ ਅਤੇ ਉਨ੍ਹਾਂ ਨੂੰ ਪ੍ਰੇਰ ਕੇ ਇਸਲਾਮ ਧਰਮ ਧਾਰਨ ਕਰਵਾਉਣਾ ਸ਼ਾਮਲ ਹੈ। ਅਗਸਤ 2013 ਵਿਚ, ਦੋ ਜਾਟਾਂ ਵਲੋਂ ਇਕ ਮੁਸਲਮਾਨ ਲੜਕੇ ਦੀ ਇਕ ਹਿੰਦੂ ਕੁੜੀ ਨੂੰ ਤੰਗ ਕਰਨ ਦੇ ਇਲਜ਼ਾਮ 'ਚ ਹੱਤਿਆ ਕਰ ਦਿੱਤੀ ਗਈ। ਬਦਲਾਲਊ ਕਾਰਵਾਈ ਵਿਚ ਦੋ ਜਾਟ ਮਾਰੇ ਗਏ। ਜ਼ਾਹਰਾ ਤੌਰ 'ਤੇ ਇਕ ਬੰਦੇ ਨੂੰ ਕੁੱਟ-ਕੁੱਟ ਕੇ ਮਾਰ ਰਹੇ ਮੁਸਲਿਮ ਹਜੂਮ ਦੀ ਵੀਡੀਓ ਫੇਸਬੁੱਕ ਅਤੇ ਸੈੱਲ-ਫ਼ੋਨ ਨੈੱਟਵਰਕ ਉਪਰ ਪ੍ਰਸਾਰਤ ਹੋਣੀ ਸ਼ੁਰੂ ਹੋ ਗਈ। ਹਕੀਕਤ ਵਿਚ, ਇਹ ਘਟਨਾ ਸਿਆਲਕੋਟ, ਪਾਕਿਸਤਾਨ ਵਿਚ ਵਾਪਰੀ ਸੀ; ਪਰ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਕਿ ਵੀਡੀਓ ਕਿਸੇ ਸਥਾਨਕ ਘਟਨਾ ਦੀ ਰਿਕਾਰਡਿੰਗ ਹੈ ਜਿਸ ਵਿਚ ਮੁਸਲਮਾਨਾਂ ਨੇ ਇਕ ਹਿੰਦੂ ਲੜਕੇ ਨੂੰ ਕੁੱਟ-ਕੁੱਟ ਕੇ ਮਾਰਿਆ ਗਿਆ ਸੀ। ਵੀਡੀਓ ਨਾਲ ਭੜਕਾਹਟ ਵਿਚ ਆ ਕੇ, ਹਿੰਦੂ ਜਾਟ ਕਿਸਾਨ ਤਲਵਾਰਾਂ ਅਤੇ ਬੰਦੂਕਾਂ ਨਾਲ ਲੈਸ ਹੋ ਕੇ ਸਥਾਨਕ ਮੁਸਲਮਾਨਾਂ ਉਪਰ ਟੁੱਟ ਪਏ ਜਿਨ੍ਹਾਂ ਨਾਲ ਉਹ ਸਦੀਆਂ ਤੋਂ ਮਿਲ-ਜੁਲ ਕੇ ਰਹਿੰਦੇ ਅਤੇ ਕੰਮ ਕਰਦੇ ਸਨ। ਸਰਕਾਰੀ ਅੰਦਾਜ਼ਿਆਂ ਅਨੁਸਾਰ, ਅਗਸਤ ਅਤੇ ਸਤੰਬਰ 2013 ਦਰਮਿਆਨ 62 ਲੋਕ ਮਾਰੇ ਗਏ- 42 ਮੁਸਲਮਾਨ ਅਤੇ 20 ਹਿੰਦੂ।

ਗ਼ੈਰਸਰਕਾਰੀ ਅੰਦਾਜ਼ੇ ਮਾਰੇ ਗਏ ਮੁਸਲਮਾਨਾਂ ਦੀ ਗਿਣਤੀ 200 ਤੋਂ ਉਪਰ ਦੱਸਦੇ ਹਨ। ਦਹਿ-ਹਜ਼ਾਰਾਂ ਮੁਸਲਮਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਉਜਾੜ ਕੇ ਸ਼ਰਨਾਰਥੀ ਕੈਂਪਾਂ ਵਿਚ ਜਾਣ ਲਈ ਮਜਬੂਰ ਕਰ ਦਿੱਤਾ ਗਿਆ। ਤੇ, ਨਿਸ਼ਚੇ ਹੀ, ਕਈ ਔਰਤਾਂ ਨਾਲ ਜਬਰ-ਜਨਾਹ ਕੀਤੇ ਗਏ।

ਅਪਰੈਲ 2014 ਵਿਚ, ਆਮ ਚੋਣਾਂ ਤੋਂ ਪਹਿਲਾਂ ਅਮਿਤ ਸ਼ਾਹ ਜੋ ਉਦੋਂ ਭਾਜਪਾ ਦਾ ਜਨਰਲ ਸਕੱਤਰ ਸੀ, ਤੇ ਹੁਣ ਪਾਰਟੀ ਦਾ ਪ੍ਰਧਾਨ ਹੈ (ਉਸ ਨੂੰ ਸੋਹਰਾਬੂਦੀਨ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਸਪੈਸ਼ਲ ਅਦਾਲਤ ਵਲੋਂ ਉਸ ਨੂੰ ਰਿਹਾਅ ਕਰ ਦਿੱਤਾ ਗਿਆ) ਨੇ ਮੁਜ਼ੱਫ਼ਰਨਗਰ ਨਾਲ ਲੱਗਦੇ ਇਕ ਜ਼ਿਲ੍ਹੇ ਵਿਚ ਜਾਟਾਂ ਦੇ ਇਕੱਠ ਨੂੰ ਸੰਬੋਧਨ ਕੀਤਾ- "ਉਤਰ ਪ੍ਰਦੇਸ਼, ਖ਼ਾਸ ਕਰ ਕੇ ਪੱਛਮੀ ਹਿੱਸੇ ਵਿਚ, ਇਹ ਚੋਣ ਮਾਣ-ਸਨਮਾਨ ਲਈ ਚੋਣ ਹੈ... ਇਹ ਚੋਣ ਅਪਮਾਨ ਦਾ ਬਦਲਾ ਲੈਣ ਲਈ ਹੈ। ਇਹ ਚੋਣ ਉਨ੍ਹਾਂ ਨੂੰ ਸਬਕ ਸਿਖਾਉਣ ਲਈ ਹੈ ਜਿਨ੍ਹਾਂ ਨੇ ਅਨਿਆਂ ਕੀਤਾ ਹੈ।" ਇਕ ਵਾਰ ਫਿਰ, ਯੁੱਧਨੀਤੀ ਨੇ ਮੁੱਲ ਚੁਕਾਇਆ। ਭਾਜਪਾ ਨੇ ਉਤਰ ਪ੍ਰਦੇਸ਼ ਵਿਚ ਹੂੰਝਾ ਫੇਰ ਦਿੱਤਾ- ਪਾਰਲੀਮੈਂਟ ਦੀਆਂ ਸੀਟਾਂ ਵਿਚ ਸਭ ਤੋਂ ਵੱਡਾ ਹਿੱਸਾ ਇਸੇ ਸੂਬੇ ਦਾ ਹੈ।

ਇਸ ਸਭ ਕਾਸੇ ਦੇ ਦੌਰਾਨ, ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਵਲੋਂ ਜੋ ਹਕੀਕੀ ਤੌਰ 'ਤੇ ਅਗਾਂਹਵਧੂ ਕਾਨੂੰਨ ਲਿਆਂਦੇ ਗਏ ਸਨ- ਜਿਵੇਂ ਸੂਚਨਾ ਅਧਿਕਾਰ ਕਾਨੂੰਨ ਤੇ ਕੌਮੀ ਪੇਂਡੂ ਰੋਜ਼ਗਾਰ ਗਾਰੰਟੀ ਕਾਨੂੰਨ, ਜਿਸ ਨੇ ਗ਼ਰੀਬਾਂ ਵਿਚੋਂ ਸਭ ਤੋਂ ਗ਼ਰੀਬ ਨੂੰ ਥੋੜ੍ਹਾ ਹਕੀਕੀ ਰਾਹਤ ਦਿੱਤੀ- ਉਨ੍ਹਾਂ ਦੀ ਕੋਈ ਵੁੱਕਤ ਨਹੀਂ ਸੀ ਜਾਪਦੀ। ਦਸ ਸਾਲ ਕੇਂਦਰ ਦੀ ਸੱਤਾ ਤੋਂ ਪਾਸੇ ਰਹਿਣ ਤੋਂ ਬਾਅਦ, ਭਾਜਪਾ ਨੇ ਇਕੱਲਿਆਂ ਬਹੁਮਤ ਜਿੱਤ ਲਈ। ਨਰੇਂਦਰ ਮੋਦੀ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦਾ ਪ੍ਰਧਾਨ ਮੰਤਰੀ ਬਣ ਗਿਆ। ਇਕ ਚੋਣ ਮੁਹਿੰਮ ਜਿਸ ਵਿਚ ਦ੍ਰਿਸ਼ਟੀ ਹੀ ਸਭ ਕੁਝ ਸੀ, ਉਹ ਅਡਾਨੀ ਸਮੂਹ ਦੇ ਨਿੱਜੀ ਜੈੱਟ ਜਹਾਜ਼ ਉਪਰ ਅਹਿਮਦਾਬਾਦ ਤੋਂ ਦਿੱਲੀ ਸਹੁੰ ਚੁੱਕਣ ਲਈ ਗਿਆ। ਜਿੱਤ ਐਨੀ ਫ਼ੈਸਲਾਕੁਨ ਸੀ, ਜਸ਼ਨ ਐਨੇ ਹਮਲਾਵਰ ਸਨ, ਜਿਸ ਨੂੰ ਦੇਖ ਕੇ ਇੰਜ ਜਾਪਦਾ ਸੀ ਕਿ ਹਿੰਦੂ ਰਾਸ਼ਟਰ ਦੀ ਸਥਾਪਨਾ ਸਿਰਫ਼ ਕੁਝ ਹਫ਼ਤਿਆਂ ਦੀ ਗੱਲ ਸੀ।

ਮੋਦੀ ਉਸ ਵਕਤ ਸੱਤਾਧਾਰੀ ਹੋਇਆ ਜਦੋਂ ਜ਼ਿਆਦਾਤਰ ਬਾਕੀ ਦੁਨੀਆ ਅਫ਼ਰਾ-ਤਫ਼ਰੀ ਵਿਚ ਘਿਰਦੀ ਜਾ ਰਹੀ ਸੀ। ਅਫ਼ਗਾਨਿਸਤਾਨ, ਇਰਾਕ, ਲਿਬੀਆ, ਸੋਮਾਲੀਆ, ਦੱਖਣੀ ਸੂਡਾਨ, ਅਤੇ ਸੀਰੀਆ ਵਿਚ ਖ਼ਾਨਾਜੰਗੀ ਸੀ। ਅਰਬ ਬਸੰਤ ਵਾਪਰ ਚੁੱਕੀ ਸੀ ਅਤੇ ਪਹਿਲੀ ਹਾਲਤ ਵਾਪਸ ਆ ਚੁੱਕੀ ਸੀ। ਦਹਿਸ਼ਤਵਾਦ ਵਿਰੁੱਧ ਜੰਗ ਦੀ ਖ਼ੌਫ਼ਨਾਕ ਉਪਜ, ਆਈ.ਐਸ.ਆਈ.ਐਸ. ਜਿਸ ਅੱਗੇ ਤਾਲਿਬਾਨ ਅਤੇ ਅਲ-ਕਾਇਦਾ ਵੀ ਨਰਮ-ਖਿਆਲ ਜਾਪਦੀਆਂ ਹਨ, ਵਧ ਫੁੱਲ ਰਹੀ ਸੀ। ਯੂਰਪੀ ਸ਼ਰਨਾਰਥੀ ਸੰਕਟ ਸ਼ੁਰੂ ਹੋ ਚੁੱਕਾ ਸੀ, ਭਾਵੇਂ ਅਜੇ ਇਸ ਨੇ ਸਿਖ਼ਰਾਂ ਨਹੀਂ ਛੂਹੀਆਂ ਸਨ। ਪਾਕਿਸਤਾਨ ਗੰਭੀਰ ਸਮੱਸਿਆ ਵਿਚ ਘਿਰਿਆ ਹੋਇਆ ਸੀ। ਉਸ ਦੇ ਮੁਕਾਬਲੇ ਹਿੰਦੁਸਤਾਨ ਉਤਸ਼ਾਹੀ, ਨਿੱਘਾ, ਅੱਥਰਾ, ਬਾਲੀਵੁੱਡੀ, ਖੁੱਲ੍ਹੀ ਮੰਡੀ ਲਈ ਮੁਆਫ਼ਕ ਜਮਹੂਰੀਅਤ ਨਜ਼ਰ ਆ ਰਿਹਾ ਸੀ ਜੋ ਕੰਮ ਕਰਦੀ ਹੈ, ਪਰ ਇਹ ਪ੍ਰਭਾਵ ਬਾਹਰੋਂ ਬਣਿਆ ਹੋਇਆ ਸੀ।

ਜਿਉਂ ਹੀ ਉਸ ਨੇ ਸਹੁੰ ਚੁੱਕੀ, ਉਸ ਨੇ ਉਸੇ ਤਰ੍ਹਾਂ ਦਾ ਪਾਗਲਪਣ ਦਿਖਾਉਣਾ ਸ਼ੁਰੂ ਕਰ ਦਿੱਤਾ ਜੋ ਤੁਸੀਂ ਐਸੇ ਬੰਦੇ ਤੋਂ ਉਮੀਦ ਕਰ ਸਕਦੇ ਹੋ, ਜੋ ਜਾਣਦਾ ਸੀ ਕਿ ਉਸ ਦੇ ਬਹੁਤ ਸਾਰੇ ਦੁਸ਼ਮਣ ਹਨ, ਤੇ ਜੋ ਆਪਣੀ ਜਥੇਬੰਦੀ ਉਪਰ ਵੀ ਭਰੋਸਾ ਨਹੀਂ ਕਰਦਾ। ਉਸ ਦੀ ਪਹਿਲੀ ਚਾਲ ਸੀ ਭਾਜਪਾ ਅੰਦਰਲੇ ਅਡਵਾਨੀ ਦੀ ਅਗਵਾਈ ਵਾਲੇ ਗੁੱਟ ਨੂੰ ਤਾਕਤਹੀਣ ਕਰਨਾ ਅਤੇ ਫਾਲਤੂ ਬਣਾ ਦੇਣਾ ਜਿਸ ਨੂੰ ਉਹ ਹੁਣ ਖ਼ਤਰੇ ਵਜੋਂ ਦੇਖਦਾ ਸੀ। ਉਸ ਨੇ ਸਰਕਾਰ ਅੰਦਰ ਵਾਹਵਾ ਹੱਦ ਤਕ ਫ਼ੈਸਲਾਕੁਨ ਤਾਕਤ ਹਥਿਆ ਲਈ, ਤੇ ਫਿਰ ਉਹ ਹਿੰਦੁਸਤਾਨ ਅੰਦਰ ਵਿਚ-ਵਿਚ ਥੋੜ੍ਹਾ-ਥੋੜ੍ਹਾ ਪੜਾਅ ਕਰਦੇ ਹੋਏ ਅਸਾਧਾਰਨ ਸੰਸਾਰ ਯਾਤਰਾ 'ਤੇ ਨਿਕਲ ਪਿਆ (ਜੋ ਅਜੇ ਤਕ ਨਹੀਂ ਮੁੱਕੀ)। ਮੋਦੀ ਦੀ ਨਿੱਜੀ ਅਭਿਲਾਸ਼ਾ, ਉਸ ਦੀ ਆਲਮੀ ਆਗੂ ਨਜ਼ਰ ਆਉਣ ਦੀ ਖ਼ਾਹਸ਼ ਅੱਗੇ, ਛੇਤੀ ਹੀ ਉਹ ਜਥੇਬੰਦੀ ਫਿੱਕੀ ਪੈ ਗਈ ਜੋ ਉਸ ਦੀ ਉਸਤਾਦ ਸੀ, ਤੇ ਜਿਸ ਨੂੰ ਸਵੈ-ਵਡਿਆਈ ਗਵਾਰਾ ਨਹੀਂ। ਜਨਵਰੀ 2015 ਵਿਚ ਉਸ ਨੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਆਉਣ ਦਾ ਸਵਾਗਤ ਉਹ ਦਸ-ਲੱਖਾ ਸੂਟ ਪਾ ਕੇ ਕੀਤਾ ਜਿਸ ਦੀਆਂ ਬਾਰੀਕ ਧਾਰੀਆਂ ਉਪਰ ਉਸ ਦਾ ਨਾਂ ਬੁਣਿਆ ਹੋਇਆ ਸੀ। ਇਹ ਸਪਸ਼ਟ ਤੌਰ 'ਤੇ ਐਸਾ ਬੰਦਾ ਸੀ ਜਿਸ ਨੂੰ ਆਪੇ ਨਾਲ ਮੋਹ ਸੀ- ਉਹ ਹੁਣ ਨਿਰੀ ਕਾਮਾ ਮੱਖੀ, ਜਾਂ ਨਿਮਾਣਾ ਸੇਵਕ ਨਹੀਂ ਸੀ। ਇਸ ਤਰ੍ਹਾਂ ਲੱਗਣਾ ਸ਼ੁਰੂ ਹੋ ਗਿਆ ਕਿ ਜਿਸ ਪੌੜੀ ਦਾ ਸਹਾਰਾ ਲੈ ਕੇ ਉਹ ਅੰਬਰਾਂ 'ਤੇ ਪਹੁੰਚਿਆ ਸੀ, ਹੁਣ ਉਸ ਨੂੰ ਵਗਾਹ ਕੇ ਸੁੱਟ ਰਿਹਾ ਸੀ।

ਓੜਕ ਮੋਦੀ ਸੂਟ ਦੀ ਬੋਲੀ ਲੱਗੀ, ਤੇ ਇਕ ਪ੍ਰਸ਼ੰਸਕ ਨੇ ਇਹ 4.3 ਕਰੋੜ ਰੁਪਏ 'ਚ ਖ਼ਰੀਦ ਲਿਆ। ਇਸ ਦੌਰਾਨ, ਇਹ ਕਾਰਟੂਨਿਸਟਾਂ ਦੀ ਦਿਲ-ਲਗੀ ਅਤੇ ਸੋਸ਼ਲ ਮੀਡੀਆ ਉਪਰ ਕੁਝ ਗੰਭੀਰ ਹਾਸੇ-ਠੱਠੇ ਦਾ ਮਜ਼ਮੂਨ ਬਣ ਗਿਆ। ਜਿਸ ਬੰਦੇ ਤੋਂ ਭੈਅ ਆਉਂਦਾ ਸੀ, ਉਸ ਉਪਰ ਪਹਿਲੀ ਵਾਰ ਹੱਸਿਆ ਜਾ ਰਿਹਾ ਸੀ। ਆਪਣੇ ਸ਼ਾਹੀ ਲਿਬਾਸ ਦੇ ਕੁਚੱਜਪੁਣੇ ਤੋਂ ਇਕ ਮਹੀਨਾ ਬਾਅਦ, ਮੋਦੀ ਨੂੰ ਪਹਿਲਾ ਵੱਡਾ ਸਦਮਾ ਲੱਗਿਆ। ਫਰਵਰੀ 2015 ਦੀਆਂ ਦਿੱਲੀ ਸੂਬਾਈ ਚੋਣਾਂ ਵਿਚ ਭਾਵੇਂ ਉਸ ਨੇ ਅਣਥੱਕ ਤੌਰ 'ਤੇ ਮੁਹਿੰਮ ਚਲਾਈ ਸੀ, ਪਰ ਡਗਮਗਾ ਰਹੀ ਆਮ ਆਦਮੀ ਪਾਰਟੀ 70 ਵਿਚੋਂ 67 ਸੀਟਾਂ ਲੈ ਗਈ। 2002 ਤੋਂ ਲੈ ਕੇ ਇਹ ਪਹਿਲੀ ਚੋਣ ਸੀ ਜੋ ਮੋਦੀ ਹਾਰਿਆ ਸੀ। ਅਚਾਨਕ, ਨਵਾਂ ਆਗੂ ਫ਼ਾਨੀ ਅਤੇ ਆਪਣੇ ਬਾਰੇ ਬੇਯਕੀਨਾ ਨਜ਼ਰ ਆਉਣਾ ਸ਼ੁਰੂ ਹੋ ਗਿਆ।

ਬਾਕੀ ਮੁਲਕ ਵਿਚ, ਠੱਗਾਂ ਅਤੇ ਕਾਤਲ ਗਰੋਹਾਂ ਨੇ ਆਪਣਾ ਖ਼ੂਨੀ ਧੰਦਾ ਜਾਰੀ ਰੱਖਿਆ ਜਿਨ੍ਹਾਂ ਨੂੰ ਉਨ੍ਹਾਂ ਦੀ ਸਿਆਸੀ ਹਮਾਇਤ ਦਾ ਭਰੋਸਾ ਸੀ ਜਿਨ੍ਹਾਂ ਨੂੰ ਉਨ੍ਹਾਂ ਨੇ ਸੱਤਾ ਵਿਚ ਲਿਆਂਦਾ ਸੀ। ਫਰਵਰੀ 2015 ਵਿਚ, ਲੇਖਕ ਅਤੇ ਹਿੰਦ ਕਮਿਊਨਿਸਟ ਪਾਰਟੀ ਦੇ ਸਿਰਕੱਢ ਮੈਂਬਰ ਗੋਬਿੰਦ ਪਾਨਸਰੇ ਨੂੰ ਕੋਹਲਾਪੁਰ, ਮਹਾਰਾਸ਼ਟਰ ਵਿਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। 30 ਅਗਸਤ 2015 ਨੂੰ ਜਾਣੇ-ਪਛਾਣੇ ਕੰਨੜ ਤਰਕਸ਼ੀਲ ਤੇ ਵਿਦਵਾਨ ਐਮ.ਐਮ. ਕਲਬੁਰਗੀ ਨੂੰ ਧਾਰਵਾੜ, ਕਰਨਾਟਕਾ ਵਿਚ ਉਸ ਦੇ ਘਰ ਦੇ ਬਾਹਰ ਕਤਲ ਕਰ ਦਿੱਤਾ ਗਿਆ। ਦੋਵਾਂ ਨੂੰ ਇੰਤਹਾਪਸੰਦ ਸੱਜੇਪੱਖੀ ਹਿੰਦੂ ਜਥੇਬੰਦੀਆਂ ਵਲੋਂ ਕਈ ਵਾਰ ਧਮਕੀਆਂ ਦਿੱਤੀਆਂ ਗਈਆਂ ਸਨ ਅਤੇ ਉਨ੍ਹਾਂ ਨੂੰ ਲਿਖਣਾ ਬੰਦ ਕਰਨ ਲਈ ਕਿਹਾ ਗਿਆ ਸੀ।

ਸਤੰਬਰ 2015 ਵਿਚ, ਦਿੱਲੀ ਦੇ ਨੇੜੇ ਪਿੰਡ ਦਾਦਰੀ ਵਿਚ ਇਕ ਮੁਸਲਿਮ ਪਰਿਵਾਰ ਦੇ ਘਰ ਦੇ ਬਾਹਰ ਹਜੂਮ ਆ ਜੁੜਿਆ ਜਿਸ ਨੇ ਦਾਅਵਾ ਕੀਤਾ ਕਿ ਉਹ ਗਊ ਦਾ ਮਾਸ ਖਾ ਰਹੇ ਸਨ (ਗਊ ਹੱਤਿਆ ਉਪਰ ਪਾਬੰਦੀ ਦਾ ਉਲੰਘਣ ਜੋ ਉਤਰ ਪ੍ਰਦੇਸ਼ ਤੇ ਹੋਰ ਕਈ ਸੂਬਿਆਂ ਉਪਰ ਥੋਪ ਦਿੱਤੀ ਗਈ ਸੀ)। ਪਰਿਵਾਰ ਨੇ ਇਸ ਤੋਂ ਇਨਕਾਰ ਕੀਤਾ। ਹਜੂਮ ਨੇ ਉਨ੍ਹਾਂ ਉਪਰ ਯਕੀਨ ਨਹੀਂ ਕੀਤਾ। ਮੁਹੰਮਦ ਅਖ਼ਲਾਕ ਨੂੰ ਘਰ ਵਿਚੋਂ ਬਾਹਰ ਧੂਹ ਕੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਨਵੇਂ ਨਿਜ਼ਾਮ ਦੇ ਠੱਗਾਂ ਨੂੰ ਕੋਈ ਪਛਤਾਵਾ ਨਹੀਂ ਸੀ। ਕਤਲ ਤੋਂ ਬਾਅਦ, ਜਦੋਂ ਸੰਘ ਪਰਿਵਾਰ ਦੇ ਅਹੁਦੇਦਾਰ "ਗ਼ੈਰਕਾਨੂੰਨੀ ਹੱਤਿਆ" ਬਾਰੇ ਪ੍ਰੈੱਸ ਨੂੰ ਮੁਖ਼ਾਤਬ ਹੋਏ, ਇਸ ਤੋਂ ਉਨ੍ਹਾਂ ਦਾ ਭਾਵ ਕਾਲਪਨਿਕ ਗਊ ਸੀ। ਜਦੋਂ ਉਨ੍ਹਾਂ ਨੇ "ਫੋਰੈਂਸਿਕ ਜਾਂਚ ਲਈ ਸਬੂਤ ਲੈਣ" ਦੀ ਗੱਲ ਕੀਤੀ ਤਾਂ ਉਨ੍ਹਾਂ ਦਾ ਭਾਵ ਪਰਿਵਾਰ ਦੀ ਫਰਿੱਜ ਵਿਚ ਰੱਖੇ ਖਾਣੇ ਤੋਂ ਸੀ, ਨਾ ਕਿ ਕੁੱਟ ਕੇ ਮਾਰੇ ਗਏ ਬੰਦੇ ਦੀ ਲਾਸ਼ ਤੋਂ। ਆਖ਼ਿਰਕਾਰ ਇਹ ਸਾਹਮਣੇ ਆ ਗਿਆ ਕਿ ਅਖ਼ਲਾਕ ਦੇ ਘਰੋਂ ਲਿਆ ਮਾਸ ਗਊ ਦਾ ਨਹੀਂ ਸੀ। ਫਿਰ ਕੀ ਹੋਇਆ?

ਚਾਰ ਦਿਨ ਬਾਅਦ ਤਕ ਵੀ ਟਵਿੱਟਰ-ਪ੍ਰੇਮੀ ਪ੍ਰਧਾਨ ਮੰਤਰੀ ਨੇ ਕੁਝ ਨਹੀਂ ਬੋਲਿਆ। ਦਬਾਓ ਹੇਠ, ਉਸ ਨੇ ਮਰੀਅਲ, ਪੇਤਲਾ ਜਿਹਾ ਤਾੜਨਾ ਬਿਆਨ ਜਾਰੀ ਕੀਤਾ। ਉਦੋਂ ਤੋਂ ਲੈ ਕੇ, ਅਜਿਹੀਆਂ ਅਫ਼ਵਾਹਾਂ ਦੁਆਰਾ ਹੋਰ ਮੁਸਲਮਾਨਾਂ ਨੂੰ ਵੀ ਕੁੱਟ-ਕੁੱਟ ਕੇ ਅਧਮੋਏ ਕੀਤਾ ਗਿਆ, ਇਥੋਂ ਤਕ ਕਿ ਫਾਹੇ ਲਾਇਆ ਗਿਆ। ਜ਼ਾਲਮਾਂ ਨੂੰ ਤੱਤੀ ਵਾਅ ਨਾ ਲੱਗਣ ਦਾ ਪੂਰਾ ਯਕੀਨ ਦਿਵਾਇਆ ਹੋਣ ਕਾਰਨ, ਮੁਸਲਮਾਨਾਂ ਨੂੰ ਪਤਾ ਹੈ ਕਿ ਮਾਮੂਲੀ ਝਗੜਾ ਵੀ ਉਨ੍ਹਾਂ ਦੇ ਸਾਲਮ ਕਤਲੇਆਮ ਨੂੰ ਪਲੀਤਾ ਲਾ ਸਕਦਾ ਹੈ। ਇਕ ਸਮੁੱਚੀ ਵਸੋਂ ਤੋਂ ਝੁਕ ਕੇ ਅਤੇ ਭੈਅ ਹੇਠ ਜਿਉਣ ਦੀ ਉਮੀਦ ਕੀਤੀ ਜਾ ਰਹੀ ਹੈ। ਤੇ ਇਹ, ਜਿਵੇਂ ਅਸੀਂ ਜਾਣਦੇ ਹਾਂ, ਆਸਾਨ ਮਸਲਾ ਨਹੀਂ ਹੈ। ਅਸੀਂ ਲਗਭਗ 17 ਕਰੋੜ ਲੋਕਾਂ ਦੀ ਗੱਲ ਕਰ ਰਹੇ ਹਾਂ।

***(ਚਲਦਾ)***



*ਪਿੰਡ ਸਿਰਸਾਪਾਂਗਾ (ਕੰਧਮਾਲ) ਵਿਚ ਸਾੜੇ ਈਸਾਈਆਂ ਦੇ ਘਰ।*

***ਈਸਾਈਆਂ ਉਪਰ ਹਮਲੇ ਜਾਰੀ ਰਹੇ। ਇਨ੍ਹਾਂ ਵਿਚੋਂ ਸਭ ਤੋਂ ਵਹਿਸ਼ੀ 2008 ਵਿਚ ਕੰਧਮਾਲ, ਉੜੀਸਾ ਦਾ ਹਮਲਾ ਸੀ। ਨੱਬੇ ਈਸਾਈ (ਸਾਰੇ ਦਲਿਤ) ਕਤਲ ਕਰ ਦਿੱਤੇ, ਤੇ ਪੰਜਾਹ ਹਜ਼ਾਰ ਤੋਂ ਵੱਧ ਲੋਕ ਉਜਾੜ ਦਿੱਤੇ। ਤ੍ਰਾਸਦੀ ਦੇਖੋ, ਹਮਲੇ ਕਰਨ ਵਾਲੇ ਹਜੂਮ ਨਵੇਂ "ਹਿੰਦੂ ਬਣਾਏ" ਆਦਿਵਾਸੀਆਂ ਨੂੰ ਲੈ ਕੇ ਬਣਾਏ ਗਏ ਸਨ ਜਿਨ੍ਹਾਂ ਨੂੰ ਸੰਘ ਪਰਿਵਾਰ ਦੇ ਚੌਕਸੀ ਗਰੋਹਾਂ ਵਿਚ ਤਾਜ਼ਾ-ਤਾਜ਼ਾ ਸ਼ਾਮਲ ਕੀਤਾ ਗਿਆ ਸੀ। ਕੰਧਮਾਲ ਦੇ ਈਸਾਈ ਲਗਾਤਾਰ ਧਮਕੀਆਂ ਹੇਠ ਦਿਨ ਕੱਟ ਰਹੇ ਹਨ, ਤੇ ਉਨ੍ਹਾਂ 'ਚੋਂ ਜ਼ਿਆਦਾਤਰ ਆਪਣੇ ਘਰਾਂ ਨੂੰ ਵਾਪਸ ਨਹੀਂ ਜਾ ਸਕਦੇ।***

ਕਹਾਣੀ

# ਚੀਸ

***ਨਸ਼ਿਆਂ ਦੀ ਗ੍ਰਿਫਤ ਵਿਚ ਆਇਆ ਪੰਜਾਬ ਇਸ ਵਕਤ ਹਾਲੋਂ-ਬੇਹਾਲ ਹੈ। ਇਸ ਸਮਾਜਿਕ ਬੁਰਾਈ ਦੀਆਂ ਜੜ੍ਹਾਂ ਦੇ ਇਕ ਨਹੀਂ, ਅਨੇਕ ਪੱਖ ਹਨ। ਕੈਨੇਡਾ ਵੱਸਦੀ ਲਿਖਾਰੀ ਦਵਿੰਦਰ ਕੌਰ ਨੇ ਆਪਣੀ ਕਹਾਣੀ 'ਚੀਸ' ਵਿਚ ਇਸ ਦੇ ਕੁਝ ਪੱਖਾਂ 'ਤੇ ਝਾਤੀ ਮਾਰੀ ਹੈ। ਇਹ ਕਹਾਣੀ ਅਸਲ ਵਿਚ ਪੰਜਾਬ ਦੇ ਨੌਜਵਾਨਾਂ ਉਤੇ ਵਰਤ ਰਹੇ ਕਹਿਰ ਦੀ ਚੀਸ ਹੈ। ਇਸ ਚੀਸ ਅੰਦਰ ਬੇਵਸੀ ਦੇ ਝੱਖੜ ਝੁੱਲਦੇ ਦਿਸਦੇ ਹਨ ਅਤੇ ਇਸ ਹਨੇਰੇ ਦੌਰ ਦੀ ਕਾਲਖ ਜ਼ਿਹਨ 'ਤੇ ਸਿੱਧੀ ਮਾਰ ਕਰਦੀ ਹੈ। -ਸੰਪਾਦਕ***

ਰਾਤ ਦੀ ਇਹ ਸਨੋਅ ਹਟਣ ਦਾ ਨਾਂ ਹੀ ਨਹੀਂ ਲੈਂਦੀ। ਸਨੋਅ ਸਟਾਰਮ ਦੀ ਵਾਰਨਿੰਗ ਹੋ ਗਈ ਹੈ।

"ਹਾਏ ਰੱਬਾ! ਮੈਂ ਕੱਲੀ ਜਾਨ ਕੀ ਕਰਾਂ। ਸਾਰੇ ਕੰਮਾਂ ਕਾਰਾਂ ਤੋਂ ਛੁੱਟੀ ਹੋ ਗਈ, ਸਕੂਲ ਤਾਂ ਇਨ੍ਹਾਂ ਮੁਲਕਾਂ 'ਚ ਪਹਿਲਾਂ ਹੀ ਬੰਦ ਕਰ ਦਿੰਦੇ ਨੇ। ਨਿਊ ਜਰਸੀ ਦੀਆਂ ਸੜਕਾਂ ਤਾਂ ਲੱਗਦੈ, ਰਾਤ ਤੀਕ ਚਿੱਟੀ ਲੋਈ ਦੀ ਬੁੱਕਲ 'ਚ ਕਿਧਰੇ ਗੁਆਚ ਹੀ ਜਾਣਗੀਆਂ! ਟੀ ਵੀ ਰੇਡੀਓ ਵਾਲੇ ਤਾਂ ਕਹਿੰਦੇ ਨੇ ਕਿ ਅੱਜ ਸ਼ਾਮ ਤੀਕ 3.5 ਫੁੱਟ ਸਨੋਅ ਪੈ ਜਾਣੀ ਹੈ ਮੰਮੀ!" ਅਨੂੰ ਫੋਨ 'ਤੇ ਆਪਣੀ ਮਾਂ ਨੂੰ ਇੱਕੋ ਸਾਹ ਸਾਰਾ ਕੁਝ ਦਸਦੀ ਗਈ।

"ਮੰਮੀ ਤੁਸੀਂ ਸੁਣਦੇ ਓ? ਬੋਲਦੇ ਕਿਉਂ ਨਹੀਂ? ਹਰਕਰਨ ਵੀਰ ਦਾ ਫੋਨ ਆਇਆ ਤੁਹਾਨੂੰ ਆਸਟਰੇਲੀਆ ਤੋਂ ਕਿ ਨਹੀਂ? ਉਹ ਤਾਂ ਆਪਣੇ ਬਿਜ਼ਨਸ 'ਚ ਇੰਨਾ ਰੁਝਿਐ, ਉਹਨੂੰ ਕਿੱਥੇ ਯਾਦ ਹੋਣੈ ਕਿ ਅੱਜ ਤੁਹਾਡਾ ਜਨਮ ਦਿਨ ਹੈ! ਸੁਮੇਰ ਤੇ ਪਾਪਾ ਕਿੱਦਾਂ ਨੇ? ਸੱਚ, ਇਸ ਸਾਲ ਤਾਂ ਉਹਦੇ ਗਰੇਡ 12 ਦੇ ਪੇਪਰ ਨੇ, ਉਹ ਚੱਜ ਨਾਲ ਪੜ੍ਹਦਾ ਵੀ ਹੈ ਕਿ ਨਹੀਂ? ਕਿ ਮੈਂ ਆਵਾਂ ਇਹਨੂੰ ਪੜ੍ਹਾਉਣ! ਤੁਸੀਂ ਸੁਣਦੇ ਓ ਮੰਮਾ? ਬੋਲੋ ਕੁਝ! ਕੀ ਸੋਚੀ ਜਾਂਦੇ ਓ?"

ਅਨੂੰ ਆਪਣੀ ਮਾਂ ਨੂੰ ਖਿਝ ਕੇ ਬੋਲੀ, "ਮੰਮਾ ਤੁਸੀਂ ਗੱਲ ਦੱਸੋ ਕੀ ਹੋਈ ਹੈ? ਤੁਸੀਂ ਮੇਰੀ ਪਾਪਾ ਨਾਲ ਗੱਲ ਕਰਵਾਓ। ਕਿੱਥੇ ਨੇ ਉਹ?"



ਦਵਿੰਦਰ ਕੌਰ ਕੈਨੇਡਾ
davindergkaur@gmail.com

"ਉਹ, ਉਹ ਬਾਹਰ ਬੈਠੇ ਨੇ ਇਸ ਵੇਲੇ!"

"ਕਿਉਂ, ਉਹ ਸੁੱਤੇ ਨੀ ਹਾਲੇ ਤੱਕ?"

"ਨਹੀਂ, ਵਕੀਲ ਸਾਹਿਬ ਆਏ ਨੇ।"

"ਆਹ ਕਿਹੜਾ ਟਾਈਮ ਆ ਵਕੀਲ ਦੇ ਘਰ ਆਉਣ ਦਾ? ਸਭ ਸੁੱਖ ਸਾਂਦ ਆ, ਦੱਸੋ ਮੈਨੂੰ?" ਅਨੂੰ ਦੀ ਚਿੰਤਾ ਉਹਦੀ ਆਵਾਜ਼ 'ਚੋਂ ਝਲਕਣ ਲੱਗੀ। ਉਹਦੀ ਮਾਂ ਨੇ ਉਹਨੂੰ ਤਾੜਦਿਆਂ ਕਿਹਾ, "ਵੇਖ ਅਨੂੰ, ਗੱਲ ਨੂੰ ਜ਼ਿਆਦਾ ਉਛਾਲੀਂ ਨਾ, ਤੇਰੇ ਪਾਪਾ ਸਾਰਾ ਕੁਝ ਹੈਂਡਲ ਕਰ ਲੈਣਗੇ ਆਪਣੇ ਆਪ। ਤੂੰ ਬੱਸ ਆਪਣੀ ਲਾਈਫ ਸੈਟ ਕਰ। ਸਾਡੇ ਨਾਲ ਜੋ ਹੋਣੈ, ਉਹ ਹੋ ਕੇ ਹੀ ਰਹਿਣੈ।"

"ਮੰਮਾ ਤੁਸੀਂ ਬੁਝਾਰਤਾਂ ਬੰਦ ਕਰੋ, ਮੈਨੂੰ ਗੱਲ ਦੱਸੋ ਕੀ ਹੋਈ ਹੈ?"

"ਹੋਣਾ ਕੀ ਐ! ਆਹ, ਤੇਰਾ ਲਾਡਲਾ ਸੁਮੇਰ ਇੱਥੇ ਸਿਆਪਾ ਪਾਈ ਬੈਠਾ। ਆਪਣੇ ਪਿਛਲੇ ਮੁਹੱਲੇ 'ਚ ਕੋਈ ਬਾਹਮਣਾਂ ਦੀ ਕੁੜੀ ਹੈ, ਇਹਦੇ ਨਾਲੋਂ ਤਿੰਨ ਸਾਲ ਛੋਟੀ; ਕਹਿੰਦੈ, ਉਹਦੇ ਨਾਲ ਵਿਆਹ ਕਰਵਾਉਣੈ। ਪਤਾ ਨ੍ਹੀਂ ਉਹ ਚੰਦਰੀ ਕਿੱਥੋਂ ਟੱਕਰ ਗਈ, ਦਿਨ ਰਾਤ ਆਹ ਅੱਗ ਲਾਉਣਾ ਵੱਟਸਐਪ ਤੇ ਫੇਸਬੁੱਕ ਨਹੀਂ ਛੱਡਦਾ। ਸਾਰਾ ਦਿਨ ਉਹਨੂੰ ਗੱਡੀ 'ਚ ਲੈ ਕੇ ਘੁੰਮਦਾ ਰਹਿੰਦਾ। ਆਹ ਸਾਰੇ ਸਿਆਪੇ ਤੇਰੇ ਪਿਉ ਦੇ ਪਾਏ ਨੇ। ਉਹਨੂੰ ਪਰਸੋਂ ਹੀ ਨਵੀਂ ਕਾਰ ਲੈ ਕੇ ਦਿੱਤੀ ਹੈ ਐਨਡੇਵਰ... ਉਹਦੇ ਨਾਲ ਜਾ ਕੇ ਮੱਥਾ ਟੇਕ ਕੇ ਆਇਆ ਫਤਿਹਗੜ੍ਹ ਸਾਹਿਬ। ਮਾਂ ਨੂੰ ਨਹੀਂ ਲੈ ਕੇ ਗਿਆ। ਉਹ ਤਾਂ ਆਪਣੀ ਕੰਮ ਵਾਲੀ ਕਾਂਤਾ ਦਾ ਭਲਾ ਹੋਵੇ, ਜੀਹਨੇ ਮੈਨੂੰ ਸਾਰਾ ਕੁਝ ਦੱਸਿਆ। ਨਹੀਂ ਇਹ ਤਾਂ ਖਬਰੇ ਕਿੰਨਾ ਚਿਰ ਸਾਡੀਆਂ ਅੱਖਾਂ 'ਚ ਮਿੱਟੀ ਤੇ ਬੁੱਢੇ ਵਾਰੇ ਸਿਰ 'ਚ ਸਵਾਹ ਪਾਉਂਦਾ। ਕਾਂਤਾ ਦੇ ਦੱਸਣ ਪਿਛੋਂ ਮੈਂ ਇਹਦੇ ਕਮਰੇ ਦੀ ਤਲਾਸ਼ੀ ਲਈ ਤਾਂ ਥੱਬਾ ਚਿੱਠੀਆਂ ਦਾ ਨਿਕਲਿਆ। ਆਹ ਜ਼ਮਾਨੇ 'ਚ ਵੀ ਉਹ ਇਹਨੂੰ ਚਿੱਠੀਆਂ ਲਿਖਦੀ ਏ। ਪੰਜ ਪੇਜ ਤਾਂ ਘਰ ਦੇ ਰਾਸ਼ਣ ਦੀ ਲਿਸਟ ਦੇ ਸੀ। ਉਹ ਗੰਦ ਵੱਢਿਆ ਉਹਨੇ ਚਿੱਠੀਆਂ 'ਚ ਕਿ ਕੋਈ ਆਦਮੀ ਤੀਵੀਂ ਵੀ ਆਪਸ 'ਚ ਆਹ ਗੱਲਾਂ ਨਹੀਂ ਕਰਦੇ। ਇਹਨੂੰ ਕਹਿੰਦੀ, 'ਮੈਂ ਤੇਰੀ ਵਾਈਫ ਵੀ ਹਾਂ ਤੇ ਮਾਂ ਵੀ।' ਦੱਸ ਭਲਾਂ, ਕੋਈ ਪੁੱਛਣ ਵਾਲਾ ਹੋਵੇ, ਆਹ ਦੋਨੋਂ ਰਿਸ਼ਤੇ ਕਿੱਦਾਂ ਨਿਭਾਵੇਂਗੀ ਤੂੰ? ਉਹਦਾ ਤਾਂ ਸਾਰਾ ਟੱਬਰ ਰਲਿਆ ਹੋਇਆ, ਕਾਂਤਾ ਨੂੰ ਕਹਿ ਕੇ ਪਤਾ ਕਰਵਾਇਆ ਤਾਂ ਕਹਿੰਦੇ ਨੇ ਮੋਟੀ ਆਸਾਮੀ ਐ, ਫਸਾ ਲਉ। ਪਿਉ ਉਹਦਾ ਸਕਿਉਰਟੀ ਗਾਰਡ ਦੀ ਨੌਕਰੀ ਕਰਦਾ। ਪੰਜ ਤਾਂ ਵਿਆਹ ਕਰਵਾਈ ਬੈਠਾ। ਮਾਂ ਬਾਰੇ ਤਾਂ ਤੂੰ ਕੁਛ ਪੁੱਛ ਹੀ ਨਾ! ਉਹਨੇ ਤਾਂ ਸ਼ਰੇਆਮ ਧੰਦਾ ਖੋਲ੍ਹਿਆ ਹੋਇਆ। ਪਤਾ ਨੀ ਕਿੱਥੇ ਕਿੱਥੇ ਧੱਕੇ ਖਾਂਦੀ ਫਿਰਦੀ ਏ।"

ਰੋਣਹਾਕੀ ਹੋਈ ਮਾਂ ਫਿਰ ਬੋਲੀ, "ਘਰ 'ਚ ਪਿਉ, ਮਤਰੇਈ ਮਾਂ, ਦਾਦੀ ਤੇ ਭਰਾ। ਸਾਰੇ ਰਲ ਕੇ ਸਾਡਾ ਘਰ ਲੁੱਟਣ ਲੱਗੇ ਹੋਏ ਨੇ। ਇਹ ਸੁਮੇਰ ਕਿਹੜਾ ਕਿਸੇ ਤੋਂ ਘੱਟ ਆ, ਜਦੋਂ ਆਪਣਾ ਹੀ ਸਿੱਕਾ ਖੋਟਾ ਹੋਵੇ ਤਾਂ ਬਾਣੀਏ ਨੂੰ ਕੀ ਦੋਸ਼। ਕਹਿੰਦੈ, ਵਿਆਹ ਕਰਵਾਉਣਾ ਉਹਦੇ ਨਾਲ, ਉਹ ਵੀ ਇਸੇ ਸਾਲ। ਮੈਂ ਤਾਂ ਸਵੇਰ ਸਾਰ ਇਹਦੇ ਮੂਹਰੇ ਹੱਥ ਜੋੜਦੀ ਆਂ, ਵੇਖ ਸੁਮੇਰ ਏਦਾਂ ਨਹੀਂ ਕਰੀਦਾ। ਤੇਰੇ ਪਿਉ ਦਾਦੇ ਦੀ ਇੱਜ਼ਤ ਨੂੰ ਦਾਗ ਲੱਗ ਜਾਣਾ। ਅਸੀਂ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਹੀਂ ਰਹਿਣਾ, ਤੂੰ ਟਲ ਜਾ...ਕਿਉਂ ਗਲੀਆਂ ਦਾ ਚਿੱਕੜ ਘਰ ਲਿਆਉਣ ਨੂੰ ਫਿਰਦੈਂ ਤੂੰ? ਅੱਜ ਤੱਕ ਤੇਰੇ ਪਾਪਾ ਨਾਲ ਕਿਸੇ ਨੇ ਉਚੀ ਆਵਾਜ਼ 'ਚ ਗੱਲ ਨਹੀਂ ਕੀਤੀ, ਪਰ ਇਹ ਕਿੱਥੇ ਮੰਨਦਾ ਕਿਸੇ ਦੀ।"

ਭਾਵੁਕ ਹੋਈ ਮਾਂ ਕਹੀ ਜਾ ਰਹੀ ਸੀ, "ਅਨੂੰ, ਇਹ ਉਹ ਸੁਮੇਰ ਨਹੀਂ ਰਿਹਾ, ਜਿਹਨੂੰ ਆਪਾਂ ਲਾਡਾਂ ਨਾਲ ਪਾਲਿਆ ਸੀ। ਦਾੜ੍ਹੀ ਵਾਲੇ ਪੁੱਤ 'ਤੇ ਕਿਹਦਾ ਹੱਥ ਚੁੱਕਣ ਨੂੰ ਦਿਲ ਕਰਦਾ ਭਲਾਂ! ਜੇ ਕੁਝ ਚੰਗਾ ਮਾੜਾ ਕਰ ਗਿਆ ਤਾਂ ਆਪਣਾ ਘਰ ਹੀ ਪੱਟਿਆ ਜਾਣਾ, ਬੇਗਾਨੀ ਧੀ ਦਾ ਕੀ ਜਾਣਾ, ਉਹ ਤਾਂ ਦਿਨ ਚੜ੍ਹਦੇ ਨੂੰ ਨਵਾਂ ਖਸਮ ਕਰ ਲਊ।

ਅਨੂੰ, ਹੁਣ ਇੱਥੇ ਉਹ ਹਾਲਾਤ ਨਹੀਂ ਰਹੇ। ਕੱਲ੍ਹ ਮੈਂ ਕਾਂਤਾ ਨੂੰ ਕਹਿ ਕੇ ਉਹਦੇ ਪਿਉ ਦਾ ਨੰਬਰ ਮੰਗਵਾਇਆ ਸੀ। ਜਦ ਫੋਨ 'ਤੇ ਗੱਲ ਕੀਤੀ ਤਾਂ ਉਹਨੇ ਨਵੀਂ ਹੀ ਗੱਲ ਕੱਢ ਸੁਣਾਈ: ਅਖੇ, ਮੈਂ ਤਾਂ ਅਜੇ 10 ਮਿੰਟ ਪਹਿਲਾਂ ਸੁਮੇਰ ਦੇ ਡੈਡੀ ਨਾਲ ਗੱਲ ਕੀਤੀ ਆ। ਉਨ੍ਹਾਂ ਨੂੰ ਰਿਸ਼ਤੇ 'ਤੇ ਕੋਈ ਇਤਰਾਜ਼ ਨਹੀਂ, ਤੇ ਅਗਲੇ ਹਫਤੇ ਉਹ ਸਾਡੇ ਨਾਲ ਵਿਆਹ ਦੀ ਗੱਲ ਕਰਨ ਆਉਣਗੇ। ਮੇਰੇ ਪੈਰਾਂ ਥੱਲਿਉਂ ਜ਼ਮੀਨ ਨਿਕਲ ਗਈ ਅਨੂੰ। ਉਹਦੇ ਮੁਹੱਲੇ ਵਾਲੇ ਦੱਸਦੇ ਨੇ ਕਿ ਸਾਰੇ ਟੱਬਰ ਨੂੰ ਸ਼ੌਪਿੰਗ ਕਰਵਾਉਂਦਾ ਫਿਰਦੈ। ਕੋਈ ਇਨ੍ਹਾਂ ਕੰਜਰਾਂ ਨੂੰ ਪੁੱਛੇ, ਤੁਸੀਂ ਇਹਨੂੰ ਵਿਹਲੇ ਨੂੰ ਕੁੜੀ ਦੇਣੀ ਆਂ? ਅੱਜ ਇਹਦਾ ਪਿਉ ਇਹਨੂੰ ਘਰੋਂ ਕੱਢ ਦੇਵੇ, ਇਹ ਕਿੱਥੋਂ ਕਮਾ ਕੇ ਖਵਾਊ ਤੁਹਾਡੀ ਧੀ ਨੂੰ? ਕੱਲ੍ਹ ਨੂੰ ਫਿਰ ਤਲਾਕ ਹੁੰਦੇ ਫਿਰਨਗੇ। ਇਕ ਦੀਆਂ ਦੋ ਕਰ ਕੇ ਛੱਡ ਦਊਗਾ। ਮੈਂ ਕਿਹਾ ਉਹਦੇ ਪਿਉ ਨੂੰ। ਅਨੂੰ...ਅਨੂੰ ਬੋਲਦੀ ਨਹੀਂ?"

"ਹਾਂਜੀ ਮੰਮਾ...ਮੈਂ ਕੀ ਬੋਲਾਂ! ਤੁਸੀਂ ਮੈਨੂੰ ਨੰਬਰ ਦਿਉ ਉਹਦੇ ਪਿਉ ਦਾ। ਮੈਂ ਕਰਦੀ ਆਂ ਗੱਲ।"

"ਤੂੰ ਛੱਡ ਪਰੇ, ਤੇਰੇ ਪਾਪਾ ਆਪੇ ਨਿੱਬੜ ਲੈਣਗੇ। ਚੱਲ ਚੰਗਾ, ਮੈਂ ਫੋਨ ਰੱਖਦੀ ਆਂ। ਫਿਰ ਗੱਲ ਕਰਾਂਗੀ। ਆਪਣਾ ਖਿਆਲ ਰੱਖੀਂ, ਮਾਈਗਰੇਨ ਦੀ ਦਵਾਈ ਟਾਈਮ ਨਾਲ ਖਾਂਦੀ ਰਹੀਂ।"

"ਮੰਮਾ ਤੁਸੀਂ ਮੇਰੀ ਫਿਕਰ ਛੱਡੋ ਤੇ ਆਪਣੀ ਸ਼ੂਗਰ ਦੀ ਦਵਾਈ ਖਾਣੀ ਨਾ ਭੁੱਲਣਾ! ਕੱਲ੍ਹ ਫਿਰ ਫੋਨ ਕਰਾਂਗੀ।"

ਅਨੂੰ ਦੀ ਮਾਂ ਨੇ ਫੋਨ ਤਾਂ ਰੱਖ ਦਿੱਤਾ, ਪਰ ਅਨੂੰ ਦਾ ਦਿਲ ਨਾ ਖੜ੍ਹੇ। ਉਹਨੇ ਸੁਮੇਰ ਨੂੰ ਫੋਨ ਕਰ ਕੇ ਪੁੱਛਣ ਦੀ ਕੋਸ਼ਿਸ਼ ਕੀਤੀ ਤਾਂ ਉਹ ਸਾਫ ਮੁੱਕਰ ਗਿਆ। ਸਾਰਾ ਦਿਨ ਉਹਦਾ ਮਨ ਭੱਜਦਾ ਰਿਹਾ, ਕਦੀ ਇੰਡੀਆ ਕਦੀ ਅਮਰੀਕਾ। ਸਨੋਅ ਸਟਾਰਮ ਕਰ ਕੇ ਸਾਰੇ ਰਸਤੇ ਬੰਦ ਹੋ ਗਏ। ਉਹਦਾ ਜੀਅ ਨਹੀਂ ਸੀ ਲੱਗ ਰਿਹਾ। ਘਰ ਦੀ ਸਫਾਈ ਕਰਨ ਲੱਗੀ। ਸ਼ੀਸ਼ੇ ਵਾਂਗ ਸਾਰਾ ਅਪਾਰਟਮੈਂਟ ਤਾਂ ਲਿਸ਼ਕਣ ਲੱਗ ਪਿਆ, ਪਰ ਉਹਦਾ ਮਨ ਜਿਸ ਅੰਦਰ ਸ਼ਾਇਦ ਫਿਕਰਾਂ ਦੀ ਸੁਨਾਮੀ ਆ ਗਈ ਸੀ, ਉਹਨੂੰ ਕਿੰਝ ਸਾਫ ਕਰੇ? ਉਹ ਆਪਣੇ ਲਿਵਿੰਗ ਰੂਮ ਦੀ ਬਾਰੀ ਥਾਣੀਂ ਸਾਹਮਣੇ ਸਕੂਲ ਵਿਚ ਲੱਗੇ ਝੂਲਿਆਂ ਵੱਲ ਵਿੰਹਦੀ ਆਪਣੇ ਬਚਪਨ 'ਚ ਕਿਧਰੇ ਗੁਆਚ ਗਈ। ਸੋਚਾਂ ਦੀਆਂ ਹਨੇਰੀਆਂ ਨੇ ਆਪਣੇ ਘਰ 'ਚ ਲੱਗੀ ਪੀਂਘ ਕੋਲ ਖੜ੍ਹੀ ਕਰ ਦਿੱਤਾ ਜਿਥੇ ਉਹ ਆਪਣੇ ਵੱਡੇ ਭਰਾ ਹਰਕਰਨ ਅਤੇ ਨਿੱਕੇ ਸੁਮੇਰ ਨਾਲ ਖੇਡਿਆ ਕਰਦੀ ਸੀ। ਸੁਮੇਰ, ਅਨੂੰ ਤੇ ਹਰਕਰਨ ਦਾ ਲਾਡਲਾ ਸੀ। ਬਹੁਤ ਆਲੀਸ਼ਾਨ ਵੱਡੀ ਹਵੇਲੀ 'ਚ ਰਹਿੰਦਾ ਇਹ ਪਰਿਵਾਰ ਪੰਜਾਬ ਦੇ ਮੰਨੇ ਹੋਏ ਅਮੀਰ ਪਰਿਵਾਰਾਂ ਵਿਚੋਂ ਸੀ। ਅਨੂੰ ਤੇ ਉਸ ਦੇ ਭਰਾਵਾਂ ਨੇ ਕਦੀ ਪਾਣੀ ਦਾ ਗਲਾਸ ਵੀ ਆਪ ਚੁੱਕ ਕੇ ਨਹੀਂ ਸੀ ਵੇਖਿਆ। ਉਨ੍ਹਾਂ ਦੀ ਮਾਂ ਰੱਬ ਦਾ ਨਾਂ ਲੈਣ ਵਾਲੀ, ਨੇਕ, ਦਰਿਆ ਦਿਲ, ਅਣਖੀ ਔਰਤ ਸੀ।

ਅਨੂੰ ਦੇ ਵਿਆਹ ਮੌਕੇ ਸੁਮੇਰ ਸਿਰਫ ਬਾਰਾਂ ਕੁ ਸਾਲ ਦਾ ਸੀ। ਫਿਰ ਅਨੂੰ ਗੁਰਬੀਰ ਨਾਲ ਵਿਆਹ ਤੋਂ ਦੋ ਕੁ ਸਾਲ ਬਾਅਦ ਅਮਰੀਕਾ ਆ ਗਈ, ਪਰ ਉਹਦਾ ਦਿਲ ਤਾਂ ਅਜੇ ਵੀ ਬਾਬਲ ਦੇ ਘਰ ਹੀ ਧੜਕਦਾ ਸੀ। ਪਰਦੇਸ ਦੀ ਭੱਜ-ਨੱਠ ਵਿਚ ਵੀ ਉਹਦਾ ਪੇਕਿਆਂ ਪ੍ਰਤੀ ਮੋਹ ਘਟਿਆ ਨਹੀਂ ਸੀ, ਤੇ ਸ਼ਾਇਦ ਇਹੀ ਕਾਰਨ ਸੀ ਉਹਦੇ ਤੇ ਗੁਰਬੀਰ ਦੇ ਤਲਾਕ ਦਾ।

ਵਕਤ ਤੁਰਦਾ ਗਿਆ। ਅਨੂੰ ਸਕੂਲ 'ਚ



ਕੈਮਿਸਟਰੀ ਪੜ੍ਹਾਉਂਦੀ ਤੇ ਪਾਰਟ ਟਾਈਮ ਕਿਸੇ ਫਾਰਮੇਸੀ 'ਤੇ ਜੌਬ ਵੀ ਕਰਦੀ, ਪਰ ਅੱਜ ਦੇ ਸਨੋਅ ਸਟਾਰਮ ਨੇ ਉਹਨੂੰ ਕਿਤੇ ਉਲਝਾ ਲਿਆ ਸੀ। ਸ਼ਾਮ ਦੇ ਛੇ ਵੱਜ ਗਏ ਸੀ। ਉਹਦੇ ਹੱਥ 'ਚ ਫੜਿਆ ਕੌਫੀ ਦਾ ਕੱਪ ਠੰਢਾ ਹੋ ਚੁੱਕਾ ਸੀ। ਕੰਬਲ ਦੀ ਬੁੱਕਲ ਮਾਰੀ ਹਨੇਰੇ 'ਚ ਬੈਠੀ ਅਨੂੰ ਦੇ ਮਨ ਅੰਦਰਲਾ ਹਨੇਰਾ ਹੋਰ ਵੀ ਗਹਿਰਾ ਹੁੰਦਾ ਜਾ ਰਿਹਾ ਸੀ।

---

ਅਚਾਨਕ ਡੋਰ ਬੈਲ ਵੱਜੀ ਤੇ ਅਨੂੰ ਦਾ ਧਿਆਨ ਟੁੱਟਿਆ। ਉਹਨੇ ਭੱਜ ਕੇ ਡੋਰ ਖੋਲ੍ਹੀ ਤਾਂ ਸਾਹਮਣੇ ਉਹਦੀ ਸਹੇਲੀ ਕਿਰਨ ਖੜੀ ਸੀ। ਅਨੂੰ ਦੇ ਅਪਾਰਟਮੈਂਟ 'ਚ ਪਸਰਿਆ ਹਨੇਰਾ ਤੇ ਮੂੰਹ ਦਾ ਬੱਗਾ ਰੰਗ ਵੇਖ ਕੇ ਕਿਰਨ ਨੇ ਪਲਾਂ 'ਚ ਹੀ ਬੁਝ ਲਿਆ, ਜ਼ਰੂਰ ਅਨੂੰ ਦੇ ਪੇਕੇ ਘਰ ਕੋਈ ਪਰੇਸ਼ਾਨੀ ਵਾਲੀ ਗੱਲ ਹੈ। ਕਿਰਨ ਨੇ ਲਾਈਟਾਂ ਔਨ ਕੀਤੀਆਂ ਤੇ ਪਿਆਰ ਨਾਲ ਉਹਦੀ ਬੈਚੇਨੀ ਦਾ ਕਾਰਨ ਪੁੱਛਿਆ। ਅਨੂੰ ਆਪਣਾ ਦੁੱਖ ਕਿਰਨ ਨੂੰ ਦੱਸ ਕੇ ਸ਼ਾਂਤ ਤਾਂ ਜ਼ਰੂਰ ਹੋਈ, ਪਰ ਸਵਾਲਾਂ ਦੇ ਭਾਰ ਹੇਠ ਉਹਨੂੰ ਆਪਣੇ ਰਿਸ਼ਤੇ ਦਫਨ ਹੁੰਦੇ ਨਜ਼ਰ ਆ ਰਹੇ ਸਨ। ਕਿਰਨ ਨੇ ਉਹਨੂੰ ਇੰਡੀਆ ਜਾਣ ਦੀ ਸਲਾਹ ਦਿੱਤੀ ਤੇ ਚਲੀ ਗਈ।

---

ਅਨੂੰ ਦੇਰ ਤੱਕ ਇੰਡੀਆ ਫੋਨ ਮਿਲਾਉਂਦੀ ਰਹੀ, ਪਰ ਕੋਈ ਜਵਾਬ ਨਹੀਂ ਆਇਆ। ਰਾਤ ਦੇ ਦੋ ਕੁ ਵਜੇ ਅਨੂੰ ਦੀ ਅੱਖ ਲੱਗੀ ਹੀ ਸੀ, ਅਚਾਨਕ ਫੋਨ ਦੀ ਬੈਲ ਵੱਜੀ। ਉਹਨੇ ਭੱਜ ਕੇ ਫੋਨ ਚੁੱਕਿਆ, ਅਗੇ ਮਾਂ ਸੀ।

"ਅਨੂੰ ਸੁਮੇਰ ਦੀ ਕਲਾਸਮੇਟ ਦਾ ਫੋਨ ਆਇਆ ਸੀ। ਉਹਨੇ ਦੱਸਿਆ ਕਿ ਕੁੜੀ ਦੀ ਮਾਸੀ ਤੇ ਭੂਆ ਉਨ੍ਹਾਂ ਦਾ ਗੁਰਦੁਆਰੇ ਵਿਚ ਵਿਆਹ ਕਰਨ ਨੂੰ ਫਿਰਦੀਆਂ ਨੇ, ਤੇ ਸੁਮੇਰ ਨੂੰ ਧਮਕੀ ਦੇ ਰਹੇ ਨੇ ਕਿ ਜੇ ਤੂੰ ਵਿਆਹ ਨਾ ਕਰਵਾਇਆ ਤਾਂ ਅਸੀਂ ਤੇਰੇ 'ਤੇ ਬਲਾਤਕਾਰ ਦਾ ਕੇਸ ਕਰਾਂਗੇ।"

"ਪਰ ਮੰਮਾ, ਕੁੜੀ ਤਾਂ ਹਾਲੇ ਪੰਦਰਾਂ ਸਾਲ ਦੀ ਹੈ, ਉਹਦੇ ਨਾਲ ਵਿਆਹ ਕਿਵੇਂ ਹੋਜੂ, ਤੁਸੀਂ ਦੱਸੋ?"

"ਉਹਨੇ ਇਹ ਵੀ ਦੱਸਿਆ ਕਿ ਜੇ ਵਿਆਹ ਨਹੀਂ ਕਰਵਾਉਣਾ, ਤਾਂ ਤੇਰੇ ਪਾਪਾ ਆਪਣੀ ਨਿਆਈਂ ਵਾਲੀ ਜ਼ਮੀਨ ਕੁੜੀ ਦੇ ਨਾਂ ਲਵਾਉਣ। ਤੇਰੇ ਪਾਪਾ ਨੇ ਕਿਹਾ ਕਿ ਅਨੂੰ ਨੂੰ ਕਹਿ, ਜਿਹੜੀ ਪਹਿਲੀ ਫਲਾਈਟ ਮਿਲਦੀ ਹੈ, ਉਹ ਲੈ ਕੇ ਇੰਡੀਆ ਆ ਜਾਵੇ। ਕੱਲ੍ਹ ਹਰਕਰਨ ਨੇ ਵੀ ਪਹੁੰਚ ਜਾਣਾ। ਕੁੜੀ ਤਾਂ ਇਹ ਵੀ ਦੱਸਦੀ ਹੈ ਕਿ ਉਹ ਜਿਹੜੇ ਸਕੂਲ 'ਚ ਪੜ੍ਹਦੀ ਹੈ, ਉਸ ਦੀਆਂ ਟੀਚਰਾਂ ਵੀ ਉਸ ਨਾਲ ਰਲ ਗਈਆਂ ਨੇ। ਉਹ ਸੁਮੇਰ ਤੋਂ ਪੈਸੇ ਲੈ ਕੇ ਉਸ ਕੁੜੀ ਨਾਲ ਮਿਲਵਾਉਂਦੀਆਂ ਨੇ, ਅਨੂੰ! ਆਪਣਾ ਘਰ ਉਜੜ ਜਾਣੈ। ਉਨ੍ਹਾਂ ਨੇ ਸੁਮੇਰ ਨੂੰ ਨਸ਼ਾ ਕਰਨ ਲਾ'ਤਾ। ਕੁੜੀ ਦੀ ਦਾਦੀ ਨੇ ਕਿਹਾ ਕਿ ਮੁੰਡਾ ਦੋ ਚਾਰ ਸਾਲਾਂ 'ਚ ਆਪ ਹੀ ਮਰ-ਮਰਾ ਜਾਊ, ਸਾਡੀ ਕੁੜੀ ਦੀ ਕਿਹੜਾ ਜਵਾਨੀ ਢਲਣ ਲੱਗੀ ਹੈ, ਦੂਜਾ ਵਿਆਹ ਕਰ ਦੇਵਾਂਗੇ। ਹੁਣੇ ਤਾਂ ਸਾਡੇ ਕੋਲ ਮੌਕਾ, ਦੋਹਾਂ ਹੱਥਾਂ ਨਾਲ ਲੁੱਟ ਲੋ!

ਸੁਮੇਰ ਕੱਲ੍ਹ ਰਿਵਾਲਵਰ ਚੁੱਕੀ ਫਿਰਦਾ ਸੀ। ਪਾਪਾ ਨੂੰ ਕਹਿੰਦਾ, ਮੇਰਾ ਵਿਆਹ ਕਰੋ, ਨਹੀਂ ਗੋਲੀ ਮਾਰਦਾਂ ਆਪਣੇ। ਕੱਲ੍ਹ ਰਾਤ ਦਾ ਘਰ ਨਹੀਂ ਵੜਿਆ, 65 ਲੱਖ ਕੈਸ਼ ਤੇ 30 ਤੋਲੇ ਸੋਨਾ ਗਾਇਬ ਆ ਲਾਕਰ 'ਚੋਂ। ਜਾਂਦਾ ਚਿਠੀ ਛੱਡ ਗਿਆ ਕਿ ਕੁੜੀ ਦੀ ਭੂਆ ਸਾਨੂੰ ਇੰਗਲੈਂਡ ਭੇਜ ਰਹੀ ਹੈ ਤੇ ਏਜੰਟ ਨੂੰ ਦੇਣ ਲਈ ਪੈਸਿਆਂ ਦੀ ਲੋੜ ਹੈ। ਮੇਰੀ ਉਡੀਕ ਨਾ ਕਰਿਓ।" ਇਹ ਸਭ ਦੱਸ ਕੇ ਅਨੂੰ ਦੀ ਮਾਂ ਰੋਣ ਲੱਗੀ।

"ਮੰਮਾ! ਮੰਮਾ! ਤੁਸੀਂ ਹੌਸਲਾ ਰੱਖੋ। ਮੇਰੀ ਪਾਪਾ ਨਾਲ ਗੱਲ ਕਰਵਾਉ।"

"ਤੇਰੇ ਪਾਪਾ ਡਰਾਇੰਗ ਰੂਮ 'ਚ ਬੈਠੇ ਨੇ ਕਮਿਸ਼ਨਰ ਸਾਹਿਬ ਕੋਲ। ਅਨੂੰ, ਤੂੰ ਛੇਤੀ ਆ ਜਾ ਪੁੱਤ, ਕਿਤੇ ਦੇਰ ਨਾ ਹੋ ਜਾਵੇ।"

ਮਾਂ ਦਾ ਫੋਨ ਕੱਟ ਅਨੂੰ ਉਚੀ ਉਚੀ ਰੋਣ ਲੱਗੀ। ਆਪਣਾ ਆਪਾ ਸਾਂਭ ਉਹਨੇ ਸੂਟਕੇਸ ਪੈਕ ਕੀਤਾ। ਪਾਸਪੋਰਟ ਤੇ ਕਰੈਡਿਟ-ਡੈਬਿਟ ਕਾਰਡ ਵਾਲਟ 'ਚ ਰੱਖ ਫੋਨ ਚਾਰਜ 'ਤੇ ਲਾਇਆ। ਸਵੇਰ ਦੇ ਪੰਜ ਵੱਜ ਗਏ ਉਹਨੂੰ ਸਾਰਾ ਸਮਾਨ ਸੰਭਾਲਦੀ ਨੂੰ। ਉਹਨੇ ਆਪਣੇ ਦੋਵੇਂ ਕੰਮਾਂ 'ਤੇ ਈਮੇਲ ਰਾਹੀਂ 2 ਮਹੀਨੇ ਦੀ ਛੁੱਟੀ ਲਈ ਫਾਰਮ ਸਕੈਨ ਕਰ ਕੇ ਭੇਜ ਦਿੱਤੇ। ਅਪਾਰਟਮੈਂਟ ਦੀ ਮੌਰਗੇਜ਼ ਦੀਆਂ ਤਿੰਨ ਕਿਸ਼ਤਾਂ ਸੇਵਿੰਗ 'ਚੋਂ ਕੱਢ ਕੇ ਚੈਕਿੰਗ 'ਚ ਪਾ ਦਿਤੀਆਂ, ਸਾਰੇ ਬਿੱਲ ਅਦਾ ਕਰ, ਕੋਲ 3365 ਡਾਲਰ ਬਚੇ ਜਿਸ ਵਿਚੋਂ ਉਹਨੇ 2341 ਡਾਲਰ ਦੀ ਐਮਰਜੈਂਸੀ ਟਿਕਟ ਬੁੱਕ ਕੀਤੀ ਤੇ ਨਾਲ ਹੀ ਟੈਕਸੀ ਬੁੱਕ ਕਰ ਕੇ ਨਹਾਉਣ ਚਲੀ ਗਈ। ਕਿੰਨਾ ਚਿਰ ਉਹ ਬਾਥ ਟੱਬ 'ਚ ਬੈਠੀ ਸੋਚਦੀ ਰਹੀ ਕਿ ਹੁਣ ਕੀ ਬਣੇਗਾ, ਪਰ ਸ਼ਾਇਦ ਹੁਣ ਸੋਚਣ ਦਾ ਸਮਾਂ ਲੰਘ ਚੁੱਕਾ ਸੀ। ਕੁਝ ਕਰਨ ਦਾ ਸਮਾਂ ਵੀ ਕਿਤੇ ਲੰਘ ਨਾ ਜਾਵੇ, ਇਹ ਸੋਚ ਉਹ ਕਾਹਲੀ ਨਾਲ ਉਠ ਖੜ੍ਹੀ ਹੋਈ।

ਕਿਰਨ ਨੂੰ ਫੋਨ ਕਰ ਕੇ ਘਰ ਬੁਲਾ ਕੇ ਚਾਬੀਆਂ ਉਸ ਨੂੰ ਫੜਾ ਦਿੱਤੀਆਂ। ਉਹਨੂੰ ਲਿਵਿੰਗ ਰੂਮ ਦੀ ਕੰਧ 'ਤੇ ਲੱਗੀ ਆਪਣੇ ਪਰਿਵਾਰ ਦੀ ਤਸਵੀਰ ਟੁੱਟਦੀ ਨਜ਼ਰ ਆਈ। ਡਾਈਨਿੰਗ ਟੇਬਲ ਦੇ ਵਾਸ 'ਚ ਪਏ ਫੁੱਲ ਰਾਤੋ-ਰਾਤ ਕੁਮਲਾ ਗਏ। ਮੌਸਮ ਦੀ ਬੇਰੁਖੀ ਇਹ ਵੀ ਬਰਦਾਸ਼ਤ ਨਹੀਂ ਕਰ ਸਕੇ ਸ਼ਾਇਦ! ਉਹਨੇ ਹਉਕਾ ਲੈਂਦਿਆਂ ਕਿਰਨ ਨੂੰ ਕਿਹਾ, "ਔਹ ਵੇਖ ਝੂਮਰ ਉਪਰ ਮੱਕੜੀ ਕਿਵੇਂ ਜਾਲ ਬੁਣ ਰਹੀ ਹੈ। ਸ਼ਾਇਦ, ਇਹਨੂੰ ਵੀ ਪਤਾ ਲੱਗ ਗਿਆ ਹੈ ਕਿ ਮੈਂ ਘਰੋਂ ਚੱਲੀ ਹਾਂ, ਹੁਣ ਇਹਨੂੰ ਕਿਹੜਾ ਕਿਸੇ ਨੇ ਵੇਖਣਾ! ਠੀਕ ਉਸੇ ਤਰ੍ਹਾਂ ਜਿਵੇਂ ਸੁਮੇਰ ਨੂੰ ਉਨ੍ਹਾਂ ਜਾਲ 'ਚ ਫਸਾ ਲਿਆ। ਕਿਰਨ ਤੂੰ ਪਲੀਜ਼ ਘਰ ਗੇੜਾ ਮਾਰਦੀ ਰਹੀਂ। ਲੱਗਦੈ ਮੇਰੀ ਟੈਕਸੀ ਆ ਗਈ।"

ਕਿਰਨ ਤੇ ਅਨੂੰ ਐਲੀਵੇਟਰ ਰਾਹੀਂ ਲੌਬੀ 'ਚ ਆ ਗਈਆਂ। ਮਿਸਿਜ਼ ਫਰਨੈਂਡਿਜ਼ ਦੀ ਬੇਟੀ ਨੂੰ ਆਪਣੇ ਭਰਾ ਨਾਲ ਖੇਡਦੇ ਵੇਖ ਅਨੂੰ ਭੁੱਬਾਂ ਮਾਰ-ਮਾਰ ਰੋਣ ਲੱਗੀ। ਉਹਨੇ ਆਪਣਾ ਸਿਰ ਗੋਡਿਆਂ 'ਚ ਦੇ ਲਿਆ। ਕਿਰਨ ਸੂਟਕੇਸ ਛੱਡ ਉਹਨੂੰ ਚੁੱਪ ਕਰਵਾਉਣ ਲੱਗੀ, "ਚੱਲ ਅਨੂੰ, ਉਠ ਕਿਤੇ ਫਲਾਈਟ ਨਾ ਮਿਸ ਹੋ ਜਾਵੇ।"

ਲੌਬੀ ਦੀ ਇਕ ਇਕ ਚੀਜ਼ ਅੱਜ ਉਹਨੂੰ ਓਪਰੀ ਜਾਪ ਰਹੀ ਸੀ। ਇਹ ਉਹ ਲੌਬੀ ਸੀ ਜਿੱਥੇ ਅਨੂੰ ਕੰਮ ਤੋਂ ਆ ਕੇ ਘੰਟਾ ਭਰ ਜ਼ਰੂਰ ਬੈਠਦੀ, ਜੁਆਕਾਂ ਨਾਲ ਖੇਡਦੀ। ਸਾਹਮਣੇ ਕੋਰੀਡੋਰ 'ਚ ਬਣਿਆ ਕਿਡਜ਼ ਸਪੌਟ ਉਹਦਾ ਪਸੰਦੀਦਾ ਥਾਂ ਸੀ ਤੇ ਜੇ ਕਿਤੇ ਉਨ੍ਹਾਂ ਦੇ ਥਿਏਟਰ ਰੂਮ ਵਿਚ ਕਾਰਟੂਨ ਮੂਵੀ ਲੱਗਦੀ ਤਾਂ ਅਨੂੰ ਜ਼ਰੂਰ ਟਿਕਟ ਲੈ ਕੇ ਬੱਚਿਆਂ ਨਾਲ ਬੈਠ ਕੇ ਮੂਵੀ ਦੇਖਦੀ। ਕਿਡਜ਼ ਸਪੌਟ ਵਿਚ ਖੇਡ ਕੇ ਉਹ ਜਵਾਨੀ ਵਿਚ ਬਚਪਨ ਨੂੰ ਜਿਉਂਦਾ ਰੱਖਣ ਦਾ ਯਤਨ ਕਰਦੀ। ਇਸ ਅਪਾਰਟਮੈਂਟ ਬਿਲਡਿੰਗ ਵਿਚ ਉਹ ਇਕੱਲੀ ਇੰਡੀਅਨ ਸੀ।

ਦੋਵੇਂ ਸਹੇਲੀਆਂ ਗਲ ਲੱਗ ਮਿਲੀਆਂ। ਅਨੂੰ ਟੈਕਸੀ 'ਚ ਬੈਠ ਕੇ ਏਅਰਪੋਰਟ ਵੱਲ ਰਵਾਨਾ ਹੋ ਗਈ। ਉਹਨੇ ਸਕਿਉਰਟੀ ਚੈੱਕ ਤੋਂ ਬਾਅਦ ਇੰਡੀਆ ਫੋਨ ਕਰ ਕੇ ਦੱਸਿਆ ਕਿ ਉਹ ਤੁਰ ਪਈ ਹੈ।

---

ਅਨੂੰ ਅੰਮ੍ਰਿਤਸਰ ਏਅਰਪੋਰਟ ਪਹੁੰਚੀ। ਉਹਦਾ ਵੱਡਾ ਭਰਾ ਹਰਕਰਨ ਉਹਨੂੰ ਲੈਣ ਆਇਆ। ਦੋਵੇਂ 3 ਸਾਲ ਬਾਅਦ ਮਿਲੇ। ਵੀਰ ਨੂੰ ਗਲ ਲਾ ਕੇ ਅਨੂੰ ਨੂੰ ਨਿੱਘ ਤਾਂ ਮਿਲਿਆ, ਪਰ ਚੈਨ ਨਹੀਂ। ਅਨੂੰ ਨੇ ਹਰਕਰਨ ਨੂੰ ਦਰਬਾਰ ਸਾਹਿਬ ਜਾਣ ਨੂੰ ਕਿਹਾ। ਦਰਸ਼ਨੀ ਡਿਓਢੀ ਦੇ ਦਰਸ਼ਨ ਕਰ ਉਹਨੇ ਪਰਿਵਾਰ ਦੀ ਸੁੱਖ ਸ਼ਾਂਤੀ ਤੇ ਜੀਆਂ ਦੀ ਤੰਦਰੁਸਤੀ ਲਈ ਅਰਦਾਸ ਕੀਤੀ। ਇਸ ਤੋਂ ਬਾਅਦ ਮੁੜ ਭੀੜ ਨੂੰ ਚੀਰਦੀ ਹੋਈ ਉਨ੍ਹਾਂ ਦੀ ਗੱਡੀ ਅਮਲੋਹ ਵੱਲ ਤੁਰ ਪਈ।

---

ਸਫਰ ਦੌਰਾਨ ਅਨੂੰ ਨੂੰ ਪੰਜਾਬ ਆਪਣੇ ਵਰਗਾ ਹੀ ਬੇਸਹਾਰਾ ਤੇ ਨਿਰਾਸ਼ ਲੱਗਿਆ। ਉਹ ਸੋਚਦੀ ਰਹੀ ਕਿ ਵੱਸਦੇ ਪੰਜਾਬ ਨੂੰ ਕੀਹਦੀ ਨਜ਼ਰ ਲੱਗ ਗਈ! ਲੋਕਾਂ ਦੇ ਦਿਲ ਛੱਲ-ਕਪਟ ਨਾਲ ਕਿਉਂ ਭਰ ਗਏ?

---

ਹਰਕਰਨ ਤੇ ਅਨੂੰ ਘਰ ਪਹੁੰਚੇ। ਛੋਟੀ ਇੱਟ ਨਾਲ ਰਵਾਇਤੀ ਢੰਗ ਦੀ ਬਣੀ ਹੋਈ ਇਹ ਹਵੇਲੀ ਅੱਜ ਕਿਸੇ ਗਰੀਬ ਦੀ ਕਿਸਮਤ ਵਰਗੀ ਬੇਰੰਗ ਜਾਪ ਰਹੀ ਸੀ। ਉਹਨੂੰ ਉਡੀਕ ਸੀ, ਕਿਸੇ ਦੀ ਅਸੀਸ ਦੀ ਤਾਂ ਜੋ ਮੁੜ ਇਹ ਬਾਗ ਬਗੀਚੇ ਹਰੇ ਹੋ ਜਾਣ। ਪੱਤਝੜ ਦੀ ਇਹ ਰੁੱਤ ਸਦੀ ਵਾਂਗ ਲੰਬੀ ਹੋ ਗਈ ਸੀ। ਉਹ ਪੀਂਘ ਜਿਸ ਨੂੰ ਝੂਟ ਕੇ ਉਹ ਤੇ ਉਹਦੇ ਭਰਾਵਾਂ ਨੇ ਬਚਪਨ ਬਿਤਾਇਆ ਸੀ,

*(ਬਾਕੀ ਅਗਲੇ ਸਫੇ 'ਤੇ)*

# ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

## ਮੁਹੱਬਤੀ ਜਿਊੜੇ ਵੰਡਣ ਮੁਹੱਬਤਾਂ

ਨਰਿੰਦਰ ਗਰੀਬ ਮਾਪਿਆਂ ਦਾ ਮੁੰਡਾ ਸੀ ਪਰ ਉਸ ਦੀ ਬਚਪਨ ਤੋਂ ਯਾਰੀ ਪਿੰਡ ਦੇ ਅਮੀਰ ਪਰਿਵਾਰ ਦੇ ਮੁੰਡੇ ਰਣਜੀਤ ਨਾਲ ਪੈ ਗਈ। ਉਹ ਕਦੇ ਵੀ ਆਪਸ ਵਿਚ ਲੜੇ ਨਹੀਂ ਸਨ। ਦੋਵਾਂ ਦੀਆਂ ਸ਼ਕਲਾਂ ਵੀ ਇਕੋ ਜਿਹੀਆਂ ਸਨ ਜਿਵੇਂ ਜੌੜੇ ਭਰਾ ਹੋਣ। ਰਣਜੀਤ ਦੇ ਮਾਪੇ ਵੀ ਨਰਿੰਦਰ ਨੂੰ ਰਣਜੀਤ ਜਿੰਨਾ ਹੀ ਪਿਆਰ ਕਰਦੇ। ਹਰ ਚੀਜ਼ ਰਣਜੀਤ ਨਾਲ ਦੀ ਲੈ ਕੇ ਦਿੰਦੇ। ਦੋਵਾਂ ਦੀ ਮਿੱਤਰਤਾ ਉਤੇ ਲੋਕਾਂ ਨੂੰ ਵੀ ਰਸਕ ਹੋਣ ਲੱਗਾ।

ਹਾਈ ਸਕੂਲ ਪਾਸ ਕਰਨ ਪਿਛੋਂ ਹੁਣ ਦੋਵਾਂ ਨੇ ਕਾਲਜ ਵਿਚ ਦਾਖਲਾ ਲੈਣਾ ਸੀ। ਕੁਦਰਤ ਦੀ ਕਰੋਪੀ ਨਰਿੰਦਰ ਦੇ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਘਰ ਦੀ ਜ਼ਿੰਮੇਵਾਰੀ ਨਰਿੰਦਰ ਦੇ ਮੋਢਿਆਂ 'ਤੇ ਆ ਗਈ। ਉਸ ਨੂੰ ਖੇਤਾਂ ਵਿਚ ਰੁਲਣਾ ਪੈ ਗਿਆ ਤੇ ਰਣਜੀਤ ਕਾਲਜ ਪੜ੍ਹਨ ਲੱਗ ਪਿਆ ਪਰ ਉਨ੍ਹਾਂ ਦੀ ਮਿੱਤਰਤਾ ਵਿਚ ਕੋਈ ਫਰਕ ਨਾ ਪਿਆ। ਨਰਿੰਦਰ ਦੀ ਮਾਂ ਮੀਤੋ ਵੀ ਬਹੁਤ ਸਿਆਣੀ ਔਰਤ ਸੀ। ਉਸ ਨੇ ਹਮੇਸ਼ਾ ਨਰਿੰਦਰ ਨੂੰ ਮਾੜੀਆਂ ਗੱਲਾਂ ਤੋਂ ਬਚ ਕੇ ਰਹਿਣਾ ਸਿਖਾਇਆ। ਨਰਿੰਦਰ ਦਾ ਇਕੋ ਮਕਸਦ ਸੀ- ਛੋਟੇ ਭਰਾ ਵਰਿੰਦਰ ਨੂੰ ਪੜ੍ਹਾ-ਲਿਖਾ ਕੇ ਕੈਨੇਡਾ ਜਾਂ ਅਮਰੀਕਾ ਤੋਰਨਾ ਅਤੇ ਛੋਟੀ ਭੈਣ ਕੰਤੋ ਨੂੰ ਪੜ੍ਹਾ ਕੇ ਅਧਿਆਪਕਾ ਬਣਾਉਣਾ। ਨਰਿੰਦਰ ਦਿਨ ਰਾਤ ਮਿਹਨਤ ਕਰਦਾ ਤੇ ਫਸਲ ਵਧੀਆ ਪਾਲ ਕੇ ਚਾਰ ਪੈਸੇ ਵੱਟ ਲੈਂਦਾ। ਫਜ਼ੂਲ-ਖਰਚੀ ਤੋਂ ਬਚ ਕੇ ਰਹਿੰਦਾ।

ਰਣਜੀਤ ਜਦੋਂ ਵਿਹਲਾ ਹੁੰਦਾ ਤਾਂ ਨਰਿੰਦਰ ਕੋਲ ਆ ਜਾਂਦਾ। ਦੋਵੇਂ ਭਵਿੱਖ ਦੀਆਂ ਵਿਉਂਤਬੰਦੀਆਂ ਕਰਨ ਲੱਗ ਪੈਂਦੇ। ਨਰਿੰਦਰ ਨੇ ਆਪਣੇ ਚਾਵਾਂ ਨੂੰ ਸੀਨੇ ਵਿਚ ਲੁਕੋ ਕੇ ਆਪਣੇ ਭਰਾ ਵਰਿੰਦਰ ਨੂੰ ਕਾਲਜ ਪੜ੍ਹਨ ਲਾ ਦਿੱਤਾ ਤੇ ਕੰਤੋ ਹਾਈ ਸਕੂਲ ਪੜ੍ਹ ਰਹੀ ਸੀ।

ਉਧਰ, ਰਣਜੀਤ ਬੀ.ਏ. ਕਰ ਗਿਆ ਤੇ ਉਸ ਨੂੰ ਕੈਨੇਡਾ ਤੋਂ ਰਿਸ਼ਤਾ ਆ ਗਿਆ। ਘਰਦਿਆਂ ਨੇ ਉਸ ਦਾ ਵਿਆਹ ਕਰ ਦਿੱਤਾ।

ਰਣਜੀਤ ਕੈਨੇਡਾ ਆ ਗਿਆ ਤੇ ਨਰਿੰਦਰ ਪਿੰਡ ਖੇਤੀ ਕਰਦਾ ਰਿਹਾ। ਦੋਵਾਂ ਦੀਆਂ ਮੁਲਾਕਾਤਾਂ ਚਿੱਠੀਆਂ ਰਾਹੀਂ ਹੋਣ ਲੱਗੀਆਂ। ਦੋਵੇਂ ਇਕ ਦੂਜੇ ਦੀਆਂ ਬਾਂਹਾਂ ਕਦੇ ਵੀ ਨਾ ਛੱਡਣ ਦੇ ਵਾਅਦੇ ਕਰਦੇ। ਰਣਜੀਤ ਨੇ ਕਦੇ ਵੀ ਨਰਿੰਦਰ ਨੂੰ ਡੋਲਣ ਨਾ ਦਿੱਤਾ। ਖੇਤੀ ਵਿਚੋਂ ਹੁੰਦੀ ਬਚਤ ਉਹ ਆਪਣੀ ਮਾਂ ਦੇ ਹੱਥਾਂ ਵਿਚ ਫੜਾ ਦਿੰਦਾ। ਵਰਿੰਦਰ ਤੇ ਕੰਤੋ ਨੂੰ ਕਿਸੇ ਚੀਜ਼ ਤੋਂ ਵਾਂਝੇ ਨਾ ਰਹਿਣ ਦਿੰਦਾ। ਦੋਵਾਂ ਨੂੰ ਇਕੋ ਹੀ ਸਲਾਹ ਦਿੰਦਾ, "ਦੇਖਿਓ, ਮੇਰੇ ਪਿਉ ਦੀ ਮਿੱਟੀ ਨਾ ਪੁੱਟ ਦਿਓ। ਵਿਧਵਾ ਮਾਂ ਦੀ ਚੁੰਨੀ ਨੂੰ ਦਾਗ ਨਾ ਲਾ ਦਿਓ।" ਨਰਿੰਦਰ ਨੂੰ ਦੋਵੇਂ ਬੇਫਿਕਰ ਰਹਿਣ ਲਈ ਕਹਿ ਦਿੰਦੇ। ਨਰਿੰਦਰ ਦੋਵਾਂ ਦੀ ਸਿਆਣਪ ਸੁਣ ਅੰਦਰੋ-ਅੰਦਰੀ ਖੁਸ਼ ਹੋ ਕੇ ਦੋਵਾਂ ਨੂੰ ਪਿਆਰ ਨਾਲ ਸੀਨੇ ਨਾ ਲੈਂਦਾ। ਰਣਜੀਤ ਨੂੰ ਕੈਨੇਡਾ ਗਿਆਂ ਦੋ ਸਾਲ ਹੋ ਗਏ ਸਨ, ਪਰਮਾਤਮਾ ਨੇ ਉਸ ਨੂੰ ਪੁੱਤਰ ਦੀ ਦਾਤ ਬਖ਼ਸ਼ ਦਿੱਤੀ ਸੀ। ਉਹ ਹੁਣ ਨਰਿੰਦਰ ਨੂੰ ਵੀ ਵਿਆਹ ਕਰਵਾਉਣ ਦੀ ਸਲਾਹ ਦਿੰਦਾ। ਨਰਿੰਦਰ ਅੱਗਿਉਂ ਹੱਸ ਕੇ ਕਹਿ ਛੱਡਦਾ, "ਬਾਈ ਜਦੋਂ ਕਰਮਾਂ ਵਿਚ ਲਿਖੀ ਹੋਊ, ਆਪੇ ਮਿਲ ਜਾਊ... ਜੇ ਨਾ ਲਿਖੀ ਹੋਊ, ਫਿਰ ਯਾਰ ਹੋਰੀਂ ਇਕੱਲੇ ਹੀ ਚੰਗੇ ਨੇ।"

ਨਰਿੰਦਰ ਦਾ ਮਖੌਲੀਆ ਸੁਭਾਅ ਸਾਰਿਆਂ ਨੂੰ ਚੰਗਾ ਲੱਗਦਾ। ਇਕ ਵਾਰੀ ਉਸ ਦਾ ਚਾਚਾ ਜ਼ਮੀਨ ਦੀ ਕਰਮ ਥਾਂ ਪਿਛੇ ਨਰਿੰਦਰ ਨੂੰ ਬੋਲਣ ਲੱਗ ਗਿਆ, ਤਾਂ ਨਰਿੰਦਰ ਨੇ ਕਿਹਾ, "ਚਾਚਾ ਦੱਸ ਕਿਥੇ ਤੱਕ ਤੈਨੂੰ ਜ਼ਮੀਨ ਚਾਹੀਦੀ?" ਚਾਚੇ ਨੇ ਲਾਲਚ ਕਰ ਕੇ ਦੋ ਕਰਮ 'ਤੇ ਪੈਰ ਜਾ ਧਰਿਆ। ਨਰਿੰਦਰ ਨੇ ਵੱਟ ਉਥੇ ਪਾ ਦਿੱਤੀ। ਚਾਚੇ ਦੀਆਂ ਭੂਰੀਆਂ ਮੁੱਛਾਂ ਹੱਸਣ ਲੱਗ ਪਈਆਂ, ਤਾਂ ਨਰਿੰਦਰ ਬੋਲਿਆ, "ਚਾਚਾ, ਜੇ ਅਜੇ ਵੀ ਨਹੀਂ ਸਰਦਾ ਤਾਂ ਫਿਰ ਦੱਸ ਦੇਈਂ, ਆਪਾਂ ਵੱਟ ਹੋਰ ਪਿਛਾਂਹ ਕਰ ਲਵਾਂਗੇ, ਪਰ ਆਪਾਂ ਦੋਵਾਂ ਨੂੰ ਮਿਲਣੀ ਢਾਈ ਹੱਥ ਥਾਂ ਹੀ ਹੈ, ਉਹ ਵੀ ਉਥੇ।" ਨਰਿੰਦਰ ਨੇ ਸਿਵਿਆਂ ਵੱਲ ਇਸ਼ਾਰਾ ਕਰਦਿਆਂ ਕਿਹਾ ਸੀ।

ਨਰਿੰਦਰ ਦੀ ਗੱਲ ਸੁਣਦਿਆਂ ਸਾਰ ਚਾਚੇ ਨੇ ਝੱਟ ਕਹੀ ਚੁੱਕੀ ਅਤੇ ਵੱਟ ਪਹਿਲੀ ਥਾਂ 'ਤੇ ਲੈ ਗਿਆ। ਦੋਵਾਂ ਨੇ ਘੁੱਟ ਕੇ ਗਲਵੱਕੜੀ ਪਾਈ। ਕੋਲ ਖੜ੍ਹਾ ਰਤਨਾ ਚੌਕੀਦਾਰ ਬੋਲਿਆ, "ਜੇ ਜੱਟ ਇਸੇ ਤਰ੍ਹਾਂ ਸਿਆਣੇ ਹੋ ਜਾਣ ਤਾਂ ਜਗਰਾਵਾਂ ਵਾਲੀ ਕਚਹਿਰੀ ਵਿਚ ਤਾਂ ਉੱਲੂ ਬੋਲਣ ਲੱਗ ਪੈਣ।"

ਰਣਜੀਤ ਆਪਣੇ ਪੁੱਤਰ ਦੀ ਲੋਹੜੀ ਵੰਡਣ ਪਿੰਡ ਆ ਗਿਆ। ਵਿਛੜੇ ਯਾਰ ਗਲਵੱਕੜੀ ਪਾ ਕੇ ਮਿਲੇ। ਨਰਿੰਦਰ ਨੇ ਰਣਜੀਤ ਦੇ ਕੰਨ ਵਿਚ ਕਿਹਾ, "ਇਕੱਲਾ ਹੀ ਮੂੰਹ ਚੁੱਕ ਕੇ ਆ ਗਿਆਂ, ਮੇਰੇ ਲਈ ਮੇਮ ਲੈ ਆਉਂਦਾ, ਮੈਂ ਵੀ ਕੈਨੇਡਾ ਦੇਖ ਲੈਂਦਾ।"

"ਅਹੁ ਦੇਖ ਠਰਕੀਆ! ਆਪਣੀ ਸਾਲੀ ਨਾਲ ਲਿਆਇਆਂ।" ਰਣਜੀਤ ਬੋਲਿਆ।

"ਬੱਲੇ ਬਾਈ, ਫਿਰ ਤਾਂ ਧੰਨ-ਧੰਨ ਹੋ ਜਾਊ।" ਨਰਿੰਦਰ ਨੇ ਰਣਜੀਤ ਦੀ ਸੇਬ ਵਰਗੀ ਗੱਲ੍ਹ ਚੁੰਮਦਿਆਂ ਕਿਹਾ।

"ਬੂਝੜਾ! ਮੈਂ ਤੇਰੀ ਗੱਲ ਨਹੀਂ ਕਰਦਾ, ਆਪਣੇ ਵਰਿੰਦਰ ਵਾਸਤੇ ਲਿਆਇਆਂ। ਕੁੜੀ ਵੱਲ ਦੇਖ, ਰਸਗੁੱਲੇ ਵਰਗੀ ਹੈ, ਤੇ ਤੂੰ ਛਪਾਰ ਦੇ ਮੇਲੇ ਵਿਚਲਾ ਵੇਸਣ ਦਾ ਉਹ ਟੁਕੜਾ ਜਿਸ ਨੂੰ ਕੋਈ ਹੱਥ ਨਹੀਂ ਪਾਉਂਦਾ ਤੇ ਅਖੀਰ ਹਲਵਾਈ ਸੁੱਟ ਹੀ ਆਉਂਦਾ ਹੈ।" ਰਣਜੀਤ ਨੇ ਨਰਿੰਦਰ ਦੀ ਗਰਦਨ 'ਤੇ ਦੰਦੀ ਵੱਢਦਿਆਂ ਕਿਹਾ।

"ਖੜ੍ਹ ਜਾ ਤੇਰੀ...।" ਰਣਜੀਤ ਅੱਗੇ ਤੇ ਨਰਿੰਦਰ ਪਿਛੇ ਭੱਜਣ ਲੱਗ ਪਿਆ ਅਤੇ ਦੋਵਾਂ ਨਾਲ ਸਾਰਾ ਪਰਿਵਾਰ ਹੱਸਣ ਲੱਗ ਪਿਆ, ਤੇ ਫਿਰ ਦੋਵੇਂ ਬਚਪਨ ਨੂੰ ਯਾਦ ਕਰ ਕੇ ਰੋਣ ਲੱਗ ਗਏ। ਉਹੀ ਵਿਹੜਾ, ਉਹੀ ਮਿੱਤਰਤਾ ਤੇ ਉਹੀ ਕਲੋਲਾਂ, ਪਰ ਗੱਲਾਂ ਬਦਲ ਗਈਆਂ ਸਨ।

ਲੋਹੜੀ ਤੋਂ ਬਾਅਦ ਰਣਜੀਤ ਨੇ ਆਪਣੀ ਸਾਲੀ ਮਨੀ ਨੂੰ ਵਰਿੰਦਰ ਨਾਲ ਮਿਲਾਇਆ। ਉਸ ਨੇ ਝੱਟ ਵਰਿੰਦਰ ਨੂੰ ਪਸੰਦ ਕਰ ਲਿਆ। ਵਰਿੰਦਰ ਤੇ ਨਰਿੰਦਰ ਦਾ ਵਿਆਹ ਇਕੱਠਿਆਂ ਕਰਨ ਦੀ ਸਲਾਹ ਬਣ ਗਈ। ਨਰਿੰਦਰ ਨੂੰ ਕਿਸੇ ਨੇ ਆਪਣੀ ਸਾਲੀ ਦਾ ਰਿਸ਼ਤਾ ਕਰਵਾ ਦਿੱਤਾ। ਫਿਰ ਦੋਵਾਂ ਦਾ ਵਿਆਹ ਹੋ ਗਿਆ।

"ਲੈ ਬਈ ਵੇਸਣਾ, ਰਸਗੁੱਲਾ ਤਾਂ ਅਸੀਂ ਤੈਨੂੰ ਪੱਕਾ ਹੀ ਦੇ ਦਿੱਤਾ। ਤੂੰ ਖਾ ਤਾਂ ਨਹੀਂ ਸਕਦਾ, ਪਰ ਦੇਖ ਕੇ ਰਾਲ੍ਹਾਂ ਸਿੱਟੀ ਜਾਇਆ ਕਰੀਂ।" ਰਣਜੀਤ ਨੇ ਤੁਰਨ ਲੱਗਿਆਂ ਮਸ਼ਕਰੀ ਕੀਤੀ।

"ਬਾਈ! ਸੰਭਾਲ ਕੇ ਬੋਲ, ਉਹ ਸਾਡੇ ਘਰ ਦੀ ਇੱਜ਼ਤ ਹੈ, ਹੁਣ ਤੇਰੀ ਸਾਲੀ ਨਹੀਂ।" ਨਰਿੰਦਰ ਨੇ ਰਣਜੀਤ ਦੀ ਬਾਂਹ ਮਰੋੜਦਿਆਂ ਕਿਹਾ। ਤੇ ਫਿਰ ਜੱਫ਼ੀ ਪਾ ਕੇ ਬੋਲਿਆ, "ਯਾਰਾ! ਤੇਰਾ ਦੇਣਾ ਮੈਂ ਇਸ ਜਨਮ ਤਾਂ ਕੀ, ਅਗਲੇ ਸੱਤ ਜਨਮ ਵੀ ਨਹੀਂ ਦੇ ਸਕਦਾ। ਖੂਹ ਦੀ ਇੱਟ ਚੁਬਾਰੇ ਲਾ ਦਿੱਤੀ। ਤੂੰ ਰਸਗੁੱਲੇ ਦੀ ਗੱਲ ਕਰਦਾਂ, ਸਾਨੂੰ ਤਾਂ ਕਿਸੇ ਨੇ ਪਕੌੜੀ ਨੂੰ ਵੀ ਹੱਥ ਨਹੀਂ ਲਾਉਣ ਦੇਣਾ ਸੀ।" ਉਹ ਇਕ ਵਾਰ ਫਿਰ ਦਿੱਲੀ ਦੇ ਹਵਾਈ ਅੱਡੇ 'ਤੇ ਰੋਂਦੇ ਹੋਏ ਵਿਛੜ ਗਏ।

ਮਨੀ ਵਰਿੰਦਰ ਨਾਲ ਵਿਆਹ ਕਰਵਾ ਕੇ ਖੁਸ਼ ਸੀ। ਉਹ ਅਜੇ ਪਿੰਡ ਹੀ ਸੀ। ਨਰਿੰਦਰ ਦੀ ਪਤਨੀ ਸਿਮਰਨ ਬਹੁਤ ਸੋਹਣੀ ਤੇ ਸਿਆਣੀ ਸੀ। ਨਰਿੰਦਰ ਨੂੰ ਹੁਣ ਸਿਰਫ ਆਪਣੀ ਛੋਟੀ ਭੈਣ ਕੰਤੋ ਦਾ ਫਿਕਰ ਸੀ ਜੋ ਅਜੇ ਪੜ੍ਹ ਰਹੀ ਸੀ। ਪਤਾ ਨਹੀਂ ਲੱਗਿਆ, ਕਦੋਂ ਇਕ ਸਾਲ ਬੀਤ ਗਿਆ। ਨਰਿੰਦਰ ਦੇ ਘਰ ਸੋਨੇ ਵਰਗੀ ਧੀ ਆ ਗਈ ਤੇ ਵਰਿੰਦਰ ਦਾ ਕੈਨੇਡਾ ਜਾਣ ਦਾ ਸਮਾਂ ਆ ਗਿਆ। ਤੁਰਨ ਲੱਗਿਆਂ ਮੀਤੋ ਨੇ ਕੁਝ ਗੱਲਾਂ ਵਰਿੰਦਰ ਨੂੰ ਕਹੀਆਂ, "ਵਰਿੰਦਰ ਪੁੱਤ! ਪਰਦੇਸ ਚੱਲਿਆਂ, ਸਾਨੂੰ ਭੁੱਲ ਨਾ ਜਾਈਂ। ਇਸ ਘਰ ਅਤੇ ਵਿਹੜੇ ਨੂੰ ਹਮੇਸ਼ਾ ਯਾਦ ਰੱਖੀਂ। ਆਪਣੇ ਸਾਧਾਂ ਵਰਗੇ ਭਰਾ ਨੂੰ ਪਿੱਠ ਨਾ ਦਿਖਾਈਂ, ਆਪਣਿਆਂ ਦਾ ਫੁੱਲ ਵੀ ਪੱਥਰ ਬਣ ਕੇ ਵੱਜਦਾ ਹੈ। ਸਾਨੂੰ ਕਦੇ ਵੀ ਸ਼ਰੀਕਾਂ ਅੱਗੇ ਅੱਖਾਂ ਨੀਵੀਆਂ ਨਾ ਕਰਨੀਆਂ ਪੈਣ। ਤੂੰ ਵਧੇਂ-ਫੁੱਲੇਂ ਜਵਾਨੀਆਂ ਮਾਣੇਂ।" ਕਹਿੰਦੀ ਮਾਂ ਵਰਿੰਦਰ ਦੇ ਗਲ ਲੱਗ ਗਈ।

ਵਰਿੰਦਰ ਨੇ ਅੱਖਾਂ ਭਰਦਿਆਂ ਨਰਿੰਦਰ ਦੇ ਪੈਰ ਛੂਹ ਲਏ। ਉਸ ਨੇ ਮੋਢੇ ਤੋਂ ਫੜਦਿਆਂ ਹਿੱਕ ਨਾਲ ਲਾਉਂਦਿਆਂ ਕਿਹਾ, "ਵਰਿੰਦਰ ਵੀਰ! ਇਥੇ ਤੱਕ ਤਾਂ ਮੈਂ ਘਰ ਨੂੰ ਲੈ ਆਇਆਂ, ਅੱਗੇ ਤੈਂ ਇਸ ਨੂੰ ਤੋਰਨਾ ਹੈ। ਕੰਤੋ ਦਾ ਕਾਰਜ ਵੀ ਕਰਨਾ ਹੈ। ਡੱਟ ਕੇ ਕਮਾਈ ਕਰੀਂ, ਰੱਬ ਦਾ ਨਾਮ ਨਾ ਭੁੱਲੀਂ ਤੇ ਇਕ ਮਾਂ ਨਾ ਭੁੱਲੀਂ।" ਫਿਰ 'ਜਿਉਂਦਾ ਰਹਿ' ਕਹਿ ਕੇ ਨਰਿੰਦਰ ਦਾ ਗੱਚ ਭਰ ਆਇਆ।

ਵਰਿੰਦਰ ਵੀ ਕੈਨੇਡਾ ਆ ਗਿਆ। ਰਣਜੀਤ ਤੇ ਉਸ ਦੀ ਘਰਵਾਲੀ ਏਅਰਪੋਰਟ 'ਤੇ ਉਸ ਨੂੰ ਲੈਣ ਲਈ ਮਨੀ ਨਾਲ ਆਏ ਹੋਏ ਸਨ। ਕਈ ਦਿਨ ਵਰਿੰਦਰ ਦਾ ਦਿਲ ਨਾ ਲੱਗਿਆ। ਫਿਰ ਹੌਲੀ-ਹੌਲੀ ਉਹ ਕੈਨੇਡਾ ਦੀ ਜ਼ਿੰਦਗੀ ਜਿਉਣ ਦੇ ਢੰਗ-ਤਰੀਕਿਆਂ ਵਿਚ ਢਲਦਾ ਗਿਆ। ਰਣਜੀਤ ਨੇ ਉਸ ਨੂੰ ਫੈਕਟਰੀ ਵਿਚ ਕੰਮ 'ਤੇ ਲਵਾ ਦਿੱਤਾ ਸੀ।

ਨਰਿੰਦਰ, ਰਣਜੀਤ ਨੂੰ ਕੰਤੋ ਦੇ ਵਿਆਹ ਬਾਰੇ ਦੱਸਦਾ-ਪੁੱਛਦਾ ਰਹਿੰਦਾ। ਕੰਤੋ ਬੀ.ਐਡ. ਕਰ ਗਈ ਸੀ। ਉਹ ਵੀ ਵਰਿੰਦਰ ਵਾਂਗ ਕੈਨੇਡਾ ਜਾਣਾ ਚਾਹੁੰਦੀ ਸੀ। ਅਜੇ ਕੰਤੋ ਦੇ ਵਿਆਹ ਦੀਆਂ ਸਲਾਹਾਂ ਚੱਲ ਰਹੀਆਂ ਸਨ ਕਿ ਰਣਜੀਤ ਦੀ ਮਾਂ ਦਾ ਦੇਹਾਂਤ ਹੋ ਗਿਆ। ਰਣਜੀਤ ਨੂੰ ਤੁਰਤ ਪਿੰਡ ਆਉਣਾ ਪਿਆ। ਨਰਿੰਦਰ, ਰਣਜੀਤ ਦੇ ਗਲ ਲੱਗ ਕੇ ਧਾਹੀਂ ਰੋਇਆ, ਜਿਵੇਂ ਉਸ ਦੀ ਆਪਣੀ ਮਾਂ ਮਰ ਗਈ ਹੋਵੇ। ਸਸਕਾਰ ਤੋਂ ਬਾਅਦ ਦੋਵੇਂ ਜਣੇ ਮਾਂ ਦੇ ਫੁੱਲ ਕੀਰਤਪੁਰ ਪਾਉਣ ਗਏ। ਪੌਣੇ ਛੇ ਫੁੱਟ ਦੀ ਮਾਂ ਇਕ ਇੰਚ ਵਿਚ ਸਮੇਟੀ ਦੇਖ ਕੇ ਰਣਜੀਤ ਬੋਲਿਆ, "ਨਰਿੰਦਰ, ਦੇਖ ਲੈ ਬੰਦੇ ਦੀ ਜੀਵਨ ਯਾਤਰਾ! ਜਿਉਂਦਾ ਕਿੰਨੀ ਮੇਰੀ-ਮੇਰੀ ਕਰਦਾ ਹੈ ਤੇ ਅੰਤ ਆਹ ਮੁੱਠੀ ਭਰ ਫੁੱਲ ਬਣ ਜਾਂਦਾ ਹੈ। ਮਾਂ ਨੇ ਘਰ ਦੀ ਨਿੱਕੀ-ਨਿੱਕੀ ਚੀਜ਼ ਸਾਂਭ ਕੇ ਰੱਖੀ ਹੁੰਦੀ ਸੀ। ਅੱਜ ਸਾਰਾ ਘਰ ਖੁੱਲ੍ਹਾ ਛੱਡ ਕੇ ਤੁਰ ਗਈ ਹੈ ਯਾਰ। ਸਭ ਕੁਝ ਮਿਲ ਜਾਂਦਾ ਹੈ ਪਰ ਮਾਂ ਨਹੀਂ ਮਿਲਦੀ। ਸੱਚੀਂ, ਹੁਣ ਸਾਡੀ ਮਾਂ ਕਦੇ ਵਾਪਸ ਨਹੀਂ ਆਵੇਗੀ। ਸਾਡੇ ਕੰਨ ਤਰਸ ਜਾਣਗੇ ਮਾਂ ਦੇ ਬੋਲਾਂ ਨੂੰ... ਵੇ ਨਿੰਦੀ! ਵੇ ਜੀਤਿਆ!! ਕਿਥੇ ਹੋ? ਆ ਜਾਓ ਰੋਟੀ ਖਾ ਲਵੋ।... ਫਿਰ ਦਹੀਂ ਵਿਚ ਮੁੱਠੀਆਂ ਭਰ-ਭਰ ਮੱਖਣੀ ਦੀਆਂ ਪਾਉਣੀਆਂ। ਮਾਂ ਨੇ ਆਟੇ ਨਾਲ ਲਿੱਬੜੇ ਹੱਥਾਂ ਨਾਲ ਮੇਰਾ ਮੱਥਾ ਚੁੰਮ ਕੇ ਕਹਿਣਾ, ਲੈ ਮੈਂ ਤੈਨੂੰ ਹੁਣ ਆਹ ਮੱਖਣੀ ਪਾ ਦਿੱਤੀ। ਹੁਣ ਜੀਤਾ ਤੇਰੀ ਮੱਖਣੀ ਕਿਵੇਂ ਖੋਹ ਲਊਗਾ।" ਉਹ ਦੋਵੇਂ ਮਾਂ ਦੀਆਂ ਗੱਲਾਂ ਕਰਦੇ, ਮਾਂ ਦੇ ਫੁੱਲ ਵਗਦੇ ਪਾਣੀ ਵਿਚ ਜਲ ਪ੍ਰਵਾਹ ਕਰ ਆਏ।

ਸਮਾਂ ਬੀਤਿਆ, ਕੰਤੋ ਲਈ ਵਰਿੰਦਰ ਨੇ ਮੁੰਡਾ ਲੱਭ ਕੇ ਉਸ ਦਾ ਵਿਆਹ ਕਰ ਦਿੱਤਾ ਤੇ ਉਹ ਵੀ ਕੈਨੇਡਾ ਆ ਗਈ। ਰਣਜੀਤ ਦੇ ਘਰ ਫਿਰ ਧੀ ਨੇ ਜਨਮ ਲਿਆ ਤੇ ਨਰਿੰਦਰ ਦੇ ਘਰ ਪੁੱਤਰ ਨੇ। ਨਰਿੰਦਰ ਤੇ ਰਣਜੀਤ ਦੀ ਸੱਚੀ ਮਿੱਤਰਤਾ ਨੇ ਦੋਵੇਂ ਘਰਾਂ ਨੂੰ ਚਾਰ ਚੰਨ ਲਾ ਦਿੱਤੇ। ਰਣਜੀਤ ਨੇ ਨਰਿੰਦਰ ਦੇ ਕੈਨੇਡਾ ਦੇ ਪੇਪਰ ਭਰ ਦਿੱਤੇ, ਪਰ ਨਰਿੰਦਰ ਨੇ ਜਵਾਬ ਦੇ ਦਿੱਤਾ, "ਮੈਂ ਤੇਰੇ ਬਾਪੂ ਤੇ ਆਪਣੀ ਮਾਂ ਨੂੰ ਛੱਡ ਕੇ ਕੈਨੇਡਾ ਨਹੀਂ ਜਾਣਾ। ਮੇਰੇ ਇਥੇ ਰਹਿਣ ਨਾਲ ਦੋਵੇਂ ਘਰਾਂ ਦੇ ਬੂਹੇ ਖੁੱਲ੍ਹੇ ਰਹਿਣਗੇ।" ਇਕ ਸਾਲ ਵਰਿੰਦਰ ਪਿੰਡ ਆ ਜਾਂਦਾ ਤੇ ਦੂਜੇ ਸਾਲ ਰਣਜੀਤ ਪਿੰਡ ਗੇੜਾ ਕੱਢ ਜਾਂਦਾ। ਪੰਜਾਹ ਸਾਲ ਦੀ ਮਿੱਤਰਤਾ ਅੱਜ ਵੀ ਗੁਲਾਬ ਦੇ ਫੁੱਲ ਵਾਂਗ ਖਿੜੀ ਹੋਈ ਹੈ। ਹੁਣ ਕਈ ਵਾਰ ਰਣਜੀਤ ਫੋਨ 'ਤੇ ਕਹਿ ਦਿੰਦਾ ਹੈ, "ਆ ਜਾ, ਅਜੇ ਟਾਈਮ ਹੈ; ਅੱਖਾਂ ਸੇਕ ਲੈ... ਫਿਰ ਕਹੇਂਗਾ, ਮੇਮਾਂ ਨਹੀਂ ਦਿਖਾਈਆਂ।"

"ਨਾ ਬਾਈ! ਹੁਣ ਤਾਂ ਗੁਰੂ ਵਾਲੇ ਬਣ ਗਏ ਹਾਂ, ਤੋਬਾ ਤੋਬਾ, ਨਾ ਬਈ।" ਤੇ ਦੋਵੇਂ ਹੱਸ ਪਏ।

# ਚੀਸ

*(ਪਿਛਲੇ ਸਫੇ ਦੀ ਬਾਕੀ)*

ਪਰਸੋਂ ਆਏ ਤੂਫਾਨ ਵਿਚ ਟੁੱਟ ਗਈ ਸੀ।

---

ਦੂਰ ਇਕ ਖੂੰਜੇ ਅਨੂੰ ਨੇ ਆਪਣੇ ਪਾਪਾ ਨੂੰ ਵੇਖਿਆ ਤਾਂ ਉਹ ਭੱਜ ਕੇ ਉਨ੍ਹਾਂ ਦੇ ਗਲ ਲੱਗ ਰੋਣ ਲੱਗੀ। ਅਨੂੰ ਦੀ ਆਵਾਜ਼ ਸੁਣ ਉਹਦੀ ਮੰਮੀ ਵੀ ਬਾਹਰ ਆ ਗਏ। ਮਾਂ ਤਾਂ ਵਿਚਾਰੀ ਪੁੱਤ ਦੇ ਗਮ ਵਿਚ ਸੁੱਕ ਹੀ ਗਈ ਸੀ।

"ਮੰਮਾ ਸੁਮੇਰ ਕਿੱਥੇ ਆ, ਦੱਸੋ?"

"ਚੱਲ ਤੂੰ ਅੰਦਰ ਚੱਲ...।" ਮਾਂ ਨੇ ਗੱਲ ਟਾਲਦਿਆਂ ਉਹਨੂੰ ਅੰਦਰ ਜਾਣ ਨੂੰ ਕਿਹਾ। ਤੂੰ ਨਹਾ ਧੋ ਲੈ, ਮੈਂ ਰੋਟੀ ਬਣਾਈ ਹੈ, ਆਪਾਂ ਸਾਰੇ ਖਾਂਦੇ ਹਾਂ।

ਸੁਮੇਰ ਨੂੰ ਨਾ ਦੇਖ ਅਨੂੰ ਦੀ ਚਿੰਤਾ ਵਧ ਗਈ।

---

ਅਨੂੰ ਆਪਣੇ ਕਮਰੇ ਵਿਚ ਸਮਾਨ ਰੱਖ ਦੇਖਦੀ ਹੈ, ਉਹਦਾ ਕਮਰਾ ਇੰਨ-ਬਿੰਨ ਉਸੇ ਤਰ੍ਹਾਂ ਦਾ ਹੈ ਜਿਵੇਂ ਤਿੰਨ ਸਾਲ ਪਹਿਲਾਂ ਸੀ। ਉਹਦੀਆਂ ਗੁੱਡੀਆਂ, ਚੂੜੀਆਂ, ਪਰਾਂਦੀਆਂ, ਡਰੈਸਿੰਗ ਟੇਬਲ ਮਾਂ ਨੇ ਉਸੇ ਤਰ੍ਹਾਂ ਸਾਂਭ ਕੇ ਰੱਖੇ ਹੋਏ ਸਨ। ਰੈਕ 'ਚ ਉਹਦੀਆਂ ਜੁੱਤੀਆਂ, ਅਲਮਾਰੀ 'ਚ ਫੁਲਕਾਰੀਆਂ, ਤੇ ਕਮਰੇ ਦੀਆਂ ਕੰਧਾਂ 'ਤੇ ਉਹਦੀਆਂ ਬਚਪਨ ਦੀਆਂ ਤਸਵੀਰਾਂ, ਕੁਝ ਵੀ ਤਾਂ ਨਹੀਂ ਸੀ ਬਦਲਿਆ। ਇਸ ਕਮਰੇ 'ਚ ਬਦਲੀ ਸੀ ਤਾਂ ਕਿਸਮਤ ਇਸ ਘਰ ਦੇ ਜੀਆਂ ਦੀ।

---

ਅਨੂੰ ਤਿਆਰ ਹੋ ਕੇ ਡਾਈਨਿੰਗ ਰੂਮ 'ਚ ਆ ਕੇ ਬੈਠ ਗਈ। ਉਹਦੀ ਮਾਂ ਨੇ ਕਾਂਤਾ ਨੂੰ ਹਰਕਰਨ ਤੇ ਉਹਦੇ ਪਾਪਾ ਨੂੰ ਬੁਲਾਉਣ ਨੂੰ ਕਿਹਾ। ਅਨੂੰ ਦੀ ਮਾਂ ਨੇ ਸਟੀਲ ਦੇ ਵੱਡੇ ਗਲਾਸਾਂ 'ਚ ਲੱਸੀ ਪਾ ਕੇ ਰੱਖ ਦਿੱਤੀ। ਅਨੂੰ ਦੀਆਂ ਪਸੰਦੀਦਾ ਮੇਥੇ ਵਾਲੀਆਂ ਰੋਟੀਆਂ ਸਟੀਲ ਦੇ ਥਾਲ 'ਚ ਮੱਖਣ ਨਾਲ ਰੱਖ ਸਟੀਲ ਦੀ ਕੌਲੀ 'ਚ ਦਹੀਂ ਪਾ ਕੇ ਉਹਨੂੰ ਖਾਣ ਨੂੰ ਕਿਹਾ। ਅਨੂੰ ਨੇ ਇਕ ਬੁਰਕੀ ਵੀ ਰੋਟੀ ਦੀ ਨਾ ਖਾਧੀ। ਅਚਾਨਕ ਉਹਦੀ ਨਿਗ੍ਹਾ ਸਾਗਵਾਨ ਦੀ ਲੱਕੜ ਨਾਲ ਬਣੇ ਕੁਰਸੀ ਮੇਜ਼ 'ਤੇ ਪਈ ਜੋ ਡਾਈਨਿੰਗ ਰੂਮ ਦੇ ਇਕ ਕੋਨੇ 'ਚ ਰੇਸ਼ਮੀ ਪਰਦੇ ਓਹਲੇ ਪਿਆ ਸੀ। ਉਹ ਪਲੇਟ ਚੁੱਕ, ਉਸ ਟੇਬਲ 'ਤੇ ਰੱਖ ਭੁੰਜੇ ਬੈਠ ਕੇ ਖਾਣ ਲੱਗੀ। ਉਹਦੇ ਪਾਪਾ ਉਹਨੂੰ ਟੇਬਲ ਕੋਲ ਬੈਠੀ ਦੇਖ ਕੇ ਸਿਰ 'ਤੇ ਹੱਥ ਰੱਖ ਕਹਿਣ ਲੱਗੇ, "ਜਿਉਂਦੀ ਰਹਿ ਧੀਏ, ਇਕ ਤੈਨੂੰ ਹੀ ਆਪਣਾ ਬਚਪਨ ਤੇ ਰਿਸ਼ਤੇ ਨਹੀਂ ਭੁੱਲੇ।"

"ਪਾਪਾ, ਸੁਮੇਰ ਕਿੱਥੇ ਆ? ਇਹ ਟੇਬਲ ਸੁਮੇਰ ਦਾ ਸੀ, ਦੱਸੋ ਤੁਸੀਂ? ਕੁਝ ਦੱਸਦੇ ਕਿਉਂ ਨਹੀ?" ਅਨੂੰ ਆਪਣੇ ਪਾਪਾ ਦਾ ਹੱਥ ਫੜ ਪੁੱਛਣ ਲੱਗੀ।

"ਪੁੱਤ ਤੂੰ ਰੋਟੀ ਖਾ, ਸੁਮੇਰ ਕੋਲ ਚਲਦੇ ਹਾਂ ਆਪਾਂ।"

"ਚਲਦੇ ਹਾਂ! ਕਿਥੇ ਚਲਦੇ ਹਾਂ? ਉਹ ਹੈ ਕਿੱਥੇ? ਸੁਮੇਰ ਠੀਕ ਤਾਂ ਹੈ ਪਾਪਾ?"

"ਉਹਨੂੰ ਕੀ ਹੋਣਾ ਸਾਲੇ ਨੂੰ।" ਕੋਲ ਖੜ੍ਹਾ ਹਰਕਰਨ ਰੋਹ ਭਰੀ ਆਵਾਜ਼ 'ਚ ਬੋਲਿਆ, "ਸਾਰੇ ਟੱਬਰ ਦੀ ਨੱਕ ਵਢਾ'ਤੀ ਉਸ ਕੰਜਰ ਨੇ। ਤੂੰ ਛੇਤੀ ਰੋਟੀ ਖਾ, ਮੇਰੀ ਕੱਲ੍ਹ ਦੀ ਫਲਾਈਟ ਆ, ਮੈਂ ਵਾਪਿਸ ਵੀ ਮੁੜਨਾ ਆਸਟਰੇਲੀਆ। ਮੈਂ ਇਸ ਨਸ਼ੇੜੀ ਲਈ ਆਪਣਾ ਵਕਤ ਖਰਾਬ ਨਹੀਂ ਕਰ ਸਕਦਾ।"

ਅਨੂੰ ਰੋਟੀ ਛੱਡ ਜ਼ਿਦ ਕਰਨ ਲੱਗੀ, "ਦੱਸੋ ਪਾਪਾ ਸੁਮੇਰ ਕਿੱਥੇ ਆ? ਮੈਨੂੰ ਉਥੇ ਲੈ ਕੇ ਚੱਲੋ ਹੁਣੇ।"

"ਚਲ ਚਲਦੇ ਆਂ, ਤੂੰ ਖੜ੍ਹ ਕੇਰਾਂ।"

"ਨਹੀਂ ਪਾਪਾ, ਮੈਂ ਹੁਣੇ ਹੀ ਜਾਣਾ।" ਅਨੂੰ ਆਪਣੇ ਮੰਮੀ ਪਾਪਾ ਨਾਲ ਕਾਰ 'ਚ ਬੈਠ ਗਈ, ਪਰ ਉਹਦੇ ਲਈ ਰਸਤਾ ਮੁੱਕਣ 'ਚ ਹੀ ਨਹੀਂ ਸੀ ਆ ਰਿਹਾ।

---

ਅੱਧੇ ਘੰਟੇ ਬਾਅਦ ਕਾਰ ਰੀਹੈਬ ਸੈਂਟਰ ਦੇ ਬਾਹਰ ਜਾ ਰੁਕੀ। ਅਨੂੰ ਦੇ ਪਾਪਾ ਨੇ ਉਹਨੂੰ ਕਿਹਾ, ਪੁੱਤ ਹੌਸਲਾ ਰੱਖੀਂ, ਅਸੀਂ ਜੋ ਕੁਝ ਵੀ ਕਰ ਰਹੇ ਆਂ, ਸੁਮੇਰ ਦੀ ਭਲਾਈ ਖਾਤਿਰ ਹੀ ਕਰ ਰਹੇ ਆਂ। ਉਹਨੂੰ ਤੂੰ ਵੀ ਇਹੋ ਸਮਝਾਉਣੈ।"

ਰੀਹੈਬ ਅੰਦਰ ਜੇਲ੍ਹ ਵਰਗਾ ਮਾਹੌਲ ਸੀ।

"ਇਸ ਸੈਂਟਰ ਨੂੰ ਚਲਾਉਣ ਵਾਲਾ ਤਾਂ ਕਿਸੇ ਡਰੱਗੀ ਤੋਂ ਘੱਟ ਨਹੀਂ ਲੱਗਦਾ ਪਾਪਾ?" ਅਨੂੰ ਨੇ ਇਹ ਗੱਲ ਉਸ ਸੈਂਟਰ ਦੇ ਮਾਲਕ ਨੂੰ ਵੇਖ ਕੇ ਕਹੀ। ਦੂਰ ਕਿਸੇ ਕਮਰੇ 'ਚੋਂ ਚੀਕਾਂ ਦੀ ਆਵਾਜ਼ ਆ ਰਹੀ ਸੀ ਜਿਵੇਂ ਕੋਈ ਕਿਸੇ ਨੂੰ ਕੁੱਟ ਰਿਹਾ ਹੋਵੇ।

"ਭੈਣੇ! ਤੂੰ ਆ ਗਈ।" ਅਚਾਨਕ ਅਨੂੰ ਦਾ ਧਿਆਨ ਇਸ ਆਵਾਜ਼ ਨੇ ਤੋੜਿਆ।

"ਸੁਮੇਰ...ਸੁਮੇਰ...ਆਹ ਕੀ ਹੋ ਗਿਆ ਤੈਨੂੰ? ਤੇਰੇ ਕੇਸ ਕੀਹਨੇ ਕੱਟੇ? ਤੇਰੀ ਪੱਗ ਕਿੱਥੇ ਗਈ?"

ਅਨੂੰ ਦੇ ਪਾਪਾ ਨੇ ਉਹਦੇ ਮੋਢੇ 'ਤੇ ਹੱਥ ਰੱਖ ਕਿਹਾ, "ਪੁੱਤ, ਇਹ ਇੱਥੋਂ ਦਾ ਕਾਨੂੰਨ ਹੈ। ਇੱਥੇ ਆਉਣ ਵਾਲੇ ਹਰ ਬੰਦੇ ਦੇ ਕੇਸ ਕੱਟ ਦਿੱਤੇ ਜਾਂਦੇ ਹਨ ਤਾਂ ਜੋ ਇਹ ਲੋਕ ਇੱਥੇ ਪੱਗ ਨਾਲ ਫਾਹਾ ਨਾ ਲੈ ਲੈਣ।"

"ਪਰ ਪਾਪਾ ਸੁਮੇਰ ਨੂੰ ਇਨ੍ਹਾਂ ਨੇ ਕੁੱਟਿਆ...ਦੇਖੋ ਉਹਦੇ ਨੀਲ ਪਏ ਹੋਏ ਨੇ ਪਾਪਾ।" ਸੁਮੇਰ ਦੇ ਪਿੰਡੇ 'ਤੇ ਪਏ ਦਾਗ ਦੇਖ ਕੇ ਅਨੂੰ ਚੀਕ ਉਠੀ- "ਪਾਪਾ ਮੇਰੇ ਵੀਰ ਨੂੰ ਘਰ ਲੈ ਜੋ ਪਲੀਜ਼! ਇਹ ਮਾਰ ਦੇਣਗੇ ਇਹਨੂੰ ਪਾਪਾ। ਤੁਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ ਸੁਮੇਰ ਨਾਲ।"

ਸੁਮੇਰ ਜੁਆਕਾਂ ਵਾਂਗ ਖੜ੍ਹਾ ਰੋਂਦਾ ਰਿਹਾ, "ਅਨੂੰ ਭੈਣ, ਮੈਨੂੰ ਘਰ ਲੈ ਜਾ।"

"ਨਹੀਂ।" ਅਨੂੰ ਦੀ ਮਾਂ ਉਚੀ ਆਵਾਜ਼ 'ਚ ਬੋਲੀ, "ਇਹ ਫਿਰ ਉਸੇ ਕੁੜੀ ਦੁਆਲੇ ਚੱਕਰ ਮਾਰੂਗਾ, ਰਹਿਣ ਦੇ ਇਹਨੂੰ ਇੱਥੇ। ਜੇ ਕੱਲ੍ਹ ਨੂੰ ਕੋਈ ਗੱਲ ਹੋ ਗਈ, ਇਹ ਉਸ ਨਾਬਾਲਗ ਕੁੜੀ ਨੂੰ ਲੈ ਕੇ ਕਿਤੇ ਤੁਰ ਗਿਆ? ਮੈਂ ਤੇ ਤੇਰੇ ਪਾਪਾ ਰਹਿ ਜਾਵਾਂਗੇ ਜੇਲ੍ਹ ਕੱਟਣ ਨੂੰ। ਅਸੀਂ ਸਾਰਾ ਕੁਝ ਹਰਕਰਨ ਦੀ ਸਲਾਹ ਨਾਲ ਕੀਤਾ ਤੇ ਅਸੀਂ ਇਹਨੂੰ ਬੇਦਖਲ ਕਰ'ਤਾ ਆਪਣੀ ਜਾਇਦਾਦ 'ਚੋਂ। ਜੇ ਤਾਂ ਇਹ ਇੱਥੇ ਰਹਿ ਕੇ ਸੁਧਰ ਗਿਆ, ਤਾਂ ਠੀਕ...ਨਹੀਂ ਤਾਂ ਆਪੇ ਜਿੱਥੇ ਮਰਜ਼ੀ ਧੱਕੇ ਖਾਂਦਾ ਫਿਰੇ। ਚੱਲ ਹੁਣ ਚੱਲੀਏ ਇੱਥੋਂ।"

"ਅਨੂੰ ਭੈਣ, ਮੰਮੀ, ਪਾਪਾ! ਪਲੀਜ਼ ਲੈ ਜਾਓ ਮੈਨੂੰ ਇੱਥੋਂ। ਮੈਂ ਮਰ ਜਾਣਾ ਇੱਥੇ। ਇਨ੍ਹਾਂ ਲੋਕਾਂ ਨੇ ਮੈਨੂੰ ਮਾਰ ਦੇਣਾ। ਅਨੂੰ ਭੈਣ ਪਲੀਜ਼... ਪਲੀਜ਼।"

---

ਅੱਜ ਪੂਰੇ ਛੇ ਸਾਲ ਬੀਤ ਗਏ ਨੇ ਇਸ ਘਟਨਾ ਨੂੰ। ਇਹ ਆਵਾਜ਼ ਅੱਜ ਵੀ ਅਨੂੰ ਦੇ ਕੰਨਾਂ 'ਚ ਗੂੰਜਦੀ ਰਹਿੰਦੀ ਹੈ; ਤੇ ਅਨੂੰ ਰਾਤਾਂ ਨੂੰ ਜਾਗਦੀ ਰਹਿੰਦੀ ਹੈ। ਸੁਮੇਰ ਰੀਹੈਬ ਸੈਂਟਰ ਵਾਲਿਆਂ ਦੇ ਤਸੀਹੇ ਬਰਦਾਸ਼ਤ ਨਾ ਕਰ ਸਕਿਆ ਤੇ ਉਸ ਭੋਲੇ ਪੰਛੀ ਦੇ ਪ੍ਰਾਣ ਚਾਲਬਾਜ਼ਾਂ ਦੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ।

## ਮਿਨੀ ਕਹਾਣੀ

# ਮਾਨਸ ਸੋਚ

ਬਾਬਾ ਜੀ ਨੇ ਰੱਬ ਰੂਪੀ ਮਨੁੱਖ ਉਪਰ ਲੰਮੀ ਕਥਾ ਕੀਤੀ ਕਿ ਦੁਨੀਆਂ ਵਿਚ ਮਨੁੱਖ ਜਾਤ ਹੀ ਸਭ ਤੋਂ ਉਤਮ, ਗਿਆਨ ਵਾਲੀ ਤੇ ਸ੍ਰੇਸ਼ਟ ਹੈ। ਇਹ ਜਦੋਂ ਮਨ ਦੀ ਭਟਕਣ ਛੱਡ ਦਿੰਦੀ ਹੈ ਤਾਂ ਇਹ ਰੱਬ ਵਿਚ ਹੀ ਅਭੇਦ ਹੋ ਜਾਂਦੀ ਹੈ ਤੇ ਚੁਰਾਸੀ ਲੱਖ ਜੂਨਾਂ 'ਚੋਂ ਨਿਕਲ ਜਾਂਦੀ ਹੈ। ਇਨ੍ਹਾਂ ਪੰਛੀਆਂ, ਪਸ਼ੂਆਂ ਨੂੰ ਕੀ ਪਤਾ ਆ ਰੱਬ ਦੀ ਹੋਂਦ ਦਾ। ਇਹ ਮਨੁੱਖ ਰੱਬ ਰੂਪੀ ਵਿਰਸਾ ਹੀ ਆ।

ਹੁਣ ਇਹ ਕਥਾ ਲੰਬੀ ਹੁੰਦੀ ਦੇਖ ਬੁੱਢਾ ਸੁੱਚਾ ਫ਼ੌਜੀ ਲੰਮੀ ਸੋਚ ਵਿਚ ਵਹਿ ਗਿਆ। ਇਹ ਮਾਨਸ ਜਾਤ ਈ ਆ ਕਤਲ, ਦੰਗੇ, ਫਸਾਦ, ਚੋਰੀਆਂ, ਡਾਕੇ, ਊਚ-ਨੀਚ, ਬੇ-ਜ਼ੁਬਾਨਿਆਂ ਦਾ ਸ਼ਿਕਾਰ, ਦੇਸ਼ ਦੀਆਂ ਹੱਦਾਂ, ਸੂਬੇ ਦੀਆਂ ਹੱਦਾਂ, ਪਿੰਡਾਂ ਦੀਆਂ ਵੱਟਾਂ, ਘਰਾਂ ਵਿਚ ਕੰਧਾਂ ਮਾਰ-ਮਾਰ ਕੇ ਇਕ-ਦੂਜੇ 'ਤੇ ਹੱਕ ਜਿਤਾਉਣ ਤੇ ਝੂਠੀ ਸ਼ੁਹਰਤ ਖੱਟਣ ਲਈ ਕੀ ਪਾਪ ਪਾਖੰਡ ਨਹੀਂ ਕਰਦਾ। ਉਸ ਦੇ ਧੁਰ ਅੰਦਰੋਂ ਇਕ ਰੀਝ ਪੈਦਾ ਹੋਈ ਕਿ ਕਿਉਂ ਨਾ ਮੈਨੂੰ ਮਰਨ ਪਿਛੋਂ ਰੱਬ ਪੰਛੀ ਬਣਾਏ। ਨਾ ਲੜਾਈ, ਨਾ ਵੈਰ, ਨਾ ਹੱਦਾਂ, ਨਾ ਕੰਧਾਂ, ਨਾ ਕੋਈ ਮੇਰਾ ਦੇਸ਼ ਨਾ ਪ੍ਰਦੇਸ, ਨਾ ਕੋਈ ਮੈਨੂੰ ਕਿਧਰੇ ਰੋਕੇ ਪਰ ਝੱਟ ਹੀ ਉਸ ਦੇ ਮਨ ਉਦਾਸੀ ਛਾ ਗਈ ਜਦੋਂ ਉਸ ਨੇ ਸਰਕਸਾਂ, ਪਿੰਜਰਾ ਘਰਾਂ ਵੱਲ ਝਾਤੀ ਮਾਰੀ ਜਿਥੇ ਮਾਰ ਖੋਰੇ ਜਾਨਵਰਾਂ ਤੇ ਭੋਲੇ-ਭਾਲੇ ਪੰਛੀਆਂ ਨੂੰ ਬੰਦੇ ਅੱਗੇ ਉਸ ਦੇ ਇਸ਼ਾਰੇ 'ਤੇ ਨਾਚ ਨੱਚਦਿਆਂ ਵੇਖਿਆ ਤੇ ਲੰਮੀਆਂ ਕੈਦਾਂ ਕੱਟਦੇ ਖੁਰ-ਖੁਰ ਮਰਦੇ।

ਕੀ ਇਹ ਮਾਨਸ ਜਾਤ ਆਪਣੇ ਧੰਦੇ ਖਾਤਰ ਅਸਮਾਨੀ ਉਡਦੇ ਪੰਛੀਆਂ ਤੱਕ ਨੂੰ ਆਪਣੇ ਜਾਲ ਵਿਚ ਫਾਹੀ ਬੈਠੀ ਆ।

*-ਹਰਦੀਪ ਸਿੰਘ ਕਾਹਲੋਂ, ਕਪੂਰਥਲਾ।*

# ਸਿਆਸਤ ਦੀ ਕਬੱਡੀ: ਹੂ ਤੂ ਤੂ


ਆਵਾਜ਼ ਦੇ ਕਹਾਂ ਹੈ... -48-



ਕੁਲਦੀਪ ਕੌਰ
ਫੋਨ: +91-98554-04330

ਸ਼ਬਦ 'ਹੂ ਤੂ ਤੂ' ਖੇਡ ਹੈ ਜਿਸ ਦਾ ਮੁਹਾਂਦਰਾ ਅਤੇ ਨਿਯਮ ਕਬੱਡੀ ਨਾਲ ਮਿਲਦੇ-ਜੁਲਦੇ ਹਨ। ਫਿਲਮ 'ਹੂ ਤੂ ਤੂ' ਗੁਲਜ਼ਾਰ ਦੀ ਸਭ ਤੋਂ ਨਾਕਾਮਯਾਬ ਫਿਲਮ ਮੰਨੀ ਜਾਂਦੀ ਹੈ। ਇਸ ਫਿਲਮ ਦੀ ਬਾਕਸ ਆਫਿਸ 'ਤੇ ਅਸਫਲਤਾ ਤੋਂ ਕਈ ਸਾਲ ਬਾਅਦ ਤੱਕ ਉਨ੍ਹਾਂ ਕੋਈ ਹੋਰ ਫਿਲਮ ਨਿਰਦੇਸ਼ਤ ਨਹੀਂ ਕੀਤੀ। ਉਸ ਸਮੇਂ ਇਕ ਇੰਟਰਵਿਊ ਵਿਚ ਉਨ੍ਹਾਂ ਨੇ ਹਤਾਸ਼ਾ ਵਿਚ ਇਹ ਵੀ ਕਿਹਾ- "ਮੈਂ ਤਾਂ ਹਾਲੇ ਮੁੱਖਧਾਰਾ ਦੇ ਸਿਨੇਮਾ ਦੀ ਭਾਸ਼ਾ ਸਿੱਖਣੀ ਹੈ।" ਇਸ ਫਿਕਰੇ ਵਿਚ ਤਨਜ਼ ਦੇ ਨਾਲ ਰੰਜ਼ ਵੀ ਛੁਪਿਆ ਹੋਇਆ ਹੈ।

ਇਹ ਫਿਲਮ ਸੰਨ 1999 ਵਿਚ ਰਿਲੀਜ਼ ਹੋਈ ਸੀ। ਫਿਲਮ ਦਾ ਕਥਾਨਿਕ ਸਿਆਸੀ ਹੈ। ਬਹੁਤ ਸਾਰੇ ਆਲੋਚਕਾਂ ਨੇ ਇਸ ਫਿਲਮ ਨੂੰ 'ਆਂਧੀ' ਦਾ ਹੀ ਵਿਸਥਾਰ ਦੱਸਿਆ ਹੈ, ਭਾਵੇਂ ਗੁਲਜ਼ਾਰ ਇਸ ਤੱਥ ਤੋਂ ਸਾਫ ਇਨਕਾਰ ਕਰਦੇ ਹਨ। ਫਿਲਮ ਵਿਚ ਸੱਤਾ ਲਈ ਕਿਸੇ ਵੀ ਹੱਦ ਤੱਕ ਜਾ ਸਕਣ ਵਾਲੀ ਮੁੱਖ ਮੰਤਰੀ ਮਾਲਤੀ ਬਰਵੇ (ਸੁਹਾਸਿਨੀ ਮੂਲੇ) ਦੀ ਬੇਟੀ ਪੰਨਾ ਬਰਵੇ (ਤੱਬੂ) ਨੂੰ ਅਗਵਾ ਕਰ ਲਿਆ ਜਾਂਦਾ ਹੈ। ਉਸ ਨੂੰ ਅਗਵਾ ਕਰਨ ਵਾਲਾ ਗਰੁੱਪ, ਬਦਲੇ ਵਿਚ ਆਪਣੇ ਇਕ ਮੈਂਬਰ ਨੂੰ ਜੇਲ੍ਹ ਤੋਂ ਰਿਹਾਅ ਕਰਵਾਉਣ ਦੀ ਮੰਗ ਕਰਦਾ ਹੈ। ਅਗਵਾ ਹੋਈ ਪੰਨਾ ਆਪਣੀ ਜ਼ਿੰਦਗੀ ਦੇ ਪੰਨੇ ਫਰੋਲਦੀ ਹੈ ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਕਿਵੇਂ ਉਸ ਦਾ ਬਚਪਨ ਅਤੇ ਜਵਾਨੀ ਮਾਂ ਦੀ ਸਿਆਸਤ ਨੇ ਖਾ ਲਈ। ਉਸ ਨੂੰ ਯਾਦ ਆਉਂਦਾ ਹੈ ਕਿ ਕਿਵੇਂ ਮਾਂ ਦੀਆਂ ਸਿਆਸੀ ਖਾਹਿਸ਼ਾਂ ਅਤੇ ਜੋੜਾਂ-ਤੋੜਾਂ ਅੱਗੇ ਉਸ ਦੇ ਪਿਤਾ ਬੇਵੱਸ ਤੇ ਕਮਜ਼ੋਰ ਹੋ ਕੇ ਰਹਿ ਗਏ ਸਨ। ਆਦਰਸ਼ਵਾਦ ਅਤੇ ਸਿਆਸੀ ਨੈਤਿਕਤਾ ਦੀ ਦੁਹਾਈ ਦੇਣ ਵਾਲੀ ਉਸ ਦੀ ਮਾਂ ਦਾ ਪਾਰਟੀ ਦੇ ਹੀ ਇਕ ਨੇਤਾ ਨਾਲ ਨਾਜਾਇਜ਼ ਸਬੰਧ ਵੀ ਚੱਲ ਰਿਹਾ ਹੈ ਜਿਸ ਕਾਰਣ ਉਸ ਬਾਰੇ ਪਾਰਟੀ ਵਿਚ ਵੀ ਲਗਾਤਾਰ ਚਰਚਾ ਰਹਿੰਦੀ ਹੈ। ਇਸ ਕਾਰਨ ਪੰਨਾ ਅਤੇ ਉਸ ਦਾ ਪਿਤਾ





ਫਿਲਮ 'ਹੂ ਤੂ ਤੂ' ਵਿਚ ਅਦਾਕਾਰਾ ਤੱਬੂ ਅਤੇ (ਸੱਜੇ) ਫਿਲਮਸਾਜ਼ ਗੁਲਜ਼ਾਰ, ਤੇ ਹੇਠਾਂ ਫਿਲਮ ਦਾ ਪੋਸਟਰ।

ਦੋਵੇਂ ਅਣਗਹਿਲੀ ਅਤੇ ਬੇਗਾਨਗੀ ਦੇ ਮਾਹੌਲ ਵਿਚ ਸਾਹ ਲੈਣ ਲਈ ਮਜਬੂਰ ਹਨ।

ਅਗਵਾ ਤੋਂ ਬਾਅਦ ਪੰਨਾ ਨੂੰ ਜਦੋਂ ਅਗਵਾਕਾਰ ਬਾਰੇ ਪਤਾ ਲੱਗਦਾ ਹੈ ਤਾਂ ਉਸ ਨੂੰ ਧੱਕਾ ਲੱਗਦਾ ਹੈ। ਅਗਵਾ ਕਰਨ ਵਾਲਾ ਉਸ ਦਾ ਸਾਬਕਾ ਪ੍ਰੇਮੀ ਆਦੀ (ਸੁਨੀਲ ਸ਼ੈਟੀ) ਹੈ ਜੋ ਇਸ ਕਿਸਮ ਦੀ ਸਿਆਸਤ ਦੀ ਖਿਲਾਫਤ ਬੰਦੂਕ ਨਾਲ ਕਰਨ ਵਿਚ ਸ਼ਾਮਿਲ ਹੈ। ਆਦੀ ਉਸ ਭ੍ਰਿਸ਼ਟ ਠੇਕੇਦਾਰ ਦਾ ਮੁੰਡਾ ਹੈ ਜਿਸ ਦੀ ਲਾਲਸਾ ਨੇ ਕਈ ਬਸਤੀਆਂ ਉਜਾੜੀਆਂ ਹਨ। ਆਪਣੇ ਮਾਪਿਆਂ ਦੀ ਇਸ ਦੋਗਲੀ ਜ਼ਿੰਦਗੀ ਤੋਂ ਪਰੇਸ਼ਾਨ ਪੰਨਾ ਅਤੇ ਆਦੀ ਆਪਸ ਵਿਚ ਗਹਿਰੇ ਦੋਸਤ ਬਣ ਜਾਂਦੇ ਹਨ। ਉਨ੍ਹਾਂ ਵਿਚ ਸਿਆਸੀ ਚੇਤਨਾ ਭਰਨ ਦਾ ਕੰਮ ਕਰਦਾ ਹੈ ਸੜਕਾਂ 'ਤੇ ਨਾਟਕ ਕਰ ਕੇ ਸਿਆਸੀ ਪ੍ਰਚਾਰ ਕਰਨ ਵਾਲਾ ਨਾਟਕਕਾਰ ਭਾਊ (ਨਾਨਾ ਪਾਟੇਕਰ)।




ਭਾਊ ਸਿਆਸੀ ਪਾਰਟੀਆਂ ਦੇ ਦੋਗਲੇਪਣ ਅਤੇ ਪਾਖੰਡ ਤੋਂ ਭਲੀਭਾਂਤ ਜਾਣੂ ਹੈ ਅਤੇ ਉਹ ਇਸ ਦੇ ਖਿਲਾਫ ਲੋਕਾਂ ਨੂੰ ਲਾਮਬੰਦ ਕਰਨ ਦਾ ਕੰਮ ਕਰਦਾ ਹੈ। ਆਪਣੀ ਇਸੇ ਸਿਆਸਤ ਕਾਰਨ ਉਹ ਮਾਲਤੀ ਬਰਵੇ ਦਾ ਮੁੱਖ ਵਿਰੋਧੀ ਬਣ ਜਾਂਦਾ ਹੈ। ਮਾਲਤੀ ਬਰਵੇ ਉਸ ਦੀਆਂ ਸਰਗਰਮੀਆਂ 'ਤੇ ਲਗਾਤਾਰ ਨਜ਼ਰ ਰੱਖਣ ਲਗਦੀ ਹੈ।


ਪੰਨਾ ਅਤੇ ਆਦੀ ਨੂੰ ਪਤਾ ਹੈ ਕਿ ਦੁਬਾਰਾ ਮਿਲਣ ਤੋਂ ਬਾਅਦ ਵੀ ਉਨ੍ਹਾਂ ਕੋਲ ਇਕੱਠੇ ਜ਼ਿੰਦਗੀ ਬਤੀਤ ਕਰਨ ਦਾ ਕੋਈ ਚਾਰਾ ਨਹੀਂ। ਅਗਵਾ ਦੌਰਾਨ ਪਹਿਲਾਂ ਇਹ ਤੈਅ ਹੁੰਦਾ ਹੈ ਕਿ ਉਸ ਮੈਂਬਰ ਦੇ ਆਉਣ ਤੋਂ ਬਾਅਦ ਪੰਨਾ ਨੂੰ ਗੋਲੀ ਮਾਰ ਦਿੱਤੀ ਜਾਏਗੀ, ਪਰ ਉਸ ਦੀ ਆਦੀ ਨਾਲ ਹੋਈ ਗੱਲਬਾਤ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਨਾਲ ਵਾਪਰੀਆਂ ਦੁਰਘਟਨਾਵਾਂ ਜਿਨ੍ਹਾਂ ਵਿਚ ਉਨ੍ਹਾਂ ਦੇ ਅਣਜਨਮੇ ਬੱਚੇ ਦੀ ਮੌਤ ਵੀ ਸ਼ਾਮਿਲ ਹੈ, ਬਾਰੇ ਪਤਾ ਲਗਦਾ ਹੈ। ਜਦੋਂ ਪੰਨਾ ਦੇ ਬਦਲੇ ਛੱਡੇ ਬੰਦੇ ਨੂੰ ਪੰਨਾ ਦੇਖਦੀ ਹੈ ਤਾਂ ਸੁੰਨ ਰਹਿ ਜਾਂਦੀ ਹੈ, ਕਿਉਂਕਿ ਇਹ ਕੋਈ ਹੋਰ ਨਹੀਂ, ਸਗੋਂ ਭਾਊ ਹੀ ਹੈ। ਭਾਊ ਦੇ ਕ੍ਰਾਂਤੀਕਾਰੀ ਵਿਚਾਰਾਂ ਕਾਰਨ ਉਸ ਨੂੰ ਮੁੱਖ ਮੰਤਰੀ ਦੇ ਇਸ਼ਾਰੇ 'ਤੇ ਬਿਜਲੀ ਦੇ ਝਟਕਿਆਂ ਦੀ ਮਦਦ ਨਾਲ ਦਿਮਾਗੀ ਤੌਰ 'ਤੇ ਅਪੰਗ ਬਣਾ ਦਿੱਤਾ ਜਾਂਦਾ ਹੈ। ਹੁਣ ਪੰਨਾ ਤੇ ਆਦੀ ਆਪਣੇ ਮਾਂ ਤੇ ਪਿਉ ਦੀ ਨਿਰੰਕੁਸ਼ਤਾ ਦਾ ਬਦਲਾ ਲੈਣ ਦੀ ਠਾਣ ਲੈਂਦੇ ਹਨ। ਉਹ ਮਾਲਤੀ ਬਰਵੇ ਅਤੇ ਆਦੀ ਦੇ ਪਿਉ ਦੁਆਰਾ ਰੱਖੀ ਰੈਲੀ ਵਿਚ ਆਤਮਘਾਤੀ ਬੰਬ ਬਣ ਕੇ ਸਾਰਾ ਕੁਝ ਉਡਾ ਦਿੰਦੇ ਹਨ। ਫਿਲਮ ਦੇ ਅੰਤ ਵਿਚ ਪੰਨਾ ਦਾ ਪਿਤਾ ਉਸ ਵਰਗੀਆਂ ਹੋਰ ਮਾਸੂਮ ਬੱਚੀਆਂ ਨੂੰ ਪੜ੍ਹਾ ਰਿਹਾ ਦਿਖਾਇਆ ਗਿਆ ਹੈ ਜੋ ਭਵਿੱਖ ਲਈ ਉਮੀਦ ਦਾ ਸੰਕੇਤ ਮੰਨਿਆ ਜਾ ਸਕਦਾ ਹੈ।

ਇਹ ਫਿਲਮ ਨਾਨਾ ਪਾਟੇਕਰ ਅਤੇ ਤੱਬੂ ਦੀ ਫਿਲਮ ਹੈ। ਉਨ੍ਹਾਂ ਦੇ ਕਿਰਦਾਰ ਅਤੇ ਜੀਵਨ ਢੰਗ ਭਾਰਤੀ ਸਿਨੇਮਾ ਦੀਆਂ ਸਿਆਸਤ 'ਤੇ ਬਣੀਆਂ ਫ਼ਿਲਮਾਂ ਨਾਲੋਂ ਵੱਖਰਾ ਹੈ। ਫਿਲਮ ਘਾਗਾਂ ਸਿਆਸਤਦਾਨਾਂ ਦੇ ਘਰਾਂ ਅੰਦਰ ਹੁੰਦੀ ਹਿੰਸਾ ਅਤੇ ਸਿਆਸਤ ਦੇ ਕਰੂਰ ਰਸਤਿਆਂ ਦੀ ਨਿਸ਼ਾਨਦੇਹੀ ਕਰਦੀ ਹੈ ਜਿਸ 'ਤੇ ਚੱਲਦਿਆਂ ਮਾਲਤੀ ਬਰਵੇ ਵਰਗੇ ਲੋਕ ਸੰਵੇਦਨਾ ਅਤੇ ਮਾਨਵੀ ਹਮਦਰਦੀ ਤੋਂ ਕੋਰੇ ਹੋ ਜਾਂਦੇ ਹਨ। ਫਿਲਮ ਦੱਸਦੀ ਹੈ ਕਿ ਸਾਰੇ ਆਵਾਮ ਨੂੰ ਜਿੱਤਣ ਤੇ ਖਰੀਦਣ ਦਾ ਦਾਅਵਾ ਕਰਨ ਵਾਲੇ ਇਨ੍ਹਾਂ ਲੋਕਾਂ ਦੇ ਹੱਥਾਂ ਵਿਚ ਬਹੁਤੀ ਵਾਰ ਆਪਣਿਆਂ ਦੀ ਖਾਕ ਵੀ ਨਹੀਂ ਆਉਂਦੀ। ਫਿਲਮ ਵਿਚ ਆਰ.ਕੇ. ਲਕਸ਼ਮਣ ਦੀਆਂ ਲਕੀਰਾਂ ਦੀ ਆਪਣੀ ਸਿਆਸਤ ਹੈ ਜੋ ਭਾਰਤੀ ਸਿਆਸਤ ਦੇ ਕਈ ਦਹਾਕਿਆਂ ਨੂੰ ਆਪਣੇ ਅੰਦਰ ਕੈਦ ਕਰੀ ਬੈਠੀਆਂ ਹਨ।


# ਰਿਚਾ ਚੱਢਾ ਦੀ 'ਖ਼ੂਨ ਆਲੀ ਚਿੱਠੀ'

ਅਦਾਕਾਰਾ ਰਿਚਾ ਚੱਢਾ ਨੇ ਫ਼ਿਲਮ ਨਿਰਮਾਣ ਦੇ ਖੇਤਰ ਵਿਚ ਆਪਣਾ ਪਹਿਲਾ ਕਦਮ ਰੱਖਦੇ ਹੋਏ ਪੰਜਾਬੀ ਫ਼ਿਲਮ ਦਾ ਨਿਰਮਾਣ ਕੀਤਾ ਹੈ। ਇਹ ਲਘੂ ਫ਼ਿਲਮ ਹੈ ਅਤੇ ਇਸ ਦਾ ਟਾਈਟਲ ਹੈ- 'ਖ਼ੂਨ ਆਲੀ ਚਿੱਠੀ'। ਇਹ ਰੁਪਿੰਦਰ ਇੰਦਰਜੀਤ ਸਿੰਘ ਵੱਲੋਂ ਲਿਖੀ ਤੇ ਨਿਰਦੇਸ਼ਿਤ ਕੀਤੀ ਗਈ ਹੈ। ਚੌਦਾਂ ਮਿੰਟ ਦੀ ਇਸ ਫ਼ਿਲਮ ਬਾਰੇ ਰਿਚਾ ਕਹਿੰਦੀ ਹੈ-"ਜਦੋਂ ਭੁਪਿੰਦਰ ਨੇ ਮੈਨੂੰ ਇਸ ਫ਼ਿਲਮ ਦੀ ਕਹਾਣੀ ਦੀ ਰੂਪ-ਰੇਖਾ ਦੱਸੀ ਤਾਂ ਇਹ ਮੈਨੂੰ ਬਹੁਤ ਅਪੀਲ ਕਰ ਗਈ। ਇਸ ਦੀ ਕਹਾਣੀ 1980ਵਿਆਂ ਦੌਰਾਨ ਪੰਜਾਬ ਵਿਚ ਫੈਲੇ ਅਤਿਵਾਦ ਦੀ ਪਿੱਠ-ਭੂਮੀ 'ਤੇ ਆਧਾਰਿਤ ਹੈ ਅਤੇ ਇਸ ਵਿਚ ਅੱਲ੍ਹੜ ਉਮਰ ਦੇ ਮੁੰਡੇ ਦੀ ਕਹਾਣੀ ਪੇਸ਼ ਕੀਤੀ ਗਈ ਹੈ। ਮੇਰੀ ਪੈਦਾਇਸ਼ ਅੰਮ੍ਰਿਤਸਰ ਦੀ ਹੈ। ਇਸ ਲਈ ਅਤਿਵਾਦ ਦੇ ਉਸ ਕਾਲੇ ਦੌਰ ਬਾਰੇ ਮੈਨੂੰ ਕਾਫੀ ਕੁਝ ਪਤਾ ਹੈ। ਉਦੋਂ ਪੁਲਿਸ ਅਤੇ ਅਤਿਵਾਦੀਆਂ ਵਿਚਾਲੇ ਆਮ ਆਦਮੀ ਪਿਸ ਕੇ ਰਹਿ ਗਿਆ ਸੀ। ਅਤਿਵਾਦ ਦੀ ਬਦੌਲਤ ਨਿਰਦੋਸ਼ ਨਾਗਰਿਕ ਨੂੰ ਕਿਸ ਤਰ੍ਹਾਂ ਸਹਿਣਾ ਪੈ ਜਾਂਦਾ ਹੈ, ਇਸ ਕਹਾਣੀ ਨੂੰ ਇਸ ਵਿਚ ਪੇਸ਼ ਕੀਤਾ ਗਿਆ ਹੈ। ਕਹਾਣੀ ਇਹ ਹੈ ਕਿ ਚੌਦਾਂ ਸਾਲ ਦਾ ਮੁੰਡਾ ਇਕ ਕੁੜੀ ਨੂੰ ਆਪਣੇ ਖ਼ੂਨ ਨਾਲ ਪ੍ਰੇਮ ਪੱਤਰ ਲਿਖਣਾ ਚਾਹੁੰਦਾ ਹੈ। ਮੁੰਡੇ ਦੀ ਇਸ ਦੀਵਾਨਗੀ ਦਾ ਕੀ ਅੰਜਾਮ ਹੁੰਦਾ ਹੈ, ਇਹ ਗੱਲ ਇਸ ਵਿਚ ਪੇਸ਼ ਕੀਤੀ ਗਈ ਹੈ। ਮੈਂ ਜਾਣਦੀ ਹਾਂ ਕਿ ਅਤਿਵਾਦ 'ਤੇ 'ਮਾਚਿਸ', 'ਹਵਾਏਂ' ਅਤੇ ਹੋਰ ਕਈ ਫ਼ਿਲਮਾਂ ਬਣੀਆਂ ਹਨ, ਪਰ ਸਾਡੀ ਇਹ ਫ਼ਿਲਮ ਉਨ੍ਹਾਂ ਫ਼ਿਲਮਾਂ ਤੋਂ ਵੱਖਰੀ ਹੈ। ਮੈਂ ਆਪਣੀ ਇਸ ਫ਼ਿਲਮ ਨੂੰ ਕਈ ਕੌਮਾਂਤਰੀ ਫ਼ਿਲਮ ਸਮਾਰੋਹਾਂ ਵਿਚ ਵੀ ਦਿਖਾਉਣਾ ਚਾਹੁੰਦੀ ਹਾਂ।"




# ਨਸੀਰੂਦੀਨ ਦਾ ਸ਼ਾਹੀ ਅੰਦਾਜ਼



ਮਸ਼ਹੂਰ ਅਦਾਕਾਰ ਨਸੀਰੂਦੀਨ ਸ਼ਾਹ ਅੱਜ ਕੱਲ੍ਹ ਖ਼ੂਬ ਚਰਚਾ ਵਿਚ ਹੈ। ਇਕ ਤਾਂ ਉਸ ਦੀ ਨਵੀਂ ਫਿਲਮ 'ਵੇਟਿੰਗ' ਹੁਣੇ-ਹੁਣੇ ਰਿਲੀਜ਼ ਹੋਈ ਹੈ ਜਿਸ ਵਿਚ ਉਸ ਦੀ ਅਤੇ ਸਾਥੀ ਅਦਾਕਾਰਾ ਕਲਕੀ ਕੋਇਚਲਿਨ ਦੀਆਂ ਸਿਫ਼ਤਾਂ ਹੋ ਰਹੀਆਂ ਹਨ; ਦੂਜੇ ਬੰਨੇ ਉਸ ਵੱਲੋਂ ਕੀਤੀਆਂ ਸਿਆਸੀ ਟਿੱਪਣੀਆਂ ਨਾਲ ਵਿਵਾਦ ਭਖ ਗਿਆ ਹੈ। ਮੋਦੀ ਸਰਕਾਰ ਵੱਲੋਂ 2 ਸਾਲ ਪੂਰੇ ਹੋਣ ਉਤੇ ਮਨਾਏ ਜਾ ਰਹੇ ਜਸ਼ਨਾਂ ਦੀ ਨੁਕਤਾਚੀਨੀ ਕਰਦਿਆਂ ਉਸ ਨੇ ਕਿਹਾ ਹੈ ਕਿ ਮੁਲਕ ਦੀਆਂ ਪਾਠ ਪੁਸਤਕਾਂ ਵਿਚ ਕੀਤੀ ਜਾ ਰਹੀ ਰੱਦੋ-ਬਦਲ ਫਿਕਰ ਵਾਲੀ ਗੱਲ ਹੈ। ਉਸ ਦਾ ਕਹਿਣਾ ਹੈ ਕਿ ਇਹ ਸਰਕਾਰ ਦੇ ਹੱਕ ਹੈ ਕਿ ਮੁਲਕ ਨੂੰ ਆਧੁਨਿਕ ਲੀਹਾਂ ਉਤੇ ਤੋਰਨਾ ਹੈ ਜਾਂ ਪਿਛੇ ਰਹਿ ਗਏ ਕਾਲੇ ਵਕਤਾਂ ਵੱਲ ਲੈ ਕੇ ਜਾਣਾ ਹੈ। ਨਾਲ ਹੀ ਉਮੀਦ ਜ਼ਾਹਿਰ ਕੀਤੀ ਹੈ ਕਿ ਮੁਲਕ ਆਧੁਨਿਕਤਾ ਦਾ ਰਾਹ ਹੀ ਅਖਤਿਆਰ ਕਰੇਗਾ।

ਇਸ ਤੋਂ ਇਲਾਵਾ ਨਸੀਰੂਦੀਨ ਸ਼ਾਹ ਨੇ ਅਦਾਕਾਰ ਅਨੁਪਮ ਖੇਰ ਨੂੰ ਵੀ ਰਤਾ ਕੁ ਹੁੱਝ ਮਾਰੀ ਹੈ। ਉਸ ਨੇ ਕਿਹਾ ਹੈ ਕਿ ਜਿਹੜਾ ਬੰਦਾ ਕਦੇ ਕਸ਼ਮੀਰ ਵਿਚ ਨਹੀਂ ਰਿਹਾ, ਉਹ ਕਸ਼ਮੀਰੀ ਪੰਡਿਤਾਂ ਲਈ ਜੱਦੋ-ਜਹਿਦ ਕਰਨ ਦੇ ਦਮਗਜ਼ੇ ਮਾਰ ਰਿਹਾ ਹੈ। ਯਾਦ ਰਹੇ ਕਿ ਅਜਿਹੇ ਵਿਸ਼ੇਸ਼ ਮਸਲਿਆਂ ਬਾਰੇ ਅਨੁਪਮ ਖੇਰ ਲਗਾਤਾਰ ਮੋਦੀ ਸਰਕਾਰ ਦੀ ਹਾਂ ਵਿਚ ਹਾਂ ਮਿਲਾ ਰਿਹਾ ਹੈ। ਨਸੀਰੂਦੀਨ ਸ਼ਾਹ ਨੇ ਅਜਿਹੇ ਮਸਲਿਆਂ ਬਾਰੇ ਰਾਜ ਸਭਾ ਮੈਂਬਰ ਜਾਵੇਦ ਅਖਤਰ ਦੇ ਵਿਦਾਇਗੀ ਭਾਸ਼ਣ ਦੀਆਂ ਵੀ ਸਿਫ਼ਤਾਂ ਕੀਤੀਆਂ ਜਿਸ ਵਿਚ ਅਖਤਰ ਨੇ ਕਿਹਾ ਸੀ ਕਿ 'ਬੰਦੇ ਮਾਤ੍ਰਮ' ਅਤੇ 'ਭਾਰਤ ਮਾਤਾ ਕੀ ਜੈ' ਕਹਿਣ ਲਈ ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ। ਅਖ਼ਤਰ ਨੇ ਸਪਸ਼ਟ ਕਿਹਾ ਸੀ ਕਿ ਦੇਸ਼ ਭਗਤੀ ਦਾ ਇਹ ਕੋਈ ਪੈਮਾਨਾ ਨਹੀਂ ਅਤੇ ਸਰਕਾਰ ਨੂੰ ਇਸ ਸਿਲਸਿਲੇ ਵਿਚ ਸੋਚ-ਵਿਚਾਰ ਕੇ ਬਿਆਨਬਾਜ਼ੀ ਕਰਨੀ ਚਾਹੀਦੀ ਹੈ।

ਸਾਲ 2014 ਵਿਚ ਨਸੀਰੂਦੀਨ ਸ਼ਾਹ ਨੇ ਆਪਣੀਆਂ ਯਾਦਾਂ ਦੀ ਕਿਤਾਬ 'ਐਂਡ ਦੈੱਨ ਵੰਨ ਡੇਅ' ਲਿਖੀ ਸੀ। ਇਸ ਵਿਚ ਉਸ ਦਾ 32 ਸਾਲ ਦੀ ਉਮਰ ਤੱਕ ਦਾ ਜੀਵਨ ਵੇਰਵਾ ਵਿਸਥਾਰ ਨਾਲ ਲਿਖਿਆ ਗਿਆ। ਹੁਣ ਉਸ ਦਾ ਕਹਿਣਾ ਹੈ ਕਿ ਉਹ ਆਪਣੇ ਬਾਰੇ ਲਿਖਣ ਦੀ ਬਜਾਏ ਹਿੰਦੀ ਫਿਲਮ ਜਗਤ ਬਾਰੇ ਲਿਖਣਾ ਚਾਹੇਗਾ। ਉਸ ਦਾ ਆਖਣਾ ਹੈ ਕਿ ਉਹ ਫਿਲਮ ਜਗਤ ਦੀਆਂ ਉਹ ਗੱਲਾਂ ਲੋਕਾਂ ਨਾਲ ਸਾਂਝੀਆਂ ਕਰਨਾ ਚਾਹੁੰਦਾ ਹੈ ਜਿਹੜੀਆਂ ਆਮ ਕਰ ਕੇ ਬਾਹਰ ਨਹੀਂ ਆਉਂਦੀਆਂ। ਯਾਦ ਰਹੇ ਕਿ ਨਸੀਰੂਦੀਨ ਸ਼ਾਹ ਨੇ ਆਪਣਾ ਕਰੀਅਰ ਮੁੱਖਧਾਰਾ ਸਿਨੇਮਾ ਦੇ ਬਰਾਬਰ ਸਾਰਥਕ ਸਿਨੇਮੇ ਨਾਲ ਸ਼ੁਰੂ ਕੀਤਾ ਸੀ ਅਤੇ ਕਈ ਖ਼ੂਬਸੂਰਤ ਫਿਲਮਾਂ ਹਿੰਦੀ ਫਿਲਮ ਜਗਤ ਨੂੰ ਦਿੱਤੀਆਂ ਸਨ। ਬਾਅਦ ਵਿਚ ਉਸ ਨੇ ਆਪਣਾ ਰੁਖ ਕਮਰਸ਼ੀਅਲ ਫਿਲਮਾਂ ਵੱਲ ਕਰ ਲਿਆ ਅਤੇ ਉਥੇ ਵੀ ਸਾਰਥਕ ਸਿਨੇਮਾ ਜਿੰਨੀ ਹੀ ਸਫਲਤਾ ਹਾਸਲ ਕੀਤੀ।

**Guru Nanak Sikh Center, Lansing, MI**

4701 Pleasant Grove, Lansing, MI 48910 Ph: 517-272-0231

# ਦੂਖ ਨਿਵਾਰਨ ਕੈਂਪ

## 10, 11 ਅਤੇ 12 ਜੂਨ, 2016

ਸ਼ਾਮ 3 ਤੋਂ ਰਾਤ 7 ਵਜੇ ਤੱਕ



ਗੁਰਬਾਣੀ ਸ਼ਬਦ, ਸਿਮਰਨ ਅਤੇ ਜਾਪ ਰਾਹੀਂ ਰੋਗ ਅਤੇ ਦੁੱਖ ਦੂਰ ਕਰਨ ਲਈ ਇਕ ਦੂਖ ਨਿਵਾਰਨ ਕੈਂਪ 10 ਤੋਂ 12 ਜੂਨ ਤੱਕ ਲਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਕੈਂਪ ਵਿਚ ਹਾਜ਼ਰੀ ਭਰ ਕੇ 'ਸਰਬ ਰੋਗ ਕਾ ਅਉਖਧ ਨਾਮ' ਗੁਰਬਾਣੀ ਦਾ ਲਾਹਾ ਲਓ ਜੀ। ਇਸ ਪ੍ਰੋਗਰਾਮ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਨ੍ਹਾਂ ਨਾਲ ਫੋਨ 646-464-1818 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਲਾਡੀ ਮੁਲਤਾਨੀ, ਫੋਨ: 517-204-4171**

22-23

# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc.**

Minneapolis, MN 55426

**HIGH QUALITY PICTURE**

**HD** TVI, SDI, IP



**We install anywhere in California**

NEW TREND IN SECURITY SYSTEM
ULTRA HIGH DEFINITION
MOTORIZED LENS

Call Sukhpal for your next security solution purchase

**2 YEAR WARRANTY**



vista
CCTV TECHNOLOGY
SOLUTION PROVIDER COMPANY

**661-586-5080**

commvision@sbcglobal.net




**GAS SIGN**
**MESSAGE BOARD**

**Box & Channel Letters SIGNS**

We Install any where in California

ELECTRIC SIGN COMPANY

Call For More Info:

**1-661-586-5080**

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਵੈ॥

# ਗੁਰਦੁਆਰਾ ਸਾਹਿਬ ਐਲ-ਸਬਰਾਂਟੇ, ਕੈਲੀਫੋਰਨੀਆ

## 66ਵੀਂ ਬਰਸੀ

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ

## 12 ਜੂਨ 2016, ਦਿਨ ਐਤਵਾਰ



ਸੰਤ ਬਾਬਾ ਪ੍ਰੇਮ ਸਿੰਘ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਾਲਾਨਾ ਬਰਸੀ ਗੁਰਦੁਆਰਾ ਸਾਹਿਬ, ਐਲ-ਸਬਰਾਂਟੇ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।

### ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ
**10 ਜੂਨ 2016 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ**
ਭੋਗ ਸ੍ਰੀ ਅਖੰਡ ਪਾਠ ਸਾਹਿਬ
**12 ਜੂਨ 2016 ਦਿਨ ਐਤਵਾਰ, ਸਵੇਰੇ 9:30 ਵਜੇ**

**ਫਰੀ ਮੈਡੀਕਲ ਕੈਂਪ:** ਇਸ ਮੌਕੇ ਡਾ. ਸੁਰਿੰਦਰ ਸਿੰਘ ਕੋਹਲ ਆਪਣੀ ਮੈਡੀਕਲ ਟੀਮ ਨਾਲ ਲੋੜਵੰਦ ਸੰਗਤ ਮੈਂਬਰਾਂ ਲਈ ਫਰੀ ਮੈਡੀਕਲ ਕੈਂਪ ਲਾਉਣਗੇ।

**Free Medical Camp:**
On this occasion, Dr. Surinder Singh Kohal along with his medical team will set up a free medical camp to serve the needy Sangat members of Gurdwara Sahib.

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 2 ਵਜੇ ਤੱਕ ਕਥਾ-ਕੀਰਤਨ ਦਾ ਪਰਵਾਹ ਚੱਲੇਗਾ। ਉਪਰੰਤ 2 ਵਜੇ ਅਰਦਾਸ ਹੋਵੇਗੀ। ਸਮੂਹ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ, ਸਮੇਂ ਸਿਰ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ 11 ਵਜੇ ਤੋਂ ਅਤੁੱਟ ਵਰਤੇਗਾ ਜੀ। ਲੰਗਰ ਦੀ ਸੇਵਾ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ ਜੀ।

*66th Barsi of Sant Baba Prem Singh Ji Muralewale (Begowal, Distt. Kapurthala) is being celebrated at Gurudwara Sahib. El-Sobrante from June 10 to June 12, 2016. All are requested to participate to pay homage to the great Saint of the 20th Century & Seek God's blessings.*

For More Info. Please Contact:
Paramjit S. Gahra 510-334-0255, Puran S. Ghotra 707-704-6915, Jagir Singh Multani 510-502-5580
Dr. Surinder Singh Kohal 925-324-1012, Harjit Singh 707-334-7514, Jit Singh 650-823-0597
Malkit Singh 510-860-7811, Daljit Singh 650-826-1357, Surinder Singh 510-472-3571

Ad space sponsored by

**Law Office of Manpreet Singh Gahra**

Berkeley Office : 2161, Shattuck Ave., Suite#304, Berkeley, CA 94704
Phone: 510-841-4582, Sacramento Office : Ph. 916-924-1617

**Bobby's Driving School**

1197 A Street #11, Hayward, CA 94541
Ph: 510-472-3571 And 510-813-8631